








Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 27; July 5, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਕੈਨੇਡਾ ਸਰਕਾਰ ਵਲੋਂ ਅਮਰੀਕੀ ਟੈੱਕ ਕੰਪਨੀਆਂ ਤੋਂ ਡਿਜੀਟਲ ਟੈਕਸ ਖ਼ਤਮ

**ਟੋਰਾਂਟੋ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕੈਨੇਡਾ ਸਰਕਾਰ ਵਲੋਂ 30 ਜੂਨ ਤੋਂ ਅਮਰੀਕੀ ਟੈਂਕ ਕੰਪਨੀਆਂ ਉੱਪਰ ਲਾਗੂ ਕੀਤੇ ਜਾ ਰਹੇ 'ਡਿਜੀਟਲ ਸਰਵਿਸਜ਼ ਟੈਕਸ' ਵਿਰੁੱਧ ਸਖ਼ਤ ਬਿਆਨ ਦੇਣ, ਵਪਾਰ ਸਮਝੌਤੇ ਲਈ ਗੱਲਬਾਤ ਤੁਰੰਤ ਪ੍ਰਭਾਵ ਨਾਲ ਠੱਪ ਕਰਨ ਅਤੇ ਇਸ ਹਫ਼ਤੇ ਦੌਰਾਨ ਕੈਨੇਡਾ ਦੀਆਂ ਵਸਤਾਂ ਉੱਪਰ ਹੋਰ ਟੈਰਿਫਾਂ ਦੀ ਸੂਚੀ ਜਾਰੀ ਕਰਨ ਦੇ ਐਲਾਨ ਮਗਰੋਂ ਦੋਵਾਂ ਦੇਸ਼ਾਂ ਵਿਚ ਬੀਤੇ 6 ਕੁ ਮਹੀਨਿਆਂ ਤੋਂ ਡਾਵਾਂਡੋਲ ਚੱਲ ਰਹੀ ਵਪਾਰਕ ਜੰਗ ਦੀ ਸਥਿਤੀ ਇਕ ਵਾਰ ਫਿਰ ਅਸਥਿਰ ਹੋ ਗਈ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਥਿਤੀ ਨੂੰ ਸੰਭਾਲਦੇ ਹੋਏ ਵਿਵਾਦਤ ਟੈਕਸ ਲਾਗੂ ਨਾ ਕਰਨ ਅਤੇ ਅਮਰੀਕੀ ਪ੍ਰਸ਼ਾਸਨ ਨਾਲ ਵਪਾਰ ਸਮਝੌਤੇ ਲਈ ਗੱਲਬਾਤ ਮੁੜ ਲੀਹਾਂ 'ਤੇ ਲਿਆਉਣ ਦਾ ਐਲਾਨ ਕੀਤਾ। ਇਸ ਟੈਕਸ ਦੀ ਚਰਚਾ ਬੀਤੀ ਟਰੂਡੋ ਸਰਕਾਰ ਦੇ ਸਮੇਂ ਤੋਂ ਚੱਲਦੀ ਆ ਰਹੀ ਹੈ, ਜਿਸ ਤੋਂ ਵੱਡੀਆਂ ਤਕਨੀਕੀ ਅਤੇ ਸੋਸ਼ਲ ਮੀਡੀਆ ਕੰਪਨੀਆਂ ਐਮਾਜੋਨ, ਗੂਗਲ, ਫੇਸਬੁੱਕ ਆਦਿ ਨੇ ਪ੍ਰਭਾਵਿਤ ਹੋਣਾ ਸੀ, ਜਿਨ੍ਹਾਂ ਨੂੰ ਸਾਲਾਨਾ ਲਗਭਗ 1 ਅਰਬ ਡਾਲਰ ਟੈਕਸ ਦੇਣਾ ਪੈਣਾ ਸੀ। ਇਹ ਵੀ ਕਿ ਡਿਜੀਟਲ ਟੈਕਸ ਬੀਤੇ 3 ਸਾਲਾਂ, 2022 ਤੋਂ ਲਾਗੂ ਕੀਤਾ ਜਾਣਾ ਸੀ, ਜਿਸ ਦੇ ਭੁਗਤਾਨ ਦੇ ਰੂਪ ਵਿਚ ਅਮਰੀਕੀ ਡਿਜੀਟਲ ਕੰਪਨੀਆਂ ਨੂੰ ਕੈਨੇਡੀਅਨ ਸਰਕਾਰੀ ਖਜ਼ਾਨੇ ਲਈ ਢਾਈ ਅਰਬ ਡਾਲਰ ਇਕਦਮ ਅਦਾ ਕਰਨੇ ਪੈਣੇ ਸੀ। ਇਹ ਟੈਕਸ ਨਾ ਦੇਣ ਦਾ ਫ਼ੈਸਲਾ ਕਰਦੇ ਹੋਏ ਪ੍ਰਭਾਵਿਤ ਅਮਰੀਕੀ ਕੰਪਨੀਆਂ ਨੇ ਕੈਨੇਡੀਅਨ ਮੀਡੀਆ ਦੀਆਂ ਖਬਰਾਂ ਅਤੇ ਉਨ੍ਹਾਂ ਦੇ ਵੈਬ ਲਿੰਕ ਨਾ ਪ੍ਰਕਾਸ਼ਤ ਕਰਨ ਦਾ ਐਲਾਨ ਵੀ ਕੀਤਾ ਹੋਇਆ ਹੈ, ਜਿਸ ਤੋਂ ਬਾਅਦ ਭਾਰਤੀ ਮੀਡੀਆ ਸਮੇਤ ਵਿਦੇਸ਼ੀ ਮੀਡੀਆ ਦੀ ਸਮੱਗਰੀ ਕੈਨੇਡਾ ਵਿਚ ਫੇਸਬੁੱਕ ਉਪਰ ਉਪਲੱਬਧ ਨਹੀਂ ਰਹੀ ਸੀ।



ਓਟਾਵਾ ਵਿਖੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਵਿੱਤ ਮੰਤਰੀ ਫਰਾਂਸੁਆ ਫਿਲਿਪ ਸ਼ੈਂਪੇਨ ਨੇ ਕਿਹਾ ਕਿ ਅਮਰੀਕਾ ਨਾਲ ਗੱਲਬਾਤ ਅੱਗੇ ਵਧਾਉਣ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਡਿਜੀਟਲ ਸਰਵਿਸਜ਼ ਟੈਕਸ ਲਾਗੂ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਸ਼ੈਂਪੇਨ ਨੇ ਮੰਨਿਆ ਹੈ ਕਿ ਟੈਕਸ ਦੀ ਉਗਰਾਹੀ ਰੋਕੀ ਜਾ ਰਹੀ ਹੈ ਅਤੇ ਡਿਜੀਟਲ ਸਰਵਿਸਜ਼ ਟੈਕਸ ਐਕਟ ਨੂੰ ਰੱਦ ਕਰਨ ਲਈ ਉਨ੍ਹਾਂ ਵਲੋਂ ਸੰਸਦ ਵਿਚ ਮਤਾ ਪੇਸ਼ ਕੀਤਾ ਜਾਵੇਗਾ। ਰਾਜਨੀਤਕ ਮਾਹਿਰ ਮੰਨਦੇ ਹਨ ਕਿ ਦੋਵਾਂ ਦੇਸ਼ਾਂ ਦੀ ਵਪਾਰਕ ਜੰਗ 'ਚ ਇਸ ਘਟਨਾਕ੍ਰਮ ਨਾਲ ਕੈਨੇਡਾ ਦੀ ਸਥਿਤੀ ਹੋਰ ਕਮਜ਼ੋਰ ਹੋਈ ਹੈ ਅਤੇ ਹੁਣ ਗੱਲਬਾਤ ਦੌਰਾਨ ਅਮਰੀਕੀ ਅਧਿਕਾਰੀ ਲਈ ਕੈਨੇਡੀਅਨ ਧਿਰ ਤੋਂ ਅਮਰੀਕੀ ਵਸਤਾਂ ਲਈ ਕੈਨੇਡੀਅਨ ਮੰਡੀ ਟੈਕਸ ਮੁਕਤ ਕਰਨ ਦੀ ਗੱਲ ਮਨਵਾਉਣਾ ਸੌਖਾ ਹੋਵੇਗਾ।

## ਗਿਆਨੀ ਰਘਬੀਰ ਸਿੰਘ ਵਲੋਂ ਸ਼੍ਰੋਮਣੀ ਕਮੇਟੀ ਵਿਰੁੱਧ ਪਾਈ ਪਟੀਸ਼ਨ ਵਾਪਸ ਲੈਣ ਦਾ ਫ਼ੈਸਲਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸਕੱਤਰ ਤੇ ਮੈਨੇਜਰ ਵਲੋਂ ਉਨ੍ਹਾਂ ਵਿਰੁੱਧ ਕਿਸੇ ਵੀ ਸੰਭਾਵੀ ਅਣ-ਉਚਿਤ ਜਾਂ ਪੱਖਪਾਤੀ ਕਾਰਵਾਈ ਕੀਤੇ ਜਾਣ ਦੇ ਖਦਸ਼ੇ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਇਰ ਕੀਤੀ ਸਿਵਲ ਰਿੱਟ ਪਟੀਸ਼ਨ ਉਪਰੰਤ ਪੰਥਕ ਸਫ਼ਾਂ ਵਿਚ ਇਸ ਦੇ ਤਿੱਖੇ ਪ੍ਰਤੀਕਰਮ ਤੋਂ ਬਾਅਦ 'ਯੂ-ਟਰਨ' ਲੈਂਦਿਆਂ ਉਕਤ ਪਟੀਸ਼ਨ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ ਤੇ ਕਿਹਾ ਹੈ ਕਿ ਸੰਗਤ ਦੀਆਂ ਭਾਵਨਾਵਾਂ ਦੀ ਕਦਰ ਤੇ ਸਤਿਕਾਰ ਕਰਦਿਆਂ ਇਸ ਕੇਸ ਨੂੰ ਵਾਪਸ ਲੈਣ ਦਾ ਫ਼ੈਸਲਾ ਲਿਆ ਹੈ। ਇਸੇ ਦੌਰਾਨ ਜਾਰੀ ਵੀਡੀਓ ਬਿਆਨ ਵਿਚ ਗਿਆਨੀ ਰਘਬੀਰ ਸਿੰਘ ਨੇ ਉਕਤ ਪਟੀਸ਼ਨ ਵਾਪਸ ਲੈਣ ਦਾ ਐਲਾਨ ਕਰਦਿਆਂ ਕਿਹਾ ਕਿ ਪਿਛਲੇ ਅਰਸੇ ਦੌਰਾਨ ਚੱਲ ਰਹੇ ਘਟਨਾਕ੍ਰਮ ਵਿਚ ਬਹੁਤ ਕੁਝ ਅਣਕਿਆਸਿਆ ਅਤੇ ਅਣ-ਚਿਤਵਿਆ ਵਾਪਰਿਆ ਹੈ। ਉਨਾਂ ਕਿਹਾ ਕਿ ਆਪਣੇ ਸੇਵਾ ਦੌਰਾਨ ਉਨ੍ਹਾਂ ਨੇ ਪੰਥਕ ਪਰੰਪਰਾਵਾਂ ਤੇ ਰਹਿਤ ਮਰਿਆਦਾ 'ਤੇ ਪਹਿਰੇਦਾਰੀ ਕਰਦਿਆਂ ਸੇਵਾ ਨਿਭਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਪੰਥਕ ਸੰਸਥਾਵਾਂ ਤੇ ਬਾਬਾ ਬੁੱਢਾ ਜੀ ਦੀ ਮਹਾਨ ਪਦਵੀ ਨੂੰ ਠੇਸ ਪਹੁੰਚਾਉਣ ਬਾਰੇ ਉਹ ਕਦੇ ਸੁਪਨੇ ਵਿਚ ਵੀ ਸੋਚ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਉਹ ਵਿਸ਼ਵ ਭਰ ਦੀਆਂ ਸਮੂਹ ਸੰਗਤਾਂ ਦੇ ਦਿਲੋਂ ਰਿਣੀ ਹਨ, ਜਿਨ੍ਹਾਂ ਨੇ ਮੌਜੂਦਾ ਸਥਿਤੀ ਪ੍ਰਤੀ ਬੀਤੇ ਕੱਲ੍ਹ ਤੋਂ ਆਪਣੇ ਪਿਆਰ ਅਤੇ ਚਿੰਤਾਵਾਂ ਨੂੰ ਪ੍ਰਗਟਾਇਆ ਹੈ। ਉਨਾਂ ਕਿਹਾ ਕਿ ਸਾਧ ਸੰਗਤ ਦੀਆਂ ਭਾਵਨਾਵਾਂ ਦੀ ਕਦਰ ਅਤੇ ਸਤਿਕਾਰ ਕਰਦਿਆਂ ਦਾਇਰ ਕੀਤੇ ਕੇਸ ਨੂੰ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਸਿੱਖ ਪੰਥ ਦੀਆਂ ਇਨ੍ਹਾਂ ਮਹਾਨ ਪਦਵੀਆਂ ਦੇਮਾਣ ਅਤੇ ਸਤਿਕਾਰ ਨੂੰ ਕਿਵੇਂ ਕਾਇਮ ਰੱਖਣਾ ਹੈ ? ਇਹ ਪੰਥ ਦੀ ਜ਼ਿੰਮੇਵਾਰੀ ਹੈ ਤੇ ਸਮੁੱਚੇ ਖ਼ਾਲਸਾ ਪੰਥ ਨੂੰ ਇਸ ਬਾਰੇ ਚੇਤੰਨ ਤੇ ਸੁਚੇਤ ਹੋਣ ਦੀ ਲੋੜ ਹੈ। ਇਸ ਤੋਂ ਪਹਿਲਾਂ ਦੀਆਂ ਖ਼ਬਰਾਂ ਅਨੁਸਾਰ ਕੁਝ ਮਹੀਨੇ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ ਅਹੁਦੇ ਤੋਂ ਹਟਾਏ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੌਜੂਦਾ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵਲੋਂ ਕਾਨੂੰਨੀ ਇਨਸਾਫ ਲਈ ਦੁਨਿਆਵੀ ਅਦਾਲਤ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਰੁਖ ਕਰਨ ਨੇ ਪੰਥਕ ਅਤੇ ਸਿਆਸੀ ਹਲਕਿਆਂ 'ਚ ਇਕ ਤਰ੍ਹਾਂ ਨਾਲ ਭੂਚਾਲ ਲਿਆ ਦਿੱਤਾ ਸੀ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸਿੱਖ ਪੰਥ 'ਚ ਅਤਿ ਸਤਿਕਾਰਯੋਗ ਸ਼ਖ਼ਸੀਅਤ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇਨਸਾਫ ਲਈ ਰਿਟ ਪਟੀਸ਼ਨ ਦਾਖ਼ਲ ਕਰਨ ਨੂੰ ਕਈ ਸਿੱਖ ਜਥੇਬੰਦੀਆਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ, ਸਿੱਖ ਸਿਧਾਂਤਾਂ ਅਤੇ ਪ੍ਰੰਪਰਾਵਾਂ ਲਈ ਵੱਡਾ ਘਾਣ ਦੱਸਿਆ ਜਾ ਰਿਹਾ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਇਹ ਸ਼ਾਇਦ ਸਿੱਖ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਸਿੱਖ ਪੰਥ ਦੀ ਇਕ ਅਤਿ ਸਤਿਕਾਰਯੋਗ ਧਾਰਮਿਕ ਸ਼ਖ਼ਸੀਅਤ ਨੂੰ ਹੀ ਦੁਨਿਆਵੀ ਅਦਾਲਤ ਦਾ ਸਹਾਰਾ ਲੈਣ ਦੀ ਥਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਾਂ ਸਿੱਖ ਪੰਥ ਦੀ ਕਚਹਿਰੀ 'ਚ ਮੀਡੀਆ ਰਾਹੀਂ ਆਪਣਾ ਮਾਮਲਾ ਸਾਹਮਣੇ ਲਿਆਉਣਾ ਚਾਹੀਦਾ ਸੀ।



ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀ ਪਿਛਲੇ ਦਿਨੀਂ ਮਹੀਨੇ ਦੇ ਦੂਜੇ ਹਫ਼ਤੇ ਹੋਈ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਤੋਂ ਪਹਿਲਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਇਹ ਖਦਸ਼ਾ ਜ਼ਾਹਰ ਕੀਤਾ ਗਿਆ ਸੀ ਕਿ ਉਸ ਨਾਲ ਇਕ ਹੋਰ ਸਾਬਕਾ ਜਥੇਦਾਰ ਵੀ ਆਉਂਦੇ ਦਿਨਾਂ 'ਚ ਹਾਈ ਕੋਰਟ ਜਾ ਸਕਦੇ ਹਨ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਉਨ੍ਹਾਂ ਨੂੰ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਤੋਂ ਬਰਖ਼ਾਸਤ ਕੀਤਾ ਜਾ ਸਕਦਾ ਹੈ ਜਾਂ

(ਬਾਕੀ ਸਫ਼ਾ 6 'ਤੇ)









# ਲੋਕ ਗਾਇਕਾ ਸੁੱਖੀ ਬਰਾੜ ਨੇ ਰੱਖਿਆ ਵਿਸ਼ਵ ਦੇ ਪਹਿਲੇ 'ਵਰਲਡ ਹੈਰੀਟੇਜ ਮੰਦਰ' ਦਾ ਨੀਂਹ ਪੱਥਰ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਪੰਜਾਬੀਅਤ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਉੱਘੀ ਲੋਕ ਗਾਇਕਾ ਸੁੱਖੀ ਬਰਾੜ (ਪੰਜਾਬ ਕੌਰ) ਨੇ ਦੇਵੀਗੜ੍ਹ ਰੋਡ ਪਟਿਆਲਾ ਵਿਖੇ ਵਿਸ਼ਵ ਦੇ ਪਹਿਲੇ 'ਵਰਲਡ ਹੈਰੀਟੇਜ ਮੰਦਰ'



ਦਾ ਨੀਂਹ ਪੱਥਰ ਰੱਖਿਆ ਹੈ। ਪੰਜਾਬ ਦੇ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀ ਵਾਲਾ ਨੇ ਦੱਸਿਆ ਕਿ ਇਹ ਦੁਨੀਆ ਦਾ ਪਹਿਲਾ ਮੰਦਰ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਅਤੇ ਸ਼ਿਵ ਜੀ ਮਹਾਰਾਜ ਦੀਆਂ ਸਿੱਖਿਆਵਾਂ ਦਾ ਗੁਣਗਾਨ ਕੀਤਾ ਜਾਇਆ ਕਰੇਗਾ ਅਤੇ ਪੰਜਾਬੀ ਮਾਂ ਬੋਲੀ, ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਵਿਰਸੇ ਦੀ ਭਰਪੂਰ ਜਾਣਕਾਰੀ ਸਾਡੀ ਨਵੀਂ ਪੀੜ੍ਹੀ ਨੂੰ ਦੇਣ ਲਈ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਸੰਬੰਧਿਤ ਡਿਪਲੋਮਾ ਵੀ ਕਰਵਾਇਆ ਜਾਏਗਾ।

ਵਰਲਡ ਹੈਰੀਟੇਜ ਮੰਦਰ ਦੀ ਮੁਖੀ ਅਤੇ ਕਰਤਾ ਧਰਤਾ ਸੁੱਖੀ ਬਰਾੜ ਨੇ ਦੱਸਿਆ ਕਿ ਭਾਵੇਂ ਉਨ੍ਹਾਂ ਨੂੰ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਦਿਆਂ ਲੰਮਾ ਸਮਾਂ ਹੋ ਗਿਆ ਹੈ ਪਰ ਉਹ ਸੋਚਦੇ ਸਨ ਕਿ ਪੰਜਾਬੀ ਸੱਭਿਆਚਾਰ, ਮਾਂ ਬੋਲੀ ਪੰਜਾਬੀ, ਵਿਰਸੇ ਤੇ ਵਿਰਾਸਤ ਨੂੰ ਸਦੀਆਂ ਤੱਕ ਜਿਉਂਦਾ ਰੱਖਣ ਲਈ ਕੋਈ ਵੱਡੇ ਸੱਭਿਆਚਾਰਕ ਸੈਂਟਰ ਦੀ ਜ਼ਰੂਰਤ ਹੈ। ਜਿੱਥੇ ਸੱਭਿਆਚਾਰ ਅਤੇ ਮਾਂ ਬੋਲੀ ਨਾਲ ਸੰਬੰਧਿਤ ਇੱਕ ਵੱਡੀ ਆਰਟ ਗੈਲਰੀ, ਓਪਨ ਏਅਰ ਥੀਏਟਰ, ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਦੇ ਦ੍ਰਿਸ਼ ਅਤੇ ਜਾਣਕਾਰੀ ਭਰਪੂਰ ਪ੍ਰੋਗਰਾਮਾਂ ਦਾ ਆਯੋਜਨ ਵੀ ਸਮੇਂ ਸਮੇਂ ਸਿਰ ਕੀਤਾ ਜਾ ਸਕੇ। ਸੁੱਖੀ ਬਰਾੜ ਨੇ ਦੱਸਿਆ ਕਿ ਉਨ੍ਹਾਂ ਦੇ ਲੰਮੇ ਸਮੇਂ ਦੇ ਸੁਪਨੇ ਨੂੰ ਪੂਰਾ ਕਰਨ ਲਈ ਉਨ੍ਹਾਂ ਨਾਲ ਪੰਜਾਬ ਦੇ ਉੱਘੇ ਗੀਤਕਾਰ ਭੱਟੀ ਭੜੀਵਾਲਾ ਅਤੇ ਲੋਕ ਗਾਇਕ ਤੇ ਗੀਤਕਾਰ ਬਾਜਵਾ ਸਿੰਘ ਤੋਂ ਇਲਾਵਾ ਸਰਤਾਜ ਸਿੰਘ ਅਤੇ ਹੋਰ ਸ਼ਖ਼ਸੀਅਤਾਂ ਨੇ ਹਰ ਪੱਖੋਂ ਮਦਦ ਕਰਨ ਅਤੇ ਇਸ ਮਹਾਨ ਕਾਰਜ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਵਿਚ ਪੂਰੇ ਯੋਗਦਾਨ ਦੇਣ ਦਾ ਭਰੋਸਾ ਜਤਾਇਆ ਹੈ। ਦੱਸਣਯੋਗ ਹੈ ਕਿ ਸੁੱਖੀ ਬਰਾੜ ਵੱਲੋਂ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੇ ਪ੍ਰਚਾਰ ਤੇ ਪਸਾਰ ਲਈ 'ਹੈਰੀਟੇਜ ਸੈਂਟਰ' ਚੰਡੀਗੜ੍ਹ ਵਿਖੇ ਪਿਛਲੇ ਲੰਮੇ ਸਮੇਂ ਤੋਂ ਚਲਾਇਆ ਜਾ ਰਿਹਾ ਹੈ।

ਇਸ 'ਵਰਲਡ ਹੈਰੀਟੇਜ ਮੰਦਰ' ਦਾ ਨੀਂਹ ਪੱਥਰ ਰੱਖਣ ਮੌਕੇ ਪੰਜਾਬੀ ਅਦਾਕਾਰਾ ਸੁਨੀਤਾ ਧੀਰ, ਗੀਤਕਾਰ ਭੱਟੀ ਭੜੀ ਵਾਲਾ, ਲੋਕ ਗਾਇਕ ਬਾਜਵਾ ਸਿੰਘ, ਨਵੀਨ ਸ਼ਰਮਾ, ਰਿਸ਼ੀ ਰਾਜ, ਅਮਿਤ ਗਾਗੁਨੀ, ਪਿੰਡ ਦੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ।

ਪੰਜਾਬੀ ਸੱਭਿਆਚਾਰ ਦੇ ਪ੍ਰਚਾਰ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਪਿਆਰ ਸਦਕਾ ਗਾਇਕਾ ਸੁੱਖੀ ਬਰਾੜ ਅਮਰੀਕਾ ਪਹੁੰਚ ਰਹੇ ਹਨ। ਜਿੱਥੇ ਉਹ ਆਪਣੇ ਪ੍ਰਸ਼ੰਸਕਾਂ ਨਾਲ ਪੰਜਾਬੀ ਸੱਭਿਆਚਾਰ ਦੀ ਸਾਂਝ ਪਾਉਣਗੇ। ਉੱਥੇ ਪੰਜਾਬੀ ਭਾਈਚਾਰੇ ਵੱਲੋਂ 'ਵਰਲਡ ਹੈਰੀਟੇਜ ਮੰਦਰ' ਲਈ ਵੀ ਸਹਿਯੋਗ ਦੀ ਮੰਗ ਕਰਨਗੇ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਸਾਂਝਾ ਕਾਰਜ ਹੈ, ਉਮੀਦ ਹੈ ਕਿ ਜਿਸ ਵਿਚ ਸਮੁੱਚਾ ਭਾਈਚਾਰਾ ਹਮੇਸ਼ਾ ਵਾਂਗ ਸਹਿਯੋਗ ਦੇਵੇਗਾ।

# ਲੇਖਕਾਂ ਨੂੰ ਸਚਾਈ ਤੇ ਨਿਡਰਤਾ ਨਾਲ ਆਪਣਾ ਫ਼ਰਜ਼ ਨਿਭਾਉਣ ਚਾਹੀਦੈ: ਸਿਰਸਾ

ਕੈਲਗਰੀ: ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੂਨ ਮਹੀਨੇ ਦੀ ਇਕੱਤਰਤਾ 22 ਜੂਨ ਨੂੰ ਕੋਸੋ ਹਾਲ ਵਿਚ ਭਾਰਤ ਤੋਂ ਆਏ ਸਿਰਮੌਰ ਲੇਖਕ, ਆਲੋਚਕ ਅਤੇ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਪ੍ਰੋ. ਸੁਖਦੇਵ ਸਿੰਘ ਸਿਰਸਾ, ਸੁਰਿੰਦਰ ਗੀਤ ਅਤੇ ਡਾ. ਰਾਜਵੰਤ ਕੌਰ ਮਾਨ ਦੀ ਪ੍ਰਧਾਨਗੀ ਵਿਚ ਹੋਈ।

ਆਰੰਭ ਵਿਚ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਪ੍ਰੋ. ਸਿਰਸਾ ਦੇ ਜੀਵਨ, ਕਾਰਜਾਂ, ਪੰਜਾਬੀ ਸਾਹਿਤ ਵਿਚ ਪਾਏ ਯੋਗਦਾਨ, ਪ੍ਰਾਪਤੀਆਂ ਅਤੇ ਸਨਮਾਨਾਂ ਦਾ ਵਿਸਥਾਰ ਪੂਰਵਕ ਵੇਰਵਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਰੰਗਕਰਮੀਆਂ, ਪੱਤਰਕਾਰਾਂ ਆਦਿ ਦੇ ਯੋਗਦਾਨ ਬਾਰੇ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਆਖਿਆ ਕਿ ਮੌਜੂਦਾ ਸਮੇਂ ਦੀਆਂ ਸਰਕਾਰਾਂ ਸਰਮਾਏਦਾਰਾਂ ਦੀਆਂ ਬਣਾਈਆਂ ਨੀਤੀਆਂ ਹੀ ਲਾਗੂ ਕਰਦੀਆਂ ਹਨ ਏਸੇ ਕਰ ਕੇ ਸਮਾਜ ਵਿਚ ਆਰਥਿਕ ਪਾੜਾ ਵਧ ਰਿਹਾ ਹੈ। ਜਦੋਂ ਤਕ ਸਮਾਜ ਵਿਚ ਏਨਾ ਪਾੜਾ ਰਹੇਗਾ, ਓਦੋਂ ਤੱਕ ਸ਼ਾਂਤੀ ਨਹੀਂ ਰਹੇਗੀ।

ਲੇਖਕਾਂ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸਚਾਈ ਨਾਲ ਅਤੇ ਨਿਡਰ ਹੋ ਕੇ ਸਮਾਜ ਪ੍ਰਤੀ ਆਪਣਾ ਫ਼ਰਜ਼ ਨਿਭਾਉਣਾ ਚਾਹੀਦਾ ਹੈ। ਜੇ ਕਵੀ ਦੇ ਬੋਲਾਂ ਵਿਚ ਤਿੱਖੀ ਧਾਰ ਨਹੀਂ ਤਾਂ ਉਹ ਕਵੀ ਨਹੀਂ। ਸਾਹਿਤਕਾਰ ਮੁਸ਼ਕਿਲ ਸਥਿਤੀਆਂ ਵਿੱਚੋਂ ਵਿਚਾਰਾਂ



ਰਾਹੀਂ ਇਤਿਹਾਸ ਸਿਰਜਦੇ ਹਨ। ਹਿੰਦੋਸਤਾਨ ਵਿਚ ਜੰਗਲਾਂ ਵਿਚ ਰਹਿੰਦੇ ਮੂਲ ਨਿਵਾਸੀਆਂ, ਘੱਟ-ਗਿਣਤੀ ਵਰਗਾਂ, ਹੱਕ-ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੇ ਕਵੀਆਂ, ਪੱਤਰਕਾਰਾਂ ਅਤੇ ਕਾਰਕੁਨਾਂ ਖ਼ਿਲਾਫ ਚਲਾਈ ਜਾ ਰਹੀ ਦਮਨਕਾਰੀ ਨੀਤੀ ਬਾਰੇ ਤੱਥ ਪੇਸ਼ ਕੀਤੇ। ਕੈਲਗਰੀ ਦੀਆਂ ਸਾਹਿਤਕ ਸਭਾਵਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਪਰੰਤ ਮਨਮੋਹਨ ਸਿੰਘ ਬਾਠ, ਡਾ. ਜੋਗਾ ਸਿੰਘ ਸਹੋਤਾ ਨੇ ਸੁਰਜੀਤ ਪਾਤਰ ਦੀਆਂ ਪ੍ਰਸਿੱਧ ਗ਼ਜ਼ਲਾਂ ਦਾ ਗਾਇਨ ਕੀਤਾ। ਸੁਖਮੰਦਰ ਗਿੱਲ ਨੇ ਆਪਣੀ ਮੌਲਿਕ ਰਚਨਾ ਦਾ ਗਾਇਨ ਕੀਤਾ, ਜਿਸ ਦੇ ਬੋਲ ਸਨ:

ਮੀਨਾਰਾਂ 'ਤੇ ਬੈਠੇ ਕਾਂ ਵੀ ਹੁਣ  
ਮੀਨਾਰਾਂ ਦੇ ਮਾਲਕ ਬਣ ਗਏ  
ਦਰਬਾਨ ਦਰ 'ਤੇ ਖੜ੍ਹਨ ਵਾਲੇ  
ਦਰਬਾਰਾਂ ਦੇ ਮਾਲਕ ਬਣ ਗਏ।

ਸੁੱਖਵਿੰਦਰ ਤੂਰ ਨੇ ਪਾਲ ਢਿੱਲੋਂ ਦੀ ਖ਼ੂਬਸੂਰਤ ਰਚਨਾ ਨੂੰ ਆਪਣੀ ਖ਼ੂਬਸੂਰਤ ਆਵਾਜ਼

ਨਾਲ ਹੋਰ ਖ਼ੂਬਸੂਰਤ ਬਣ ਦਿੱਤਾ:  
ਮੇਰੇ ਪੈਰਾਂ 'ਚ ਇਕ ਅਸਾਸਫ਼ਰ ਹੈ  
ਨਾ ਇਹ ਮੁਕਿਆ ਹੈ ਨਾ ਮੁਕਣਾ ਕਦੇ ਵੀ।  
ਨਿਰੰਤਰ ਇਹ ਤੁਰੇਗਾ ਮੌਤ ਤੀਕਰ  
ਇਹ ਰੋਕੇ ਵੀ ਨਹੀਂ ਰੁਕਣਾ ਕਦੇ ਵੀ।

ਡਾ. ਰਾਜਵੰਤ ਖੌਰ ਮਾਨ ਨੇ ਡਾ. ਸੁਖਦੇਵ ਸਿੰਘ ਸਿਰਸਾ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਪ੍ਰਗਤੀਸ਼ੀਲ ਲਹਿਰ ਦੇ ਸੰਚਾਲਕ ਅਤੇ ਝੰਡਾਬਰਦਾਰ ਹਨ। ਉਨ੍ਹਾਂ ਨੇ ਪ੍ਰਗਤੀਸ਼ੀਲ ਲਹਿਰ, ਅਮਨ ਲਹਿਰ ਅਤੇ ਇਪਟਾ ਦੇ ਇਤਿਹਾਸ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ, ਇਨ੍ਹਾਂ ਸੰਸਥਾਵਾਂ ਦੇ ਮੋਢੀਆਂ ਅਤੇ ਇਨ੍ਹਾਂ ਨਾਲ਼ ਜੁੜੇ ਹਿੰਦੁਸਤਾਨ ਦੇ ਮਹਾਨ ਲੇਖਕਾਂ, ਨਾਟ-ਕਰਮੀਆਂ ਅਤੇ ਅਦਾਕਾਰਾਂ ਦਾ ਜ਼ਿਕਰ ਕੀਤਾ। ਦੱਸਣਯੋਗ ਹੈ ਕਿ ਡਾ. ਰਾਜਵੰਤ ਮਾਨ ਅਤੇ ਇਨ੍ਹਾਂ ਦੇ ਪਤੀ ਨਿਰੰਜਣ ਸਿੰਘ ਮਾਨ ਵੀ ਉਨ੍ਹਾਂ ਵਿਚ ਸ਼ਾਮਲ ਰਹੇ ਸਨ।

ਸੁਰਿੰਦਰ ਗੀਤ ਦੇ ਸੱਦੇ 'ਤੇ ਵਿਸ਼ੇਸ਼ ਤੌਰ 'ਤੇ ਆਏ ਡਾ. ਸਿਰਸਾ ਨੇ ਪ੍ਰਗਤੀਸ਼ੀਲ ਲਹਿਰ ਦੇ ਪਿਛੋਕੜ ਅਤੇ ਇਤਿਹਾਸ ਬਾਰੇ ਵਿਸਥਾਰ ਵਿਚ ਦੱਸਿਆ। ਇਸ ਲਹਿਰ ਅਤੇ ਇਪਟਾ ਵਿਚ ਸ਼ਾਮਲ ਰਹੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ,

ਡਾ. ਸੁਖਦੇਵ ਸਿੰਘ ਸਿਰਸਾ ਨੇ ਕੈਲਗਰੀ ਦੇ ਮਰਹੂਮ ਸਾਹਿਤਕਾਰ ਕੇਸਰ ਸਿੰਘ ਨੀਰ, ਇਕਬਾਲ ਅਰਪਨ ਅਤੇ ਇਕਬਾਲ ਖ਼ਾਨ ਨੂੰ ਵੀ ਯਾਦ ਕੀਤਾ। ਉਨ੍ਹਾਂ ਦੇ ਕਵਿੱਤਰੀ ਸੁਰਿੰਦਰ ਗੀਤ ਨੂੰ ਚੋਟੀ ਦੀਆਂ ਚਾਰ-ਪੰਜ ਪਰਵਾਸੀ ਕਵਿੱਤਰੀਆਂ ਵਿਚ ਸ਼ਾਮਲ ਕੀਤਾ।

ਜਸਵੀਰ ਸਿੰਘ ਸਿਹੋਤਾ, ਜ਼ੀਰ ਸਿੰਘ ਬਰਾੜ, ਜਰਨੈਲ ਸਿੰਘ ਤੱਗੜ ਅਤੇ ਸੁਰਿੰਦਰ ਢਿਲੋਂ ਨੇ ਵੀ ਵਿਚਾਰ ਪ੍ਰਗਟ ਕੀਤੇ। ਅਗਾਂਹ-ਵਧੂ ਲੇਖਕ ਸਰਦੂਲ ਸਿੰਘ ਲੱਖਾ ਨੇ ਆਪਣੀ ਡੂੰਘੇ ਭਾਵਾਂ ਨਾਲ ਲਬਰੇਜ਼ ਕਵਿਤਾ ਪੇਸ਼ ਕੀਤੀ। ਕਵਿਤਾ ਵਿਚਲੀ ਹਰ ਸਤਰ ਸਾਡੇ ਦੇਸ਼ ਦੀਆਂ ਅਦਾਲਤਾਂ ਅਤੇ ਪੁਲੀਸ ਦੇ ਪ੍ਰਬੰਧਕੀ ਢਾਂਚੇ 'ਤੇ ਕਰਾਰੀ ਚੋਟ ਸੀ।

ਅਖੀਰ ਵਿਚ ਸੁਰਿੰਦਰ ਗੀਤ ਨੇ ਭਾਵਪੂਰਤ ਸ਼ਬਦਾਂ ਰਾਹੀਂ ਡਾ. ਸੁਖਦੇਵ ਸਿੰਘ ਸਿਰਸਾ ਦਾ ਧੰਨਵਾਦ ਕੀਤਾ ਅਤੇ ਆਪਣੀਆਂ ਕੁਝ ਪੁਸਤਕਾਂ ਭੇਟ ਕੀਤੀਆਂ। ਵੱਡੀ ਗਿਣਤੀ ਵਿਚ ਆਏ ਸਾਹਿਤ-ਪ੍ਰੇਮੀਆਂ ਦਾ ਸ਼ੁਕਰੀਆਂ ਅਦਾ ਕਰਦਿਆਂ ਸੁਰਿੰਦਰ ਗੀਤ ਨੇ ਅੱਗੇ ਤੋਂ ਵੀ ਅਜਿਹੇ ਸਹਿਯੋਗ ਦੀ ਆਸ ਪ੍ਰਗਟਾਈ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਖੂਬਸੂਰਤ ਤਰੀਕੇ ਨਾਲ ਕੀਤਾ।


ਪੰਜਾਬੀ ਸਾਹਿਤ ਸਭਾ ਦੀ ਅਗਲੀ ਇਕੱਤਰਤਾ 27 ਜੁਲਾਈ ਨੂੰ ਬਾਅਦ ਦੁਪਹਿਰ ਦੋ ਵਜੇ ਕੋਸੋ ਹਾਲ ਵਿਚ ਹੋਵੇਗੀ। ਹੋਰ ਜਾਣਕਾਰੀ ਲਈ ਸੁਰਿੰਦਰ ਗੀਤ ਨੂੰ (403) 605-3734 ਜਾਂ ਗੁਰਦਿਆਲ ਸਿੰਘ ਖਹਿਰਾ ਨੂੰ (403) 968-2880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

***-ਸੁਰਿੰਦਰ ਗੀਤ***


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**

**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ  
1950 E Miner Ave.  
Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**


FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**

FAX: 209.982.9997











# Matrimonials

## ਲੜਕੇ ਦੀ ਲੋੜ ਹੈ

Saini Sikh family from USA seeking a suitable match for their Canadian citizen girl 35, 5'4''. Divorced with one eight year old son. She has done M.Com, MBA and currently working as a General accountant at USA based organization. Seeking a Sikh Punjabi boy. Please contact us at: 248-982-2036.

---

Looking for a USA Citizen match for Ramdasia Sikh girl, 1988 born, 5'9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366.

19-22

---

## ਲੜਕੀ ਦੀ ਲੋੜ ਹੈ

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

---

26-29

Ravidasia Sikh family looking for a suitable match for their US Green card holder, son, 31, 6'3" tall. He is a certified nursing assisant and now running his own trucking business. He is currently residing in Franklin,Wisconsin. He is earning 150k to 200k annually. Preffered a girls in the USA. If interested, please contact: +91-95014-52552 (Whatsapp)

---

25-28

Seeking Amritdhari (dastar wearing/ready to wear) and educated girl for issueless, innocent divorcee Gursikh boy, well settled in the US. 37 years old, 5' -11" tall, MS degree holder, works as Engineering Manager. Green card petition approved in 2016. Homeowner in San Francisco, Bay Area, California since 2021. Please contact us at +1-510-399-4085 or +91-98993-79442 (Whatsapp) or E-Mail at: cjsingh55@gmail.com

---

24-27

Thind family looking for a suitable match for their US Born 27, 5'4" Son. He is a software engineer & lives in Chicago. He is vegetarian, does not smoke, no drinking. Looking for a vegetarian, family type girl with height 5 or 5'2" inches. Please contact us at: +1-630-201-5714

---

23-26

Jatt Sikh family looking for a suitable match for their US citizen, son, 25, 5'10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com

---

23-26

Ramgharia Sikh Turbaned boy 33, 5'8" , MEng Western University Canada, Working as Senior Software Engineer in Toronto Canada, Looking for a professionally qualified girl living in Canada or US. Email: dev.kirat@gmail.com Ph +1 (313) 718-0178

---

19-26

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

---

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

# ਪਹਿਲਗਾਮ ਹਮਲੇ ਨੂੰ ਨਹੀਂ ਭੁੱਲੀ ਦੁਨੀਆ: ਭਾਰਤ

**ਨਿਊਯਾਰਕ:** ਭਾਰਤ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ (ਯੂਐਨਐਸਸੀ) 'ਚ ਪਾਕਿਸਤਾਨ ਦੀ ਸਿਆਸਤ ਤੋਂ ਪ੍ਰੇਰਿਤ ਟਿੱਪਣੀਆਂ' ਅਤੇ 'ਨਾਪਾਕ ਏਜੰਡੇ ਨੂੰ ਅੱਗੇ ਵਧਾਉਣ ਦੀਆਂ ਉਸ ਦੀਆਂ ਕੋਸ਼ਿਸ਼ਾਂ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ ਹੈ। ਸੰਯੁਕਤ ਰਾਸ਼ਟਰ ਦੀਆਂ ਪ੍ਰਕਿਰਿਆਵਾਂ 'ਤੇ ਪਾਕਿਸਤਾਨ ਦੇ ਨਾਜਾਇਜ਼ ਦੋਸ਼ਾਂ' ਅਤੇ ਬਚਿਆਂ ਵਿਰੁੱਧ ਹੋ ਰਹੇ ਅੱਤਿਆਚਾਰਾਂ ਤੇ ਸਰਹੱਦ ਪਾਰ ਅੱਤਵਾਦ ਤੋਂ ਧਿਆਨ ਹਵਾਉਣ ਦੀਆਂ ਉਸ ਦੀ ਕੋਸ਼ਿਸ਼ਾਂ ਨੂੰ ਮਜ਼ਬੂਤੀ ਨਾਲ ਖਾਰਜ ਕਰਦੇ ਹੋਏ ਭਾਰਤ ਨੇ ਕਿਹਾ ਕਿ ਦੁਨੀਆ ਅਜੇ ਪਹਿਲਗਾਮ ਹਮਲੇ ਨੂੰ ਨਹੀਂ ਭੁੱਲੀ ਹੈ।




ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਪ੍ਰਤੀਨਿਧੀ ਰਾਜਦੂਤ ਪੀ ਹਰੀਸ਼ ਨੇ ਕਿਹਾ ਅਸੀਂ ਪਾਕਿਸਤਾਨ ਵੱਲੋਂ ਉਸ ਦੇ ਆਪਣੇ ਹੀ ਦੇਸ਼ 'ਚ ਬੱਚਿਆਂ ਵਿਰੁੱਧ ਕੀਤੇ। ਜਾ ਰਹੇ ਅਤਿਆਚਾਰਾਂ ਤੋਂ ਧਿਆਨ ਹਟਾਉਣ ਦੀਆਂ ਉਸ ਦੀ ਕੋਸ਼ਿਸ਼ਾਂ ਨੂੰ ਖਾਰਜ ਕਰਦੇ ਹਾਂ, ਜਿਵੇਂ ਕਿ ਸੰਯੁਕਤ ਰਾਸ਼ਟਰ ਜਨਰਲ ਸਕੱਤਰ ਦੀ ਰਿਪੋਰਟ 'ਚ ਦੱਸਿਆ ਗਿਆ ਹੈ। ਨਾਲ ਹੀ ਗੁਆਂਢੀ ਦੇਸ਼ ਵੱਲੋਂ ਸਰਹੱਦ ਪਾਰ 'ਤੇ ਕੀਤੇ ਜਾ ਰਹੇ ਅੱਤਵਾਦ ਤੋਂ ਵੀ ਧਿਆਨ ਹਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

'ਢਾਂਚੇ ਅਤੇ ਹਥਿਆਰਬੰਦ ਸੰਘਰਸ਼' ਦੇ ਮੁੱਦੇ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਵ ਦੀ ਖੁੱਲ੍ਹੀ ਬਹਿਸ ਦੌਰਾਨ ਭਾਰਤੀ ਰਾਜਦੂਤ ਨੇ ਜ਼ੋਰਦਾਰ ਜਵਾਬ ਦਿੰਦੇ ਹੋਏ ਪਾਕਿਸਤਾਨ ਨੂੰ ਇਸ ਮੰਚ ਦਾ ਗਲਤ ਇਸਤੇਮਾਲ ਕਰਨ ਅਤੇ ਪਰਿਸ਼ਦ ਦੇ ਏਜੰਡੇ ਦਾ ਉਲੰਘਣ ਕਰਨ 'ਤੇ ਖੂਬ ਫਟਕਾਰ ਲਗਾਈ। ਹਰੀਸ਼ ਨੇ ਕਿਹਾ ਕਿ 'ਬੱਚੇ ਅਤੇ ਹਥਿਆਰਬੰਦ ਸੰਘਰਸ਼ਾਂ ਦੇ ਮੁੱਦੇ 'ਤੇ ਸੰਯੁਕਤ ਰਾਸ਼ਟਰ ਜਨਰਲ ਸਕੱਤਰ ਐਂਟੋਨੀਓ ਗੁਟੇਰੇਸ ਦੀ ਰਿਪੋਰਟ ਪਾਕਿਸਤਾਨ 'ਚ ਹਥਿਆਰਬੰਦ ਸੰਘਰਸ਼ 'ਚ ਬੱਚਿਆਂ ਦੇ ਵਿਰੁੱਧ ਗੰਭੀਰ ਅੱਤਿਆਚਾਰਾਂ ਦਾ ਵੇਰਵਾ ਦਿੰਦੀ ਹੈ। ਜਨਰਲ ਸਕੱਤਰ ਨੇ 'ਸਕੂਲਾਂ ਖਾਸ ਤੌਰ 'ਤੇ ਲੜਕੀਆਂ ਦੇ ਸਕੂਲਾਂ, ਸਿਹਤ ਕਾਰਕੁੰਨਾਂ ਵਿਰੁੱਧ ਹਮਲਿਆਂ ਸਮੇਤ ਇਸ ਤਰ੍ਹਾਂ ਦੇ ਗੰਭੀਰ ਅੱਤਿਆਚਾਰਾਂ 'ਚ ਵਾਧੇ 'ਤੇ ਚਿੰਤਾ ਜਤਾਈ ਹੈ। ਨਾਲ ਹੀ ਅਫਗਾਨਿਸਤਾਨ ਦੇ ਨਾਲ ਲੱਗਦੇ ਸਰਹੱਦੀ ਖੇਤਰਾਂ 'ਚ ਪਾਕਿਸਤਾਨੀ ਹਥਿਆਰਬੰਦ ਦਸਤਿਆਂ ਵੱਲੋਂ ਸਰਹੱਦ ਪਾਰ ਗੋਲਾਬਾਰੀ ਅਤੇ ਹਵਾਈ ਹਮਲਿਆਂ ਦੇ ਕਾਰਨ ਅਫਗਾਨੀ ਬੱਚਿਆਂ ਦੀ ਹੱਤਿਆ ਅਤੇ ਉਨ੍ਹਾਂ ਦੀ ਦਿਵਿਆਂਗਤਾ 'ਤੇ ਵੀ ਉਨ੍ਹਾਂ ਨੇ ਚਿੰਤਾ ਜਤਾਈ।

ਪਾਕਿਸਤਾਨ 'ਤੇ ਆਪਣੇ ਨਾਪਾਕ ਏਜੰਡੇ ਨੂੰ ਅੱਗੇ ਵਧਾਉਣ ਲਈ ਵੱਖ-ਵੱਖ ਚਰਚਾਵਾਂ 'ਚ ਭਾਰਤ ਨੂੰ ਬਦਨਾਮ ਕਰਨ ਦਾ ਦੋਸ਼ ਲਗਾਉਂਦੇ ਹੋਏ ਭਾਰਤੀ ਰਾਜਦੂਤ ਨੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਨੂੰ ਯਾਦ ਕੀਤਾ। ਇਸ 'ਚ ਪਾਕਿਸਤਾਨੀ ਅੱਤਵਾਦੀਆਂ ਨੇ 26 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ। ਹਰੀਸ਼ ਨੇ ਕਿਹਾ,'ਦੁਨੀਆ 22 ਅਪ੍ਰੈਲ ਨੂੰ ਪਹਿਲਗਾਮ 'ਚ ਅੱਤਵਾਦੀਆਂ ਵੱਲੋਂ ਕੀਤੇ ਗਏ ਜ਼ਾਲਮਾਨਾ ਹਮਲੇ ਨੂੰ ਨਹੀਂ ਭੁੱਲੀ ਹੈ।' ਉਨ੍ਹਾਂ ਕਿਹਾ ਕਿ ਸੁਰੱਖਿਆ ਪਰਿਸ਼ਦ ਨੇ 25 ਅਪ੍ਰੈਲ ਨੂੰ ਇਕ ਬਿਆਨ ਜਾਰੀ ਕੀਤਾ ਸੀ, ਜਿਸ 'ਚ ਇਸ ਨਿੰਦਣਯੋਗ ਕਾਰੇ ਦੇ ਅਪਰਾਧੀਆਂ, ਪ੍ਰਬੰਧਕਾਂ, ਵਿੱਤੀ ਮਦਦਗਾਰਾਂ ਅਤੇ ਸਪਾਂਸਰਾਂ ਨੂੰ ਜਵਾਬਦੇਹ ਠਹਿਰਾਉਣ ਅਤੇ ਉਨ੍ਹਾਂ ਨੂੰ ਨਿਆਂ ਦੇ ਕਟਿਹਰੇ 'ਚ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਸੀ।

# ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਤਾਨਾਸ਼ਾਹੀ ਦਾ ਸਿਖਰ: ਨਿਧੜਕ ਸਿੰਘ ਬਰਾੜ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਰਾਜ ਸੂਚਨਾ ਕਮਿਸ਼ਨਰ ਅਤੇ ਬੀਜੇਪੀ ਦੇ ਬੁਲਾਰੇ ਸਰਦਾਰ ਨਿਧੜਕ ਸਿੰਘ ਬਰਾੜ ਨੇ ਪ੍ਰੈਸ ਦੇ ਨਾਂ ਇੱਕ ਬਿਆਨ ਜਾਰੀ ਕਰਦਿਆਂ ਸਾਬਕਾ ਮੰਤਰੀ ਸਰਦਾਰ ਬਿਕਰਮ ਸਿੰਘ ਮਜੀਠੀਏ ਦੀ ਗਿਰਫਤਾਰੀ ਨੂੰ ਤਾਨਾਸ਼ਾਹੀ ਦਾ ਸਿਖਰ ਦੱਸਿਆ, ਸਰਦਾਰ ਬਰਾੜ ਨੇ ਕਿਹਾ ਕਿ ਅੱਜ ਐਮਰਜੈਂਸੀ ਦੀ ਵਰੇਗੰਢ ਹੈ ਅੱਜ ਤੋਂ 50 ਸਾਲ ਪਹਿਲਾਂ ਸ੍ਰੀਮਤੀ ਇੰਦਰਾ ਗਾਂਧੀ ਉਸ ਸਮੇਂ ਦੀ ਪ੍ਰਧਾਨ ਮੰਤਰੀ ਨੇ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਆਪਣੀਆਂ ਮਨਮਾਨੀਆਂ ਕਰਨ ਲਈ ਵਿਰੋਧੀਆਂ ਨੂੰ ਜੇਲਾਂ ਚ ਡੱਕਤਾ ਸੀ ਬਿਨਾਂ ਕਿਸੇ ਕਾਰਨ ਬਿਨਾਂ ਕੈਬਨਿਟ ਦੀ ਮਨਜ਼ੂਰੀ ਲਿਆ ਐਮਰਜੈਂਸੀ ਲਾਗੂ ਕਰਵਾ ਦਿਤੀ ਸੀ ਉਹੀ ਹਾਲ ਭਗਵੰਤ ਮਾਨ ਹੋਰਾਂ ਦਾ ਆਪਣੀ ਸਰਕਾਰ ਦੀ ਆਲੋਚਨਾ ਨਹੀਂ ਸੁਣ ਸਕਦੇ, ਹਾਲਾਂਕਿ ਆਲੋਚਨਾ ਸਰਕਾਰ ਲਈ ਸ਼ੀਸ਼ਾ ਹੁੰਦਾ ਸਰਕਾਰ ਆਪਣੀਆਂ ਗਲਤੀਆਂ ਸੁਧਾਰ ਕਰੇ ਬਿਕਰਮ ਸਿੰਘ ਮਜੀਠੀਆ ਅਕਾਲੀ ਦਲ ਦੇ ਉਹ ਆਗੂ ਆ ਜਿਹੜੇ ਅਕਸਰ ਸਰਕਾਰ ਦੀਆਂ ਗਲਤ ਨੀਤੀਆਂ ਦੇ ਖਿਲਾਫ ਬੇਬਾਕੀ ਨਾਲ ਬੋਲਦੇ ਆ ਤੇ ਉਹਨਾਂ ਦਾ ਬੇਬਾਕੀ ਨਾਲ ਬੋਲਣਾ ਮੁੱਖ ਮੰਤਰੀ ਨੂੰ ਚੰਗਾ ਨਹੀਂ ਲੱਗਦਾ ਉਹਨਾਂ ਨੇ ਅੱਜ ਜਿਹੜੀ ਇਹ ਗਿਰਫਤਾਰੀ ਕਰਵਾਈ ਐਡੀ ਵੱਡੀ ਫੌਜ ਭੇਜ ਕੇ ਇਹ ਤਾਨਾਸ਼ਾਹੀ ਦਾ ਸੱਚ



ਮੁੱਚ ਸਿਖਰ ਆ ਔਰ ਸਿਆਸਤ ਦੀ ਵੀ ਸਿਰੇ ਦੀ ਗਿਰਾਵਟ ਆ ਕਿ ਤੁਸੀਂ ਵਿਰੋਧ ਚ ਬੋਲਣ ਵਾਲੇ ਬੰਦੇ ਨੂੰ ਜਵਾਬ ਦੇਣ ਦੀ ਬਜਾਏ ਤੁਹਾਡੇ ਕੋਲ ਵੀ ਪ੍ਰੈਸ ਦਾ ਜਰੀਆ ਹੈਗਾ ਸਗੋਂ ਪ੍ਰੈਸ ਬਹੁਤੀ ਕੰਟਰੋਲ ਚ ਵੀ ਹੈਗੀ ਆ ਤੇ ਤੁਸੀਂ ਗਿਰਫਤਾਰ ਕਰਕੇ ਉਸ ਆਵਾਜ਼ ਨੂੰ ਦਬਾਉਣਾ ਚਾਹੁੰਦੇ ਹੋ ਅਤੇ ਗਲਤ ਪਿਰਤਾਂ ਪਾ ਰਹੇ ਹੋ ਮੈਂ ਇਹਦੀ ਬਹੁਤ ਸਖਤ ਨਿੰਦਾ ਕਰਦਾ

# ਨਹੀਂ ਠਲ੍ਹ ਰਿਹਾ ਕਾਂਗਰਸ ਦਾ ਕਾਟੋ-ਕਲੇਸ਼



**ਚੰਡੀਗੜ੍ਹ:** ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ 'ਚ ਹੋਈ ਜ਼ਿਮਨੀ ਚੋਣ ਨੇ ਪੰਜਾਬ ਦੀ ਸਿਆਸਤ ਦੀਆਂ ਕਈ ਪਰਤਾਂ ਖੋਲ੍ਹ ਕੇ ਰੱਖ ਦਿੱਤੀਆਂ ਹਨ। ਇਸ ਚੋਣ 'ਚ ਕਾਂਗਰਸ ਨੂੰ ਨਾ ਸਿਰਫ਼ ਹਾਰ ਦਾ ਸਾਹਮਣਾ ਕਰਨਾ ਪਿਆ ਸਗੋਂ ਪਾਰਟੀ ਦੀ ਅੰਦਰੂਨੀ ਧੜੇਬੰਦੀ ਤੇ ਆਗੂਆਂ ਦੇ ਅਸਤੀਫ਼ੇ ਵੀ ਸੁਰਖੀਆਂ ਬਟੋਰ ਰਹੇ ਹਨ। ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਤੋਂ ਬਾਅਦ ਹੁਣ ਉਪ ਪ੍ਰਧਾਨ ਪਰਗਟ ਸਿੰਘ ਤੇ ਕੁਸ਼ਲਦੀਪ ਸਿੰਘ ਢਿੱਲੋਂ ਨੇ ਵੀ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਨੂੰ ਲੈ ਕੇ ਪਾਰਟੀ ਵਿਚ ਪਹਿਲਾਂ ਤੋਂ ਚੱਲ ਰਿਹਾ ਕਾਟੋ-ਕਲੇਸ਼ ਹੋਰ ਤਿੱਖਾ ਹੋਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਇਸ ਦੌਰਾਨ ਇਕ-ਦੂਜੇ 'ਤੇ ਤੋਹਮਤਾਂ ਲਾਉਣ ਦਾ ਸਿਲਸਿਲਾ ਵੀ ਚੱਲ ਰਿਹਾ ਹੈ। ਅਸਲ ਵਿਚ ਇਸ ਜ਼ਿਮਨੀ ਚੋਣ ਨੇ ਕਾਂਗਰਸ ਦੇ ਜਥੇਬੰਦਕ ਢਾਂਚੇ ਦੀਆਂ ਕਮਜ਼ੋਰੀਆਂ ਨੂੰ ਉਘਾੜ ਕੇ ਰੱਖ ਦਿੱਤਾ ਹੈ। ਕਾਂਗਰਸ ਨੇ ਇਸ ਸੀਟ 'ਤੇ ਆਪਣੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਭਾਰਤ ਭੂਸ਼ਣ ਆਸ਼ੂ ਨੂੰ ਮੈਦਾਨ 'ਚ ਉਤਾਰਿਆ ਸੀ ਜੋ ਕਿ 'ਆਪ' ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਤੋਂ ਹਾਰ ਗਏ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਕਾਂਗਰਸ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ ਪਾਰਟੀ ਦਾ ਅੰਦਰੂਨੀ ਕਲੇਸ਼ ਹੀ ਰਿਹਾ ਹੈ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਨੂੰ ਲੈ ਕੇ ਪਾਰਟੀ ਦੇ ਕਈ ਸੀਨੀਅਰ ਆਗੂਆਂ 'ਚ ਪਹਿਲਾਂ ਤੋਂ ਨਾਰਾਜ਼ਗੀ ਚੱਲ ਰਹੀ ਸੀ। ਚੋਣ ਪ੍ਰਚਾਰ ਦੌਰਾਨ ਵੜਿੰਗ ਦੀ ਘੱਟ ਸਰਗਰਮੀ ਨੇ ਵੀ ਧਿਆਨ ਖਿੱਚਿਆ। ਨਾਲ ਦੀ ਨਾਲ, ਪਾਰਟੀ ਦੇ ਕਈ ਸੀਨੀਅਰ ਆਗੂਆਂ ਜਿਵੇਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਆਗੂਆਂ ਦੀ ਪ੍ਰਚਾਰ 'ਚ ਸ਼ਮੂਲੀਅਤ ਦੀ ਘਾਟ ਨੇ ਵੀ ਕਈ ਸਵਾਲ ਖੜ੍ਹੇ ਕੀਤੇ। ਵੜਿੰਗ 'ਤੇ ਸਥਾਨਕ ਆਗੂਆਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਪਾਰਟੀ ਦੇ ਸੀਨੀਅਰ ਤੇ ਤਜਰਬੇਕਾਰ ਆਗੂਆਂ ਨੂੰ ਨਜ਼ਰਅੰਦਾਜ਼ ਕੀਤਾ ਜਿਸ ਨੇ ਪਾਰਟੀ ਦੀ ਏਕਤਾ ਨੂੰ ਨੁਕਸਾਨ ਪਹੁੰਚਾਇਆ। ਕਾਂਗਰਸ ਦੀ ਪ੍ਰਚਾਰ ਰਣਨੀਤੀ 'ਚ ਵੀ ਕਈ ਘਾਟਾਂ ਰਹੀਆਂ ਅਤੇ ਸਥਾਨਕ ਆਗੂਆਂ ਵਿਚਕਾਰ ਵੀ ਤਾਲਮੇਲ ਦੀ ਘਾਟ ਸਪਸ਼ਟ ਦੇਖੀ ਗਈ। ਪਹਿਲਾਂ ਚੋਣਾਂ ਵੇਲੇ ਅਤੇ ਫਿਰ ਹਾਰ ਤੋਂ ਬਾਅਦ ਕਾਂਗਰਸ ਨੂੰ ਝਟਕਾ ਆਗੂਆਂ ਦੇ ਅਸਤੀਫ਼ਿਆਂ '' ਤੇ ਪਾਰਟੀ ਛੱਡਣ ਦੇ ਸਿਲਸਿਲੇ ਨੇ ਦਿੱਤਾ। ਕਈ ਆਗੂਆਂ ਨੇ ਕਾਂਗਰਸ ਛੱਡ ਕੇ 'ਆਪ' ਦਾ ਪੱਲਾ ਫੜ ਲਿਆ। ਇਸ ਦਾ ਮੁੱਖ ਕਾਰਨ ਪਾਰਟੀ 'ਚ ਅੰਦਰੂਨੀ ਅਨੁਸ਼ਾਸਨ ਤੇ ਸੰਗਠਨ 'ਚ ਸੁਧਾਰਾਂ ਦੀ ਘਾਟ ਮੰਨਿਆ ਜਾ ਰਿਹਾ ਹੈ। ਚੋਣ ਹਾਰਨ ਮਗਰੋਂ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਹਾਰ ਦੀ ਜ਼ਿੰਮੇਵਾਰੀ ਲਈ। ਉਨ੍ਹਾਂ ਇਕ ਬਿਆਨ 'ਚ ਕਿਹਾ, 'ਅਸੀਂ ਬਹੁਤ ਵਧੀਆ ਕਰ ਸਕਦੇ ਸੀ। ਪਾਰਟੀ ਦੀਆਂ ਕਮਜ਼ੋਰੀਆਂ ਤੇ ਰਣਨੀਤੀ 'ਚ ਕਮੀਆਂ ਕਾਰਨ ਸਾਨੂੰ ਹਾਰ ਦਾ ਮੂੰਹ ਦੇਖਣਾ . ਪਿਆ।' ਵੜਿੰਗ ਦਾ ਇਹ ਬਿਆਨ ਪਾਰਟੀ 'ਚ ਅੰਦਰੂਨੀ ਪੜਚੋਲ ਦੀ ਜ਼ਰੂਰਤ ਨੂੰ ਦਰਸਾਉਂਦਾ ਹੈ। ਲੁਧਿਆਣਾ ਜ਼ਿਮਨੀ ਚੋਣ ਨੇ ਕਾਂਗਰਸ ਦੀਆਂ ਕਮਜ਼ੋਰੀਆਂ ਨੂੰ ਉਘਾੜ ਦਿੱਤਾ ਹੈ। ਅੰਦਰੂਨੀ ਕਲੇਸ਼, ਕਮਜ਼ੋਰ ਪ੍ਰਚਾਰ ਅਤੇ ਆਗੂਆਂ ਦੇ ਅਸਤੀਫਿਆਂ ਨੇ ਪਾਰਟੀ ਨੂੰ ਨੁਕਸਾਨ ਪਹੁੰਚਾਇਆ। ਜੇ ਕਾਂਗਰਸ ਨੇ ਇਨ੍ਹਾਂ ਮੁੱਦਿਆਂ 'ਤੇ ਸਮੇਂ ਸਿਰ ਧਿਆਨ ਨਾ ਦਿੱਤਾ ਤਾਂ ਪੰਜਾਬ 'ਚ ਉਸ ਦੀ ਸਿਆਸੀ ਸਥਿਤੀ ਹੋਰ ਕਮਜ਼ੋਰ ਹੋ ਸਕਦੀ ਹੈ। ਇਸ ਹਾਰ ਨੇ ਪਾਰਟੀ ਨੂੰ ਇਕ ਮੌਕਾ ਦਿੱਤਾ ਹੈ। ਕਿ ਉਹ ਆਪਣੀਆਂ ਕਮੀਆਂ-ਪੇਸ਼ੀਆਂ ਨੂੰ ਸੁਧਾਰੇ ਅਤੇ ਨਵੀਂ ਰਣਨੀਤੀ ਅਪਣਾ ਕੇ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਸ਼ਿੱਦਤ ਨਾਲ ਲੜੇ।

# ਟਰੰਪ ਨੇ ਮਮਦਾਨੀ ਨੂੰ ਦੱਸਿਆ 100% ਕਮਿਊਨਿਸਟ ਪਾਗਲ

**ਨਿਊ ਯਾਰਕ:** ਅਮਰੀਕਾ ਦੇ ਨਿਊਯਾਰਕ ਸ਼ਹਿਰ ਦੇ ਮੇਅਰ ਅਹੁਦੇ ਦੇ ਉਮੀਦਵਾਰ ਬਣਦੇ ਹੀ ਭਾਰਤੀ ਮੂਲ ਦੇ ਜੋਹਰਾਨ ਮਮਦਾਨੀ ਆਲੋਚਨਾਵਾਂ 'ਚ ਘਿਰ ਗਏ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ ਵਿਰੁੱਧ ਤਿੱਖੀ ਟਿੱਪਣੀ ਕੀਤੀ ਹੈ। ਉਨ੍ਹਾਂ ਨੇ ਮਮਦਾਨੀ ਨੂੰ 100 ਫੀਸਦੀ ਕਮਿਊਨਿਸਟ ਪਾਗਲ ਕਰਾਰ ਦਿੱਤਾ ਹੈ। ਟਰੰਪ ਨੇ ਵੀਰਵਾਰ ਨੂੰ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕਿਹਾ,'ਆਖਿਰਕਾਰ ਹੋ ਹੀ ਗਿਆ। ਡੈਮੋਕ੍ਰੇਟਸ ਨੇ ਹੱਦ ਪਾਰ ਕਰ ਲਈ ਹੈ।



100 ਫੀਸਦੀ ਕਮਿਊਨਿਸਟ ਪਾਗਲ ਜੌਹਰਾਨ ਮਮਦਾਨੀ ਨੇ ਡੈਮੋਕ੍ਰੇਟਿਕ ਪ੍ਰਾਇਮਰੀ ਜਿੱਤਿਆ ਹੈ ਅਤੇ ਮੇਅਰ ਬਣਨ ਦੀ ਰਾਹ 'ਤੇ ਹੈ। ਜਦਕਿ ਭਾਰਤੀ ਮੂਲ ਦੇ ਮੀਡੀਆ ਅਤੇ ਸਿਆਸੀ ਆਬਜ਼ਰਵਰ ਸ੍ਰੀ ਸ੍ਰੀਨਿਵਾਸਨ ਨੇ ਕਿਹਾ ਕਿ ਮਮਦਾਨੀ ਦੀ ਜਿੱਤ ਨੇ ਨਿਊਯਾਰਕ ਦੀ ਸਿਆਸਤ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਉੱਧਰ ਭਾਰਤ 'ਚ ਵੀ ਉਨ੍ਹਾਂ ਦੀ ਆਲੋਚਨਾ ਹੋ ਰਹੀ ਹੈ। ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਨੇ ਕਿਹਾ ਕਿ ਉਹ ਭਾਰਤ ਦੇ ਮੁਕਾਬਲੇ ਪਾਕਿਸਤਾਨੀ ਜ਼ਿਆਦਾ ਲੱਗਦੇ ਹਨ। ਕਾਂਗਰਸ ਦੇ ਰਾਜਸਭਾ ਮੈਂਬਰ ਅਭਿਸ਼ੇਕ ਸਿੰਘਵੀ ਨੇ ਵੀਰਵਾਰ ਨੂੰ ਉਨ੍ਹਾਂ ਦੇ ਭਾਰਤ ਵਿਰੋਧੀ ਰੁਖ਼ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਜਦ ਉਹ ਬੋਲਦੇ ਹਨ ਤਾਂ ਪਾਕਿਸਤਾਨੀ ਪੀਆਰ ਟੀਮ ਛੁੱਟੀ 'ਤੇ ਚਲੀ ਜਾਂਦੀ ਹੈ।

ਮਸ਼ਹੂਰ ਭਾਰਤੀ ਫਿਲਮ ਨਿਰਮਾਤਾ ਮੀਰਾ ਨਾਇਰ ਅਤੇ ਯੁਗਾਂਡਾ ਦੇ ਲੇਖਕ ਮਹਿਮੂਦ ਮਮਦਾਨੀ ਦੇ ਪੁੱਤਰ ਜੋਹਰਾਨ ਨੂੰ ਮੰਗਲਵਾਰ ਨੂੰ ਡੈਮੋਕ੍ਰੇਟਿਕ ਪਾਰਟੀ ਦੇ ਪ੍ਰਾਇਮਰੀ ਚੋਣ 'ਚ ਜੇਤੂ ਐਲਾਨਿਆ ਗਿਆ। ਚਾਰ ਨਵੰਬਰ ਨੂੰ ਹੋਣ ਵਾਲੀ ਚੋਣ 'ਚ ਜੇ ਉਹ ਜਿੱਤਦੇ ਹਨ ਤਾਂ ਨਿਊਯਾਰਕ ਦੇ ਪਹਿਲੇ ਮੁਸਲਮਾਨ ਅਤੇ ਭਾਰਤਵੰਸ਼ੀ ਮੇਅਰ ਹੋਣਗੇ।

# ਪਾਕਿਸਤਾਨ 'ਚ 'ਸਰਦਾਰ ਜੀ-3' ਨੂੰ ਮਿਲੀ ਮਨਜ਼ੂਰੀ

**ਕਰਾਚੀ:** ਪਾਕਿਸਤਾਨੀ ਸੈਂਸਰ ਬੋਰਡ ਨੇ ਦਿਲਜੀਤ ਦੁਸਾਂਝ ਦੀ ਪੰਜਾਬੀ ਫਿਲਮ 'ਸਰਦਾਰ ਜੀ-3' ਦੀ ਰਿਲੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪਾਕਿ ਅਭਿਨੇਤਰੀ ਹਾਨੀਆ ਆਮਿਰ ਦੀ ਕਾਸਟਿੰਗ ਨੂੰ ਲੈ ਕੇ ਵਿਵਾਦ ਦੇ ਕਾਰਨ ਇਹ ਭਾਰਤ ਵਿਚ ਰਿਲੀਜ਼ ਨਹੀਂ ਹੋਈ ਹੈ। ਕਰਾਚੀ ਵਿਚ ਸਿਨੈਪਲੈਕਸ ਦੇ ਮਾਲਿਕ ਨਦੀਮ ਮਾਂਡਵੀਵਾਲਾ ਨੇ ਕਿਹਾ ਕਿ ਸੈਂਸਰ ਬੋਰਡ ਨੇ ਮਨਜ਼ੂਰੀ ਦੇ ਦਿੱਤੀ ਹੈ ਕਿਉਂਕਿ ਫਿਲਮ ਦੇ ਨਿਰਮਾਤਾਵਾਂ ਵਿਚੋਂ ਇਕ ਜੈਨ ਵਲੀ ਪਾਕਿਸਤਾਨੀ ਹਨ। ਨਦੀਮ ਨੇ ਕਿਹਾ ਕਿ ਇਹ ਫਿਲਮ ਪਾਕਿਸਤਾਨ ਵਿਚ ਸਿਨੇਮਾ ਉਦਯੋਗ ਨੂੰ ਉਤਸ਼ਾਹਤ ਕਰੇਗੀ, ਜੋ ਸਾਲਾਂ ਤੋਂ ਭਾਰਤੀ ਫਿਲਮਾਂ 'ਤੇ ਪਾਬੰਦੀ ਤੋਂ ਬਾਅਦ ਹਾਲੀਵੁੱਡ ਦੀਆਂ ਫਿਲਮਾਂ 'ਤੇ ਕਾਫੀ ਹੱਦ ਤੱਕ ਨਿਰਭਰ ਹੈ।



# ਪੰਜਾਬ ਖੇਡ ਵਿਭਾਗ ਵਲੋਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਦੇਣ ਦਾ ਐਲਾਨ

## 10 ਸਾਲ ਬਾਅਦ ਖਿਡਾਰੀਆਂ ਦੀ ਸੁਣੀ ਗਈ

**ਜਲੰਧਰ:** ਪੰਜਾਬ ਸਰਕਾਰ ਤੇ ਖੇਡ ਵਿਭਾਗ ਵਲੋਂ ਸੂਬੇ ਦੇ ਕੌਮਾਂਤਰੀ ਪੱਧਰ 'ਤੇ ਨਾਂਅ ਰੋਸ਼ਨ ਕਰਨ ਵਾਲੇ ਖਿਡਾਰੀਆਂ ਤੋਂ ਰਾਜ ਦੇ ਸਭ ਤੋਂ ਵੱਡੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਤਰ੍ਹਾਂ ਆਖਰ 10 ਸਾਲ ਦੇ ਅਰਸੇ ਬਾਅਦ ਪੰਜਾਬ ਦੇ ਖਿਡਾਰੀਆਂ ਦੀ ਅਰਜ ਪੰਜਾਬ ਸਰਕਾਰ ਨੇ ਸੁਣੀ ਹੈ ਤੇ ਇਹ ਐਵਾਰਡ ਦੇਣ ਜਾ ਰਹੀ ਹੈ। ਇਸ ਐਵਾਰਡ ਲਈ ਸਾਲ 2019 (2014 ਤੋਂ 2018) ਪ੍ਰਾਲ 2020 (2015 ਮੇਂ 2019) ਮਾਲ 2022 (2017 3 2021) ਪ੍ਰਾਪਤ੍ਰਤ 2023 (2018 3 2022) ਭੇਡ ਪ੍ਰਥਡੀ ਸੇ ਵਿਜਝਵਾਡੋਭੀ ਹੈ 31 ਜੁਲਾਈ ਤੱਕ ਅਰਜ਼ੀਆ ਦੀ ਮੰਗ ਕੀਤੀ ਗਈ ਹੈ। ਯਾਦ ਰਹੇ ਪੰਜਾਬ ਸਰਕਾਰ ਨੇ ਇਸ ਐਵਾਰਡ ਦੀ ਸ਼ੁਰੂਆਤ 1978 'ਚ ਕੀਤੀ ਸੀ ਤੇ ਕੌਮਾਂਤਰੀ ਖੇਡ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਇਕ ਟਰਾਫੀ ਤੇ 5 ਲੱਖ ਰੁਪਏ ਨਗਦ ਇਨਾਮ 'ਚ ਦਿੱਤੇ ਜਾਂਦੇ ਹਨ।



# ਯੂਟਿਊਬਰ ਦੇ ਘਰ ਸਣੇ ਚਾਰ ਥਾਵਾਂ ’ਤੇ ਐੱਨ.ਆਈ.ਏ. ਦੇ ਛਾਪੇ

**ਜਲੰਧਰ:** ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਨੇ ਪੰਜਾਬ ਦੇ ਯੂਟਿਊਬਰ ਸੁਖਬੀਰ ਸਿੰਘ ਦੇ ਘਰ ਸਣੇ ਚਾਰ ਥਾਵਾਂ ‘ਤੇ ਛਾਪੇਮਾਰੀ ਕੀਤੀ। ਇਹ ਕਾਰਵਾਈ ਸਵੇਰੇ ਪੰਜ ਵਜੇ ਤਿੰਨ ਜ਼ਿਲ੍ਹਿਆਂ ਮਾਨਸਾ, ਹੁਸ਼ਿਆਰਪੁਰ ਤੇ ਜਲੰਧਰ ਵਿਚ ਇਕੱਠਿਆਂ ਕੀਤੀ ਗਈ।



ਐੱਨਆਈਏ ਦੀ ਟੀਮ ਨੇ ਸਭ ਤੋਂ ਪਹਿਲਾਂ ਬੁਢਲਾਡਾ ਵਿਚ ਯੂਟਿਊਬਰ ਸੁਖਬੀਰ ਸਿੰਘ ਦੇ ਘਰ ਛਾਪਾ ਮਾਰਿਆ। ਟੀਮ ਨੇ ਘਰ ਦੀ ਤਲਾਸ਼ੀ ਲੈਣ ਦੇ ਨਾਲ-ਨਾਲ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਮੋਬਾਈਲ ਫੋਨ ਦਾ ਡਾਟਾ ਵੀ ਚੈੱਕ ਕੀਤਾ। ਹਾਲਾਂਕਿ, ਸੁਖਬੀਰ ਸਿੰਘ ਉਸ ਸਮੇਂ ਘਰ ਮੌਜੂਦ ਨਹੀਂ ਸੀ। ਸੂਤਰਾਂ ਮੁਤਾਬਕ, ਐੱਨਆਈਏ ਨੂੰ ਸ਼ੱਕ ਹੈ ਕਿ ਸੁਖਬੀਰ ਪਾਕਿਸਤਾਨੀ ਗੈਂਗਸਟਰ ਸ਼ਹਿਜਾਦ ਡਾਨ ਭੱਟੀ ਨਾਲ ਇੰਟਰਨੈੱਟ ਮੀਡੀਆ ‘ਤੇ ਸੰਪਰਕ ਵਿਚ ਸੀ। ਐੱਨਆਈਏ ਨੇ ਸੁਖਬੀਰ ਨੂੰ ਚੰਡੀਗੜ੍ਹ ਸਥਿਤ ਦਫ਼ਤਰ ਵਿਚ ਪੇਸ਼ ਹੋਣ ਲਈ ਕਿਹਾ ਹੈ। ਇਸ ਤਰ੍ਹਾਂ ਜਲੰਧਰ ਦੀ ਫਰੈਂਡਜ਼ ਕਾਲੋਨੀ ਵਿਚ ਵੀ ਐੱਨਆਈਏ ਨੇ ਇਕ ਘਰ ਵਿਚ ਛਾਪੇਮਾਰੀ ਕੀਤੀ।

ਇੱਥੇ ਕਿਰਾਏ ‘ਤੇ ਰਹਿ ਰਹੇ ਇਕ ਵਿਅਕਤੀ ਤੋਂ ਟੀਮ ਨੇ ਕਰੀਬ ਚਾਰ ਘੰਟੇ ਤੱਕ ਪੁੱਛਗਿੱਛ ਕੀਤੀ।, ਇਸ ਤੋਂ ਬਾਅਦ ਉਸ ਨੂੰ ਆਪਣੇ ਨਾਲ ਲੈ ਗਈ। ਦੱਸਿਆ ਜਾ ਰਿਹਾ ਹੈ ਕਿ ਹਿਰਾਸਤ ਵਿਚ ਲਏ ਗਏ ਵਿਅਕਤੀ ਨੇ ਸਾਬਕਾ ਮੰਤਰੀ ਮਨੋਰੰਜਨ ਕਾਲੀਆਂ ਦੇ ਘਰ ਹੋਏ ਗ੍ਰਨੇਡ ਹਮਲੇ ਦੇ ਸਬੰਧ ਵਿਚ ਇੰਟਰਨੈੱਟ ਮੀਡੀਆ ‘ਤੇ ਕੁਝ ਪੋਸਟਾਂ ਕੀਤੀਆਂ ਸਨ, ਜਿਹੜੀਆਂ ਪਾਕਿਸਤਾਨ ਨਾਲ ਲਿੰਕ ਸਨ। ਐੱਨਆਈਏ ਨੇ ਘਰ ਤੋਂ ਕੁਝ ਡਿਜੀਟਲ ਡਿਵਾਈਸ ਤੇ ਦਸਤਾਵੇਜ਼ ਵੀ ਬਰਾਮਦ ਕੀਤੇ ਹਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਟਾਂਡਾ ਉੜਮੁੜ ਦੇ ਗੜੀ ਮੁਹੱਲਾ ਵਿਚ ਵੀ ਐੱਨਆਈਏ ਦੀਆਂ ਦੋ ਟੀਮਾਂ ਨੇ ਤੜਕੇ ਕਰੀਬ ਪੰਜ ਵਜੇ ਦੋ ਘਰਾਂ ਵਿਚ ਛਾਪੇਮਾਰੀ ਕੀਤੀ। ਇਸ ਦੌਰਾਨ ਏਜੰਸੀ ਨੇ ਕਿਸੇ ਪ੍ਰਕਾਰ ਦੀ ਅਧਿਕਾਰਕ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਪਰ ਸੂਤਰਾਂ ਮੁਤਾਬਕ ਇਹ ਕਾਰਵਾਈ ਜਲੰਧਰ ਵਿਚ ਭਾਜਪਾ ਨੇਤਾ ਮਨੋਰੰਜਨ ਕਾਲੀਆਂ ਦੇ ਘਰ ‘ਤੇ ਹੋਏ ਗ੍ਰਨੇਡ ਹਮਲੇ ਨਾਲ ਜੁੜੀ ਹੈ। ਐੱਨਆਈਏ ਨੇ ਮਨੂੰ ਨਾਂ ਦੇ ਫਰਾਰ ਮੁਲਜ਼ਮ ਦੀ ਫੋਨ ਕਾਲ ਦੇ ਆਧਾਰ ‘ਤੇ ਇਹ ਕਾਰਵਾਈ ਕੀਤੀ।

ਐੱਨਆਈਏ ਨੇ ਮਨੂੰ ਦੀ ਪਤਨੀ ਅਤੇ ਸੌਰਵ ਤੋਂ ਲੰਬੀ ਪੁੱਛਗਿੱਛ ਕੀਤੀ ਅਤੇ ਉਨ੍ਹਾਂ ਦੇ ਮੋਬਾਈਲ ਜ਼ਬਤ ਕਰ ਲਏ। ਹਾਲਾਂਕਿ ਦੋਵੇਂ ਪਰਿਵਾਰਾਂ ਨੇ ਕਿਸੇ ਵੀ ਅਪਰਾਧਿਕ ਸਰਗਰਮੀ ਵਿਚ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਮਨੂੰ ਉਰਫ਼ ਦਲਜੀਤ ਸਿੰਘ ਸਾਲ 2022 ਤੋਂ ਐੱਨਡੀਪੀਐੱਸ ਕੇਸ ਵਿਚ ਫਰਾਰ ਹੈ। ਵਰਤਮਾਨ ਵਿਚ ਕਿਸੇ ਯੂਰਪੀ ਦੇਸ਼ ਵਿਚ ਹੈ। ਅੱਗੋਂ ਦੀ ਪੁੱਛਗਿੱਛ ਲਈ ਇਨ੍ਹਾਂ ਨੂੰ ਚੰਡੀਗੜ੍ਹ ਤਲਬ ਕੀਤਾ ਹੈ।

# ਪੰਜਾਬੀ ਪਰਿਵਾਰ ਦੇ ਘਰ ਨੂੰ ਲੱਗੀ ਅੱਗ; ਪਿਓ-ਧੀ ਦੀ ਮੌਤ

**ਕੈਲਗਰੀ:** ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਉੱਤਰ ਪੂਰਬ ਟੈਰਾਲੇਕ ਵੇਅ ਵਿਚ ਇਕ ਪੰਜਾਬੀ ਪਰਿਵਾਰ ਦੇ ਘਰ ਨੂੰ ਅੱਗ ਲੱਗਣ ਕਰਕੇ ਪਿਓ-ਧੀ ਦੀ ਮੌਤ ਹੋ ਗਈ।



ਕੈਲਗਰੀ ਵਾਇਰ ਵਿਭਾਗ ਦੇ ਅਧਿਕਾਰੀ ਕੈਰੋਲ ਹੱਕੇ ਨੇ ਕਿਹਾ ਕਿ ਸੰਨੀ ਗਿੱਲ (50) ਦੀ ਮੌਕੇ ‘ਤੇ ਮੌਤ ਹੋ ਗਈ ਜਦਕਿ ਉਸ ਦੀ ਬੇਟੀ ਹਰਗੁਣ (9) ਹਸਪਤਾਲ ਜਾ ਕੇ ਦਮ ਤੋੜ ਗਈ। ਇਕ ਔਰਤ ਅਤੇ 16 ਸਾਲਾਂ ਦੇ ਬੱਚੇ ਦਾ ਇਲਾਜ ਚੱਲ ਰਿਹਾ ਹੈ। ਦੂਜੇ ਬੱਚੇ ਨੂੰ ਅੱਗ ਬੁਝਾਊ ਅਮਲੇ ਨੇ ਬਚਾਇਆ ਜੋ ਕਿ ਘਰ ਦੀ ਛੱਤ ‘ਤੇ ਰੋ ਰਿਹਾ ਸੀ ਅਤੇ ਰੌਲਾ ਪਾ ਰਿਹਾ ਸੀ।

ਗਿੱਲ ਪਰਿਵਾਰ ਦੇ ਘਰ ਦੇ ਮੈਂਬਰ ਨੇ ਪੁਸ਼ਟੀ ਕੀਤੀ ਕਿ ਘਰ ਵਿਚ ਕੁੱਲ 6 ਲੋਕ ਰਹਿੰਦੇ ਸਨ ਜਿਨ੍ਹਾਂ ਵਿਚੋਂ ਘਰ ਦੀ ਬੇਸਮੈਂਟ ‘ਚ ਰਹਿੰਦੇ ਸਨ, ਜੋ ਸੁਰੱਖਿਅਤ ਬਾਹਰ ਨਿਕਲਣ ਵਿਚ ਕਾਮਯਾਬ ਹੋ ਗਏ। ਜਦਕਿ ਉਪਰ ਵਾਲੀ ਛੱਤ ‘ਤੇ 4 ਮੈਂਬਰ ਪਤੀ, ਪਤਨੀ ਤੇ ਉਨ੍ਹਾਂ ਦੇ ਬੱਚੇ ਰਹਿੰਦੇ ਸਨ, ਜਿਨ੍ਹਾਂ ਵਿਚੋਂ ਸੰਨੀ ਅਤੇ ਉਸ ਦੀ ਧੀ ਦੇ ਮੌਤ ਹੋ ਗਈ ਅਤੇ ਉਸ ਦੀ ਪਤਨੀ ਅਤੇ ਦੂਜੇ ਬੱਚੇ ਦਾ ਇਲਾਜ ਚੱਲ ਰਿਹਾ ਹੈ।

ਇਸ ਦੁਖਦਾਈ ਘਟਨਾ ‘ਤੇ ਸੰਸਦ ਮੈਂਬਰ ਦਲਵਿੰਦਰ ਸਿੰਘ ਗਿੱਲ, ਸੰਸਦ ਮੈਂਬਰ ਜਸਰਾਜ ਸਿੰਘ ਹੱਲਣ, ਸੰਸਦ ਮੈਂਬਰ ਅਮਨਪ੍ਰੀਤ ਸਿੰਘ ਗਿੱਲ, ਵਿਧਾਇਕ ਗੁਰਿੰਦਰ ਸਿੰਘ ਬਰਾੜ, ਸਾਬਕਾ ਵਿਧਾਇਕ ਦਵਿੰਦਰ ਸਿੰਘ ਤੂਰ ਅਤੇ ਹਰਸੀਰਤ ਸਿੰਘ ਧਾਮੀ ਪ੍ਰਧਾਨ ਕੈਲਗਰੀ ਭੁੱਲਰ ਮੈਕਾਲ ਯੂ.ਸੀ.ਪੀ. ਪਾਰਟੀ ਐਸੋਸੀਏਸ਼ਨ ਸਮੇਤ ਹੋਰਨਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।


# ਅਮਰੀਕਾ ’ਚ ਜਸਵੰਤ ਸਿੰਘ ਖਾਲੜਾ ਦੇ ਨਾਂਅ ’ਤੇ ਰੱਖਿਆ ਸਕੂਲ ਦਾ ਨਾਂਅ

**ਸਾਨ ਫਰਾਂਸਿਸਕੋ:** ਪੰਜਾਬ ਅੰਦਰ ਖਾੜਕੂ ਲਹਿਰ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ‘ਚ ਮਾਰੇ ਗਏ ਨੌਜਵਾਨਾਂ ਲਈ ਆਵਾਜ਼ ਉਠਾਉਣ ਵਾਲੇ ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਨਾਂਅ ‘ਤੇ ਉਸਾਰਿਆ ਗਿਆ ਸ. ਜਸਵੰਤ ਸਿੰਘ ਖਾਲੜਾ ਐਲੀਮੈਂਟਰੀ ਸਕੂਲ ਸਾਲ 2025-26 ਦੇ ਅਕਾਦਮਿਕ ਵਰ੍ਹੇ ਲਈ ਖੋਲ੍ਹ ਦਿੱਤਾ ਗਿਆ । ਕੈਲੀਫੋਰਨੀਆਂ ਦੇ ਬਹੁ-ਗਿਣਤੀ ਪੰਜਾਬੀ ਭਾਈਚਾਰੇ ਵਾਲੇ ਸ਼ਹਿਰ ਫਰਿਜਨੋ ਦੇ ਵੈਸਟ ਫਾਊਂਟਨ ਵੇਅ ਐਵੀਨਿਊ ‘ਤੇ ਉਸਾਰੇ ਗਏ ਇਸ ਸਕੂਲ ਦਾ ਉਦਘਾਟਨ ਸ਼ਹੀਦ ਭਾਈ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕਰ ਖਾਲੜਾ ਨੇ ਕੀਤਾ ਤੇ ਉਨ੍ਹਾਂ ਦੇ ਨਾਲ ਖਾਲੜਾ ਦੀ ਬੇਟੀ ਨਵਕਿਰਨ ਕੌਰ ਖਾਲੜਾ ਤੇ ਕੈਲੀਫੋਰਨੀਆਂ ਦੀਆਂ ਨਾਮੀ ਸਿੱਖ ਸਖਸ਼ੀਅਤਾਂ ਵੀ ਹਾਜ਼ਰ ਸਨ । ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰਾਂ ਵਿਚ ਕਿਹਾ ਕਿ ਇਹ ਸਕੂਲ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਨੂੰ ਹੀ ਨਹੀਂ ਸਗੋਂ ਹਰ ਸਿੱਖ ਨੂੰ ਉਨ੍ਹਾਂ ਦੀ ਮਨੁੱਖੀ ਹੱਕਾਂ ਲਈ ਕੀਤੀ ਕੁਰਬਾਨੀ ਦੀ ਯਾਦ ਦੁਆਉਂਦਾ ਰਹੇਗਾ । ਸਕੂਲ ਬੋਰਡ ਦੇ ਡਾਇਰੈਕਟਰ ਨੈਨਦੀਪ ਸਿੰਘ ਦੇ ਯਤਨਾਂ ਦੀ ਵੀ ਭਰਪੂਰ ਪ੍ਰਸੰਸਾ ਹੁੰਦੀ ਹੋਈ। ਵਿਦੇਸ਼ ਵਿਚ ਸ਼ਾਇਦ ਇਹ ਪਹਿਲੀ ਵਾਰ ਹੋਵੇਗਾ ਕਿ ਕਿਸੇ ਸਿੱਖ ਦੀ ਸ਼ਹਾਦਤ ਨੂੰ ਸਮਰਪਿਤ ਕਿਸੇ ਸਕੂਲ ਦਾ ਨਾਂਅ ਰੱਖਿਆ ਗਿਆ ਹੋਵੇ।ਇਸ ਮੌਕੇ ਬੱਚਿਆਂ ਨੇ ਸਿੱਖਿਅਕ ਤੇ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ । ਸਮਾਗਮ ਦੌਰਾਨ ਉਹ ਪਲ ਬੜੇ ਭਾਵੁਕ ਸਨ ਜਦੋਂ ਭਾਈ ਖਾਲੜਾ ਦੇ ਨਾਂਅ ‘ਤੇ ਉਸਾਰੇ ਗਏ ਯਾਦਗਾਰੀ ਸਕੂਲ ਦੀ ਚਾਬੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਭੇਟ ਕੀਤੀ ਵੱਖ ਵੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਵੀ ਇਸ ਯਤਨ ਦੀ ਖੁੱਲ ਕੇ ਸਰਾਹਣਾ ਕੀਤੀ ਗਈ ਤੇ ਉਮੀਦ ਜਤਾਈ ਕਿ ਇਹ ਸਕੂਲ ਭਵਿੱਖ ਦੀ ਪੀੜੀ ਲਈ ਇਕ ਮਿਸਾਲ ਬਣੇਗਾ।




# ਆਪ੍ਰੇਸ਼ਨ ਸੰਧੂਰ ਵੇਲੇ ਸਾਡੀ ਸਮਰੱਥਾ ਨੇ ਵਿਰੋਧੀ ਨੂੰ ਜੰਗਬੰਦੀ ਲਈ ਕੀਤਾ ਮਜਬੂਰ: ਸੀ.ਐਨ.ਐਸ.

**ਨਵੀਂ ਦਿੱਲੀ:** ਜਲ ਸੈਨਾ ਦੇ ਮੁਖੀ ਐਡਮਿਰਲ ਦਿਨੇਸ਼ ਕੇ ਤ੍ਰਿਪਾਠੀ ਨੇ ਕਿਹਾ ਕਿ



ਆਪ੍ਰੇਸ਼ਨ ਸੰਧੂਰ ਦੌਰਾਨ ਭਾਰਤੀ ਜਲ ਸੈਨਾ ਦੇ ਜਹਾਜ਼, ਪਣਡੁੱਬੀਆਂ ਤੇ ਜਹਾਜ਼ ਕਾਰਜਸ਼ੀਲ ਤੌਰ ‘ਤੇ ਤਿਆਰ ਤੇ ਤਾਇਨਾਤ ਸਨ, ਜੋ ਸਮੁੰਦਰੀ ਖੇਤਰ ‘ਚ ਸਾਡੇ ਪੱਛਮੀ ਦੁਸ਼ਮਣ ਦੀਆਂ ਸੰਭਾਵੀ ਕਾਰਵਾਈਆਂ ਨੂੰ ਰੋਕਣ ਲਈ ਤਾਕਤ ਤੇ ਤਿਆਰੀ ਦਾ ਪ੍ਰਦਰਸ਼ਨ ਕਰਦੇ ਸਨ। ਉਨ੍ਹਾਂ ਕਿਹਾ ਕਿ ਇਸ ਤੇਜ਼ ਤੇ ਮਾਪੀ ਗਈ ਪ੍ਰਤੀਕਿਰਿਆ ਨੇ ਨਾ ਸਿਰਫ਼ ਸਾਡੀ ਰਣਨੀਤਕ ਪਹੁੰਚ ਤੇ ਸਮੁੰਦਰੀ ਦਬਦਬੇ ਨੂੰ ਦਰਸ਼ਿਤ ਕੀਤਾ, ਸਗੋਂ ਦ੍ਰਿੜ ਇਰਾਦੇ ਦਾ ਸਪੱਸ਼ਟ ਸੰਦੇਸ਼ ਦਿੱਤਾ। ਜਿਸ ਨੇ ਸਾਡੇ ਵਿਰੋਧੀ ਨੂੰ ਜੰਗਬੰਦੀ ਦੀ ਬੇਨਤੀ ਕਰਨ ਲਈ ਮਜਬੂਰ ਕਰ ਦਿੱਤਾ। ਇਸ ਦੌਰਾਨ ਜਲ ਸੈਨਾ ਮੁਖੀ ਨੇ 22 ਅਪ੍ਰੈਲ ਨੂੰ ਪਹਿਲਗਾਮ ਹਮਲੇ ਦੇ ਮੱਦੇਨਜ਼ਰ ਭਾਰਤ ਦੇ ਕਿਸੇ ਵੀ ਅੱਤਵਾਦੀ ਕਾਰਵਾਈ ਨੂੰ ਜੰਗੀ ਕਾਰਵਾਈ ਵਜੋਂ ਮੰਨਣ ਦੇ ਫੈਸਲੇ ਦਾ ਵੀ ਹਵਾਲਾ ਦਿੱਤਾ।

# ਰਾਸ਼ਟਰੀ ਖੇਡਾਂ ’ਚ ਤਗਮੇ ਜਿੱਤਣ ਵਾਲੀ ਦੌੜਾਕ ਟਵਿੰਕਲ ਮੁਅੱਤਲ

**ਨਵੀਂ ਦਿੱਲੀ:** ਰਾਸ਼ਟਰੀ ਖੇਡਾਂ ‘ਚ ਕਈ ਤਗਮੇ ਜਿੱਤਣ ਵਾਲੀ ਮੱਧ ਦੂਰੀ ਦੀ ਦੌੜਾਕ ਟਵਿੰਕਲ ਚੌਧਰੀ ਨੂੰ ਪਾਬੰਦੀਸ਼ੁਦਾ ਸਟੇਰਾਈਡ ਪਾਜ਼ੀਟਿਵ ਲਈ ਪਾਏ ਜਾਣ ਦੇ ਬਾਅਦ ‘ਐਥਲੈਟਿਕਸ ‘ਇੰਟੀਬ੍ਰਿਟੀ ਇਕਾਈ’ (ਏ.ਆਈ.ਯੂ.) ਨੇ ਅਸਥਾਈ ਰੂਪ ਨਾਲ ਮੁਅੱਤਲ ਕਰ ਦਿੱਤਾ ਹੈ। 28 ਸਾਲ ਦੀ ਟਵਿੰਕਲ ਨੇ ਇਸ ਸਾਲ ਦੇ ਸ਼ੁਰੂ ‘ਚ ਉਤਰਾਖੰਡ ‘ਚ ਹੋਈਆਂ ਰਾਸ਼ਟਰੀ ਖੇਡਾਂ ‘ਚ ਸੋਨ, ਚਾਂਦੀ ਤੇ ਕਾਂਸੀ ਦੀ ਤਗਮਾ



ਜਿੱਤਿਆ ਸੀ । ਟਵਿੰਕਲ ਨੂੰ ਪਾਬੰਦੀਸ਼ੁਦਾ ਐਨਾਬੋਲਿਕ ਸਟੇਰਾਈਡ ਮਿਥਾਈਲਟੇਸਟੋਸਟੇਰੋਨ ਦਾ ਪਾਜ਼ੀਟਿਵ ਪਾਇਆ ਗਿਆ। ਏ. ਆਈ. ਯੂ. ਨੇ ਆਪਣੇ ਅਪਡੇਟ ‘ਚ ਕਿਹਾ ਕਿ ਟਵਿੰਕਲ ਜੋ ਕਿ ਜਲੰਧਰ ਦੀ ਰਹਿਣ ਵਾਲੀ ਹੈ, ਨੂੰ ਦੋਸ਼ਾਂ ਦਾ ਨੋਟਿਸ ਜਾਰੀ ਕੀਤਾ ਗਿਆ ਹੈ। ਅਗਲਾ ਕਦਮ ਇਸ ਮਾਮਲੇ ਦੀ ਸੁਣਵਾਈ ਹੋਵੇਗੀ, ਜਿਸ ‘ਚ ਇਸ ਅਥਲੀਟ ਨੂੰ ਆਪਣਾ ਪੱਖ ਸਪੱਸ਼ਟ ਕਰਨ ਦਾ ਮੌਕਾ ਮਿਲੇਗਾ।

# ਕੈਨੇਡਾ ਦੀ ਖੁਫ਼ੀਆ ਏਜੰਸੀ ਵਲੋਂ ਕੱਟੜ ਖਾਲਿਸਤਾਨੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਕਰਾਰ

**ਟੋਰਾਂਟੋ:** ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਏਜੰਸੀ ਕੈਨੇਡੀਅਨ ਸਕਿਓਰਟੀ ਇੰਟੈਲੀਜੈਂਸ ਸਰਵਿਸਸ (ਸੀ.ਐਸ.ਆਈ.ਐਸ.) ਵਲੋਂ ਦੇਸ਼ ਵਿਚ ਸਰਗਰਮ ਕੱਟੜ ਖਾਲਿਸਤਾਨੀਆਂ ਨੂੰ ਰਾਸ਼ਟਰੀ ਸੁਰੱਖਿਆ ਲਈ ਖਤਰਾ ਕਰਾਰ ਦਿੱਤੇ ਜਾਣ ਦੀ ਖਬਰ ਹੈ। ਜੂਨ ‘ਚ ਸੰਸਦ ਨੂੰ ਦਿੱਤੀ ਜਾਂਦੀ ਆਪਣੀ ਸਾਲਾਨਾ ਰਿਪੋਰਟ ‘ਚ ਸੀ.ਐਸ.ਆਈ.ਐਸ. ਨੇ ਪਹਿਲੀ ਵਾਰ ਖਾਲਿਸਤਾਨੀਆਂ ਪ੍ਰਤੀ ਅਜਿਹੀ (ਸਖ਼ਤ) ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਸੀ.ਐਸ.ਆਈ.ਐਸ. ਨੇ ਰਿਪੋਰਟ ਵਿਚ ਖਾਲਿਸਤਾਨੀਆਂ ਤੋਂ ਕੈਨੇਡਾ ਨੂੰ ਅਤੇ ਕੈਨੇਡਾ ਦੇ ਹਿੱਤਾਂ ਨੂੰ ਖਤਰੇ ਦੀ ਕੋਈ ਉਦਾਹਰਨ ਨਹੀਂ ਦਿੱਤੀ, ਪਰ ਕਿਹਾ ਹੈ ਕਿ ਸਿੱਖਾਂ ਦੇ ਇਕ ਖਾਲਿਸਤਾਨੀ ਖਾੜਕੂ ਧੜੇ ਵਲੋਂ ਭਾਰਤ ਵਿਚ ਹਿੰਸਾ ਫੈਲਾਉਣ ਲਈ ਕੈਨੇਡਾ ਨੂੰ ਪੈਸਾ ਇਕੱਠਾ ਕਰਨ ਅਤੇ ਆਪਣੇ ਮਨਸੂਬਿਆਂ ਦਾ ਪ੍ਰਚਾਰ ਕਰਨ ਲਈ

**ਜੂਨ ‘ਚ ਸੰਸਦ ਨੂੰ ਦਿੱਤੀ ਜਾਂਦੀ ਆਪਣੀ ਸਾਲਾਨਾ ਰਿਪੋਰਟ ‘ਚ ਸੀ. ਐਸ. ਆਈ. ਐਸ. ਨੇ ਪਹਿਲੀ ਵਾਰ ਖਾਲਿਸਤਾਨੀਆਂ ਪ੍ਰਤੀ ਅਜਿਹੀ (ਸਖ਼ਤ) ਸ਼ਬਦਾਵਲੀ ਦੀ ਕੀਤੀ ਵਰਤੋਂ**

ਵਰਤਿਆ ਜਾ ਰਿਹਾ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਕਿ ਕੈਨੇਡਾ ਵਿਚ ਵਿਦੇਸ਼ੀ ਦਖਲ ਲਈ ਭਾਰਤ ਤੋਂ ਪ੍ਰਬਲ ਸੰਭਾਵਨਾ ਰਹਿੰਦੀ ਹੈ ਕਿਉਂਕਿ ਭਾਰਤ ਸਰਕਾਰ ਨੂੰ ਕੈਨੇਡਾ ਵਿਚ ਖਾਲਿਸਤਾਨੀਆਂ ਦੀਆਂ ਭਾਰਤ ਵਿਰੋਧੀ ਸਰਗਰਮੀਆਂ ਉਪਰ ਇਤਰਾਜ਼ . ਉਧਰ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਨੁਮਾਇੰਦੇ ਬਲਪ੍ਰੀਤ ਸਿੰਘ ਵਲੋਂ ਰਿਪੋਰਟ ਵਿਚ ਸਿੱਖਾਂ ਲਈ ਵਰਤੀ ਗਈ ਸ਼ਬਦਾਵਲੀ ਬਾਰੇ ਇਤਰਾਜ਼ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਕਿਹਾ ਹੈ ਕਿ ਭਾਰਤ ਦੇ ਇਤਰਾਜ਼ ਤੋਂ ਬਿਨਾਂ ਖਾਲਿਸਤਾਨੀ ਖਾੜਕੂਆਂ ਤੋਂ ਕੈਨੇਡਾ ਨੂੰ ਖਤਰੇ ਦਾ ਕੋਈ ਸਬੂਤ ਨਹੀਂ ਹੈ।

ਰਿਪੋਰਟ ਤੋਂ ਕੁਝ ਮਾਹਿਰ ਇਹ ਸਿੱਟਾ ਕੱਢਦੇ ਹਨ ਦੇਸ਼ ਦੀ ਖੁਫੀਆ ਏਜੰਸੀ ਦਾ ਮੰਨਣਾ ਹੈ ਕਿ ਖਾਲਿਸਤਾਨੀ ਖਾੜਕੂਆਂ ਦੀਆਂ ਸਰਗਰਮੀਆਂ ਤੋਂ ਕੈਨੇਡਾ ਨੂੰ ਖਤਰੇ ਦੀ ਗੱਲ ਸੱਚੀ ਹੈ ਅਤੇ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਹੈ । ਖਾਲਿਸਤਾਨੀ ਕਾਰਕੁੰਨ ਹਰਦੀਪ ਸਿੰਘ ਨਿੱਝਰ ਦੇ ਸਰੀ ਵਿਖੇ (18 ਜੂਨ 2023 ਨੂੰ) ਹੋਏ ਕਤਲ ਦੇ ਮਾਮਲੇ ‘ਚ ਕੈਨੇਡਾ ਸਰਕਾਰ ਅਤੇ ਕੈਨੇਡਾ ਦੀ ਰਾਸ਼ਟਰੀ ਪੁਲਿਸ, ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨੇ ਭਾਰਤੀ ਏਜੰਟਾਂ (ਸਰਕਾਰ) ਦੀ ਸ਼ਮੂਲੀਅਤ ਦੇ ਸ਼ੰਕੇ ਪ੍ਰਗਟਾਏ ਸਨ । ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੇਸ਼ ਦੀ ਵਾਗਡੋਰ ਸੰਭਾਲਣ ਉਪਰੰਤ ਭਾਰਤ ਨਾਲ ਸੰਬੰਧ ਸੁਧਾਰਨ ਵੱਲ ਕਦਮ ਵਧਾਉਣ ਦਾ ਫੈਸਲਾ ਕੀਤਾ ਹੈ ।

## ਅਹਿਮਦਾਬਾਦ ਜਹਾਜ਼ ਹਾਦਸੇ ਦੀ ਜਾਂਚ ‘ਚ ਸੰਯੁਕਤ ਰਾਸ਼ਟਰ ਦੇ ਜਾਂਚਕਰਤਾ ਨੂੰ ਸ਼ਾਮਿਲ ਕਰਨ ਤੋਂ ਇਨਕਾਰ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਅਹਿਮਦਾਬਾਦ ਜਹਾਜ਼ ਹਾਦਸੇ ਦੀ ਜਾਂਚ ‘ਚ ਸੰਯੁਕਤ ਰਾਸ਼ਟਰ ਦੇ ਜਾਂਚਕਰਤਾ ਨੂੰ ਸ਼ਾਮਿਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸੰਯੁਕਤ ਰਾਸ਼ਟਰ ਦੀ ਹਵਾਬਾਜ਼ੀ ਬਾਰੇ ਏਜੰਸੀ ਨੇ ਭਾਰਤ ਨੂੰ ਪੜਤਾਲ ‘ਚ ਮਦਦ ਲਈ ਇਕ ਜਾਂਚਕਰਤਾ ਦੀ ਪੇਸ਼ਕਸ਼ ਕੀਤੀ ਸੀ। ਭਾਰਤ ਨੇ ਇਸ ‘ਤੇ ਫੈਸਲਾ ਲੈਂਦਿਆਂ ਜਾਂਚਕਰਤਾ ਨੂੰ ਜਾਂਚ ‘ਚ ਸ਼ਾਮਿਲ ਕਰਨ ਤੋਂ ਇਨਕਾਰ ਕਰ ਦਿੱਤਾ।



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਹਥਿਆਰ ਛੱਡ ਕੇ ਮੁੱਖ ਧਾਰਾ 'ਚ ਸ਼ਾਮਿਲ ਹੋਣ ਨਕਸਲੀ: ਅਮਿਤ ਸ਼ਾਹ

**ਹੈਦਰਾਬਾਦ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਕਸਲੀਆਂ ਨਾਲ ਕਿਸੇ ਵੀ ਗੱਲਬਾਤ ਨੂੰ ਰੱਦ ਕਰ ਦਿੱਤਾ ਤੇ ਕਿਹਾ ਕਿ ਪਾਬੰਦੀਸ਼ੁਦਾ ਸੰਗਠਨ ਦੇ ਕੇਡਰ ਨੂੰ ਹਥਿਆਰ ਛੱਡ ਦੇਣੇ ਚਾਹੀਦੇ ਹਨ, ਪੁਲਿਸ ਅੱਗੇ ਆਤਮ ਸਮਰਪਣ ਕਰਨਾ ਚਾਹੀਦਾ ਹੈ ਤੇ ਮੁੱਖ ਧਾਰਾ 'ਚ ਸ਼ਾਮਿਲ ਹੋਣਾ ਚਾਹੀਦਾ ਹੈ। ਤੇਲੰਗਾਨਾ ਦੇ ਨਿਜ਼ਾਮਾਬਾਦ 'ਚ ਹਲਦੀ ਬੋਰਡ ਦੇ ਰਾਸ਼ਟਰੀ ਹੈਡਕੁਆਰਟਰ ਦਾ ਉਦਘਾਟਨ ਕਰਨ ਤੋਂ ਬਾਅਦ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਸ਼ਾਹ ਨੇ ਇਹ ਵੀ ਕਿਹਾ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ, ਜੋ ਅਜੇ ਵੀ 'ਆਪ੍ਰੇਸ਼ਨ ਸੰਧੂਰ' 'ਤੇ ਸਵਾਲ ਉਠਾ ਰਹੇ ਹਨ, ਨੂੰ ਆਪ੍ਰੇਸ਼ਨ ਦੀ ਪ੍ਰਭਾਵਸ਼ੀਲਤਾ ਨੂੰ ਸਮਝਣ ਲਈ ਪਾਕਿਸਤਾਨ ਦੀ ਕਮਜ਼ੋਰ ਦਿੱਖ ਦੇਖਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨਕਸਲੀਆਂ ਨਾਲ ਗੱਲਬਾਤ ਕਰਨ ਲਈ ਕਹਿੰਦੀ ਹੈ। ਜਦਕਿ ਸਾਡੀ ਸਰਕਾਰ ਦੀ ਨੀਤੀ ਹਥਿਆਰ ਰੱਖਣ ਵਾਲਿਆਂ ਨਾਲ ਕੋਈ ਗੱਲ ਕਰਨ ਦੀ ਨਹੀਂ ਹੈ। ਉਹ ਹਥਿਆਰ ਛੱਡਣ, ਆਤਮ ਸਮਰਪਣ ਕਰਨ ਤੇ ਮੁੱਖ ਧਾਰਾ 'ਚ ਸ਼ਾਮਿਲ ਹੋਣ। ਉਨ੍ਹਾਂ ਅੱਗੇ ਕਿਹਾ ਕਿ ਉੱਤਰ-ਪੂਰਬ 'ਚ ਲਗਭਗ 10,000 ਲੋਕਾਂ ਨੇ ਹਥਿਆਰ ਛੱਡ ਦਿੱਤੇ ਤੇ ਮੁੱਖ ਧਾਰਾ 'ਚ ਸ਼ਾਮਿਲ ਹੋ ਗਏ। ਉਨ੍ਹਾਂ ਕਿਹਾ ਕਿ ਜੇਕਰ ਨਕਸਲੀ ਆਤਮ ਸਮਰਪਣ ਨਹੀਂ ਕਰਦੇ, ਤਾਂ ਅਸੀਂ 31 ਮਾਰਚ 2026 ਤੋਂ ਪਹਿਲਾਂ ਇਸ ਦੇਸ਼ 'ਚੋਂ ਨਕਸਲਵਾਦ ਖ਼ਤਮ ਕਰਨ ਫ਼ੈਸਲਾ ਕੀਤਾ ਹੈ।



# ਸੂਬਾ ਸਰਕਾਰ ਦੀ ਨਵੀਂ 'ਲੈਂਡ ਪੂਲਿੰਗ ਪਾਲਿਸੀ' ਪੰਜਾਬ ਨੂੰ ਪੱਥਰਾਂ ਦਾ ਸ਼ਹਿਰ ਬਣਾਉਣ ਵਾਲੀ: ਚੰਦੂਮਾਜਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਖਿਆ ਕਿ ਹਰਿਆਲੀ ਅਤੇ ਖ਼ੁਸ਼ਹਾਲੀ ਦੇ ਨਾਂਅ ਨਾਲ ਜਾਣੇ ਜਾਂਦੇ ਸੂਬੇ ਨੂੰ 'ਆਪ' ਸਰਕਾਰ ਦੁਆਰਾ ਬਣਾਈ 'ਲੈਂਡ ਪੂਲਿੰਗ ਪਾਲਿਸੀ' ਪੱਥਰਾਂ ਅਤੇ ਮਾਰਬਲ ਦਾ ਸ਼ਹਿਰ ਬਣਾ ਦੇਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਸਕੀਮ ਪੰਜਾਬ ਦੀ ਉਪਜਾਊ ਜ਼ਮੀਨ 'ਤੇ ਉੱਚੀਆਂ ਇਮਾਰਤਾਂ ਤੇ ਕਾਲੋਨੀਆਂ ਬਣਾ ਕੇ ਬਾਹਰੀ ਸੂਬਿਆਂ ਤੋਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਵਸਾਉਣ ਦੀ ਸਾਜਿਸ਼ ਹੈ। ਚੰਦੂਮਾਜਰਾ ਨੇ ਆਖਿਆ ਕਿ ਇਸ ਤੋਂ ਪਹਿਲਾਂ ਪੰਜਾਬ ਵਿਚ ਬੇਲੋੜੀਆਂ ਸੜਕਾਂ ਦਾ ਵਸਾਇਆ ਜਾ ਰਿਹਾ ਜਾਲ ਸੂਬੇ ਦੇ ਕਿਸਾਨਾਂ ਨੂੰ ਵੱਡੀ ਗਿਣਤੀ ਵਿਚ ਬੇਜ਼ਮੀਨੇ ਕਰ ਰਿਹਾ ਹੈ। ਆਪਣੇ ਪਿੰਡ ਦੀਆਂ ਜ਼ਮੀਨਾਂ ਵਿਚ ਬਣੀਆਂ ਸੜਕਾਂ 'ਤੇ ਖ਼ੁਦ ਮਾਲਕ ਚੜ੍ਹ ਨਹੀਂ ਸਕਦੇ, ਕੇਵਲ ਵੱਡੀਆਂ-ਵੱਡੀਆਂ ਗੱਡੀਆਂ ਜਾਂਦੀਆਂ ਦੇਖ ਸਕਦੇ ਹਨ। ਉਨ੍ਹਾਂ ਆਖਿਆ ਕਿ ਸੜਕਾਂ ਅਤੇ ਹਾਈਵੇਜ਼ ਨਿਕਲਣ ਦੇ ਨਾਂਅ 'ਤੇ ਜ਼ਮੀਨਾਂ ਦੀਆਂ ਕੀਮਤਾਂ ਵਿਚ ਮਾਮੂਲੀ ਵਾਧਾ ਪੰਜਾਬ ਦੇ ਉਜਾੜੇ ਦਾ ਕਾਰਨ ਬਣ ਰਿਹਾ ਹੈ। ਚੰਦੂਮਾਜਰਾ ਨੇ ਆਖਿਆ ਕਿ ਮੁਹਾਲੀ, ਫ਼ਤਿਹਗੜ੍ਹ ਸਾਹਿਬ, ਪਟਿਆਲਾ ਅਤੇ ਲੁਧਿਆਣਾ ਆਦਿ ਸ਼ਹਿਰਾਂ ਦੇ ਘੇਰੇ ਵਸੇ ਪਿੰਡਾਂ ਦੀ ਜ਼ਮੀਨ ਨੂੰ ਨਵੀਂ ਭੂਮੀ ਗ੍ਰਹਿਣ ਨੀਤੀ ਜ਼ਰੀਏ ਐਕੁਆਇਰ ਕਰਨ ਵਾਲੀ ਨੀਅਤ ਸੂਬੇ ਦੀ ਬਰਬਾਦੀ ਦਾ ਕਾਰਨ ਬਣੇਗੀ।




# ਐਮਰਜੈਂਸੀ ਥੋਪਣ ਵਾਲਿਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੇ 123ਵੇਂ ਐਡੀਸ਼ਨ ਦੇ ਤਹਿਤ ਦੇਸ਼ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਯੋਗ ਦਿਵਸ, ਪਹਿਲਗਾਮ ਹਮਲਾ ਤੇ ਐਮਰਜੈਂਸੀ ਸਮੇਤ ਕਈ ਹੋਰ ਮੁੱਦਿਆਂ 'ਤੇ ਚਰਚਾ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ 'ਚ ਯੋਗ ਦਾ ਜ਼ਿਕਰ ਕਰਦਿਆਂ ਮੋਦੀ ਨੇ ਕਿਹਾ ਕਿ 21 ਜੂਨ ਨੂੰ ਦੇਸ਼ ਦੁਨੀਆ ਦੇ ਕਰੋੜਾਂ ਲੋਕਾਂ ਨੇ ਅੰਤਰਰਾਸ਼ਟਰੀ ਯੋਗ ਦਿਵਸ 'ਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਵਿਸ਼ਾਖਾਪਟਨਮ 'ਚ 3 ਲੱਖ ਲੋਕਾਂ ਨੇ ਇਕੱਠਿਆਂ ਯੋਗ ਕੀਤਾ। ਇਸ ਤੋਂ ਇਲਾਵਾ ਜਲ ਸੈਨਾ ਦੇ ਜਹਾਜ਼ਾਂ ਅਤੇ ਜੰਮੂ 'ਚ ਲੋਕਾਂ ਨੇ ਦੁਨੀਆ ਦੇ ਸਭ ਤੋਂ ਉਚੇ ਪੁਲ 'ਤੇ ਵੀ ਯੋਗ ਕੀਤਾ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦੇਸ਼-ਵਿਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਯੋਗ ਪ੍ਰੋਗਰਾਮਾਂ 'ਚ ਲੋਕਾਂ ਨੇ ਵੱਡੀ ਗਿਣਤੀ 'ਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਹਰ ਸਾਲ ਯੋਗ ਦਿਵਸ ਪਹਿਲਾਂ ਨਾਲੋਂ ਕਿਤੇ ਵੱਧ ਮਹਾਨ ਹੁੰਦਾ ਜਾ। ਰਿਹਾ ਹੈ। ਸਾਲ 1975 ਦੀ ਐਮਰਜੈਂਸੀ ਦਾ ਜ਼ਿਕਰ ਕਰਦਿਆਂ ਮੋਦੀ ਨੇ ਕਿਹਾ ਕਿ ਦੇਸ਼ ਨੇ ਕੁਝ ਦਿਨ ਪਹਿਲਾਂ ਐਮਰਜੈਂਸੀ ਲਗਾਏ ਜਾਣ ਦੇ 50 ਸਾਲ ਪੂਰੇ ਕੀਤੇ ਹਨ ਅਤੇ ਅਸੀਂ ਦੇਸ਼ ਵਾਸੀਆਂ ਨੇ 'ਸੰਵਿਧਾਨ ਹੱਤਿਆ ਦਿਵਸ' ਮਨਾਇਆ। ਉਨ੍ਹਾਂ ਕਿਹਾ ਕਿ ਸਾਨੂੰ ਉਨ੍ਹਾਂ ਲੋਕਾਂ ਨੂੰ ਯਾਦ ਰੱਖਣਾ ਚਾਹੀਦਾ ਹੈ, ਜਿਨ੍ਹਾਂ ਐਮਰਜੈਂਸੀ ਵਿਰੁੱਧ ਬਹਾਦਰੀ ਨਾਲ ਲੜਾਈ ਲੜੀ। ਇਹ ਸਾਨੂੰ ਆਪਣੇ ਸੰਵਿਧਾਨ ਦੀ ਰੱਖਿਆ ਲਈ ਸੁਚੇਤ ਰਹਿਣ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਐਮਰਜੈਂਸੀ ਦੌਰਾਨ ਲੋਕਾਂ ਨਾਲ ਧੱਕੇਸ਼ਾਹੀ ਤੇ ਜ਼ੁਲਮ ਕੀਤੇ ਗਏ। ਉਸ ਵੇਲੇ ਮੀਸਾ ਕਾਨੂੰਨ ਤਹਿਤ ਕਿਸੇ ਨੂੰ ਵੀ ਵੈਸੇ ਹੀ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ ਤੇ ਫਿਰ ਜ਼ੁਲਮ ਕੀਤੇ ਜਾਂਦੇ ਸਨ। ਉਨ੍ਹਾਂ ਕਿਹਾ ਕਿ ਅਖ਼ੀਰ ਵਿਚ ਜਨਤਾ ਦੀ ਜਿੱਤ ਹੋਈ ਅਤੇ ਐਮਰਜੈਂਸੀ ਥੋਪਣ ਵਾਲਿਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।



ਪਹਿਲਗਾਮ ਹਮਲੇ ਦਾ ਜ਼ਿਕਰ ਕਰਦਿਆਂ ਮੋਦੀ ਨੇ ਕਿਹਾ ਕਿ ਸਾਰਾ ਦੇਸ਼ ਅੱਤਵਾਦੀ ਹਮਲੇ ਦੇ ਖ਼ਿਲਾਫ਼ ਇਕਜੁੱਟ ਹੈ ਅਤੇ ਪੀੜਤਾਂ ਨੂੰ ਨਿਆਂ ਜ਼ਰੂਰ ਮਿਲੇਗਾ। ਸਮਾਜਿਕ ਸੁਰੱਖਿਆ ਦਾ ਜ਼ਿਕਰ ਕਰਦਿਆਂ ਮੋਦੀ ਨੇ ਕਿਹਾ ਕਿ ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ. ਐਲ. ਓ.) ਨੇ ਇਕ ਵੱਡੀ ਰਿਪੋਰਟ ਜਾਰੀ ਕੀਤੀ ਹੈ ਕਿ ਭਾਰਤ ਦੀ 64 ਫ਼ੀਸਦੀ ਆਬਾਦੀ ਨੂੰ ਯਕੀਨੀ ਤੌਰ 'ਤੇ ਸਮਾਜਿਕ ਸੁਰੱਖਿਆ ਮਿਲ ਰਹੀ ਹੈ ਯਾਨੀ ਲਗਭਗ 95 ਕਰੋੜ ਲੋਕ ਸਮਾਜਿਕ ਸੁਰੱਖਿਆ ਯੋਜਨਾਵਾਂ ਤੋਂ ਲਾਭ ਉਠਾ ਰਹੇ ਹਨ। ਇਹ ਗਿਣਤੀ 2015 ਤੱਕ 25 ਕਰੋੜ ਤੋਂ ਘੱਟ ਸੀ। ਉਨ੍ਹਾਂ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ (ਡਬਲਿਊ.ਐੱਚ.ਓ.) ਨੇ ਭਾਰਤ ਨੂੰ ਟੈਕੋਮਾ ਮੁਕਤ ਦੇਸ਼ ਐਲਾਨਿਆ ਹੈ, ਇਹ ਸਾਡੇ ਸਿਹਤ ਮੁਲਾਜ਼ਮਾਂ ਦੀ ਸਫਲਤਾ ਹੈ।

ਆਪਣੇ ਸੰਬੋਧਨ ਦੌਰਾਨ ਮੋਦੀ ਨੇ ਅਮਰਨਾਥ ਤੇ ਕੈਲਾਸ਼ ਮਾਨਸਰੋਵਰ ਯਾਤਰਾ 'ਤੇ ਜਾਣ ਵਾਲੇ ਲੋਕਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਆਪਣੇ ਸੰਬੋਧਨ ਦੇ ਅਖ਼ੀਰ ਵਿਚ ਪ੍ਰਧਾਨ ਮੰਤਰੀ ਨੇ ਪੁਲਾੜ ਮਿਸ਼ਨ ਦਾ ਜ਼ਿਕਰ ਕੀਤਾ ਅਤੇ ਸੁਭਾਸ਼ ਸ਼ੁਕਲਾ ਦੀ ਵੀ ਸ਼ਲਾਘਾ ਕੀਤੀ।

# ਪ੍ਰਵਾਸੀ ਮਜ਼ਦੂਰਾਂ ਦੇ 3 ਮੋਬਾਈਲ ਤੇ 80 ਹਜ਼ਾਰ ਰੁਪਏ ਚੋਰੀ

**ਲੋਹੀਆਂ ਖਾਸ:** ਬਲਾਕ ਦੇ ਪਿੰਡ ਕੰਗ ਖੁਰਦ ਵਿਖੇ ਇੱਕ ਫਾਰਮ ਹਾਊਸ' ਤੋਂ ਲੰਘੀ ਰਾਤ ਚੋਰਾਂ ਨੇ 'ਸੁੱਤੇ ਪਏ ਪ੍ਰਵਾਸੀ ਮਜ਼ਦੂਰਾਂ' ਦੇ 3 ਮੋਬਾਈਲ ਫੋਨ, ਇਕ ਸੋਨੇ ਦੀ ਚੈਨ ਤੇ 2 ਹਜ਼ਾਰ ਰੁਪਏ ਨਕਦ ਚੋਰੀ ਕਰ ਲਏ ਜਾਣ ਦੀਆਂ ਖਬਰਾਂ ਹਨ। ਪਿੰਡ ਗੱਟੀ ਪੀਰ ਬਖਸ਼ ਦੇ ਸੁਖਵਿੰਦਰ ਸਿੰਘ ਨੇ ਥਾਣਾ ਲੋਹੀਆਂ ਵਿਖੇ ਦਰਜ਼ ਕਰਵਾਈ ਆਪਣੀ ਸ਼ਿਕਾਇਤ 'ਚ ਦੱਸਿਆ ਕਿ ਪਿੰਡ ਕੋਠਾ ਦੇ ਵਕੀਲ ਬਲਵਿੰਦਰ ਸਿੰਘ ਦੇ ਕੰਗ ਖੁਰਦ ਵਿਚਲੇ ਫਾਰਮ ਹਾਊਸ ਨੂੰ ਉਨ੍ਹਾਂ ਨੇ ਖੇਤੀਬਾੜੀ ਲਈ 5ਕੇ 'ਤੇ ਲਿਆ ਹੋਇਆ ਹੈ, ਜਿਥੇ ਮਜ਼ਦੂਰ ਸੌਂ ਰਹੇ ਸਨ ਤਾਂ ਇਕ ਚੋਰ, ਜੋ ਉਸ ਫਾਰਮ ਵਾਊਸ 'ਚ ਦਾਖਲ ਹੋਇਆ ਤੇ ਉੱਥੇ ਮਜ਼ਦੂਰਾਂ ਦੇ ਪਏ ਤਿੰਨ ਫੋਨ, ਇਕ ਸੋਨੇ ਦੀ ਚੈਨ ਤੇ ਦੋ ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰ ਕੇ ਫਰਾਰ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਵਾਰੀ ਵਾਰਦਾਤ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈ ਹੈ। ਇਸ ਸਬੰਧੀ ਥਾਣਾ ਤੋਹੀਆਂ ਦੇ ਮੁੱਖੀ ਲਾਭ ਸਿੰਘ ਨੇ ਦੱਸਿਆ ਕਿ ਇਸ ਚੋਰੀ ਸਬੰਘੀ ਇੱਕ ਸ਼ੱਕੀ ਵਅਕਤੀ ਨੂੰ ਪੁੱਛਗਿੱਛ ਲਈ ਥਾਣੇ ਲਿਆਂਦਾ ਗਿਆ ਸੀ, ਪਰ ਜਾਂਚ ਅਤੇ ਪੁੱਛਗਿੱਛ - ਬਾਅਦ ਉਸ ਨੂੰ ਛੱਡ ਦਿੱਤਾ ਗਿਆ ਹੈ।



(ਪਹਿਲੇ ਸਫ਼ੇ ਦੀ ਬਾਕੀ)

## ਗਿਆਨੀ ਰਘਬੀਰ ਸਿੰਘ...

ਕਿਧਰੇ ਹੋਰ ਤਬਦੀਲ ਕੀਤਾ ਜਾ ਸਕਦਾ ਹੈ। ਇਸ ਖਦਸ਼ੇ ਨੂੰ ਸਾਹਮਣੇ ਰੱਖਦਿਆਂ ਹੋਇਆਂ ਹੀ ਉਨ੍ਹਾਂ ਵਲੋਂ ਇਸ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਕੁਝ ਦਿਨ ਪਹਿਲਾਂ ਹੀ ਹਾਈ ਕੋਰਟ 'ਚ ਰਿਟ ਪਟੀਸ਼ਨ ਦਾਖ਼ਲ ਕਰ ਦਿੱਤੀ ਗਈ ਸੀ। ਹਾਲਾਂਕਿ, ਉਸ ਮੀਟਿੰਗ ਵਿਚ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਬਾਰੇ ਕੋਈ ਫੈਸਲਾ ਨਹੀਂ ਸੀ ਲਿਆ ਗਿਆ। ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਸੰਬੰਧੀ ਜਦੋਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਦੇ ਇਕ ਨਜ਼ਦੀਕੀ ਸਾਥੀ ਨੇ ਹਾਈ ਕੋਰਟ ਵਿਚ ਰਿੱਟ ਪਟੀਸ਼ਨ ਦਾਖ਼ਲ ਕਰਨ ਦੀ ਪੁਸ਼ਟੀ ਕੀਤੀ। ਸਮਝਿਆ ਜਾਂਦਾ ਹੈ ਕਿ ਕੁਝ ਦਿਨਾਂ 'ਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਆਪਣੇ ਵਲੋਂ ਦਾਇਰ ਕੀਤੀ ਇਸ ਰਿਟ ਪਟੀਸ਼ਨ ਸੰਬੰਧੀ ਮੀਡੀਆ ਨਾਲ ਖ਼ੁਲਾਸਾ ਕਰ ਸਕਦੇ ਹਨ। ਸੂਤਰਾਂ ਅਨੁਸਾਰ ਆਉਣ ਵਾਲੇ ਦਿਨਾਂ 'ਚ ਅਕਾਲ ਤਖ਼ਤ ਸਾਹਿਬ ਦੇ ਇਕ ਹੋਰ ਸਾਬਕਾ। ਸਿੰਘ ਸਾਹਿਬਾਨ ਵੀ ਹਾਈ ਕੋਰਟ ਦਾ ਦਰਵਾਜ਼ਾ ਖੜਕਾ ਸਕਦੇ ਹਨ। ਦੂਜੇ ਪਾਸੇ, ਇਕ ਜਥੇਦਾਰ ਵਲੋਂ ਦੁਨਿਆਵੀ ਅਦਾਲਤ 'ਚ ਜਾਣ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਈ ਸਿੱਖ ਜਥੇਬੰਦੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਭਾਵੇਂ ਗਿਆਨੀ ਰਘਬੀਰ ਸਿੰਘ ਨੂੰ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀਆਂ ਕਥਿਤ ਵਧੀਕੀਆਂ ਤੋਂ ਮਜਬੂਰ ਹੋ ਕੇ ਹੀ ਦੁਨਿਆਵੀ ਅਦਾਲਤ ਦਾ ਸਹਾਰਾ ਲੈਣਾ ਪੈ ਰਿਹਾ ਹੈ ਪਰ ਸਿੱਖ ਸਿਧਾਂਤਾਂ ਤੇ ਪ੍ਰੰਪਰਾਵਾਂ ਲਈ ਇਹ ਗੱਲ ਠੀਕ ਨਹੀਂ ਹੈ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਦੇ ਵੀ ਕਿਸੇ ਦੁਨਿਆਵੀ ਅਦਾਲਤ ਅੱਗੇ ਪੇਸ਼ ਨਹੀਂ ਹੋਏ। ਉਨ੍ਹਾਂ ਦਾ ਕਹਿਣਾ ਹੈ ਕਿ ਭਾਵੇਂ ਕਿ ਗਿਆਨੀ ਰਘਬੀਰ ਸਿੰਘ ਸਾਬਕਾ ਜਥੇਦਾਰ ਹਨ ਪਰ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸਤਿਕਾਰਤ ਪਦਵੀ 'ਤੇ ਸੁਸ਼ੋਭਿਤ ਹਨ ਅਤੇ ਉਨ੍ਹਾਂ ਨੂੰ ਅਜਿਹਾ ਕਦਮ ਨਹੀਂ ਸੀ ਚੁੱਕਣਾ ਚਾਹੀਦਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਅਤੇ ਵਿਰਾਸਤ ਬਾਰੇ ਸੈਮੀਨਾਰ

ਸਰੀ: ਮਨੁੱਖੀ ਹੱਕਾਂ ਦੇ ਅਲੰਬਰਦਾਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਤੋਂ ਤਿੰਨ ਦਹਾਕਿਆਂ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਜਰ ਦੀ ਸ਼ਹਾਦਤ ਦੇ ਦੋ ਸਾਲਾਂ ਬਾਅਦ, ਉਨ੍ਹਾਂ ਦੀ ਸਦੀਵੀ ਵਿਰਾਸਤ ਦੇ ਸਬੰਧ ਵਿਚ ਵਿਸ਼ੇਸ਼ ਸੈਮੀਨਾਰ, ਵਿਸ਼ਵ ਸਿੱਖ ਸੰਸਥਾ ਵੱਲੋਂ ਪੰਥਕ ਅਲਾਇੰਸ ਨਾਲ ਮਿਲ ਕੇ ਸਰੀ ਦੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਜਰ ਹਾਲ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਵਿਖੇ ਕਰਵਾਇਆ ਗਿਆ। ਇਸ ਮੌਕੇ ਸੰਗਤਾਂ ਨੇ ਭਾਰੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਵਿਸ਼ੇਸ਼ ਮਹਿਮਾਨਾਂ ਵਿਚ ਭਾਈ ਅਮਰਜੀਤ ਸਿੰਘ ਖਾਲੜਾ (ਭਾਈ ਜਸਵੰਤ ਸਿੰਘ ਖਾਲੜਾ ਦੇ ਭਰਾ) ਨੇ ਵਿਸਥਾਰ ਵਿਚ ਸ਼ਹੀਦ ਖਾਲੜਾ ਦੀ ਸ਼ਹਾਦਤ ਦੇ ਇਤਿਹਾਸ ਨੂੰ ਬਿਆਨ ਕਰਦਿਆਂ, ਮੌਜੂਦਾ ਪੰਥਕ ਚੁਣੌਤੀਆਂ ਬਾਰੇ ਗੱਲਬਾਤ ਕੀਤੀ।

ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਗੁਰਵਿੰਦਰ ਸਿੰਘ ਨੇ ਸਿੱਖ ਮਿਸਲਾਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਦੇ ਕੌਮੀ ਚੁਣੌਤੀਆਂ ਅਤੇ ਪੰਥਕ ਮਸਲਿਆਂ ਦੀ ਹੱਲ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਪ੍ਰਸਿੱਧ ਕਿਤਾਬ 'ਰਿਡਿਊਸ ਟੂ ਐਸਜ਼' (ਸੁਆਹ ਕਰ ਦਿੱਤੇ ਲੋਕ) ਦਾ ਵਿਸ਼ੇਸ਼ ਹਵਾਲਾ ਦਿੰਦਿਆਂ ਲਿਖਤਾਂ ਪ੍ਰਤੀ ਜਾਗਰੂਕਤਾ ਪੈਦਾ ਕੀਤੀ। ਇਸ ਮੌਕੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਜੀਵਨੀ ਬਾਰੇ ਸਿੱਖ ਚਿੰਤਕ ਅਤੇ ਇਤਿਹਾਸਕਾਰ ਸ. ਅਜਮੇਰ ਸਿੰਘ ਵੱਲੋਂ ਲਿਖੀ ਕਿਤਾਬ 'ਸ਼ਹੀਦ ਜਸਵੰਤ ਸਿੰਘ ਖਾਲੜਾ: ਸੋਚ, ਸੰਘਰਸ਼ ਅਤੇ ਸ਼ਹਾਦਤ' ਦਾ ਅੰਗਰੇਜ਼ੀ ਐਡੀਸ਼ਨ ਰਿਲੀਜ਼ ਕੀਤਾ ਗਿਆ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਪੰਥਕ ਅਲਾਇੰਸ ਆਫ ਬੀਸੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਵਿਚ, ਵਿਸ਼ਵ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਦਾਨਿਸ਼ ਸਿੰਘ ਅਤੇ ਪੰਥਕ ਅਲਾਇੰਸ ਦੇ ਮੁੱਖ ਸੇਵਾਦਾਰ ਭਾਈ ਭਵਨੀਤ ਸਿੰਘ ਨੇ ਸੰਗਤਾਂ ਨੂੰ 'ਜੀ ਆਇਆਂ ਨੂੰ' ਆਖਦਿਆਂ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਗੁਰੂ ਨਾਨਕ ਜਹਾਜ਼ ਦੀ ਅਗਵਾਈ ਕਰਨ ਵਾਲੀ ਪੰਜ ਮੈਂਬਰੀ ਕਮੇਟੀ ਵਿਚ ਖਾਲੜਾ ਸਾਹਿਬ ਦੇ ਦਾਦਾ ਜੀ ਭਾਈ ਹਰਨਾਮ ਸਿੰਘ ਖਾਲੜਾ ਦੀ ਵਿਸ਼ੇਸ਼ ਭੂਮਿਕਾ ਸੀ।




## ਵਿਰੋਧੀ ਧਿਰ ਵਲੋਂ ਆਰ.ਐਸ.ਐਸ. ਦੇ ਸੰਵਿਧਾਨ ਬਾਰੇ ਵਿਚਾਰ ਦੀ ਨਿੰਦਾ

**ਨਵੀਂ ਦਿੱਲੀ:** ਕਈ ਵਿਰੋਧੀ ਪਾਰਟੀਆਂ ਨੇ ਆਰ.ਐਸ.ਐਸ. ਦੇ ਜਨਰਲ ਸਕੱਤਰ ਦੱਤਾਤ੍ਰੇਯ ਹੋਸਬਾਲੇ ਦੇ ਸੰਵਿਧਾਨ ਦੀ ਪ੍ਰਸਤਾਵਨਾ 'ਚੋਂ 'ਸਮਾਜਵਾਦੀ' ਤੇ 'ਧਰਮ ਨਿਰਪੱਖ' ਸ਼ਬਦਾਂ ਨੂੰ ਹਟਾਉਣ ਦੀ ਮੰਗ ਕਰਨ ਦੀ ਨਿੰਦਾ ਕੀਤੀ ਤੇ ਇਸਨੂੰ ਸੰਵਿਧਾਨ ਦੀ ਆਤਮਾ 'ਤੇ ਜਾਣਬੁੱਝ ਕੀਤਾ ਹਮਲਾ ਕਰਾਰ ਦਿੱਤਾ। ਜਦੋਂ ਕਿ ਕਾਂਗਰਸ ਨੇ ਦਾਅਵਾ ਕੀਤਾ ਕਿ ਆਰ.ਐਸ.ਐਸ.-ਭਾਜਪਾ ਨੇ ਕਦੇ ਵੀ ਅੰਬੇਡਕਰ ਦੇ ਸੰਵਿਧਾਨ ਨੂੰ ਸਵੀਕਾਰ ਨਹੀਂ ਕੀਤਾ। ਸੀ.ਪੀ.ਆਈ.(ਐਮ) ਨੇ ਕਿਹਾ ਕਿ ਇਹ ਮੰਗ ਆਰ.ਐਸ.ਐਸ. ਦੇ ਸੰਵਿਧਾਨ ਨੂੰ ਵਿਗਾੜਨ ਦੇ ਲੰਬੇ ਸਮੇਂ ਤੋਂ ਚੱਲ ਰਹੇ ਉਦੇਸ਼ ਨੂੰ ਉਜਾਗਰ ਕਰਦੀ ਹੈ। ਸੀ.ਪੀ.ਆਈ.(ਐਮ.) ਨੇਤਾ ਤੇ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਕਿਹਾ ਕਿ ਹੋਸਬਾਲੇ ਦਾ ਸੱਦਾ 'ਸਾਡੇ ਗਣਰਾਜ ਦੇ ਮੁੱਖ ਆਦਰਸ਼ਾਂ ਨੂੰ ਖਤਮ ਕਰਨ ਦੀ ਇਕ ਬੇਸ਼ਰਮੀ ਭਰੀ ਕੋਸ਼ਿਸ਼ ਹੈ। ਆਰ.ਜੇ.ਡੀ. ਪ੍ਰਧਾਨ ਲਾਲੂ ਪ੍ਰਸਾਦ ਨੇ ਆਰ.ਐਸ.ਐਸ. ਨੂੰ ਜਾਤੀਵਾਦੀ ਸੰਗਠਨ ਕਰਾਰ ਦੇ ਕੇ ਆਪਣੀ ਨਰਾਜ਼ਗੀ ਜ਼ਾਹਰ ਕੀਤੀ।


# ਸ਼ਾਇਰ ਪਾਲ ਢਿੱਲੋਂ ਦਾ ਗ਼ਜ਼ਲ ਸੰਗ੍ਰਹਿ 'ਅਗਲਾ ਵਰਕਾ ਖੋਲ੍ਹ' ਲੋਕ-ਅਰਪਣ

ਸਰੀ (ਹਰਦਮ ਮਾਨ): ਗ਼ਜ਼ਲ ਮੰਚ ਸਰੀ ਵੱਲੋਂ ਕੈਨੇਡੀਅਨ ਪੰਜਾਬੀ ਸ਼ਾਇਰ ਪਾਲ ਢਿੱਲੋਂ ਦਾ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਅਗਲਾ ਵਰਕਾ ਖੋਲ੍ਹ' ਲੋਕ ਅਰਪਣ ਕਰਨ ਲਈ ਸਟਰਾਅਬੇਰੀ ਹਿੱਲ ਲਾਇਬ੍ਰੇਰੀ ਸਰੀ ਵਿਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਗ਼ਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ, ਡਾ. ਸਾਧੂ ਸਿੰਘ, ਸ਼ਾਇਰ ਪਾਲ ਢਿੱਲੋਂ ਅਤੇ ਪੰਜਾਬ ਤੋਂ ਆਈ ਮਹਿਮਾਨ ਕਵਿੱਤਰੀ ਸਿਮਰਨ ਅਕਸ ਨੇ ਕੀਤੀ।

ਸਮਾਰੋਹ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਸਭਨਾਂ ਦਾ ਸਵਾਗਤ ਕੀਤਾ ਅਤੇ ਸ਼ਾਇਰ ਪਾਲ ਢਿੱਲੋਂ ਤੇ ਉਸ ਦੇ ਰਚਨਾਤਮਿਕ ਕਾਰਜ ਬਾਰੇ ਸੰਖੇਪ ਜਾਣਕਾਰੀ ਦਿੱਤੀ। 'ਅਗਲਾ ਵਰਕਾ ਖੋਲ੍ਹ' ਪੁਸਤਕ ਉਪਰ ਤਿੰਨ ਪਰਚੇ ਪੜ੍ਹੇ ਗਏ। ਪਹਿਲੇ ਪਰਚੇ ਵਿਚ ਰਾਜਵੰਤ ਰਾਜ ਨੇ ਕਿਹਾ ਕਿ ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਵਿਚ ਪੰਜਾਬ ਦੀ ਮਿੱਟੀ ਦੀ ਮਹਿਕ ਹੈ, ਇਨ੍ਹਾਂ ਵਿਚ ਪਰਵਾਸੀ ਜੀਵਨ ਦੀ ਝਲਕ ਸਾਫ ਦਿਸਦੀ ਹੈ, ਪਰਵਾਸੀਆਂ ਦਾ ਦੁਖਾਂਤ ਵੀ ਛਲਕਦਾ ਹੈ ਅਤੇ ਬਿਰਹਾ, ਖ਼ੁਦ ਦੀ ਪਛਾਣ, ਪਹਾੜ, ਜੰਗਲ, ਨਦੀਆਂ, ਫੁੱਲ ਬੂਟਿਆਂ ਅਤੇ ਰਿਸ਼ਤਿਆਂ ਦਾ ਤਾਣਾ-ਬਾਣਾ ਵੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਸਮੁੱਚੀ ਸ਼ਾਇਰੀ ਪਾਲ ਢਿੱਲੋਂ ਦੇ ਜੀਵਨ ਪ੍ਰਤੀ ਆਸ਼ਾਵਾਦ ਨੂੰ ਬਾਖ਼ੂਬੀ ਪ੍ਰਗਟਾਉਂਦੀ ਹੈ।

ਸ਼ਾਇਰ ਮੋਹਨ ਗਿੱਲ ਨੇ ਪਾਲ ਢਿੱਲੋਂ ਦੀਆਂ ਹੁਣ ਤਕ ਛਪੀਆਂ 12 ਕਿਤਾਬਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਉਸ ਦੀ ਭਾਸ਼ਾ ਬਹੁਤ ਪ੍ਰਭਾਵਸ਼ਾਲੀ ਹੈ। ਉਹ ਕਿਸੇ ਵੀ ਵਾਦ ਨਾਲ ਨਹੀਂ ਜੁੜਿਆ, ਹਰ ਖ਼ਿਆਲ ਉਸ ਦਾ ਆਪਣਾ ਹੈ, ਉਸ ਦੀ ਸੋਚ ਦਾ ਦਾਇਰਾ ਵਿਸ਼ਾਲ ਹੈ ਅਤੇ ਸ਼ਿਅਰਾਂ ਵਿਚ ਵੱਖ-ਵੱਖ ਖ਼ਿਆਲਾਂ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕਰਨ ਦਾ ਉਹ ਹੁਨਰ ਜਾਣਦਾ ਹੈ।

ਸ਼ਾਇਰ ਜਸਵਿੰਦਰ ਨੇ ਕਿਹਾ ਕਿ ਪਾਲ ਢਿੱਲੋਂ ਨੇ ਆਪਣੀ ਸ਼ਾਇਰੀ ਰਾਹੀਂ ਸਾਡੇ ਸਮਾਜਿਕ ਸੰਦਰਭਾਂ, ਸਰੋਕਾਰਾਂ ਦੀ ਵਿਸਥਾਰਤ ਵਿਆਖਿਆ ਕੀਤੀ ਹੋਈ ਹੈ। ਬਹੁ-ਅਰਥੀ, ਸੋਚ ਨੂੰ ਟੁੰਬਣ ਵਾਲੀ ਅਜਿਹੀ ਸ਼ਾਇਰੀ ਪਾਠਕ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਕਿਤਾਬ ਦਾ ਨਾਂ 'ਅਗਲਾ ਵਰਕਾ ਖੋਲ੍ਹ' ਨੂੰ ਜ਼ਿੰਦਗੀ ਦੇ ਨਾਲ ਜੋੜ ਕੇ ਦੇਖਦੇ ਹਾਂ ਕਿ ਜੋ ਜ਼ਿੰਦਗੀ ਅਸੀਂ ਹੁਣ ਜਿਉਂ ਰਹੇ ਹਾਂ ਤੇ ਜਿਸ ਤਰ੍ਹਾਂ ਦਾ ਸਾਡੇ ਆਲੇ-ਦੁਆਲੇ ਮਾਹੌਲ ਸਿਰਜਿਆ ਜਾ ਚੁੱਕਾ ਹੈ, ਉਹ ਮਨੁੱਖਤਾ ਦੇ ਖੁੱਲ੍ਹ ਕੇ ਜੀਣ ਦੇ ਯੋਗ ਨਹੀਂ ਹੈ। ਇਸ ਕਰ ਕੇ ਸਾਨੂੰ ਕੁਝ ਹੋਰ ਤਰੀਕੇ ਨਾਲ ਸੋਚਣਾ ਚਾਹੀਦਾ ਹੈ, ਕੁਝ ਹੋਰ ਤਰ੍ਹਾਂ ਦਾ ਪੜ੍ਹਨਾ ਚਾਹੀਦਾ ਹੈ। ਜ਼ਿੰਦਗੀ ਦੇ ਅਗਲੇ ਵਰਕੇ 'ਤੇ ਸ਼ਾਇਦ ਉਲਫਤ ਦਾ ਉਹ ਗੀਤ ਲਿਖਿਆ ਹੋਵੇ ਜੋ ਸਾਨੂੰ ਜ਼ਿੰਦਗੀ ਜਿਉਣ ਦੀ ਜਾਚ ਸਿਖਾ ਦੇਵੇ। ਉਨ੍ਹਾਂ ਕਿਹਾ ਕਿ ਅਸਲੀ ਸਾਹਿਤਕ ਕਿਰਤ ਉਹੀ ਹੁੰਦੀ ਹੈ ਜੋ ਸਾਡੇ ਜਜ਼ਬਾਤ ਨੂੰ ਟੁੰਬਦੀ ਹੈ, ਸਾਨੂੰ ਜ਼ਿੰਦਗੀ ਦੇ ਹੋਰ ਨੇੜੇ ਤੇ ਸੱਚ ਦੇ ਕਰੀਬ ਲਿਆਉਂਦੀ ਹੈ। ਪਾਲ ਢਿੱਲੋਂ ਵਧਾਈ ਦਾ ਹੱਕਦਾਰ ਹੈ ਕਿ ਉਸ ਨੇ ਆਪਣੀ ਸ਼ਾਇਰੀ ਰਾਹੀਂ ਜ਼ਿੰਦਗੀ ਨੂੰ ਸਮਝਣ, ਸੋਚਣ, ਕੁਝ ਕਰਨ ਦਾ ਉਸਾਰੂ ਸੁਨੇਹਾ ਦਿੱਤਾ ਹੈ।







ਡਾ. ਸਾਧੂ ਸਿੰਘ ਨੇ ਕਿਹਾ ਕਿ ਪਾਲ ਢਿੱਲੋਂ ਦੀ ਸ਼ਾਇਰੀ ਬੰਦੇ ਨੂੰ ਉਦਾਸੀ 'ਚੋਂ ਉਭਾਰਦੀ ਹੈ। ਸ਼ਾਇਰ ਉਸਾਰੂ ਖ਼ਿਆਲਾਂ ਰਾਹੀਂ ਸੰਦੇਸ਼ ਦਿੰਦਾ ਹੈ ਕਿ ਸਾਨੂੰ ਬੀਤੇ ਸਮੇਂ 'ਤੇ ਬਹੁਤਾ ਝੂਰਣਾ ਨਹੀਂ ਚਾਹੀਦਾ ਕਿਉਂਕਿ ਅਸੀਂ ਵਰਤਮਾਨ ਵਿਚ ਰਹਿਣਾ ਹੈ ਅਤੇ ਵਰਤਮਾਨ ਨੇ ਹੀ ਇਹ ਸੰਕੇਤ ਦੇਣਾ ਹੈ ਕਿ ਅਸੀਂ ਆਪਣੇ ਭਵਿੱਖ ਨੂੰ ਸਕਾਰਥ ਕਿਸ ਤਰ੍ਹਾਂ ਬਣਾਉਣਾ ਹੈ। ਪਾਲ ਢਿੱਲੋਂ ਦੀ ਸਮੁੱਚੀ ਸ਼ਾਇਰੀ ਦੀ ਕੁੰਜੀ ਇਹੋ ਹੈ ਕਿ ਜ਼ਿੰਦਗੀ ਦਾ ਅਗਲਾ ਵਰਕਾ ਖੋਲ੍ਹਿਆ ਜਾਵੇ।

ਪੁਸਤਕ ਲੋਕ-ਅਰਪਣ ਕਰਨ ਉਪਰੰਤ ਸਮਾਗਮ ਵਿਚ ਹਾਜ਼ਰ ਲੇਖਕਾਂ, ਮਿੱਤਰਾਂ ਵੱਲੋਂ ਪਾਲ ਢਿੱਲੋਂ ਨੂੰ ਮੁਬਾਰਕਬਾਦ ਦਿੱਤੀ ਗਈ। ਉਨ੍ਹਾਂ ਨੂੰ ਵਧਾਈ ਦੇਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਪ੍ਰੀਤ ਮਨਪ੍ਰੀਤ, ਹਰਦਮ ਮਾਨ, ਸਤੀਸ਼ ਗੁਲਾਟੀ, ਇੰਦਰਜੀਤ ਧਾਮੀ, ਕਵਿੰਦਰ ਚਾਂਦ, ਸਿਮਰਨ ਅਕਸ, ਕੁਲਵਿੰਦਰ ਖਹਿਰਾ, ਅਸ਼ੋਕ ਭਾਰਗਵ, ਅਮਰੀਕ ਪਲਾਹੀ, ਭੁਪਿੰਦਰ ਮੱਲ੍ਹੀ, ਸੁਖਜੀਤ ਕੌਰ ਹੁੰਦਲ, ਪ੍ਰੀਤ ਅਟਵਾਲ ਪੂਨੀ, ਵੀਤ ਬਾਦਸ਼ਾਹਪੁਰੀ, ਪਰਮਿੰਦਰ ਕੌਰ ਸਵੈਚ ਅਤੇ ਮਹਿੰਦਰਪਾਲ ਸਿੰਘ ਪਾਲ ਸ਼ਾਮਲ ਸਨ। ਪਾਲ ਢਿੱਲੋਂ ਨੇ ਆਪਣੇ ਰਚਨਾਤਮਿਕ ਕਾਰਜ ਅਤੇ ਸ਼ਾਇਰੀ ਬਾਰੇ ਗੱਲ ਕਰਦਿਆਂ ਮਰਹੂਮ ਉਸਤਾਦ ਸ਼ਾਇਰ ਨਦੀਮ ਪਰਮਾਰ ਅਤੇ ਕ੍ਰਿਸ਼ਨ ਭਨੋਟ ਨੂੰ ਯਾਦ ਕੀਤਾ। ਉਨ੍ਹਾਂ ਆਪਣੀਆਂ ਕੁਝ ਗ਼ਜ਼ਲਾਂ ਸਾਂਝੀਆਂ ਕੀਤੀਆਂ ਅਤੇ ਸਮਾਗਮ ਰਚਾਉਣ ਲਈ ਗ਼ਜ਼ਲ ਮੰਚ ਸਰੀ ਦੀ ਟੀਮ ਦਾ ਧੰਨਵਾਦ ਕੀਤਾ। ਅੰਤ ਵਿਚ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਸਮਾਗਮ ਵਿਚ ਪੁੱਜੀਆਂ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

# ਸ਼ੇਰ-ਏ-ਪੰਜਾਬ ਦੀ ਬਰਸੀ ਦੀਆਂ ਤਰੀਕਾਂ ਬਾਰੇ ਵਖਰੇਵਾਂ ਬਰਕਰਾਰ

**ਅੰਮ੍ਰਿਤਸਰ:** ਇਤਿਹਾਸਕ ਦਸਤਾਵੇਜ਼ਾਂ ਮੁਤਾਬਿਕ ਸ਼ੇਰ-ਏ- ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਦਿਹਾਂਤ 15 ਹਾੜ੍ਹ, ਸੰਮਤ 1896 ਬਿਕ੍ਰਮੀ (ਸੰਨ 1839) ਨੂੰ ਹੋਇਆ।

ਲੰਬੇ ਸਮੇਂ ਤਕ ਮਹਾਰਾਜਾ ਦੀ ਬਰਸੀ 27 ਜੂਨ ਨੂੰ ਮਨਾਏ ਜਾਣ ਦੇ ਬਾਅਦ ਹੁਣ ਕੁਝ ਵਰ੍ਹਿਆਂ ਤੋਂ ਭਾਰਤ- ਪਾਕਿਸਤਾਨ ਦੋਵੇਂ ਮੁਲਕਾਂ 'ਚ ਵੱਖ-ਵੱਖ ਜਥੇਬੰਦੀਆਂ ਵਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 29 ਜੂਨ ਨੂੰ ਮਨਾਈ ਗਈ ਹੈ।

ਜਿੱਥੇ ਪਿਸ਼ਾਵਰੀ ਸਿੱਖ ਸੰਗਤ ਸਮੇਤ ਦੇਸ਼-ਵਿਦੇਸ਼ ਦੇ ਬਹੁਤ ਸਾਰੇ ਵਿਦਵਾਨਾਂ ਦਾ ਮੰਨਣਾ ਹੈ ਕਿ ਸਰਕਾਰ ਦੇ ਖਾਲਸਾ ਸ਼ੇਰ-ਏ- ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ 27 ਜੂਨ 1839 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਿਹਾ ਸੀ। ਉਥੇ ਹੀ ਸ਼੍ਰੋਮਣੀ ਕਮੇਟੀ ਸਮੇਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਆਦਿ ਵਲੋਂ ਇਸ ਦਿਨ ਨੂੰ 29 ਜੂਨ ਵਜੋਂ ਮਾਨਤਾ ਦਿੱਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦੀਆਂ ਉਕਤ ਦੋ ਤਰੀਕਾਂ ਨੂੰ ਲੈ ਕੇ ਇਤਿਹਾਸ ਦੇ ਵਿਦਿਆਰਥੀਆਂ ਅਤੇ ਸਿੱਖ ਜਥੇਬੰਦੀਆਂ 'ਚ ਭੰਬਲਭੂਸਾ ਬਣਿਆ ਹੋਇਆ ਹੈ।



ਇਸੇ ਤਰ੍ਹਾਂ ਮਹਾਰਾਜਾ ਦੇ ਜਨਮ ਦਿਵਸ ਨੂੰ ਲੈ ਕੇ ਵੀ ਲੰਬੇ ਸਮੇਂ ਤੋਂ ਵਿਦਵਾਨਾਂ ਤੇ ਲੇਖਕਾਂ 'ਚ ਇਹ ਬਹਿਸ ਬਣੀ ਹੋਈ ਹੈ ਕਿ ਸ਼ੇਰ-ਏ-ਪੰਜਾਬ ਦਾ ਜਨਮ 2 ਨਵੰਬਰ 1780 ਨੂੰ ਲਹਿੰਦੇ ਪੰਜਾਬ ਦੇ ਸ਼ਹਿਰ ਗੁੱਜਰਾਂਵਾਲਾ 'ਚ ਹੋਇਆ ਜਾਂ 13 ਨਵੰਬਰ 1776 ਨੂੰ ਭਾਰਤੀ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਬਡਰੁੱਖਾਂ 'ਚ। ਜਿਸ ਦੇ ਚੱਲਦਿਆਂ ਚੜ੍ਹਦੇ ਤੇ ਲਹਿੰਦੇ ਪੰਜਾਬ 'ਚ ਕੁਝ ਜਥੇਬੰਦੀਆਂ ਵਲੋਂ ਸ਼ੇਰ-ਏ- ਪੰਜਾਬ ਦਾ ਜਨਮ ਦਿਵਸ 2 ਨਵੰਬਰ ਨੂੰ ਅਤੇ ਪੰਜਾਬ ਸਰਕਾਰ ਸਮੇਤ ਵੱਡੀ ਗਿਣਤੀ 'ਚ ਸਭਾ- ਸੁਸਾਇਟੀਆਂ ਵਲੋਂ ਇਹ ਦਿਨ 13 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ।

# ਰੂਸੀ ਵਿਦੇਸ਼ ਮੰਤਰੀ ਨਾਲ ਐਸ-400 ਅਤੇ ਸੁਖੋਈ-30 ਸੰਬੰਧੀ ਚਰਚਾ

**ਨਵੀਂ ਦਿੱਲੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਆਪਣੇ ਰੂਸੀ ਹਮਰੁਤਬਾ ਆਂਦਰੇ ਬੇਲੋਸੋਵ ਨਾਲ ਚੀਨੀ ਸ਼ਹਿਰ ਕਿੰਗਦਾਓ 'ਚ ਹੋਈ ਗੱਲਬਾਤ 'ਚ ਭਾਰਤ ਦੇ ਸੁਖੋਈ-30 ਐਮ.ਕੇ.ਆਈ. ਲੜਾਕੂ ਬੇੜੇ ਨੂੰ ਅੱਪਗਰੇਡ ਕਰਨ, ਹਵਾ ਤੋਂ ਹਵਾ 'ਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦਾ ਉਤਪਾਦਨ ਤੇ ਐਸ 400 ਮਿਜ਼ਾਈਲ ਪ੍ਰਣਾਲੀਆਂ ਦੇ ਦੋ ਬੈਚਾਂ ਦੀ ਤੇਜ਼ੀ ਨਾਲ ਸਪਲਾਈ ਨੂੰ ਪ੍ਰਮੁੱਖਤਾ ਨਾਲ ਵਿਚਾਰਿਆ ਗਿਆ। ਦੋਵਾਂ ਰੱਖਿਆ ਮੰਤਰੀਆਂ ਨੇ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੇ ਸੰਮੇਲਨ ਤੋਂ ਪਰ੍ਹੇ ਦੁਵੱਲੀ ਮੀਟਿੰਗ ਕੀਤੀ। ਭਾਰਤੀ ਹਵਾਈ ਫ਼ੌਜ ਲਗਭਗ 260 ਸੁਖੋਈ 30- ਐਮ.ਕੇ.ਆਈ. ਜੈੱਟ ਚਲਾ ਰਹੀ ਹੈ ਤੇ ਇਹ ਇਕ ਮਹੱਤਵਪੂਰਨ ਯੋਜਨਾ ਤਹਿਤ ਬੇੜੇ ਨੂੰ ਅਪਗ੍ਰੇਡ ਕਰਨ 'ਤੇ ਵਿਚਾਰ ਕਰ ਰਹੀ ਹੈ। ਰੂਸੀ ਮੂਲ ਦੇ ਸੁਖੋਈ ਜੈੱਟਾਂ ਨੇ ਪਿਛਲੇ ਮਹੀਨੇ ਆਪ੍ਰੇਸ਼ਨ ਸੰਧੂਰ 'ਚ ਮੁੱਖ ਭੂਮਿਕਾ ਨਿਭਾਈ ਸੀ। ਰੱਖਿਆ ਮੰਤਰਾਲੇ ਨੇ ਕਿਹਾ ਕਿ ਰਾਜਨਾਥ ਸਿੰਘ ਤੇ ਬੇਲੋਸੋਵ ਨੇ ਮੌਜੂਦਾ ਭੂ-ਰਾਜਨੀਤਿਕ ਸਥਿਤੀਆਂ, ਸਰਹੱਦ ਪਾਰ ਅੱਤਵਾਦ ਤੇ ਭਾਰਤ-ਰੂਸ ਰੱਖਿਆ ਸਹਿਯੋਗ ਸਮੇਤ ਕਈ ਵਿਸ਼ਿਆਂ 'ਤੇ ਡੂੰਘਾਈ ਨਾਲ ਚਰਚਾ ਕੀਤੀ। ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਐਸ-400 ਪ੍ਰਣਾਲੀਆਂ ਦੀ ਸਪਲਾਈ, ਐਸ.ਯੂ.30- ਐਮ.ਕੇ.ਆਈ. ਅਪਗ੍ਰੇਡ ਤੇ ਮਹੱਤਵਪੂਰਨ ਫ਼ੌਜੀ ਹਾਰਡਵੇਅਰ ਦੀ ਜਲਦ ਖਰੀਦ ਮੀਟਿੰਗ ਦੇ ਕੁਝ ਮੁੱਖ ਨੁਕਤੇ ਸਨ।



# ਮੋਦੀ ਦੀ ਗਾਰੰਟੀ ਝੂਠੀ ਤੇ ਫ਼ਰਜ਼ੀ ਸਾਬਤ ਹੋਈ: ਕੇਜਰੀਵਾਲ




**ਨਵੀਂ ਦਿੱਲੀ:**ਰਾਜਧਾਨੀ ਦਿੱਲੀ 'ਚ ਝੁੱਗੀ ਬਸਤੀਆਂ ਨੂੰ ਤੋੜੇ ਜਾਣ ਦੇ ਖਿਲਾਫ਼ ਆਮ ਆਦਮੀ ਪਾਰਟੀ (ਆਪ) ਨੇ ਜੰਤਰ ਮੰਤਰ ਵਿਖੇ 'ਘਰ ਰੁਜ਼ਗਾਰ ਬਚਾਓ' ਅੰਦੋਲਨ ਤਹਿਤ ਜਿੱਥੇ 'ਚ ਰੇਖਾ ਗੁਪਤਾ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਖ਼ਿਲਾਫ਼ ਤਿੱਖੇ ਹਮਲੇ ਕੀਤੇ,ਉਥੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵੀ ਨਿਸ਼ਾਨਾ ਸਾਧਿਆ। ਇਸ ਦੇ ਨਾਲ ਹੀ ਝੁੱਗੀਆਂ ਬਸਤੀਆਂ ਦੀ ਲੜਾਈ ਸੜਕ ਤੋਂ ਲੈ ਕੇ ਕੋਰਟ ਵਿਧਾਨ ਸਭਾ ਤੇ ਸੰਸਦ ਤੱਕ ਲੜਨ ਦਾ ਐਲਾਨ ਕੀਤਾ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਤੇ ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦਿੱਲੀ 'ਚ ਭਾਜਪਾ ਨੇ ਸੱਤਾ 'ਚ ਆਉਣ ਦੇ 2-3 ਮਹੀਨੇ ਬਾਅਦ ਹੀ ਧੱਕੇ ਨਾਲ ਲੋਕਾਂ ਦੇ ਘਰ ਅਤੇ ਰੁਜ਼ਗਾਰ ਖੋਹ ਲਏ, ਇਸ ਤੋਂ ਸਪੱਸ਼ਟ ਹੋ ਗਿਆ ਕਿ ਪ੍ਰਧਾਨ ਮੰਤਰੀ ਨੇ ਝੂਠੇ ਵਾਅਦੇ ਕੀਤੇ ਸੀ ਤੇ ਉਨ੍ਹਾਂ ਦੀ ਗਾਰੰਟੀ ਵੀ ਝੂਠੀ, ਫ਼ਰਜ਼ੀ ਤੇ ਨਕਲੀ ਸਾਬਤ ਹੋਈ। ਉਨ੍ਹਾਂ ਦਿੱਲੀ ਦੀ ਜਨਤਾ ਨੂੰ ਕਿਹਾ ਕਿ ਭਵਿੱਖ 'ਚ ਮੋਦੀ ਦੀ ਗਾਰੰਟੀ 'ਤੇ ਕਦੀ ਭਰੋਸਾ ਨਾ ਕਰਨਾ। ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ (ਭਾਜਪਾ) ਨੇ ਸਿਰਫ਼ 5 ਮਹੀਨਿਆਂ 'ਚ ਦਿੱਲੀ ਨੂੰ ਤਬਾਹ ਕਰ ਦਿੱਤਾ ਹੈ। ਜੇਕਰ ਝੁੱਗੀ-ਝੌਂਪੜੀ ਤਬਾਹ ਹੋ ਜਾਂਦੀ ਹੈ, ਤਾਂ ਉਸ ਦੀ ਰੋਜ਼ੀ-ਰੋਟੀ ਵੀ ਤਬਾਹ ਹੋ ਜਾਂਦੀ ਹੈ । ਉਨ੍ਹਾਂ ਕਿਹਾ ਕਿ ਪਤਾ ਚੱਲਿਆ ਹੈ ਕਿ ਭਾਜਪਾ ਦੀ ਦਿੱਲੀ ਦੀਆਂ ਸਾਰੀਆਂ ਝੁੱਗੀਆਂ ਤੋੜਨ ਦੀ ਯੋਜਨਾ ਹੈ। ਉਨ੍ਹਾਂ ਕਿਹਾ ਕਿ ਦਿੱਲੀ 'ਚ 40 ਲੱਖ ਤੋਂ ਜ਼ਿਆਦਾ ਝੁੱਗੀ ਵਾਸੀ ਹਨ, ਇਹ ਸਾਰੇ ਇਕੱਠੇ ਹੋ ਕੇ ਸੜਕਾਂ 'ਤੇ ਅੰਦੋਲਨ ਕਰਨਗੇ। ਇਸ ਮੌਕੇ ਸਾਬਕਾ ਮੁੱਖ ਮੰਤਰੀ ਆਤਿਸ਼ੀ, ਰਾਜ ਸਭਾ ਮੈਂਬਰ ਸੰਜੇ ਸਿੰਘ, ਗੋਪਾਲ ਰਾਇ ਸਮੇਤ ਹੋਰ ਆਗੂਆਂ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ।

# ਕੁੰਵਰ ਵਿਜੇ ਪ੍ਰਤਾਪ ਸਿੰਘ ਪੰਜ ਸਾਲ ਲਈ ਪਾਰਟੀ 'ਚੋਂ ਬਾਹਰ

**ਚੰਡੀਗੜ੍ਹ:**ਪੰਜਾਬ 'ਚ ਆਮ ਆਦਮੀ ਪਾਰਟੀ ਨੇ ਸਖ਼ਤ ਰੁਖ਼ ਅਪਣਾਉਂਦਿਆਂ ਆਪਣੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪਾਰਟੀ 'ਚੋਂ ਪੰਜ ਸਾਲ ਲਈ ਕੱਢ ਦਿੱਤਾ ਹੈ। ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀਏਸੀ) ਨੇ ਐਤਵਾਰ ਨੂੰ ਇਹ ਫ਼ੈਸਲਾ ਕੀਤਾ। ਪਾਰਟੀ ਨੇ ਦੋਸ਼ ਲਗਾਇਆ ਕਿ ਕੁੰਵਰ ਵਿਜੇ ਪ੍ਰਤਾਪ ਪਾਰਟੀ ਵਿਰੋਧੀ ਸਰਗਰਮੀਆਂ 'ਚ ਸ਼ਾਮਲ ਹਨ ਤੇ ਉਨ੍ਹਾਂ ਨੇ ਨਸ਼ੇ ਖ਼ਿਲਾਫ਼ ਚੱਲ ਰਹੀ ਮੁਹਿੰਮ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ। ਪੀਏਸੀ ਮੁਤਾਬਕ ਕੁੰਵਰ ਨੇ ਹੁਣੇ ਜਿਹੇ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਵਿਜੀਲੈਂਸ ਕਾਰਵਾਈ 'ਤੇ ਕਿੰਤੂ ਪ੍ਰੰਤੂ ਕੀਤਾ ਸੀ।25 ਜੂਨ ਨੂੰ ਵਿਜੀਲੈਂਸ ਵੱਲੋਂ ਮਜੀਠੀਆ ਦੀ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਗ੍ਰਿਫ਼ਤਾਰੀ ਬਾਰੇ ਸਵਾਲ ਖੜ੍ਹੇ ਕੀਤੇ ਸਨ ਜਿਸ ਨੂੰ ਪੀਏਸੀ ਨੇ ਅਨੁਸ਼ਾਸਨਹੀਣਤਾ ਮੰਨਿਆ ਹੈ।

ਸਾਬਕਾ ਆਈਪੀਐੱਸ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਕੇ 2022 'ਚ ਆਮ ਆਦਮੀ ਪਾਰਟੀ ਤੋਂ ਚੋਣ ਲੜੀ ਸੀ। ਅਮ੍ਰਿਤਸਰ ਉੱਤਰੀ ਤੋਂ ਵਿਧਾਇਕ ਚੁਣੇ ਜਾਣ ਤੋਂ ਬਾਅਦ ਉਹ ਗੰਭੀਰ ਮਾਮਲਿਆਂ 'ਚ ਠੋਸ ਕਾਰਵਾਈ ਨਾ ਕਰਨ ਕਾਰਨ ਵਿਧਾਨ ਸਭਾ 'ਚ ਆਪਣੀ ਹੀ ਸਰਕਾਰ 'ਤੇ ਸਵਾਲ ਖੜ੍ਹੇ ਕਰਦੇ ਰਹੇ। ਪੁਲਿਸ ਅਧਿਕਾਰੀ ਰਹਿੰਦਿਆਂ ਕੁੰਵਰ ਕਾਂਗਰਸ ਸਰਕਾਰ ਵੱਲੋਂ ਗਠਤ ਐੱਸਆਈਟੀ ਦੇ ਮੈਂਬਰ ਸਨ। ਉਨ੍ਹਾਂ ਨੇ ਐੱਸਆਈਟੀ ਦੀ ਰਿਪੋਰਟ ਕੋਰਟ 'ਚ ਪੇਸ਼ ਵੀ ਕੀਤੀ ਸੀ।

ਕੁੰਵਰ ਜਦੋਂ ਸਿਆਸਤ 'ਚ ਆਏ ਤਾਂ ਆਮ ਆਦਮੀ ਪਾਰਟੀ ਨੇ ਪੂਰੇ ਸੂਬੇ 'ਚ ਉਨ੍ਹਾਂ ਦੇ ਹੋਰਡਿੰਗਸ ਤੇ ਪੋਸਟਰ ਲਗਵਾਏ ਸਨ ਜਿਸ ਨੂੰ



ਦੇਖਦਿਆਂ ਇਹ ਕਿਆਸ ਲਗਾਇਆ ਜਾ ਰਿਹਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਆਪ ਕੁੰਵਰ ਨੂੰ ਮੰਤਰੀ ਬਣਾ ਸਕਦੀ ਹੈ। ਪਰ ਚੋਣਾਂ ਤੋਂ ਬਾਅਦ ਕੁੰਵਰ ਨੂੰ ਮੰਤਰੀ ਨਹੀਂ ਬਣਾਇਆ ਗਿਆ। ਉੱਥੇ ਸਰਕਾਰ ਬਣਨ ਤੋਂ ਬਾਅਦ ਤੋਂ ਹੀ ਕੁੰਵਰ ਬੇਅਦਬੀ ਦਾ ਮੁੱਦਾ ਲਗਾਤਾਰ ਵਿਧਾਨ ਸਭਾ ਦੇ ਅੰਦਰ ਤੇ ਬਾਹਰ ਚੁੱਕਦੇ ਰਹੇ ਹਨ। ਮਜੀਠੀਆ ਨੂੰ ਗ੍ਰਿਫ਼ਤਾਰ ਕੀਤੇ ਜਾਣ 'ਤੇ ਉਨ੍ਹਾਂ ਕਿਹਾ ਸੀ ਕਿ ਜਦੋਂ ਮਜੀਠੀਆ ਡਰੱਗਸ ਮਾਮਲੇ 'ਚ ਜੇਲ੍ਹ 'ਚ ਸਨ ਉਦੋਂ ਸਰਕਾਰ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਪੂਰੀ ਜਾਂਚ ਕਿਉਂ ਨਹੀਂ ਕੀਤੀ। ਉਨ੍ਹਾਂ ਕਿਹਾ ਸੀ ਕਿ ਉਹ ਮਜੀਠੀਆ ਨਾਲ ਪਹਿਲਾਂ ਵੀ ਅਸਹਿਮਤ ਸਨ ਤੇ ਅੱਗੇ ਵੀ ਅਸਹਿਮਤ ਰਹਿਣਗੇ ਪਰ ਪਰਿਵਾਰ ਦੀ ਇੱਜ਼ਤ ਸਾਰਿਆਂ ਦੀ ਸਾਂਝੀ ਹੁੰਦੀ ਹੈ, ਭਾਵੇਂ ਉਹ ਨੇਤਾ ਹੋਵੇ ਜਾਂ ਅਭਿਨੇਤਾ, ਅਮੀਰ ਹੋਵੇ ਜਾਂ ਗ਼ਰੀਬ, ਦੋਸਤ ਹੋਵੇ ਜਾਂ ਵਿਰੋਧੀ।

ਉਨਾਂ ਕਿਹਾ ਸੀ ਕਿ ਵਿਜੀਲੈਂਸ ਦਾ ਛਾਪਾ ਗ਼ਲਤ ਹੈ ਤੇ ਪਿਛਲੀਆਂ ਸਰਕਾਰਾਂ ਵਾਂਗ ਮੌਜੂਦਾ ਸਰਕਾਰ ਵੀ ਵਿਜੀਲੈਂਸ ਦੀ ਦੁਰਵਰਤੋਂ ਕਰ ਰਹੀ ਹੈ। ਇਸ ਨਾਲ ਆਮ ਆਦਮੀ ਪਾਰਟੀ ਨੂੰ ਆਪਣੀ ਕਾਰਵਾਈ 'ਤੇ ਜਵਾਬ ਦੇਣਾ ਮੁਸ਼ਕਲ ਹੋ ਰਿਹਾ ਹੈ। ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੂੰ ਪਾਰਟੀ ਤੋਂ ਪੰਜ ਸਾਲ ਲਈ ਮੁਅੱਤਲ ਕੀਤੇ ਜਾਣ 'ਤੇ ਆਪ ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਦਾ ਉਦੇਸ਼ ਸਾਫ਼ ਹੈ ਕਿ ਪੰਜਾਬ ਤੋਂ ਨਸ਼ਾ, ਅਪਰਾਧ ਤੇ ਭ੍ਰਿਸ਼ਟਾਚਾਰ ਜੜੋਂ ਖ਼ਤਮ ਕਰਨਾ ਹੈ ਤੇ ਜੋ ਵੀ ਇਸ ਲੜਾਈ 'ਚ ਰੁਕਾਵਟ ਬਣੇਗਾ, ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# 4 ਜੇਲ੍ਹਾਂ 'ਚ ਬਣਾਈਆਂ ਜਾਣਗੀਆਂ ਨਵੀਆਂ ਬੈਰਕਾਂ

**ਚੰਡੀਗੜ੍ਹ:**ਪੰਜਾਬ ਸਰਕਾਰ ਨੇ ਜੇਲ੍ਹਾਂ 'ਚ ਸਮਰੱਥਾਂ ਤੋਂ ਵੱਧ ਕੈਦੀਆਂ ਦੀ ਵਧਦੀ ਗਿਣਤੀ ਨੂੰ ਦੇਖਦੇ ਹੋਏ ਇਸ ਤੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਇਕ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਹੈ। ਇਸ ਯੋਜਨਾ ਤਹਿਤ 4 ਜੇਲ੍ਹਾਂ 'ਚ ਨਵੀਆਂ ਬੈਰਕਾਂ ਬਣਾਈਆਂ ਜਾਣਗੀਆਂ ਤੇ 9 ਜੇਲ੍ਹਾਂ ਦੀ ਸੁਰੱਖਿਆ ਵਿਵਸਥਾ ਨੂੰ ਮਜ਼ਬੂਤ ਕੀਤਾ ਜਾਵੇਗਾ। ਇਸ ਪ੍ਰਾਜੈਕਟ ਦੇ ਪਹਿਲੇ ਪੜਾਅ 'ਚ ਰੋਪੜ, ਨਿਊ ਨਾਭਾ, ਮਾਨਸਾ ਤੇ ਸੰਗਰੂਰ ਜੇਲ੍ਹ 'ਚ ਡਬਲ ਸਟੋਰੀ ਬੈਰਕ ਦਾ ਨਿਰਮਾਣ ਕੀਤਾ ਜਾਵੇਗਾ। ਇਸ ਦੇ ਨਾਲ ਹੀ ਹੁਸ਼ਿਆਰਪੁਰ, ਕਪੂਰਥਲਾ, ਅੰਮ੍ਰਿਤਸਰ, ਗੋਇੰਦਵਾਲ ਸਾਹਿਬ, ਬਠਿੰਡਾ, ਫਿਰੋਜ਼ਪੁਰ, ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ ਤੇ ਮਾਨਸਾ ਜੇਲ੍ਹ ਦੀ ਸੁਰੱਖਿਆ ਵਧਾਉਣ ਲਈ ਕੰਡਿਆਲੀ ਤਾਰ ਦੀਆਂ ਵਾੜਾਂ ਤੇ ਆਰਟੀ ਫ਼ਿਸ਼ੀਅਲ ਇੰਟੈਲੀਜੈਂਸ (ਏ.ਆਈ.) ਤਕਨੀਕ ਆਧਾਰਤ ਕੈਮਰੇ ਲਗਾਏ ਜਾਣਗੇ।




ਸਰਕਾਰ ਦਾ ਟੀਚਾ ਹੈ ਕਿ ਤਿੰਨ ਤੋਂ 18 ਮਹੀਨਿਆਂ ਦੇ ਅੰਦਰ-ਅੰਦਰ ਇਸ ਪ੍ਰਾਜੈਕਟ ਨੂੰ ਪੂਰਾ ਕਰ ਲਿਆ ਜਾਵੇ । ਦੱਸ ਦੇਈਏ ਕਿ ਇਸ ਪ੍ਰਾਜੈਕਟ ਦੀ ਸ਼ੁਰੂਆਤ ਤੋਂ ਪਹਿਲਾਂ ਹੀ 25 ਜੇਲ੍ਹ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਤੇ ਨਸ਼ਾ ਨੂੰ ਕੰਟਰੋਲ ਕਰਨ ਦੇ ਟੀਚੇ ਨਾਲ ਮੁਅੱਤਲ ਕਰ ਦਿੱਤਾ ਗਿਆ। ਜੇਲ੍ਹਾਂ ਵਿਚ ਭ੍ਰਿਸ਼ਟਾਚਾਰ ਅਤੇ ਨਸ਼ੀਲੇ ਪਦਾਰਥਾਂ ਦੇ ਨੈਟਵਰਕ ਨੂੰ ਖਤਮ ਕਰਨ ਲਈ ਵੱਡੀ ਕਾਰਵਾਈ ਕੀਤੀ ਗਈ ਸੀ . ਨਵੀਆਂ ਬੈਰਕਾਂ 'ਚ ਕੈਦੀਆਂ ਨੂੰ ਸਹੀ ਜਗ੍ਹਾ ਮਿਲੇਗੀ। ਇਸ ਦੇ ਨਾਲ ਹੀ ਨਵੀਆਂ ਬੈਰਕਾਂ 'ਚ ਸੀਸੀਟੀਵੀ ਕੈਮਰੇ, ਐਮਰਜੈਂਸੀ ਅਲਾਰਮ, ਲਾਕ ਸਿਸਟਮ ਹੋਣਗੇ, ਜਿਸ ਨਾਲ ਕੈਦੀਆਂ ਦੀ ਨਿਗਰਾਨੀ ਆਸਾਨ ਹੋਵੇਗੀ। ਕੈਦੀਆਂ ਲਈ ਵਰਕਸ਼ਾਪ, ਲਾਇਬ੍ਰੇਰੀ ਦੀ ਸੁਵਿਧਾ ਵੀ ਮੁਹੱਈਆ ਕਰਵਾਈ ਜਾਵੇਗੀ।

# ਸ਼ਤਾਬਦੀ ਸਮਾਗਮਾਂ ਨੂੰ ਯਾਦਗਾਰੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਤਾਲਮੇਲ ਕਮੇਟੀ ਦਾ ਗਠਨ

## ਨਵੰਬਰ 'ਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ ਮੁੱਖ ਸ਼ਤਾਬਦੀ ਸਮਾਗਮ: ਧਾਮੀ



**ਅੰਮ੍ਰਿਤਸਰ:**ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੇ 350 ਸਾਲਾ ਸ਼ਹੀਦੀ ਦਿਹਾੜਿਆਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਦੀਆਂ ਇਤਿਹਾਸਕ ਸ਼ਤਾਬਦੀਆਂ ਦੇ ਸੰਬੰਧ ਵਿਚ ਨਵੰਬਰ ਵਿਚ ਕੀਤੇ ਜਾਣ ਵਾਲੇ ਸ਼ਤਾਬਦੀ ਸਮਾਗਮਾਂ ਨੂੰ ਯਾਦਗਾਰੀ ਢੰਗ ਨਾਲ ਤੇ ਖ਼ਾਲਸਾਈ ਜਾਹੋ ਜਲਾਲ ਨਾਲ ਮਨਾਉਣ ਲਈ ਵੱਖ-ਵੱਖ ਪ੍ਰਤੀਨਿਧ ਸਿੱਖ ਸ਼ਖ਼ਸੀਅਤਾਂ ਅਤੇ ਸੰਤ ਮਹਾਂਪੁਰਖਾਂ 'ਤੇ ਅਧਾਰਿਤ ਉੱਚ ਪੱਧਰੀ 27 ਮੈਂਬਰੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ ਹੈ। ਗਠਿਤ ਕੀਤੀ ਗਈ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਤੋਂ ਇਲਾਵਾ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬ), ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਬਾਬਾ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਮਹਿਤਾ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ, ਜਥੇ: ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰ ਸਿੰਘ ਮੁਖੀ ਦਲ ਪੰਥ ਬਾਬਾ ਬਿਧੀ ਚੰਦ, ਪਦਮਸ੍ਰੀ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਭੂਰੀਵਾਲੇ, ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ ਜਥੇ: ਗੁਲਜ਼ਾਰ ਸਿੰਘ ਰਣੀਕੇ, ਬਾਬਾ ਜਗਜੀਤ ਸਿੰਘ ਹਰਖੋਵਾਲ ਵਾਲੇ, ਬਾਬਾ ਮੇਜਰ ਸਿੰਘ ਸੋਢੀ ਦਸਮੇਸ਼ ਤਰਨਾ ਦਲ, ਬਾਬਾ ਜਗਜੀਤ ਸਿੰਘ ਲੋਪੋਂ, ਸਵਾਮੀ ਜੀ ਸੁੱਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ ਤੇ ਡਾ. ਹਰਭਜਨ ਸਿੰਘ ਦੇਹਰਾਦੂਨ, ਗੁਰਮੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰਿੰਸੀਪਲ ਬਲਜੀਤ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਂਤਾ ਕਲਾਂ ਅਤੇ ਕੁਲਵੰਤ ਸਿੰਘ ਮੰਨਣ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਤੇ ਸਕੱਤਰ ਧਰਮ ਪ੍ਰਚਾਰ ਕਮੇਟੀ (ਕੋਆਰਡੀਨੇਟਰ) ਨੂੰ ਕਮੇਟੀ ਵਿਚ ਸ਼ਾਮਿਲ ਕੀਤਾ ਗਿਆ ਹੈ। ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਦੇਸ਼ ਭਰ ਅੰਦਰ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਦੀ ਆਰੰਭਤਾ ਕਰ ਦਿੱਤੀ ਗਈ ਹੈ, ਜਿਸ ਤਹਿਤ 5 ਅਤੇ 6 ਜੁਲਾਈ ਨੂੰ ਗੁਰਦੁਆਰਾ ਮੋਤੀ ਬਾਗ ਸਾਹਿਬ ਪਟਿਆਲਾ ਵਿਖੇ ਵਿਸ਼ਾਲ ਸਮਾਗਮ ਹੋਣਗੇ, ਉਪਰੰਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਗੁਰਮਤਿ ਸਮਾਗਮਾਂ, ਸੈਮੀਨਾਰਾਂ ਦੇ ਨਾਲ-ਨਾਲ ਨਗਰ ਕੀਰਤਨ ਵੀ ਸਜਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸ਼ਤਾਬਦੀ ਦਾ ਮੁੱਖ ਸਮਾਗਮ ਨਵੰਬਰ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ, ਜਿਸ ਨੂੰ ਇਤਿਹਾਸਕ ਬਣਾਉਣ ਲਈ ਇਹ ਤਾਲਮੇਲ ਕਮੇਟੀ ਅਹਿਮ ਭੂਮਿਕਾ ਨਿਭਾਵੇਗੀ।

# ਗੁੰਡੀਚਾ ਮੰਦਰ ਨੇੜੇ ਭਗਦੜ ਵਿਚ 3 ਮੌਤਾਂ


## ਮੁੱਖ ਮੰਤਰੀ ਨੇ ਮੰਗੀ ਮੁਆਫ਼ੀ

**ਪੁਰੀ:**ਓਡੀਸ਼ਾ ਦੇ ਪੁਰੀ 'ਚ ਗੁੰਡੀਚਾ ਮੰਦਰ ਨੇੜੇ ਮਚੀ ਭਾਜੜ 'ਚ 2 ਔਰਤਾਂ ਸਮੇਤ ਘੱਟੋ-ਘੱਟ 3 ਲੋਕਾਂ ਦੀ ਮੌਤ ਹੋ ਗਈ, ਜਦਕਿ 50 ਦੇ ਕਰੀਬ ਹੋਰ ਜ਼ਖਮੀ ਹੋ ਗਏ। ਇਕ ਅਧਿਕਾਰੀ ਨੇ ਕਿਹਾ ਕਿ ਇਹ ਘਟਨਾ ਸਵੇਰੇ 4 ਵਜੇ ਦੇ ਕਰੀਬ ਵਾਪਰੀ ਜਦੋਂ ਸੈਂਕੜੇ ਸ਼ਰਧਾਲੂ ਰੱਥ ਯਾਤਰਾ ਦੇਖਣ ਲਈ ਮੰਦਰ ਦੇ ਨੇੜੇ ਇਕੱਠੇ ਹੋਏ ਸਨ। ਉਨ੍ਹਾਂ ਕਿਹਾ ਕਿ ਜ਼ਖਮੀਆਂ ਨੂੰ ਨੇੜਲੇ ਹਸਪਤਾਲ 'ਚ ਦਾਖਲ ਕਰਵਾਇਆ। ਗਿਆ ਹੈ। ਜਿਨ੍ਹਾਂ 'ਚੋਂ 6 ਲੋਕਾਂ ਦੀ ਹਾਲਤ ਗੰਭੀਰ ਹੈ। ਅਧਿਕਾਰੀਆਂ ਨੇ ਦੱਸਿਆ ਕਿ ਰੱਬ ਯਾਤਰਾ ਦੇ ਨੇੜੇ ਕਥਿਤ ਤੌਰ 'ਤੇ ਰਸਮਾਂ ਲਈ ਸਮੱਗਰੀ ਲੈ ਕੇ ਜਾ ਰਹੇ 2 ਟਰੱਕਾਂ ਦੇ ਭੀੜ-ਭੜੱਕੇ ਵਾਲੀ ਥਾਂ 'ਤੇ ਦਾਖਲ ਹੋਣ ਤੋਂ ਬਾਅਦ ਹਫੜਾ-ਦਫੜੀ ਮਚ ਗਈ। 'ਐਕਸ' 'ਤੇ ਇਕ ਪੋਸਟ 'ਚ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਭਾਜੜ ਲਈ ਸ਼ਰਧਾਲੂਆਂ ਤੋਂ ਮੁਆਫ਼ੀ ਮੰਗੀ ਤੇ ਕਿਹਾ ਕਿ ਅਸੀਂ ਮ੍ਰਿਤਕ ਸ਼ਰਧਾਲੂਆਂ ਦੇ ਪਰਿਵਾਰਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹਾਂ।



# ਪਾਕਿ ਫ਼ੌਜ ਮੁਖੀ ਨੇ ਭਾਰਤ ਵਿਰੁੱਧ ਫ਼ੈਸਲਾਕੁਨ ਕਾਰਵਾਈ ਦੀ ਕੀਤੀ ਮੰਗ

**ਅੰਮ੍ਰਿਤਸਰ:**ਪਾਕਿਸਤਾਨ ਦੇ ਫ਼ੌਜ ਮੁਖੀ ਆਸਿਮ ਮੁਨੀਰ ਨੇ ਇਕ ਵਾਰ ਫਿਰ ਸਪੱਸ਼ਟ ਧਮਕੀ ਦਿੱਤੀ ਹੈ। ਇਸ ਤੋਂ ਉਨ੍ਹਾਂ ਭਾਰਤ ਵਿਰੁੱਧ ਫ਼ੈਸਲਾਕੁੰਨ ਕਾਰਵਾਈ ਦੀ ਵੀ ਮੰਗ ਕੀਤੀ ਹੈ। ਪਾਕਿਸਤਾਨ ਨੇਵਲ ਅਕੈਡਮੀ 'ਚ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਭਾਰਤ ਵਿਰੁੱਧ ਬੇਬੁਨਿਆਦ 39 ਦੋਸ਼ ਲਗਾਏ ਤੇ ਕਿਹਾ ਕਿ ਭਾਰਤ ਖੇਤਰੀ ਤਣਾਅ ਵਧਾ ਰਿਹਾ ਹੈ। ਮੁਨੀਰ ਨੇ ਕਸ਼ਮੀਰ ਦਾ ਵੀ ਮੁੱਦਾ ਉਠਾਇਆ। ਇਸ ਤੋਂ ਪਹਿਲਾਂ ਵੀ ਉਨ੍ਹਾਂ ਭਾਰਤ ਵਿਰੁੱਧ ਜ਼ਹਿਰ ਉਗਲਿਆ ਸੀ, ਜਿਸ ਤੋਂ ਬਾਅਦ ਪਹਿਲਗਾਮ 'ਚ ਅੱਤਵਾਦੀ ਹਮਲਾ ਹੋਇਆ ਸੀ । ਆਸਿਮ ਮੁਨੀਰ ਨੇ ਦੋਸ਼ ਲਗਾਇਆ ਕਿ ਭਾਰਤ ਨੇ ਦੋ ਵਾਰ ਬਿਨਾਂ ਭੜਕਾਹਟ ਦੇ ਡੈਤੜਤੀ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀਆਂ ਇਹ ਕਾਰਵਾਈਆਂ ਉਸ ਦੀ ਰਣਨੀਤਕ ਦੂਰਦਰਸਿਤਾ ਦੀ ਘਾਟ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਧਮਕੀ ਦਿੱਤੀ ਕਿ ਜੇਕਰ ਭਾਰਤ ਭਵਿੱਖ 'ਚ ਅਜਿਹੀ ਕੋਈ ਕਾਰਵਾਈ ਕਰਦਾ ਹੈ ਤਾਂ ਪਾਕਿ ਫ਼ੈਸਲਾਕੁੰਨ ਜਵਾਬ ਦੇਵੇਗਾ। ਉਨ੍ਹਾਂ ਭਾਰਤ 'ਤੇ ਖੇਤਰੀ ਸ਼ਾਂਤੀ ਨੂੰ ਅਸਥਿਰ ਕਰਨ ਵੀ ਦਾ ਦੋਸ਼ ਲਗਾਇਆ। ਫ਼ੌਜ ਮੁਖੀ ਨੇ ਕਸ਼ਮੀਰ ਮੁੱਦਾ ਛੇੜਦਿਆਂ ਕਿਹਾ ਕਿ ਪਾਕਿਸਤਾਨ ਕਸ਼ਮੀਰ ਮੁੱਦੇ 'ਤੇ ਸੰਯੁਕਤ ਰਾਸ਼ਟਰ ਦੇ ਮਤੇ ਤੇ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਦਾ ਸਮਰਥਕ ਹੈ। ਜ਼ਿਕਰਯੋਗ ਹੈ ਕਿ ਆਸਿਮ ਮੁਨੀਰ ਨੇ ਹਾਲ ਹੀ 'ਚ ਕਸ਼ਮੀਰ ਨੂੰ ਪਾਕਿਸਤਾਨ ਦੀ ਗਲੇ ਦੀ ਨਸ ਦੱਸਿਆ ਸੀ ਤੇ ਧਰਮ ਦੇ ਆਧਾਰ 'ਤੇ ਪਾਕਿਸਤਾਨ ਦੀ ਸਿਰਜਣਾ ਦਾ ਸਮਰਥਨ ਕੀਤਾ ਸੀ। ਕੁਝ ਦਿਨ ਬਾਅਦ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਇਕ ਅੱਤਵਾਦੀ ਹਮਲਾ ਹੋਇਆ, ਜਿਸ 'ਚ ਅੱਤਵਾਦੀਆਂ ਨੇ 26 ਮਾਸੂਮ ਸੈਲਾਨੀਆਂ ਦੀ ਹੱਤਿਆ ਕਰ ਦਿੱਤੀ ਸੀ। ਇਸ ਦੇ ਜਵਾਬ 'ਚ ਭਾਰਤ ਨੇ ਆਪ੍ਰੇਸ਼ਨ ਸੰਧੂਰ ਸ਼ੁਰੂ ਕੀਤਾ ਤੇ ਪਾਕਿ 'ਚ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ।



# ਸੰਵੇਦਨਾਵਾਂ ਦੀ ਪੁਨਰ-ਸੁਰਜੀਤੀ ਲਈ ਸਾਹਿਤ ਨਾਲ ਜੁੜਨਾ ਲਾਜ਼ਮੀ: ਜਸਵੰਤ ਸਿੰਘ ਜ਼ਫ਼ਰ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਇੱਥੇ ਭਾਸ਼ਾ ਭਵਨ ਵਿਖੇ 'ਕਥਾ ਤੇ ਕਥਾਕਾਰ: ਉਚਾਰ ਤੇ ਵਿਚਾਰ' ਸਿਰਲੇਖ ਹੇਠ ਪੰਜਾਬੀ ਦੇ ਨਾਮਵਰ ਕਹਾਣੀਕਾਰ ਬਲਵਿੰਦਰ ਗਰੇਵਾਲ ਤੇ ਜਤਿੰਦਰ ਹਾਂਸ ਨੂੰ ਸਾਹਿਤ ਪ੍ਰੇਮੀਆਂ ਦੇ ਰੂਬਰੂ ਕਰਵਾਇਆ ਗਿਆ।

ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਚਿੰਤਕ ਡਾ. ਧਨਵੰਤ ਕੌਰ ਨੇ ਕੀਤੀ ਅਤੇ ਕਹਾਣੀਕਾਰਾਂ ਨਾਲ ਜਾਣ-ਪਛਾਣ ਕਰਵਾਉਣ ਦੀ ਜ਼ਿੰਮੇਵਾਰੀ ਡਾ. ਪਰਮਜੀਤ ਸਿੰਘ ਨਿਭਾਈ। ਇਸ ਮੌਕੇ ਨਾਮਵਰ ਚਿੰਤਕ ਡਾ. ਜਸਵਿੰਦਰ ਸਿੰਘ, ਡਾ. ਬਲਦੇਵ ਸਿੰਘ ਧਾਲੀਵਾਲ, ਡਾ. ਸੁਰਜੀਤ ਸਿੰਘ, ਸ਼੍ਰੋਮਣੀ ਸ਼ਾਇਰ ਬਲਵਿੰਦਰ ਸੰਧੂ, ਗੁਰਚਰਨ ਸਿੰਘ ਪੱਬਰਾਲੀ ਸਮੇਤ ਸਾਹਿਤ ਨਾਲ ਜੁੜੀਆਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਹਾਜ਼ਰ ਸਨ।

ਕਹਾਣੀਕਾਰ ਬਲਵਿੰਦਰ ਗਰੇਵਾਲ ਨੇ ਪੰਜਾਬ 'ਚੋਂ ਹੋ ਰਹੇ ਪ੍ਰਵਾਸ ਤੇ ਪੰਜਾਬ 'ਚ ਹੋ ਰਹੇ ਪ੍ਰਵਾਸ 'ਤੇ ਅਧਾਰਤ ਆਪਣੀ ਕਹਾਣੀ 'ਡੂੰਮਣੇ ਦਾ ਡੰਗ' ਪੜ੍ਹੀ, ਜੋ ਬਹੁਤ ਸਾਰੇ ਵਿਸ਼ਿਆਂ ਨੂੰ ਛੂਹਣ ਵਾਲੀ ਰੋਚਕ ਕਹਾਣੀ ਹੋ ਨਿੱਬੜੀ। ਆਪਣੀ ਸਿਰਜਣ ਪ੍ਰਕਿਰਿਆ ਬਾਰੇ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਕਿਹਾ ਕਹਾਣੀ ਕਦੋਂ ਵੀ ਕਿਸੇ ਵੀ ਹਾਲਾਤ 'ਚ ਸੁੱਝ ਜਾਂਦੀ ਹੈ ਪਰ ਇਸ ਨੂੰ ਸਿਰਜਣ ਲਈ ਲੰਬਾ ਸਮਾਂ ਲੱਗਦਾ ਹੈ ਤੇ ਕਈ ਵਾਰ ਦੋ-ਤਿੰਨ ਘਟਨਾਵਾਂ ਦੇ ਮੇਲ ਨਾਲ ਵੀ ਕਹਾਣੀ ਸਿਰਜੀ ਜਾਂਦੀ ਹੈ ਉਸ ਵਿੱਚ ਬਦਲਾਅ ਵੀ ਆ ਜਾਂਦਾ ਹੈ। ਉਨ੍ਹਾਂ ਆਪਣੀਆਂ ਚੋਣਵੀਆਂ ਕਹਾਣੀਆਂ ਦੀ ਸਿਰਜਣਾ ਦੀਆਂ ਮਿਸਾਲਾਂ ਵੀ ਦਿੱਤੀਆਂ। ਦੂਸਰੇ ਕਹਾਣੀਕਾਰ ਜਤਿੰਦਰ ਹਾਂਸ ਨੇ ਆਪਣੀ ਕਹਾਣੀ 'ਸ਼ਿੱਦਤ' ਰਾਹੀਂ ਮਰਦ ਦੀ ਜ਼ਿੰਦਗੀ 'ਚ ਔਰਤ ਦੀ ਅਹਿਮੀਅਤ ਨੂੰ ਦਰਸਾਇਆ। ਜਿਸ ਨੂੰ ਸਰੋਤਿਆਂ ਨੇ ਬਹੁਤ ਪਸੰਦ ਕੀਤਾ। ਆਪਣੀ ਸਿਰਜਣ ਪ੍ਰਕਿਰਿਆ ਬਾਰੇ ਉਨ੍ਹਾਂ ਕਿਹਾ ਕਿ ਉਹ ਬਹੁਤਾ ਸਮਾਜਿਕ ਪ੍ਰਾਣੀ ਨਹੀਂ ਹੈ ਭਾਵ ਅੰਤਰਮੁਖੀ ਹਾਂ। ਜੇਕਰ ਉਹ ਭੀੜ 'ਚ ਵਿਚਰਨ ਦਾ ਆਦੀ ਹੁੰਦਾ ਸ਼ਾਇਦ ਉਹ ਕਹਾਣੀਆਂ ਨਾ ਸਿਰਜ ਸਕਦਾ ਕਿਉਂਕਿ ਹੁਣ ਉਹ ਦੁਨੀਆ ਨੂੰ ਇੱਕ ਕੋਨੇ 'ਚ ਇਕੱਲਾ ਖੜਕੇ ਦੇਖਦਾ/ਵਾਚਦਾ ਹੈ ਤੇ ਉਸ ਵਿੱਚੋਂ ਕਹਾਣੀਆਂ ਫੜਦਾ ਹੈ। ਸ੍ਰੀ ਹਾਂਸ ਨੇ ਕਿਹਾ ਕਿ ਉਸ ਨੂੰ ਇਹ ਕਦੇ ਵੀ ਯਾਦ ਨਹੀਂ ਰਹਿੰਦਾ ਕਿ ਉਸ ਨੂੰ ਕਹਾਣੀ ਕਿੰਨਾ ਹਾਲਾਤਾਂ 'ਚ ਔੜੀ ਜਾਂ ਮਿਲੀ।



*ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਤੇ ਡਾ. ਧਨਵੰਤ ਕੌਰ ਕਹਾਣੀਕਾਰ ਬਲਵਿੰਦਰ ਗਰੇਵਾਲ, ਜਤਿੰਦਰ ਹਾਂਸ ਤੇ ਆਲੋਚਕ ਡਾ. ਪਰਮਜੀਤ ਸਿੰਘ ਦਾ ਸਨਮਾਨ ਕਰਦੇ ਹੋਏ।*

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਧਨਵੰਤ ਕੌਰ ਨੇ ਕਿਹਾ ਕਿ ਭਾਸ਼ਾ ਵਿਭਾਗ ਦਾ ਮਾਹੌਲ ਬਦਲਣ ਲੱਗਿਆ ਹੈ ਤੇ ਇਸ ਦੀ ਫਿਜ਼ਾ 'ਚ ਸਾਹਿਤਕ ਰੰਗਤ ਮੁੜ ਨਜ਼ਰ ਆਉਣ ਲੱਗੀ ਹੈ। ਭਾਸ਼ਾ ਵਿਭਾਗ ਕੋਲ ਬਹੁਤ ਵੱਡਾ ਸਾਹਿਤਕ, ਖੋਜ ਭਰਪੂਰ ਤੇ ਗਿਆਨ ਵਰਧਕ ਸਰਮਾਇਆ ਹੈ, ਜੋ ਆਮ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ ਤਾਂ ਜੋ ਪੰਜਾਬੀ ਮੁੜ ਸ਼ਬਦ ਨਾਲ ਜੁੜ ਸਕਣ। ਸਮਾਗਮ ਸਬੰਧੀ ਉਨ੍ਹਾਂ ਕਿਹਾ ਕਿ ਬਲਵਿੰਦਰ ਗਰੇਵਾਲ ਤੇ ਜਤਿੰਦਰ ਹਾਂਸ ਦੋਨੋਂ ਹੀ ਸਮਕਾਲੀ ਤੇ ਨਵੇਂ ਦਿਸਹੱਦੇ ਕਾਇਮ ਕਰਨ ਵਾਲੇ ਕਹਾਣੀਕਾਰ ਹਨ। ਦੋਨੋਂ ਹੀ ਪੰਜਾਬ ਦੀ ਪੇਂਡੂ ਰਹਿਤਲ ਨਾਲ ਜੁੜੇ ਹੋਏ ਹਨ ਪਰ ਉਨ੍ਹਾਂ ਦਾ ਕਹਾਣੀ ਕਹਿਣ ਦਾ ਤਰੀਕਾ ਤੇ ਦ੍ਰਿਸ਼ਟੀਕੋਣ ਵੱਖਰਾ-ਵੱਖਰਾ ਹੈ, ਜੋ ਇੰਨ੍ਹਾਂ ਦੀਆਂ ਕਹਾਣੀਆਂ ਨੂੰ ਅਮੀਰੀ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਹਿਤ ਬਾਰੇ ਕਿਹਾ ਜਾਂਦਾ ਹੈ ਕਿ ਉਹ ਜ਼ਮਾਨੇ/ਸਮਕਾਲ ਦੀ ਤਰਜ਼ਮਾਨੀ ਕਰਦਾ ਹੈ ਪਰ ਉਨ੍ਹਾਂ ਦੀ ਰਾਇ ਹੈ ਕਿ ਉਹੀ ਸਾਹਿਤ ਵਧੇਰੇ ਪੜ੍ਹਿਆ ਜਾਂਦਾ ਹੈ ਜੋ ਜ਼ਮਾਨੇ ਤੋਂ ਅੱਗੇ ਦੀ ਗੱਲ ਕਰੇ।ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਧੰਨਵਾਦੀ ਭਾਸ਼ਨ 'ਚ ਕਿਹਾ ਕਿ ਅਜੋਕੇ ਦੌਰ 'ਚ ਅਸੀਂ ਸੁਣਨ ਦੇ ਆਦੀ ਨਹੀਂ ਰਹੇ ਸਿਰਫ਼ ਦੇਖਣ ਤੇ ਕਹਿਣ ਦਾ ਰੁਝਾਨ ਵਧ ਗਿਆ ਹੈ। ਜਿਸ ਕਾਰਨ ਸਾਡੀਆਂ ਸੰਵੇਦਨਾਵਾਂ ਕਮਜ਼ੋਰ ਹੋ ਗਈਆਂ ਹਨ। ਸੰਵੇਦਨਾਵਾਂ ਕਮਜ਼ੋਰ ਹੋਣ ਕਾਰਨ ਸਾਡੇ ਰਿਸ਼ਤਿਆਂ ਤੇ ਸਬੰਧਾਂ 'ਚ ਤਣਾਅ ਵਧ ਰਿਹਾ ਹੈ। ਉਨ੍ਹਾਂ ਅਪੀਲ ਕੀਤੀ ਕਿ ਇਸ ਨਾਜ਼ੁਕ ਦੌਰ 'ਚੋਂ ਨਿਕਲਣ ਲਈ ਸਾਹਿਤ ਹੀ ਇੱਕੋ-ਇੱਕ ਜਰੀਆ ਹੈ, ਆਓ ਪੁਸਤਕਾਂ ਨਾਲ ਜੁੜੀਏ ਤੇ ਇਸ ਤਰ੍ਹਾਂ ਦੇ ਸਮਾਗਮਾਂ ਲਈ ਸਮਾਂ ਕੱਢੀਏ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਵੱਲੋਂ ਆਪਣੇ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਲਈ ਨਵਾਂ ਉੱਦਮ ਕੀਤਾ ਹੈ। ਜਿਸ ਤਹਿਤ ਹਰ ਇੱਕ ਨੂੰ ਮਹੀਨੇ 'ਚ ਇੱਕ ਪੁਸਤਕ ਪੜ੍ਹਨੀ ਲਾਜ਼ਮੀ ਕਰ ਦਿੱਤੀ ਗਈ ਅਤੇ ਮਹੀਨੇ ਦੇ ਅਖ਼ੀਰ 'ਚ ਪੜ੍ਹੀਆਂ ਪੁਸਤਕਾਂ ਬਾਰੇ ਹਰੇਕ ਦੇ ਵਿਚਾਰ ਸੁਣੇ ਜਾਣਗੇ।

ਡਾ. ਪਰਮਜੀਤ ਸਿੰਘ ਨੇ ਦੋਨੋਂ ਕਹਾਣੀਕਾਰਾਂ ਦੀਆਂ ਲਿਖਤਾਂ ਬਾਰੇ ਜਾਣਕਾਰੀ ਦਿੱਤੀ ਤੇ ਉਨ੍ਹਾਂ ਦੀਆਂ ਕਹਾਣੀਆਂ ਦੀ ਸਾਹਿਤਕ ਪੜਚੋਲ ਵੀ ਕੀਤੀ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਰੰਗਕਰਮੀ ਵਿਨੋਦ ਕੌਸ਼ਲ, ਖੋਜ ਅਫ਼ਸਰ ਸਤਪਾਲ ਸਿੰਘ ਚਹਿਲ ਤੇ ਡਾ. ਮਨਜਿੰਦਰ ਸਿੰਘ, ਜਗਤਾਰ ਅਵਾਰਾ ਤੇ ਹੋਰ ਸਰੋਤਿਆਂ ਨੇ ਕਹਾਣੀਕਾਰਾਂ ਨੂੰ ਸਵਾਲ ਕਰਕੇ ਸਮਾਗਮ ਨੂੰ ਬਹੁਪਰਤੀ ਬਣਾ ਦਿੱਤਾ। ਦੋਨੋਂ ਕਹਾਣੀਕਾਰਾਂ ਤੇ ਮਹਿਮਾਨਾਂ ਦਾ ਵਿਭਾਗ ਵੱਲੋਂ ਸ਼ਾਲਾਂ ਤੇ ਪੁਸਤਕਾਂ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਵਿਭਾਗ ਦੇ ਡਿਪਟੀ ਡਾਇਰੈਕਟਰ ਚੰਦਨਦੀਪ ਕੌਰ ਤੇ ਸਤਨਾਮ ਸਿੰਘ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸੁਖਪ੍ਰੀਤ ਕੌਰ ਤੇ ਜਸਪ੍ਰੀਤ ਕੌਰ ਸਮੇਤ ਵੱਡੀ ਗਿਣਤੀ 'ਚ ਸਾਹਿਤ ਪ੍ਰੇਮੀ ਹਾਜ਼ਰ ਸਨ।

# ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਪ੍ਰੋਫੈਸਰ ਮੀਤ ਖਟੜਾ ਦਾ ਸਨਮਾਨ

**ਸੰਗਰੂਰ:** ਲੇਖਕ ਭਵਨ ਦੀ ਉਸਾਰੀ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਪ੍ਰੋ ਮੀਤ ਖਟੜਾ ਦਾ ਸਨਮਾਨ ਕੀਤਾ ਗਿਆ। ਪ੍ਰੋਫੈਸਰ ਮੀਤ ਖਟੜਾ ਸਾਹਿਤ ਦੀ ਹਰ ਵਿਧਾ ਤੇ ਹੱਥ ਅਜਮਾਉਂਦੇ ਹਨ। ਉਹ ਮਿੰਨੀ ਕਹਾਣੀ ਲਿਖਦੇ ਹਨ, ਵਾਰਤਕ ਲਿਖਦੇ ਹਨ ਅਤੇ ਕਵਿਤਾ ਤੇ ਵੀ ਪਕੜ ਹੈ। 'ਤਿਨਕਾ ਤਿਨਕਾ ਆਲਣਾ' ਉਹਨਾਂ ਦੀ ਲੇਖਾਂ ਦੀ ਚਰਚਿਤ ਕਿਤਾਬ ਹੈ। ਲੰਬਾ ਸਮਾਂ ਉਨਾਂ ਨੇ ਸਰਕਾਰੀ ਕਾਲਜਾਂ ਵਿੱਚ ਅਧਿਆਪਨ ਕੀਤਾ ਹੈ। ਜਦੋਂ ਉਹ ਗੌਰਮੈਂਟ ਕਾਲਜ ਸੁਨਾਮ ਵਿੱਚ ਪੜਾਉਂਦੇ ਸਨ ਤਾਂ ਭਗਵੰਤ ਮਾਨ ਉਹਨਾਂ ਕੋਲੋਂ ਪੜ੍ਹਦੇ ਹੁੰਦੇ ਸਨ। ਜਦੋਂ ਉਹ ਸੰਗਰੂਰ ਪੜਾਉਂਦੇ ਸਨ ਤਾਂ ਹਰਪਾਲ ਚੀਮਾ ਉਹਨਾਂ ਦੇ ਵਿਦਿਆਰਥੀ ਸਨ। ਮਿਲਨ ਤੇ, ਦੋਵੇਂ ਖਟੜਾ ਸਾਹਿਬ ਦੇ ਗੋਡੀਂ ਹੱਥ ਲਾਉਂਦੇ ਹਨ। ਮੀਤ ਖਟੜਾ ਜੀ ਮਾਲਵਾ ਲਿਖਾਰੀ ਸਭਾ ਸੰਗਰੂਰ ਨਾਲ ਪਹਿਲੇ ਦਿਨ ਤੋਂ ਜੁੜੇ ਹੋਏ ਹਨ।

ਲੇਖਕ ਭਵਨ ਦੀ ਉਸਾਰੀ ਲਈ ਜਦੋਂ ਪੈਸਿਆਂ ਦੀ ਲੋੜ ਪਈ ਤਾਂ ਉਹਨਾਂ ਨੇ ਆਪਣੇ ਸੰਗਰੂਰ ਵਾਲੇ ਸ਼ਾਗਿਰਦ ਦਾ ਦਰਵਾਜ਼ਾ ਜਾ ਖੜਕਾਇਆ। ਚੀਮਾ ਸਾਹਿਬ ਨੇ ਸਭਾ ਦੀ ਝੋਲੀ ਪੈਸਿਆਂ ਨਾਲ ਭਰ ਦਿੱਤੀ। ਉਸ ਮਾਇਆ ਨਾਲ ਲਿਖਾਰੀ ਭਵਨ ਦੀ ਖ਼ੂਬਸੂਰਤ ਇਮਾਰਤ ਉਸਰ ਗਈ। ਖਟੜਾ ਸਾਹਿਬ ਦੀ ਪੰਜਾਬੀ ਸਾਹਿਤ ਅਤੇ ਸਾਹਿਤਕਾਰਾਂ ਲਈ ਪਾਏ ਇਸ ਯੋਗ ਦਾਨ ਲਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਲਿਖਾਰੀ ਸਭਾ ਦੇ 11ਵੇਂ ਸਥਾਪਨਾ ਦਿਵਸ ਸਮੇਂ ਉਹਨਾਂ ਦਾ ਸਨਮਾਨ ਕੀਤਾ ਗਿਆ। ਭਾਈਚਾਰੇ ਦੀ ਨੁਮਾਇੰਦਗੀ ਮਿੱਤਰ ਸੈਨ ਮੀਤ, ਦਵਿੰਦਰ ਸਿੰਘ ਸੇਖਾ ਅਤੇ ਕਾਜਲ ਮਹਿਰਾ ਨੇ ਕੀਤੀ। ਮਾਲਵਾ ਲਿਖਾਰੀ ਸਭਾ ਵੱਲੋਂ ਗੀਤਕਾਰ ਅਤੇ ਗਾਇਕ ਧਰਮੀ ਤੂੰਗਾਂ ਦੀ ਸਾਹਿਤਕ ਦੇਣ ਨੂੰ ਮਾਨਤਾ ਦਿੰਦੇ ਹੋਏ ਵਿਸ਼ੇਸ਼ ਸਨਮਾਨ ਕੀਤਾ ਗਿਆ। ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਵੀ ਤੂੰਗਾਂ ਦੀਆਂ ਸਾਹਿਤਿਕ ਅਤੇ ਸੱਭਿਆਚਾਰਕ ਸੇਵਾਵਾਂ ਦਾ ਸਤਿਕਾਰ ਕੀਤਾ ਗਿਆ।

# ਲੇਖਕਾਂ, ਡਾਕਟਰਾਂ ਅਤੇ ਹੋਰ ਨਾਗਰਿਕਾਂ ਵੱਲੋਂ ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗਬੰਦੀ ਦਾ ਸਵਾਗਤ

**ਲੁਧਿਆਣਾ:** ਵਿਸ਼ਵ ਸ਼ਾਂਤੀ ਨਿਸ਼ਸਤਰੀਕਰਨ ਅਤੇ ਪਰਮਾਣੂ ਹਥਿਆਰਾਂ ਦੇ ਖਾਤਮੇ ਲਈ ਪੰਜਾਬ ਪੱਧਰੀ ਸੂਬਾਈ ਕਨਵੈਂਸ਼ਨ ਕਰਨ ਦਾ ਫੈਸਲਾ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਅਤੇ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਬੁਲਾਈ ਗਈ ਕੁਝ ਪ੍ਰਮੁੱਖ ਨਾਗਰਿਕਾਂ ਅਤੇ ਸੰਗਠਨਾਂ ਦੀ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਈ ਮੀਟਿੰਗ ਨੇ ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗਬੰਦੀ ਦਾ ਸਵਾਗਤ ਕੀਤਾ ਅਤੇ ਉਮੀਦ ਪ੍ਰਗਟਾਈ ਕਿ ਇਹ ਖੇਤਰ ਵਿੱਚ ਸਥਾਈ ਸ਼ਾਂਤੀ ਦਾ ਰਾਹ ਪੱਧਰਾ ਕਰੇਗੀ।ਇਹ ਦੁਨੀਆਂ ਦੇ ਲੋਕਾਂ ਵਿੱਚ ਜੰਗ ਵਿਰੋਧੀ ਉਠੀ ਲੋਕ ਰਾਏ ਦਾ ਨਤੀਜਾ ਹੈ ਅਤੇ ਇਸਨੂੰ ਦੁਨੀਆਂ ਵਿਚ ਇਕ ਮਹੱਤਵਪੂਰਨ ਮੋੜ ਸਮਝਿਆ ਜਾਣਾ ਚਾਹੀਦਾ ਹੈ. ਹੁਣ ਗਾਜ਼ਾ ਵਿੱਚ ਨਾਗਰਿਕਾਂ ਦੀ ਨਸਲਕੁਸ਼ੀ ਨੂੰ ਰੋਕਣ ਲਈ ਤੁਰੰਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਸੰਯੁਕਤ ਰਾਸ਼ਟਰ ਦੀ



ਅਗਵਾਈ ਹੇਠ ਖੇਤਰ ਦੇ ਦੇਸ਼ਾਂ ਵਿਚਕਾਰ ਇੱਕ ਵੱਡੀ ਮੀਟਿੰਗ ਹੋਣੀ ਚਾਹੀਦੀ ਹੈ ਤਾਂ ਜੋ ਚਿੰਤਾ ਦੇ ਮੁੱਦਿਆਂ 'ਤੇ ਚਰਚਾ ਕੀਤੀ ਜਾ ਸਕੇ ਅਤੇ ਉਨ੍ਹਾਂ ਦਾ ਹੱਲ ਲੱਭਿਆ ਜਾ ਸਕੇ। ਇਜ਼ਰਾਈਲ ਨੂੰ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨਾਂ ਦੀ ਪਾਲਣਾ ਕਰਨ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ ਜੋ ਕਿ ਲੋਕ ਰਾਏ ਨਾਲ ਅਸੰਭਵ ਨਹੀ ਹੈ . ਉਨ੍ਹਾਂ ਅੱਗੇ ਮਹਿਸੂਸ ਕੀਤਾ ਕਿ ਰੂਸ ਅਤੇ ਯੂਕਰੇਨ ਵਿਚਕਾਰ ਜਾਰੀ ਜੰਗ ਤੁਰੰਤ ਖਤਮ ਹੋਣੀ ਚਾਹੀਦੀ ਹੈ। ਯੂ ਐਨ ਓ ਨੂੰ ਆਪਣੇ ਫੈਸਲਿਆਂ ਨੂੰ ਲਾਗੂ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਣਾ ਚਾਹੀਦਾ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਲਗਾਤਾਰ ਤਣਾਅ ਬਾਰੇ ਚਿੰਤਤ ਮੀਟਿੰਗ ਨੇ ਖੇਤਰ ਵਿੱਚ ਅੱਤਵਾਦ ਨੂੰ ਖਤਮ ਕਰਨ ਲਈ ਇੱਕ ਸਮਝੌਤੇ 'ਤੇ ਪਹੁੰਚਣ ਅਤੇ ਦੋਵਾਂ ਦੇਸ਼ਾਂ ਵਿਚਕਾਰ ਮੁੱਦਿਆਂ ਨੂੰ ਆਪਸੀ ਗੱਲਬਾਤ ਰਾਹੀਂ ਹੱਲ ਕਰਨ ਲਈ ਆਪਸੀ ਗੱਲਬਾਤ ਦਾ ਸੱਦਾ ਦਿੱਤਾ। ਦੱਖਣੀ ਏਸ਼ੀਆ ਇੱਕ ਵਾਂਝਾ ਖੇਤਰ ਹੈ; ਇਹ ਮਹੱਤਵਪੂਰਨ ਹੈ ਕਿ ਦੱਖਣੀ ਏਸ਼ੀਆ ਦੇ ਦੇਸ਼ ਆਪਸੀ ਸਹਿਯੋਗ ਨੂੰ ਮਜ਼ਬੂਤ ਕਰਨ।

ਮੀਟਿੰਗ ਨੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੇ ਵਧਦੇ ਖ਼ਤਰੇ ਤੇ ਚਿੰਤਾ ਦਾ ਵੀ ਪ੍ਰਗਟਾਵਾ ਕੀਤਾ ਅਤੇ ਸਮੂਹਿਕ ਵਿਨਾਸ਼ ਦੇ ਹਥਿਆਰਾਂ ਦੇ ਪੂਰੀ ਤਰ੍ਹਾਂ ਖਾਤਮੇ ਦੀ ਮੰਗ ਕੀਤੀ। ਪ੍ਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਨੂੰ ਪ੍ਰਮਾਣੂ ਹਥਿਆਰਾਂ ਦੀ ਮਨਾਹੀ ਬਾਰੇ ਸੰਧੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਜਿਸਨੂੰ ਜੁਲਾਈ 2017 ਵਿੱਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੁਆਰਾ ਪਾਸ ਕੀਤਾ ਗਿਆ ਸੀ। ਮੀਟਿੰਗ ਨੇ ਕਈ ਅਫਰੀਕੀ ਦੇਸ਼ਾਂ ਵਿੱਚ ਚੱਲ ਰਹੇ ਟਕਰਾਵਾਂ 'ਤੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ ਜਿਸ ਨਾਲ ਭੁੱਖਮਰੀ ਅਤੇ ਗਰੀਬੀ ਵਧ ਰਹੀ ਹੈ। ਉੱਥੇ ਚੱਲ ਰਹੀਆਂ ਲੜਾਈਆਂ ਨੂੰ ਰੋਕਣ ਅਤੇ ਉਹਨਾਂ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਸੰਯੁਕਤ ਰਾਸ਼ਟਰ ਸੰਘ ਨੂੰ ਭੂਮਿਕਾ ਅਦਾ ਕਰਨੀ ਚਾਹੀਦੀ ਹੈ। ਭਾਰਤ ਇਸ ਵਿੱਚ ਵੱਡੀ ਭੂਮਿਕਾ ਨਿਭਾ ਸਕਦਾ ਹੈ ਕਿਉਂਕਿ ਇਕ ਸਮੇਂ ਭਾਰਤ ਦੁਨੀਆ ਦੀ ਅਮਨ ਲਹਿਰ ਦਾ ਮੋਢੀ ਵੀ ਸੀ ਤੇ ਗੁੱਟ ਨਿਰਲੇਪ ਲਹਿਰ ਦੇ ਰਾਹੀਂ ਵਿਕਾਸਸ਼ੀਲ ਦੇਸ਼ਾਂ ਦਾ ਆਗੂ ਵੀ ਰਿਹਾ ਹੈ। ਸ਼ਾਂਤੀ, ਸਦਭਾਵਨਾ, ਨਿਸ਼ਸਤਰੀਕਰਨ ਅਤੇ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਦੇ ਵਿਚਾਰ ਨੂੰ ਉਤਸ਼ਾਹਿਤ ਕਰਨ ਲਈ 3 ਅਗਸਤ 2025 ਨੂੰ ਪੰਜਾਬ ਰਾਜ ਪੱਧਰੀ ਸੰਮੇਲਨ ਆਯੋਜਿਤ ਕੀਤਾ ਜਾਵੇਗਾ।

ਅਸੀਂ ਸਾਰੇ ਇਸ ਮੰਚ ਤੋਂ ਸ਼ਾਂਤੀ ਪਸੰਦ ਨਾਗਰਿਕਾਂ ਨੂੰ ਉਸ ਸੰਮੇਲਨ ਵਿੱਚ ਸ਼ਾਮਲ ਹੋਣ ਅਤੇ ਜੰਗ ਦੇ ਪੈਦਾ ਕੀਤੇ ਮਹੌਲ ਖਿਲਾਫ਼ ਡਟ ਜਾਣ ਦੀ ਅਪੀਲ ਕਰਦੇ ਹਾਂ। ਹੋਰਨਾਂ ਮੈਂਬਰਾਂ ਤੋਂ ਇਲਾਵਾ ਡਾ. ਗੁਲਜ਼ਾਰ ਸਿੰਘ, ਡਾ. ਗੁਰਚਰਨ ਕੌਰ ਕੋਚਰ, ਡਾ. ਸੁਰਿੰਦਰ ਕੈਲੇ, ਡਾ. ਹਰੀ ਸਿੰਘ ਜਾਚਕ, ਕਰਮਜੀਤ ਗਰੇਵਾਲ, ਚਮਕੌਰ ਸਿੰਘ, ਡੀ.ਪੀ.ਮੌੜ, ਨਰੇਸ਼ ਗੌੜ, ਰਮੇਸ਼ ਰਤਨ, ਵਿਜੈ ਕੁਮਾਰ, ਕੇਵਲ ਸਿੰਘ ਬਨਵੈਤ, ਪਰਵੀਨ ਕੁਮਾਰ, ਰਘੁਬੀਰ ਸਿੰਘ, ਡਾ. ਤੇਜਿੰਦਰ, ਸੰਗਰੂਪ ਸਿੰਘ, ਰਾਮ ਸਰੂਪ ਸ਼ਰਮਾ, ਅਮਰਜੀਤ ਸ਼ੇਰਪੁਰੀ, ਡਾ. ਬਲਬੀਰ ਸਿੰਘ ਸ਼ਾਹ, ਬੀ.ਐੱਸ ਔਲਖ ਗੈਲੇਕਸੀ, ਡਾ. ਪਰੀਗਿਆ ਸ਼ਰਮਾ, ਐੱਨ ਕੇ ਛਿੱਬੜ, ਸੁਰਿੰਦਰ ਸਿੰਘ ਬੈਂਸ, ਏ.ਕੇ. ਛਿੱਬੜ, ਬਰਿਜਭੂਸ਼ਨ ਗੋਇਲ, ਡਾ. ਭਾਰਤੀ ਉੱਪਲ, ਡਾ. ਗੁਰਬੀਰ ਸਿੰਘ ਤੂਰ, ਡਾ. ਮਨਜੋਤ ਸਿੰਘ ਤੂਰ, ਪ੍ਰਕਾਸ਼ ਸ਼ਰਮਾ, ਡਾ. ਪਰਮ ਸੈਣੀ, ਸੁਸ਼ਮਾ ਓਬਰਾਏ, ਡਾ.ਸੰਜੀਵ ਉੱਪਲ ਸ਼ਾਮਲ ਹੋਏ।

# ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਅਤੇ ਕੋਰ ਕਮੇਟੀ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਲ ਦੀ ਕੋਰ ਕਮੇਟੀ ਅਤੇ ਅਹੁੱਦੇਦਾਰਾਂ ਦਾ ਐਲਾਨ ਕਰ ਦਿਤਾ ਹੈ।ਬਲਵਿੰਦਰ ਸਿੰਘ ਭੂੰਦੜ ਪਾਰਟੀ ਦੇ ਸਕੱਤਰ ਜਨਰਲ, ਡਾ. ਦਲਜੀਤ ਸਿੰਘ ਚੀਮਾ ਸਕੱਤਰ ਅਤੇ ਸ਼੍ਰੀ ਐਨ.ਕੇ.ਸ਼ਰਮਾ ਖਜਾਨਚੀ ਬਣਾਏ ਗਏ। ਸ. ਸਰਬਜੀਤ ਸਿੰਘ ਝਿੰਜਰ ਯੂਥ ਵਿੰਗ ਦੇ ਪ੍ਰਧਾਨ, ਬੀਬੀ ਹਰਗੋਬਿੰਦ ਕੌਰ ਇਸਤਰੀ ਅਕਾਲੀ ਦਲ ਦੇ ਪ੍ਰਧਾਨ ਅਤੇ ਸ. ਰਣਬੀਰ ਸਿੰਘ ਰਾਣਾ ਐਸ.ਓ.ਆਈ ਦੇ ਪ੍ਰਧਾਨ ਨਿਯੁਕਤ।

### 31 ਮੈਂਬਰੀ ਕੋਰ ਕਮੇਟੀ ਦਾ ਐਲਾਨ

ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦੀ ਸ਼ੁਰੂਆਤ ਕਰਦਿਆਂ ਅੱਜ ਪਾਰਟੀ ਅਹੁਦੇਦਾਰਾਂ ਦੀ ਪਹਿਲੀ ਸੂਚੀ ਅਤੇ ਕੋਰ ਕਮੇਟੀ ਦਾ ਐਲਾਨ ਕੀਤਾ। ਅੱਜ ਐਲਾਨੇ ਗਏ ਅਹੁਦੇਦਾਰਾਂ ਵਿੱਚ ਸ. ਬਲਵਿੰਦਰ ਸਿੰਘ ਭੂੰਦੜ ਪਾਰਟੀ ਦੇ ਸਕੱਤਰ ਜਨਰਲ, ਡਾ. ਦਲਜੀਤ ਸਿੰਘ ਚੀਮਾ ਸਕੱਤਰ ਅਤੇ ਸ਼੍ਰੀ ਐਨ.ਕੇ. ਸ਼ਰਮਾ ਖਜਾਨਚੀ ਬਣਾਏ ਗਏ। ਇਸ ਦੇ ਨਾਲ ਹੀ ਸ. ਸਰਬਜੀਤ ਸਿੰਘ ਝਿੰਜਰ ਨੂੰ ਯੂਥ ਵਿੰਗ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ, ਬੀਬੀ ਹਰਗੋਬਿੰਦ ਕੌਰ ਨੂੰ ਇਸਤਰੀ ਅਕਾਲੀ ਦਲ ਦਾ ਪ੍ਰਧਾਨ ਅਤੇ ਸ. ਰਣਬੀਰ ਸਿੰਘ ਰਾਣਾ ਢਿੱਲੋਂ ਨੂੰ ਐਸ.ਓ.ਆਈ ਦਾ ਪ੍ਰਧਾਨ ਬਣਾਇਆ ਗਿਆ। ਅੱਜ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਐਲਾਨੀ ਗਈ ਕੋਰ ਕਮੇਟੀ ਜਿਸ ਵਿੱਚ ਪਾਰਟੀ ਦੇ 31 ਸੀਨੀਅਰ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਉਹਨਾਂ ਵਿੱਚ ਸ. ਬਲਵਿੰਦਰ ਸਿੰਘ ਭੂੰਦੜ, ਸ. ਹਰਜਿੰਦਰ ਸਿੰਘ ਧਾਮੀ, ਸ਼੍ਰੀ ਨਰੇਸ਼ ਗੁਜਰਾਲ, ਸ. ਪਰਮਜੀਤ ਸਿੰਘ ਸਰਨਾ, ਸ. ਹੀਰਾ ਸਿੰਘ ਗਾਬੜੀਆ, ਸ. ਗੁਲਜ਼ਾਰ ਸਿੰਘ ਰਾਣੀਕੇ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਸ. ਜਨਮੇਜਾ ਸਿੰਘ ਸੇਖੋਂ, ਸ. ਸਿਕੰਦਰ ਸਿੰਘ ਮਲੂਕਾ, ਬੀਬਾ ਹਰਸਿਮਰਤ ਕੌਰ ਬਾਦਲ, ਸ. ਮਨਜੀਤ ਸਿੰਘ ਜੀ.ਕੇ, ਸ. ਸ਼ਰਨਜੀਤ ਸਿੰਘ ਢਿੱਲੋਂ, ਸ. ਬਿਕਰਮ ਸਿੰਘ ਮਜੀਠੀਆ, ਸ. ਸੁੱਚਾ ਸਿੰਘ ਲੰਗਾਹ, ਸ. ਗੁਰਬਚਨ ਸਿੰਘ ਬੱਬੇਹਾਲੀ,



ਸ. ਲਖਬੀਰ ਸਿੰਘ ਲੋਧੀਨੰਗਲ, ਸ਼੍ਰੀ ਐਨ.ਕੇ.ਸ਼ਰਮਾ, ਸ. ਮਨਤਾਰ ਸਿੰਘ ਬਰਾੜ, ਸ. ਬਲਦੇਵ ਸਿੰਘ ਖਹਿਰਾ, ਸ਼੍ਰੀ ਐਸ. ਆਰ. ਕਲੇਰ, ਸ. ਜੋਗਿੰਦਰ ਸਿੰਘ ਜਿੰਦੂ, ਸ. ਤੀਰਥ ਸਿੰਘ ਮਾਹਲਾ, ਸ. ਰਣਜੀਤ ਸਿੰਘ ਢਿੱਲੋਂ, ਸ. ਵਰਦੇਵ ਸਿੰਘ ਮਾਨ, ਸ. ਗੁਰਪ੍ਰੀਤ ਸਿੰਘ ਰਾਜੂਖੰਨਾ, ਸ਼੍ਰੀ ਕਮਲ ਚੇਤਲੀ, ਸ. ਹਰਪ੍ਰੀਤ ਸਿੰਘ ਕੋਟਭਾਈ, ਸ. ਸੁਖਦੀਪ ਸਿੰਘ ਸੁਕਾਰ ਅਤੇ ਸ. ਦਰਬਾਰਾ ਸਿੰਘ ਗੁਰੂ ਦੇ ਨਾਮ ਸ਼ਾਮਲ ਹਨ। ਉਪਰੋਕਤ ਤੋਂ ਇਲਾਵਾ ਹੇਠ ਲਿਖੇ 5 ਸੀਨੀਅਰ ਨੇਤਾਵਾਂ ਨੂੰ ਕੋਰ ਕਮੇਟੀ ਦਾ ਐਕਸ ਆਫੀਸ਼ੀਓ ਮੈਂਬਰ ਬਣਾਇਆ ਗਿਆ ਹੈ ਜਿਹਨਾਂ ਵਿੱਚ ਮੀਡੀਆ ਹੈਡ ਸ. ਹਰਚਰਨ ਸਿੰਘ ਬੈਂਸ, ਯੂਥ ਅਕਾਲੀ ਦਲ ਦੇ ਪ੍ਰਧਾਨ ਸ. ਸਰਬਜੀਤ ਸਿੰਘ ਝਿੰਜਰ, ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਹਰਗੋਬਿੰਦ ਕੌਰ, ਐਸ.ਓ.ਆਈ ਦੇ ਪ੍ਰਧਾਨ ਸ. ਰਣਬੀਰ ਸਿੰਘ ਰਾਣਾ ਢਿੱਲੋਂ ਅਤੇ ਪਾਰਟੀ ਦੇ ਮੁੱਖ ਬੁਲਾਰੇ ਸ. ਅਰਸ਼ਦੀਪ ਸਿੰਘ ਕਲੇਰ ਨੂੰ ਸ਼ਾਮਲ ਕੀਤਾ ਗਿਆ ਹੈ।

# ਪੰਜਾਬ ਟਾਈਮਜ਼

5 ਜੁਲਾਈ, ਸ਼ਨਿਚਰਵਾਰ

## ਸ਼ੰਘਾਈ ਸੰਗਠਨ ਬਨਾਮ ਭਾਰਤ

ਚੀਨ ਦੇ ਸ਼ਹਿਰ ਕਿੰਗਦਾਓ ਵਿਖੇ ਸ਼ੰਘਾਈ ਸਹਿਯੋਗ ਸੰਗਠਨ ਵਿਚ ਸ਼ਾਮਿਲ ਮੈਂਬਰ ਦੇਸ਼ਾਂ ਦੇ ਰੱਖਿਆ ਮੰਤਰੀਆਂ ਦੀ ਹੋਈ ਮੀਟਿੰਗ ਵਿਚ ਕੋਈ ਸਾਂਝਾ ਐਲਾਨਨਾਮਾ ਇਸ ਲਈ ਜਾਰੀ ਨਹੀਂ ਕੀਤਾ ਜਾ ਸਕਿਆ, ਕਿਉਂਕਿ ਭਾਰਤ ਨੇ ਇਸ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਸੰਮੇਲਨ ਵਿਚ ਪਾਕਿਸਤਾਨ 'ਚ ਬਲੋਚ ਵਿਦਰੋਹੀਆਂ ਵਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦੀ ਆਲੋਚਨਾ ਨੂੰ ਤਾਂ ਸ਼ਾਮਿਲ ਕੀਤਾ ਗਿਆ ਸੀ, ਪਰ ਭਾਰਤ ਵਿਚ ਅਤਿਵਾਦੀਆਂ ਵਲੋਂ ਪਹਿਲਗਾਮ ਦੇ ਸੈਲਾਨੀਆਂ 'ਤੇ ਹੋਏ ਹਮਲੇ ਦਾ ਜ਼ਿਕਰ ਨਹੀਂ ਸੀ ਕੀਤਾ ਗਿਆ। ਇਸ ਲਈ ਇਹ ਸਾਂਝਾ ਐਲਾਨਨਾਮਾ ਜਾਰੀ ਨਹੀਂ ਹੋ ਸਕਿਆ ਪਰ ਇਸ ਦੌਰਾਨ ਦੇਸ਼ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀਆਂ ਹੋਈਆਂ ਦੋ ਹੋਰ ਅਹਿਮ ਮੁਲਾਕਾਤਾਂ ਦਾ ਜ਼ਿਕਰ ਕੀਤਾ ਜਾਣਾ ਜ਼ਰੂਰੀ ਹੈ।

ਰੂਸ ਚਾਹੇ ਪਿਛਲੇ ਤਿੰਨ ਸਾਲਾਂ ਤੋਂ ਆਪਣੇ ਗੁਆਂਢੀ ਯੂਕਰੇਨ ਨਾਲ ਜੰਗ ਵਿਚ ਉਲਝਿਆ ਹੋਇਆ ਹੈ ਪਰ ਭਾਰਤ ਦਾ ਉਹ ਹਮੇਸ਼ਾ ਸਹਿਯੋਗੀ ਅਤੇ ਸਾਥੀ ਰਿਹਾ ਹੈ। ਭਾਰਤ ਲਈ ਵੀ ਇਸ ਜੰਗ ਸੰਬੰਧੀ ਤਵਾਜ਼ਨ ਬਣਾ ਕੇ ਰੱਖ ਸਕਣਾ ਬੇਹੱਦ ਮੁਸ਼ਕਿਲ ਸੀ ਪਰ ਉਹ ਇਸ ਵਿਚ ਸਫ਼ਲ ਹੋਇਆ ਹੈ। ਰੱਖਿਆ ਮੰਤਰੀਆਂ ਦੇ ਇਸ ਸੰਮੇਲਨ ਤੋਂ ਹਟ ਕੇ ਭਾਰਤੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਰੂਸ ਦੇ ਰੱਖਿਆ ਮੰਤਰੀ ਆਂਦਰੇ ਬੇਲੋਸੋਵ ਨਾਲ ਹੋਈ ਵਿਸਥਾਰਤ ਗੱਲਬਾਤ ਇਸ ਲਈ ਮਹੱਤਵਪੂਰਨ ਰਹੀ ਹੈ, ਕਿਉਂਕਿ ਭਾਰਤ ਸਮੇਂ-ਸਮੇਂ ਵੱਡੀ ਗਿਣਤੀ ਵਿਚ ਤਰ੍ਹਾਂ-ਤਰ੍ਹਾਂ ਦੇ ਹਥਿਆਰ ਰੂਸ ਤੋਂ ਖ਼ਰੀਦਦਾ ਰਿਹਾ ਹੈ। ਇਸ ਗੱਲਬਾਤ ਵਿਚ ਸੁਖੋਈ ਜੈੱਟਾਂ ਦੇ ਨਾਲ-ਨਾਲ ਮਿਜ਼ਾਈਲ ਪ੍ਰਣਾਲੀਆਂ ਵਿਚ ਵੀ ਹੋਰ ਸੁਧਾਰ ਕਰਨ ਸੰਬੰਧੀ ਚਰਚਾ ਹੋਈ ਹੈ। ਭਾਰਤ ਨੇ ਹਮੇਸ਼ਾ ਰੂਸੀ ਹਥਿਆਰਾਂ ਨੂੰ ਤਰਜੀਹ ਦਿੱਤੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਦੋਹਾਂ ਦੇਸ਼ਾਂ ਵਿਚ ਹਰ ਤਰ੍ਹਾਂ ਦੇ ਮਿਲਵਰਤਨ ਨੂੰ ਵਧਾਉਣ ਬਾਰੇ ਸਹਿਮਤੀ ਬਣੀ ਹੈ। ਇਸ ਦੇ ਨਾਲ-ਨਾਲ ਰਾਜਨਾਥ ਸਿੰਘ ਨੇ ਵੱਖਰਿਆਂ ਤੌਰ 'ਤੇ ਚੀਨ ਦੇ ਰੱਖਿਆ ਮੰਤਰੀ ਡੋਂਗ ਜੁਨ ਨਾਲ ਵੀ ਵਿਸਥਾਰਤ ਗੱਲਬਾਤ ਕੀਤੀ ਹੈ ਅਤੇ ਚੀਨ ਨੂੰ ਦੁਵੱਲੇ ਸਰਹੱਦੀ ਵਿਵਾਦ ਦਾ ਪੱਕਾ ਹੱਲ ਕੱਢਣ ਲਈ ਕਿਹਾ ਹੈ। ਦੋਹਾਂ ਦੇਸ਼ਾਂ ਦੇ ਸੰਬੰਧ ਪਿਛਲੇ ਕਈ ਦਹਾਕਿਆਂ ਤੋਂ ਬਣਦੇ-ਵਿਗੜਦੇ ਰਹੇ ਹਨ। ਲਗਭਗ 63 ਸਾਲ ਪਹਿਲਾਂ 1962 ਵਿਚ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਹੁੰਦਿਆਂ ਚੀਨ ਵਲੋਂ ਹਮਲਾ ਕਰ ਕੇ ਸਰਹੱਦੀ ਮਸਲੇ ਨੂੰ ਹੋਰ ਵੀ ਉਲਝਾ ਦਿੱਤਾ ਗਿਆ ਸੀ, ਜੋ ਉਸ ਸਮੇਂ ਤੋਂ ਹੀ ਤਣਾਅ ਦਾ ਕਾਰਨ ਬਣ ਚੁੱਕਾ ਹੈ। ਇਸੇ ਕਾਰਨ ਦੋਹਾਂ ਦੇਸ਼ਾਂ ਵਿਚ ਵਾਰ-ਵਾਰ ਟਕਰਾਅ ਦੀਆਂ ਸੰਭਾਵਨਾਵਾਂ ਬਣਦੀਆਂ ਰਹਿੰਦੀਆਂ ਹਨ।

ਚੀਨ ਅੱਜ ਦੁਨੀਆ ਦੀ ਦੂਸਰੀ ਵੱਡੀ ਆਰਥਿਕ ਸ਼ਕਤੀ ਬਣ ਗਿਆ ਹੈ ਅਤੇ ਭਾਰਤ ਵੀ ਆਰਥਿਕ ਸ਼ਕਤੀ ਬਣਨ ਦੇ ਰਾਹ 'ਤੇ ਹੈ। ਗੁਆਂਢੀ ਦੇਸ਼ ਹੋਣ ਕਾਰਨ ਜੇਕਰ ਦੋਹਾਂ ਵਿਚ ਸਰਹੱਦੀ ਮਸਲਿਆਂ ਪ੍ਰਤੀ ਆਪਸੀ ਸਮਝ ਬਣ ਜਾਂਦੀ ਹੈ ਤਾਂ ਇਸ ਦਾ ਦੋਹਾਂ ਦੇਸ਼ਾਂ ਨੂੰ ਹੀ ਵੱਡਾ ਲਾਭ ਮਿਲੇਗਾ। ਮਈ 2020 ਵਿਚ ਸਰਹੱਦੀ ਮਸਲੇ ਨੂੰ ਲੈ ਕੇ ਦੋਹਾਂ ਦੇਸ਼ਾਂ ਦੇ ਫ਼ੌਜੀਆਂ ਦੀ ਹੋਈ ਆਪਸੀ ਝੜਪ ਤੋਂ ਬਾਅਦ ਤਣਾਅ ਹੋਰ ਵੀ ਵਧ ਗਿਆ ਸੀ। ਇਹ ਸਰਹੱਦੀ ਮਸਲਾ ਖ਼ਾਸ ਤੌਰ 'ਤੇ ਲੱਦਾਖ ਅਤੇ ਅਰੁਣਾਚਲ ਪ੍ਰਦੇਸ਼ ਦੇ ਨਾਲ ਦੀਆਂ ਸਰਹੱਦਾਂ ਨਾਲ ਜੁੜਿਆ ਹੋਇਆ ਹੈ, ਜਿਸ ਦੇ ਬੀਜ ਭਾਰਤ ਵਿਚ ਅੰਗਰੇਜ਼ੀ ਹਕੂਮਤ ਦੇ ਸਮੇਂ ਤੋਂ ਹੀ ਬੀਜੇ ਗਏ ਸਨ, ਪਰ ਇਸ ਤੋਂ ਬਾਅਦ ਦੋਹਾਂ ਦੇਸ਼ਾਂ ਨੇ ਚੰਗੀ ਸੂਝ-ਬੂਝ ਨਾਲ ਵੱਡੀ ਹੱਦ ਤੱਕ ਸਰਹੱਦਾਂ ਦੇ ਤਣਾਅ ਨੂੰ ਘਟਾਉਣ ਲਈ ਕਾਫ਼ੀ ਯਤਨ ਕੀਤੇ ਹਨ। ਇਸ ਦੇ ਨਾਲ ਹੀ ਪਿਛਲੇ 6 ਸਾਲ ਦੇ ਵਕਫ਼ੇ ਤੋਂ ਬਾਅਦ ਕੈਲਾਸ਼ ਮਾਨਸਰੋਵਰ ਦੀ ਯਾਤਰਾ ਵੀ ਮੁੜ ਤੋਂ ਸ਼ੁਰੂ ਹੋ ਗਈ ਹੈ। ਚਾਹੇ ਚੀਨ ਨੇ ਭਾਰਤ-ਪਾਕਿਸਤਾਨ ਜੰਗ ਵਿਚ ਪਾਕਿਸਤਾਨ ਦੀ ਹਾਮੀ ਭਰੀ ਸੀ ਪਰ ਤਾਂ ਵੀ ਰਾਜਨਾਥ ਸਿੰਘ ਨੇ ਆਪਣੇ ਚੀਨੀ ਹਮਰੁਤਬਾ ਨੂੰ ਪੈਦਾ ਹੋਈ ਇਸ ਸਥਿਤੀ ਬਾਰੇ ਭਾਰਤੀ ਨਜ਼ਰੀਏ ਤੋਂ ਜਾਣੂ ਕਰਵਾਉਣ ਨੂੰ ਅਹਿਮੀਅਤ ਦਿੱਤੀ ਹੈ।

ਰਾਜਨਾਥ ਸਿੰਘ ਵਲੋਂ ਸਰਹੱਦੀ ਮਸਲੇ ਦੇ ਪੱਕੇ ਹੱਲ ਦੀ ਗੱਲ ਚੀਨ ਦੇ ਰੱਖਿਆ ਮੰਤਰੀ ਸਾਹਮਣੇ ਰੱਖਣਾ ਇਕ ਵਧੀਆ ਕਦਮ ਹੈ, ਕਿਉਂਕਿ ਇਹ ਪੇਸ਼ਕਸ਼ ਭਾਰਤ ਦੀ ਕਿਸੇ ਕਮਜ਼ੋਰੀ 'ਚੋਂ ਨਹੀਂ ਨਿਕਲੀ, ਸਗੋਂ ਆਪਣੇ ਗੁਆਂਢੀ ਦੇਸ਼ ਨਾਲ ਅਰਥ-ਭਰਪੂਰ ਸੰਵਾਦ ਰਚਾਉਣ 'ਚੋਂ ਨਿਕਲੀ ਹੈ, ਜੋ ਭਾਰਤ ਦੀ ਪ੍ਰੌੜ੍ਹ ਵਿਦੇਸ਼ੀ ਨੀਤੀ ਦਾ ਪ੍ਰਗਟਾਵਾ ਹੈ, ਇਸ ਵਿਵਾਦ ਨੂੰ ਸੁਲਝਾਇਆ ਜਾਣਾ ਇਸ ਲਈ ਵੀ ਜ਼ਰੂਰੀ ਹੈ ਕਿ ਇਸ ਨਾਲ ਦੋਹਾਂ ਦੇਸ਼ਾਂ ਦੇ ਕਰੋੜਾਂ ਲੋਕਾਂ ਦੀ ਹੋਣੀ ਜੁੜੀ ਹੋਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਾਵਿ-ਵਿਅੰਗ ਨਹੀਂ

ਦਿੱਤੀਆਂ ਹੋਈਆਂ ਨੇ ਸੁਖ ਸਹੂਲਤਾਂ ਵੀ ਲੇਕਿਨ ਮਾਰੂ ਵੀ ਬੜਾ ਵਿਗਿਆਨ ਦੇਖੋ।
ਮਾਚਿਸ ਜਦੋਂ ਵੀ 'ਬਾਂਦਰਾਂ' ਹੱਥ ਆ ਜਏ ਫਿਰ ਉਹ ਕਰਨਗੇ ਪੱਕਾ ਨੁਕਸਾਨ ਦੇਖੋ।
ਹਵਾ ਵਿਚ 'ਹਥਿਆਰ' ਹਨ ਉੜੇ ਫਿਰਦੇ ਭਾਂਬੜ ਬਲ਼ਦੇ ਐ 'ਅੱਧ ਅਸਮਾਨ' ਦੇਖੋ।
ਬਣੀਆਂ ਬਿਲਡਿੰਗਾਂ ਅਤੇ ਬਾਜ਼ਾਰ ਸੋਹਣੇ ਢਾਹ ਢਾਹ ਮਿੱਟੀ ਦੇ ਵਿਚ ਮਿਲਾਨ ਦੇਖੋ।
ਆਮ ਲੋਕਾਂ ਨੂੰ ਸੁੱਝੇ 'ਉਪਾਅ' ਕੋਈ ਨਾ ਹੋਣੋ ਰੁਕੇਗੀ 'ਵਿਸ਼ਵ ਦੀ ਜੰਗ' ਕਿੱਦਾਂ।
ਡੁੱਲ੍ਹਦਾ ਲਹੂ ਨਿਰਦੋਸ਼ਾਂ ਦਾ ਦੇਖ ਕੇ ਜੀ ਫੁਰਨ ਕਵੀ ਨੂੰ 'ਕਾਵਿ-ਵਿਅੰਗ' ਕਿੱਦਾਂ!

# ਜਥੇਦਾਰ ਟੌਹੜਾ ਹੀ ਸਨ ਐਮਰਜੈਂਸੀ ਵਿਰੋਧੀ ਅਕਾਲੀ ਮੋਰਚੇ ਦੇ ਮੋਢੀ!

ਗੁਰਦਰਸ਼ਨ ਸਿੰਘ ਬਾਹੀਆ
ਫੋਨ: 98789-50565

ਐਸ.ਜੀ.ਪੀ.ਸੀ. ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਮੁਲਕ ਵਿਚ ਐਮਰਜੈਂਸੀ ਲਾਏ ਜਾਣ ਦੀ ਖ਼ਬਰ 26 ਜੂਨ 1975 ਦੀ ਸਵੇਰ ਨੂੰ ਉਸ ਵੇਲੇ ਮਿਲੀ ਜਦੋਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰਿੰਸੀਪਲ ਭਰਪੂਰ ਸਿੰਘ ਦੇ ਘਰ ਨਾਸ਼ਤਾ ਕਰ ਰਹੇ ਸਨ। ਉਨ੍ਹਾਂ ਦੇ ਨਿੱਜੀ ਸਹਾਇਕ ਅਬਿਨਾਸ਼ੀ ਸਿੰਘ ਨੇ ਟੈਲੀਫੋਨ ਉੱਤੇ ਇਹ ਖ਼ਬਰ ਦਿੰਦਿਆਂ ਦੱਸਿਆ ਕਿ ਮੁਲਕ ਭਰ ਵਿਚ ਵਿਰੋਧੀ ਪਾਰਟੀਆਂ ਦੇ ਆਗੂਆਂ ਦੀਆਂ ਧੜਾ-ਧੜ ਗ੍ਰਿਫ਼ਤਾਰੀਆਂ ਹੋ ਰਹੀਆਂ ਹਨ, ਇਸ ਲਈ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਆ ਜਾਣਾ ਚਾਹੀਦਾ ਹੈ।

ਜਥੇਦਾਰ ਟੌਹੜਾ ਨਾਸ਼ਤਾ ਕਰ ਕੇ ਤੁਰੰਤ ਸ੍ਰੀ ਦਰਬਾਰ ਸਾਹਿਬ ਨੂੰ ਤੁਰ ਪਏ। ਜਦੋਂ ਉਹ ਭੰਡਾਰੀ ਪੁਲ ਉੱਤੋਂ ਦੀ ਲੰਘ ਰਹੇ ਸਨ ਤਾਂ ਪੀ.ਟੀ.ਆਈ. ਦੇ ਪੱਤਰਕਾਰ ਜੇ.ਐਨ. ਸ਼ਰਮਾ ਨੇ ਇਸ਼ਾਰਾ ਕਰ ਕੇ ਉਨ੍ਹਾਂ ਦੀ ਗੱਡੀ ਰੁਕਵਾ ਲਈ। ਐਮਰਜੈਂਸੀ ਉੱਤੇ ਆਪਣਾ ਪ੍ਰਤੀਕਰਮ ਦੇਣ ਲਈ ਪੁੱਛਣ ਉੱਤੇ, ਜਥੇਦਾਰ ਟੌਹੜਾ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਇਲਾਹਾਬਾਦ ਹਾਈ ਕੋਰਟ ਦਾ ਫ਼ੈਸਲਾ ਕਾਇਮ ਰੱਖੇ ਜਾਣ ਤੋਂ ਤੁਰੰਤ ਬਾਅਦ ਇੰਦਰਾ ਗਾਂਧੀ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ ਪਰ ਉਸ ਨੇ ਅਸਤੀਫ਼ਾ ਦੇਣ ਦੀ ਬਜਾਇ ਐਮਰਜੈਂਸੀ ਲਾ ਕੇ ਤਾਨਾਸ਼ਾਹਾਂ ਵਾਲਾ ਕੰਮ ਕੀਤਾ ਹੈ, ਇਸ ਦੇ ਨਤੀਜੇ ਬਹੁਤ ਬੁਰੇ ਹੋਣਗੇ, ਇਸ ਮੁਲਕ ਲਈ ਵੀ ਤੇ ਇੰਦਰਾ ਗਾਂਧੀ ਲਈ ਵੀ। ਦੂਜੇ ਦਿਨ ਅਖ਼ਬਾਰਾਂ ਵਿਚ ਅਕਾਲੀ ਆਗੂਆਂ ਵਿਚੋਂ ਸਿਰਫ਼ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਹੀ ਐਮਰਜੈਂਸੀ ਵਿਰੋਧੀ ਬਿਆਨ ਛਪਿਆ ਸੀ।

ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਜਥੇਦਾਰ ਟੌਹੜਾ ਨੇ ਆਪਣੇ ਸਟਾਫ਼ ਨਾਲ ਸਲਾਹ ਕਰ ਕੇ ਫ਼ੈਸਲਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਤਤਕਾਲੀਨ ਮੀਟਿੰਗ ਬੁਲਾਈ ਜਾਣੀ ਚਾਹੀਦੀ ਹੈ। ਜਦੋਂ ਉਹ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਗਏ ਤਾਂ ਉੱਥੇ ਜਿੰਦਰਾ ਲੱਗਿਆ ਹੋਇਆ ਸੀ। ਜਿੰਦਰਾ ਤੋੜ ਕੇ ਵਰਕਿੰਗ ਕਮੇਟੀ ਮੈਂਬਰਾਂ ਦੇ ਨਾਂ-ਪਤੇ ਕੱਢੇ ਗਏ ਅਤੇ ਜਥੇਦਾਰ ਟੌਹੜਾ ਨੇ ਆਪਣੇ ਵੱਲੋਂ ਤਾਰਾਂ ਦੇ ਕੇ 29 ਜੂਨ ਨੂੰ ਐਮਰਜੈਂਸੀ ਨਾਲ ਉਤਪੰਨ ਹੋਈ ਸਥਿਤੀ ਉੱਤੇ ਵਿਚਾਰ ਕਰਨ ਲਈ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾ ਲਈ।

29 ਜੂਨ ਦੀ ਇਹ ਮੀਟਿੰਗ ਬਹੁਤ ਭਰਵੀਂ ਹੋਈ। ਮੀਟਿੰਗ ਵਿਚ ਤਕਰੀਬਨ ਸਾਰੇ ਹੀ ਵਿਅਕਤੀਆਂ ਦਾ ਇਹੋ ਕਹਿਣਾ ਸੀ ਕਿ ਅਕਾਲੀ ਦਲ ਨੂੰ ਮੋਰਚਾ ਨਹੀਂ ਲਾਉਣਾ ਚਾਹੀਦਾ। ਭੁਪਿੰਦਰ ਸਿੰਘ ਮਾਨ ਨੇ ਤਾਂ ਇੱਥੋਂ ਤੱਕ ਕਿਹਾ, 'ਸਾਡੀ ਦਸ਼ਾ ਤਾਂ ਇਹ ਐ ਬਈ ਅਸੀਂ ਖੂਹ 'ਚ ਛਾਲ ਮਾਰਨੀ ਐ। ਮਾਰਨੀ ਵੀ ਸਭ ਤੋਂ ਪਹਿਲਾਂ ਅਰ ਮਾਰਨੀ ਵੀ ਉਸ ਖੂਹ 'ਚ ਹੈ ਜਿਹੜਾ ਸਭ ਤੋਂ ਪਹਿਲਾਂ ਆਵੇ।' ਉਨ੍ਹਾਂ ਕਿਹਾ ਕਿ ਜਦੋਂ ਕਿਸੇ ਅਕਾਲੀ ਆਗੂ ਨੂੰ ਗ੍ਰਿਫ਼ਤਾਰ ਹੀ ਨਹੀਂ ਕੀਤਾ ਗਿਆ ਤਾਂ ਅਕਾਲੀਆਂ ਨੂੰ ਕੀ ਲੋੜ ਹੈ ਮੋਰਚਾ ਲਾਉਣ ਦੀ। ਸਭ ਨੇ ਕਿਹਾ ਕਿ ਬਿਲਕੁਲ ਮੋਰਚੇ ਦੀ ਗੱਲ ਨਹੀਂ ਕਰਨੀ, ਹਾਂ ਜੇ ਗ੍ਰਿਫ਼ਤਾਰੀਆਂ ਹੁੰਦੀਆਂ ਹਨ ਤਾਂ ਕੋਈ ਉਜ਼ਰ ਨਹੀਂ ਕਰਨਾ। ਇਸ ਮੀਟਿੰਗ ਵਿਚ ਜਨ ਸੰਘ ਦੇ ਆਗੂ ਯੱਗ ਦੱਤ ਦੀ ਜਥੇਦਾਰ ਟੌਹੜਾ ਨੂੰ ਲਿਖੀ ਗਈ ਉਹ ਚਿੱਠੀ ਵੀ ਪੜ੍ਹ ਕੇ ਸੁਣਾਈ ਗਈ ਜਿਸ ਵਿਚ ਉਸ ਨੇ ਬੜੇ ਜਜ਼ਬਾਤੀ ਰੌਂਅ ਵਿਚ ਅਕਾਲੀਆਂ ਨੂੰ ਮੋਰਚਾ ਲਾਉਣ ਲਈ ਕਿਹਾ ਸੀ।

ਮੀਟਿੰਗ ਵਿਚ ਆਪੋ-ਆਪਣੀਆਂ ਸਲਾਹਾਂ ਦੇਣ ਤੋਂ ਬਾਅਦ ਸਾਰਿਆਂ ਨੇ ਅਕਾਲੀ ਦਲ ਦੇ ਪ੍ਰਧਾਨ ਮੋਹਨ ਸਿੰਘ ਤੁੜ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਅੰਤਿਮ ਫ਼ੈਸਲਾ ਕਰਨ ਦੇ ਅਧਿਕਾਰ ਦੇ ਦਿੱਤੇ। ਉਸੇ ਰਾਤ ਹੋਈ ਮੀਟਿੰਗ ਵਿਚ ਜਥੇਦਾਰ ਟੌਹੜਾ ਪਾਰਟੀ ਦੇ ਇੱਕ ਹੋਰ ਸੀਨੀਅਰ ਆਗੂ ਜਗਦੇਵ ਸਿੰਘ ਤਲਵੰਡੀ ਨੂੰ ਵੀ ਨਾਲ ਲੈ ਗਏ। ਮੀਟਿੰਗ ਵਿਚ ਸਭ ਤੋਂ ਪਹਿਲਾਂ ਜਦੋਂ ਜਥੇਦਾਰ ਟੌਹੜਾ ਦੀ ਰਾਇ ਪੁੱਛੀ ਗਈ ਤਾਂ ਉਨ੍ਹਾਂ ਕਿਹਾ, 'ਮੈਂ ਤਾਂ ਸਿਰਫ਼ ਏਨਾ ਹੀ ਫ਼ਰਜ਼ ਨਿਭਾਇਆ ਹੈ ਕਿ ਤੁਹਾਡੀ ਗ਼ੈਰਹਾਜ਼ਰੀ ਵਿਚ ਪਾਰਟੀ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾ ਦਿੱਤੀ ਹੈ। ਹੁਣ ਫ਼ੈਸਲਾ ਅਕਾਲੀ ਦਲ ਨੇ ਕਰਨਾ ਹੈ, ਮੈਂ ਬਤੌਰ ਸ਼੍ਰੋਮਣੀ ਕਮੇਟੀ ਪ੍ਰਧਾਨ ਉਸ ਦੀ ਪ੍ਰੋੜ੍ਹਤਾ ਕਰਨੀ ਹੈ। ਉਹ ਮੈਂ ਕਰਾਂਗਾ, ਜਿਹੜਾ ਵੀ ਫ਼ੈਸਲਾ ਤੁਸੀਂ ਕਰੋਗੇ।' ਪਰ ਤਿੰਨੇ ਅਕਾਲੀ ਆਗੂ ਹੀ ਕਹਿਣ ਲੱਗੇ ਕਿ ਤੁਸੀਂ ਆਪਣੀ ਰਾਇ ਤਾਂ ਦਿਓ। ਜਥੇਦਾਰ ਟੌਹੜਾ ਨੇ ਪੁੱਛਿਆ ਕਿ ਤੁਸੀਂ ਮੋਰਚਾ ਲਾਉਣਾ ਚਾਹੁੰਦੇ ਹੋ? ਬਾਕੀਆਂ ਵੱਲੋਂ ਹਾਂ ਕਹਿਣ ਉੱਤੇ ਜਥੇਦਾਰ ਟੌਹੜਾ ਨੇ ਕਿਹਾ ਕਿ ਇਸ ਵਿਚ ਆਮ ਵਰਕਰਾਂ ਅਤੇ ਲੋਕਾਂ ਦੀ ਥਾਂ ਸਿਰਫ਼ 500-1000 ਚੋਣਵੇਂ ਆਗੂ ਹੀ ਗ੍ਰਿਫ਼ਤਾਰੀਆਂ ਦੇਣ ਕਿਉਂਕਿ ਐਮਰਜੈਂਸੀ ਲੰਮੀ ਵੀ ਚੱਲ ਸਕਦੀ ਹੈ।



ਪ੍ਰਕਾਸ਼ ਸਿੰਘ ਬਾਦਲ ਨੇ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਆਪਾਂ ਨੂੰ ਜਨਤਕ ਮੋਰਚਾ ਲਾਉਣਾ ਚਾਹੀਦਾ ਹੈ।

ਜਨਤਕ ਮੋਰਚਾ ਲਾਉਣ ਦੇ ਫ਼ੈਸਲੇ ਤੋਂ ਬਾਅਦ ਪਹਿਲਾ ਜਥਾ ਲੈ ਕੇ ਜਾਣ ਬਾਰੇ ਚਰਚਾ ਦੌਰਾਨ ਜਥੇਦਾਰ ਟੌਹੜਾ ਨੇ ਬੀਰਦਵਿੰਦਰ ਸਿੰਘ ਦਾ ਨਾਂ ਸੁਝਾਇਆ ਪਰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੋਂ ਬਿਨਾਂ ਆਪਾਂ ਤਿੰਨਾਂ ਨੂੰ ਹੀ ਪਹਿਲੇ ਜਥੇ ਵਿਚ ਜਾਣਾ ਚਾਹੀਦਾ ਹੈ। ਜਥੇਦਾਰ ਟੌਹੜਾ ਨੇ ਤਾਂ ਇਸ ਤਜਵੀਜ਼ ਦੀ ਹਾਮੀ ਭਰ ਦਿੱਤੀ ਪਰ ਜਥੇਦਾਰ ਤਲਵੰਡੀ ਕਹਿਣ ਲੱਗੇ ਕਿ ਉਹ ਇਕੱਲੇ ਬਾਹਰ ਰਹਿ ਕੇ ਮੋਰਚਾ ਨਹੀਂ ਚਲਾ ਸਕਣਗੇ। ਉਨ੍ਹਾਂ ਸ਼ਰਤ ਲਾ ਦਿੱਤੀ ਕਿ ਜੇ ਉਨ੍ਹਾਂ ਨੂੰ ਮੋਰਚਾ ਚਲਾਉਣ ਦੀ ਜ਼ਿੰਮੇਵਾਰੀ ਦੇਣੀ ਹੈ ਤਾਂ ਜਥੇਦਾਰ ਟੌਹੜਾ ਉਨ੍ਹਾਂ ਦੀ ਸਹਾਇਤਾ ਲਈ ਬਾਹਰ ਰਹਿਣ। ਆਖ਼ਰ ਇਹ ਫ਼ੈਸਲਾ ਹੋਇਆ ਕਿ 9 ਜੁਲਾਈ ਨੂੰ ਮੋਹਨ ਸਿੰਘ ਤੁੜ ਅਤੇ ਪ੍ਰਕਾਸ਼ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾ ਜਥਾ ਲੈ ਕੇ ਜਾਣਗੇ।

ਅਕਾਲੀ ਵਰਕਰਾਂ ਨੂੰ ਮੋਰਚੇ ਲਈ ਲਾਮਬੰਦ ਕਰਨ ਲਈ ਮੋਹਨ ਸਿੰਘ ਤੁੜ ਨੂੰ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਦਿੱਤੇ ਗਏ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਕਿਹਾ ਗਿਆ ਕਿ ਉਹ ਜਲੰਧਰ, ਲੁਧਿਆਣਾ, ਰੋਪੜ, ਪਟਿਆਲਾ ਅਤੇ ਸੰਗਰੂਰ ਦੇ ਵਰਕਰਾਂ ਨੂੰ ਪ੍ਰੇਰਿਤ ਕਰਨਗੇ। ਕਪੂਰਥਲਾ, ਫ਼ਰੀਦਕੋਟ, ਮੁਕਤਸਰ ਅਤੇ ਬਠਿੰਡਾ ਜ਼ਿਲ੍ਹਿਆਂ ਦੀ ਜ਼ਿੰਮੇਵਾਰੀ ਪ੍ਰਕਾਸ਼ ਸਿੰਘ ਬਾਦਲ ਨੇ ਲੈ ਲਈ। ਛੇ ਜੁਲਾਈ ਨੂੰ ਅਗਲੀ ਮੀਟਿੰਗ ਰੱਖ ਕੇ ਇਹ ਅਕਾਲੀ ਆਗੂ ਆਪੋ-ਆਪਣੇ ਇਲਾਕਿਆਂ ਨੂੰ ਤੁਰ ਗਏ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਜਦੋਂ 6 ਜੁਲਾਈ ਨੂੰ ਵਾਪਸ ਅੰਮ੍ਰਿਤਸਰ ਪਹੁੰਚੇ ਤਾਂ ਉਨ੍ਹਾਂ ਨੇ ਉੱਥੋਂ ਦੀਆਂ ਅਕਾਲੀ ਸਫ਼ਾਂ ਵਿਚ ਆਪਣੇ ਵਿਰੁੱਧ ਕੀਤਾ ਜਾ ਰਿਹਾ ਇਹ ਪ੍ਰਚਾਰ ਸੁਣਿਆ ਕਿ ਉਨ੍ਹਾਂ ਦਾ ਅੰਦਰ-ਖਾਤੇ ਇੰਦਰਾ ਗਾਂਧੀ ਨਾਲ ਕੋਈ ਸੌਦਾ ਹੋਇਆ ਹੈ, ਇਸੇ ਲਈ ਐਮਰਜੈਂਸੀ ਵਿਰੁੱਧ ਮੋਰਚਾ ਨਹੀਂ ਸੀ ਲੱਗਣ ਦੇਣਾ ਚਾਹੁੰਦਾ। ਜਥੇਦਾਰ ਟੌਹੜਾ ਵਿਰੁੱਧ ਇਹ ਪ੍ਰਚਾਰ ਮੋਹਨ ਸਿੰਘ ਤੁੜ ਅਤੇ ਪ੍ਰਕਾਸ਼ ਸਿੰਘ ਬਾਦਲ ਨਾਲ ਸਬੰਧਿਤ ਵਿਅਕਤੀ ਕਰ ਰਹੇ ਸਨ।

ਛੇ ਜੁਲਾਈ ਦੀ ਮੀਟਿੰਗ ਵਿਚ ਪ੍ਰਕਾਸ਼ ਸਿੰਘ ਬਾਦਲ ਤਾਂ ਆਏ ਹੀ ਨਹੀਂ। ਮੋਹਨ ਸਿੰਘ ਤੁੜ ਨੂੰ ਜਥੇਦਾਰ ਟੌਹੜਾ ਨੇ ਆਪਣੇ ਖ਼ਿਲਾਫ਼ ਕੀਤੇ ਜਾ ਰਹੇ ਭੰਡੀ ਪ੍ਰਚਾਰ ਸਬੰਧੀ ਬੜੇ ਸਖ਼ਤ ਲਹਿਜੇ ਵਿਚ ਪੁੱਛਿਆ ਤਾਂ ਪਹਿਲਾਂ ਤਾਂ ਉਹ ਮੁੱਕਰ ਹੀ ਗਏ। ਜਦੋਂ ਜਥੇਦਾਰ ਟੌਹੜਾ ਨੇ ਇੱਕ ਖ਼ਾਸ ਵਿਅਕਤੀ ਦਾ ਨਾਂ ਲੈ ਕੇ ਕਿਹਾ ਕਿ ਤੁਸੀਂ ਖ਼ੁਦ ਇਸ ਬੰਦੇ ਨੂੰ ਇਹ ਗੱਲਾਂ ਕਹੀਆਂ ਹਨ ਤਾਂ ਛਿੱਥੇ ਪੈ ਕੇ ਕਹਿਣ ਲੱਗੇ, 'ਚੱਲੋ ਛੱਡੋ ਗੁੱਸੇ ਨੂੰ। ਮੈਂ ਅੱਜ ਆਪਣੇ ਅਕਾਲ ਤਖ਼ਤ ਸਾਹਿਬ 'ਤੇ ਜਿਹੜਾ ਦੀਵਾਨ ਲੱਗੂ, ਉਹਦੇ 'ਚ ਸਾਰੀ ਪੁਜ਼ੀਸ਼ਨ ਸਾਫ਼ ਕਰ ਦੇਣੀ ਐ।' ਜਥੇਦਾਰ ਟੌਹੜਾ ਨੇ ਕਿਹਾ ਕਿ ਹੁਣ ਤਾਂ ਇਹ ਭੰਡੀ ਪ੍ਰਚਾਰ ਪੰਜ-ਦਸ ਬੰਦਿਆਂ ਤੱਕ ਹੀ ਸੀਮਤ ਹੈ, ਭਰੇ ਦੀਵਾਨ ਵਿਚ ਇਹ ਮਾਮਲਾ ਕੈ ਜਾਣ ਦਾ ਮਤਲਬ ਹੈ ਕਿ ਇਹ ਭੰਡੀ ਪ੍ਰਚਾਰ ਹਰ ਅਕਾਲੀ ਵਰਕਰ ਦੇ ਕੰਨਾਂ ਵਿਚ ਪਵੇ।

ਜਥੇਦਾਰ ਟੌਹੜਾ ਨੇ ਇਸ ਭੰਡੀ ਪ੍ਰਚਾਰ ਤੋਂ ਖ਼ਫ਼ਾ ਹੋ ਕੇ ਜਥੇਦਾਰ ਮੋਹਨ ਸਿੰਘ ਤੁੜ ਨੂੰ ਕਿਹਾ ਕਿ ਉਹ ਹੁਣ ਬਾਹਰ ਰਹਿਣ ਦੀ ਥਾਂ ਮੋਰਚੇ ਦੇ ਪਹਿਲੇ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬਜਾਇ ਪਟਿਆਲਾ ਕਚਹਿਰੀਆਂ ਵਿਚ ਆਪਣੇ ਜਥੇ ਸਮੇਤ ਗ੍ਰਿਫ਼ਤਾਰੀ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਮੋਰਚਾ ਧਾਰਮਿਕ ਮਾਮਲੇ ਦੀ ਥਾਂ ਨਿਰੋਲ ਰਾਜਸੀ ਮੁੱਦੇ ਉੱਤੇ ਲੱਗ ਰਿਹਾ ਹੈ, ਇਸ ਲਈ ਇਹ ਲਾਜ਼ਮੀ ਨਹੀਂ ਕਿ ਗ੍ਰਿਫ਼ਤਾਰੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਤੁਰਿਆ ਜਾਵੇ। ਜਥੇਦਾਰ ਟੌਹੜਾ ਨੇ ਇਹ ਵੀ ਕਿਹਾ ਕਿ ਜਿੰਨੇ ਵਰਕਰ ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਤੁੜ ਦੇ ਜਥਿਆਂ ਵਿਚ ਹੋਣਗੇ ਉਸ ਤੋਂ ਵੱਧ ਉਹ ਨਹੀਂ ਲੈ ਕੇ ਜਾਣਗੇ ਤਾਂ ਕਿ ਇਨ੍ਹਾਂ ਆਗੂਆਂ ਦੀ ਹੇਠੀ ਨਾ ਹੋਵੇ।

ਤੁੜ ਨੇ ਜਥੇਦਾਰ ਟੌਹੜਾ ਨੂੰ ਕਿਹਾ, 'ਨਹੀਂ ਨਹੀਂ, ਤੂੰ ਠਹਿਰ। ਤੂੰ ਗੁੱਸਾ ਕਰ ਗਿਐਂ।' ਉਨ੍ਹਾਂ ਕਿਹਾ, 'ਗੁੱਸਾ ਤਾਂ ਕੁਦਰਤੀ ਐ। ਇਹ ਇਲਜ਼ਾਮ ਬੇਹੂਦਾ ਨੇ, ਜਿਸਦਾ ਕੋਈ ਮੂੰਹ-ਸਿਰ ਨਹੀਂ। ਜਿੰਦਰੇ ਤੋੜ ਕੇ ਮੀਟਿੰਗ ਤਾਂ ਮੈਂ ਬੁਲਾਈ ਐ। ਐਮਰਜੈਂਸੀ ਖ਼ਿਲਾਫ਼ ਬਿਆਨ ਥੋਡਾ ਕਿਸੇ ਦਾ ਅੱਜ ਤਾਈਂ ਨ੍ਹੀਂ ਆਇਆ। ਮੇਰੇ 'ਕੱਲੇ ਦਾ ਪ੍ਰਤੀਕਰਮ ਆਇਆ। ਤੁਸੀਂ ਪ੍ਰਚਾਰ ਇਹ ਕਰੋ ਕਿ ਮੈਂ ਇੰਦਰਾ ਨਾਲ ਰਲਿਆ ਹੋਇਆਂ। ਮੈਨੂੰ ਬੜਾ ਅਫ਼ਸੋਸ ਐ।' ਜਥੇਦਾਰ ਟੌਹੜਾ ਜਦੋਂ ਆਪਣਾ ਇਹ ਫ਼ੈਸਲਾ ਸੁਣਾ ਕੇ ਪਟਿਆਲੇ ਨੂੰ ਤੁਰ ਆਏ ਤਾਂ ਉਸ ਪਿੱਛੋਂ ਪ੍ਰਕਾਸ਼ ਸਿੰਘ ਬਾਦਲ ਵੀ ਅੰਮ੍ਰਿਤਸਰ ਪਹੁੰਚ ਗਏ।

ਜਥੇਦਾਰ ਟੌਹੜਾ ਨੇ ਪਟਿਆਲੇ ਆ ਕੇ ਆਪਣੇ ਜਥੇ ਸਮੇਤ ਗ੍ਰਿਫ਼ਤਾਰੀ ਦੇਣ ਲਈ ਤਿਆਰੀ ਵਿੱਢ ਦਿੱਤੀ। ਜਥੇਦਾਰ ਤੁੜ ਅਤੇ ਜਗਦੇਵ ਸਿੰਘ ਤਲਵੰਡੀ ਦੇ ਦਸਤਖ਼ਤ ਹੇਠ ਜਥੇਦਾਰ ਟੌਹੜਾ ਨੂੰ ਲਿਖੀ ਗਈ ਚਿੱਠੀ 8 ਜੁਲਾਈ ਨੂੰ ਸਵੇਰੇ 5 ਵਜੇ ਹੀ ਇੱਕ ਖ਼ਾਸ ਏਲਚੀ ਰਾਹੀਂ ਉਨ੍ਹਾਂ ਨੂੰ ਦਿੱਤੀ ਗਈ। ਚਿੱਠੀ ਵਿਚ ਦੋਹਾਂ ਅਕਾਲੀ ਆਗੂਆਂ ਨੇ ਜਥੇਦਾਰ ਟੌਹੜਾ ਨੂੰ ਵੱਡਾ ਭਰਾ ਕਹਿੰਦਿਆਂ ਨਿਮਰਤਾ ਨਾਲ ਬੇਨਤੀ ਕੀਤੀ ਕਿ ਉਹ ਇੱਕ ਵਾਰੀ ਅੰਮ੍ਰਿਤਸਰ ਆ ਕੇ ਉਨ੍ਹਾਂ ਨੂੰ ਜ਼ਰੂਰ ਮਿਲਣ, ਫਿਰ ਭਾਵੇਂ ਗ੍ਰਿਫ਼ਤਾਰੀ ਪਟਿਆਲੇ ਤੋਂ ਹੀ ਦੇ ਦੇਣ। ਜਥੇਦਾਰ ਟੌਹੜਾ ਇਹ ਸੋਚ ਕੇ ਅੰਮ੍ਰਿਤਸਰ ਪਹੁੰਚ ਗਏ ਕਿ ਬਖੇੜਾ ਨਹੀਂ ਵਧਾਉਣਾ ਚਾਹੀਦਾ।

ਅਕਾਲੀ ਆਗੂਆਂ ਦੀ ਫਿਰ ਹੋਈ ਮੀਟਿੰਗ ਵਿਚ ਜਥੇਦਾਰ ਟੌਹੜਾ ਨੂੰ ਨਿਮਰਤਾ ਨਾਲ ਕਿਹਾ ਗਿਆ ਕਿ ਉਹ ਪਿਛਲੀਆਂ ਗੱਲਾਂ ਭੁੱਲ ਜਾਣ ਤੇ ਪਾਰਟੀ ਆਗੂਆਂ ਨਾਲ ਹੀ ਗ੍ਰਿਫ਼ਤਾਰੀ ਦੇਣ। ਉਨ੍ਹਾਂ ਇਹ ਗੱਲ ਮੰਨ ਲਈ। ਜਥੇਦਾਰ ਟੌਹੜਾ ਪੁੱਛਣ ਲੱਗੇ ਕਿ ਇਹ ਦੱਸੋ ਕਿ ਲੋਕਾਂ ਵਿਚ ਕਿੰਨਾ ਕੁ ਉਤਸ਼ਾਹ ਹੈ ਮੋਰਚੇ ਲਈ। ਸਾਰਿਆਂ ਨੇ ਹੀ ਕਿਹਾ ਕਿ ਉਤਸ਼ਾਹ ਤਾਂ ਕੋਈ ਹੈ ਨਹੀਂ। ਆਤਮਾ ਸਿੰਘ ਅਤੇ ਕਿਰਪਾਲ ਸਿੰਘ ਚੱਕ ਸ਼ੇਰੇਵਾਲਾ ਸਮੇਤ ਕਈ ਸੀਨੀਅਰ ਅਕਾਲੀ ਆਗੂ ਇਸ ਮੀਟਿੰਗ ਵਿਚ ਇਹ ਕਹਿਣ ਲਈ ਹੀ ਉਚੇਚੇ ਤੌਰ ਉੱਤੇ ਆਏ ਕਿ ਮੋਰਚਾ ਨਾ ਲਾਇਆ ਜਾਵੇ ਪਰ ਫ਼ੈਸਲਾ ਮੋਰਚਾ ਲਾਉਣ ਦਾ ਹੋ ਗਿਆ। ਫਿਰ ਵਿਚਾਰ ਹੋਣ ਲੱਗਿਆ ਕਿ ਪਹਿਲੇ ਜਥੇ ਵਿਚ ਕੌਣ-ਕੌਣ ਜਾਵੇ। ਪ੍ਰਕਾਸ਼ ਸਿੰਘ ਬਾਦਲ ਕਹਿਣ ਲੱਗੇ ਕਿ ਇੱਕ ਤਾਂ ਉਹ ਖ਼ੁਦ ਜਾਣਗੇ, ਦੂਜੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਤੀਜੇ ਜਗਦੇਵ ਸਿੰਘ ਤਲਵੰਡੀ, ਚੌਥੇ ਆਤਮਾ ਸਿੰਘ ਤੇ ਜਦੋਂ ਉਹ ਪੰਜਵੇਂ ਦਾ ਨਾਂ ਲੈਣ ਲੱਗੇ ਤਾਂ ਜਥੇਦਾਰ ਟੌਹੜਾ ਕਹਿਣ ਲੱਗੇ, 'ਚਾਰ ਨਾਂ ਤੁਸੀਂ ਦੇ ਦਿੱਤੇ ਹਨ, ਹੁਣ ਪੰਜਵਾਂ ਮੈਂ ਦੇਵਾਂਗਾ। ਉਹ ਹੈ ਬਸੰਤ ਸਿੰਘ ਖ਼ਾਲਸਾ ਕਿਉਂਕਿ ਕੋਈ ਦਲਿਤ ਸ਼੍ਰੇਣੀ ਵਿਚੋਂ ਵੀ ਚਾਹੀਦਾ ਹੈ।' ਇਸ ਉੱਤੇ ਜਸਵਿੰਦਰ ਸਿੰਘ ਬਰਾੜ ਨੇ ਬਹੁਤ ਰੌਲਾ ਪਾਇਆ ਕਿ ਜਨਰਲ ਸਕੱਤਰ ਹੋਣ ਨਾਤੇ ਉਸ ਨੂੰ ਵੀ ਪਹਿਲੇ ਜਥੇ ਵਿਚ ਸ਼ਾਮਲ ਕੀਤਾ ਜਾਵੇ।

ਅਖੀਰ 9 ਜੁਲਾਈ 1975 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਐਮਰਜੈਂਸੀ ਵਿਰੋਧੀ ਮੋਰਚਾ ਸ਼ੁਰੂ ਹੋਇਆ। ਪਹਿਲੇ ਦਿਨ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੀਨੀਅਰ ਅਕਾਲੀ ਆਗੂ ਜਗਦੇਵ ਸਿੰਘ ਤਲਵੰਡੀ, ਆਤਮਾ ਸਿੰਘ ਅਤੇ ਬਸੰਤ ਸਿੰਘ ਖ਼ਾਲਸਾ ਨੇ ਗ੍ਰਿਫ਼ਤਾਰੀ ਦਿੱਤੀ। ਉਸੇ ਦਿਨ ਹੀ ਪ੍ਰੇਮ ਸਿੰਘ ਲਾਲਪੁਰਾ ਨੇ ਤਰਨ ਤਾਰਨ ਤੋਂ ਗ੍ਰਿਫ਼ਤਾਰੀ ਦਿੱਤੀ।

ਪੰਜਾਬੀ ਖ਼ਾਸ ਕਰ ਕੇ ਸਿੱਖ ਹਲਕਿਆਂ ਵਿਚ ਇਹ ਬਹਿਸ ਹਮੇਸ਼ਾ ਚੱਲਦੀ ਰਹੀ ਹੈ ਕਿ ਕੀ ਸ਼੍ਰੋਮਣੀ ਅਕਾਲੀ ਦਲ ਨੂੰ ਐਮਰਜੈਂਸੀ ਵਿਰੁੱਧ ਮੋਰਚਾ ਲਾਉਣਾ ਚਾਹੀਦਾ ਸੀ ਜਾਂ ਨਹੀਂ। ਕੇਂਦਰ ਸਰਕਾਰ ਖ਼ਾਸ ਕਰ ਕੇ ਸ੍ਰੀਮਤੀ ਇੰਦਰਾ ਗਾਂਧੀ ਨਾਲ ਟਕਰਾਅ ਦਾ ਅਸਲ ਮੁੱਢ ਇਸ ਮੋਰਚੇ ਨਾਲ ਹੀ ਬੱਝਿਆ ਸਮਝਿਆ ਜਾਂਦਾ ਹੈ, ਜਿਸ ਵਿਚੋਂ ਹੀ ਸ੍ਰੀ ਦਰਬਾਰ ਸਾਹਿਬ ਉੱਤੇ ਹੋਈ ਫ਼ੌਜੀ ਕਾਰਵਾਈ ਨਿਕਲੀ।

(ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਆਡੀਓ ਰਿਕਾਰਡਿੰਗ ਉੱਤੇ ਆਧਾਰਿਤ)

## ਤਸੀਹਿਆਂ ਦੇ ਖਿਲਾਫ਼ ਵਿਸ਼ਵ ਸੰਗਠਨਾਂ ਦੀ ਰਿਪੋਰਟ

# ਭਾਰਤ ਨੂੰ ਪੁਲਿਸ ਤਸੀਹਿਆਂ ਪੱਖੋਂ 'ਉਚ ਜੋਖਮ' ਵਾਲਾ ਮੁਲਕ ਕਰਾਰ ਦਿੱਤਾ

ਸੰਯੁਕਤ ਰਾਸ਼ਟਰ ਦੇ ਤਸੀਹਾ ਪੀੜਤਾਂ ਦੀ ਹਮਾਇਤ ਵਿਚ ਅੰਤਰਰਾਸ਼ਟਰੀ ਦਿਵਸ 'ਤੇ, ਅਸੀਂ ਤਸੀਹਿਆਂ ਵਿਰੋਧੀ ਸੰਸਥਾਵਾਂ ਦੇ ਵਿਸ਼ਵ-ਵਿਆਪੀ ਗੱਠਜੋੜ ਦੀ ਤਾਜ਼ਾ ਰਿਪੋਰਟ 'ਤੇ ਚਰਚਾ ਕਰ ਰਹੇ ਹਾਂ, ਜਿਸ ਨੇ ਭਾਰਤ ਨੂੰ ਸਮੁੱਚੇ ਤੌਰ 'ਤੇ 'ਉਚ ਜੋਖਮ' ਵਾਲਾ ਮੁਲਕ ਦੱਸਿਆ ਹੈ। ਤਸੀਹਿਆਂ ਦੇ ਖ਼ਿਲਾਫ਼ ਕਨਵੈਨਸ਼ਨ ਨੂੰ ਮਨਜ਼ੂਰੀ ਨਾ ਦੇਣ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨਐਚਆਰਸੀ) ਦੇ ਦਰਜੇ ਵਿਚ ਕਮੀ ਦਰਮਿਆਨ, ਭਾਰਤ ਆਪਣੇ ਮਨੁੱਖੀ ਅਧਿਕਾਰ ਦਰਜੇ ਨੂੰ ਲੈ ਕੇ ਨਾਜ਼ੁਕ ਮੋੜ 'ਤੇ ਖੜ੍ਹਾ ਹੈ।

ਇਹ ਸਾਲ ਭਾਰਤੀ ਪੁਲਿਸ ਲਈ ਚੌਂਕਾਉਣ ਵਾਲਾ ਰਿਹਾ ਹੈ, ਕਈ ਰਿਪੋਰਟਾਂ ਨੇ ਉਨ੍ਹਾਂ ਦੇ ਗ਼ੈਰ-ਸੰਵਿਧਾਨਕ ਅਤੇ ਤਸੀਹੇ ਦੇਣ ਵਾਲੇ ਰਵੱਈਏ ਨੂੰ ਉਜਾਗਰ ਕੀਤਾ ਹੈ। 'ਭਾਰਤ ਵਿਚ ਪੁਲਿਸਿੰਗ ਦੀ ਸਥਿਤੀ 2025' ਰਿਪੋਰਟ ਵਿਚ

ਐਡਗਰ ਕੈਸਰ, ਗ੍ਰੇਸ ਅਨੂ ਬੈਕੀਆ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਪੁਲਿਸ ਅਧਿਕਾਰੀਆਂ ਦੇ ਤਸੀਹਿਆਂ ਬਾਰੇ ਰਵੱਈਏ ਬਾਰੇ ਚਿੰਤਾਜਨਕ ਡੇਟਾ ਪੇਸ਼ ਕੀਤਾ ਗਿਆ ਹੈ। ਰਿਪੋਰਟ ਅਨੁਸਾਰ, ਬਹੁਤੇ ਪੁਲਿਸ ਅਧਿਕਾਰੀ ਤਸੀਹਿਆਂ ਨੂੰ ਜਾਇਜ਼ ਠਹਿਰਾਉਂਦੇ ਹਨ ਅਤੇ ਪੁੱਛਗਿੱਛ ਤੇ ਜਾਂਚ ਦੌਰਾਨ ਇਸਦੀ ਵਰਤੋਂ ਨੂੰ ਸਵੀਕਾਰ ਕਰਦੇ ਹਨ। 'ਇੰਡੀਆ ਜਸਟਿਸ ਰਿਪੋਰਟ 2025' ਨੇ ਵੀ ਪੁਲਿਸਿੰਗ ਨਾਲ ਜੁੜੀਆਂ ਕਈ ਸਮੱਸਿਆਵਾਂ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ ਭੀੜ-ਭੜੱਕੇ ਵਾਲੀਆਂ ਜੇਲ੍ਹਾਂ, ਔਰਤ ਪੁਲਿਸ ਅਧਿਕਾਰੀਆਂ ਦੀ ਕਮੀ ਅਤੇ ਨਿਆਂਪਾਲਿਕਾ ਦੀ ਤਰਸਯੋਗ ਹਾਲਤ।

ਕੋਲੰਬੀਆ ਲਾਅ ਸਕੂਲ ਦੇ ਹਿਊਮਨ ਰਾਈਟਸ ਇੰਸਟੀਚਿਊਟ ਦੀ ਇਕ ਤਾਜ਼ਾ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਭਾਰਤੀ ਰਾਜ ਮਸ਼ੀਨਰੀ ਵੱਲੋਂ ਪੱਤਰਕਾਰਾਂ ਦੇ ਖ਼ਿਲਾਫ਼ ਗ਼ੈਰ-ਕਾਨੂੰਨੀ ਹਿਰਾਸਤ, ਝੂਠੇ ਇਲਜ਼ਾਮ ਅਤੇ ਪ੍ਰੇਸ਼ਾਨ ਕਰਨ ਦੇ ਹੋਰ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੌਰਾਨ, ਵਰਲਡ ਆਰਗੇਨਾਈਜ਼ੇਸ਼ਨ ਅਗੇਂਸਟ ਟਾਰਚਰ (ਓਐਮਸੀਟੀ) ਦੁਆਰਾ ਜਾਰੀ 'ਗਲੋਬਲ ਟਾਰਚਰ ਇੰਡੈਕਸ 2025' ਨੇ ਭਾਰਤ ਨੂੰ ਪੁਲਿਸ ਤਸੀਹਿਆਂ ਦੇ ਵੱਖ-ਵੱਖ ਪਹਿਲੂਆਂ ਦੇ ਆਧਾਰ 'ਤੇ 'ਉਚ ਜੋਖਮ' ਵਾਲੇ ਮੁਲਕਾਂ ਦੀ ਸ਼੍ਰੇਣੀ ਵਿਚ ਰੱਖਿਆ ਹੈ।

### ਰਿਪੋਰਟ ਕੀ ਕਹਿੰਦੀ ਹੈ?

ਓਐਮਸੀਟੀ, ਜੋ ਤਸੀਹਿਆਂ ਵਿਰੋਧੀ ਲਹਿਰ ਵਿਚ ਅਗਵਾਈ ਕਰ ਰਿਹਾ ਹੈ ਅਤੇ ਜਿਸ ਦੀਆਂ ਦੁਨੀਆ ਭਰ ਵਿਚ 200 ਤੋਂ ਵੱਧ ਸਹਿਯੋਗੀ ਜਥੇਬੰਦੀਆਂ ਹਨ, ਨੇ ਇਹ ਮਹੱਤਵਪੂਰਨ ਸੂਚੀ ਤਿਆਰ ਕੀਤੀ ਹੈ। ਭਾਰਤ ਵਿਚ ਤਸੀਹਿਆਂ ਦੇ ਖਿਲਾਫ਼ ਕੰਮ ਕਰ ਰਹੀ ਗ਼ੈਰ-ਸਰਕਾਰੀ ਜਥੇਬੰਦੀ ਪੀਪਲਜ਼ ਵਾਚ ਨੇ ਓਐਮਸੀਟੀ ਨਾਲ ਮਿਲ ਕੇ ਇਹ ਸੂਚੀ (ਇੰਡੈਕਸ) ਤਿਆਰ ਕੀਤਾ।

ਇਸ ਰਿਪੋਰਟ ਵਿਚ ਸ਼ੁਰੂ ਵਿਚ 26 ਮੁਲਕਾਂ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਸ ਵਿਚ ਸੱਤ ਵਿਸ਼ੇ ਲਏ ਗਏ:

-ਤਸੀਹਿਆਂ ਦੇ ਖ਼ਿਲਾਫ਼ ਰਾਜਨੀਤਕ ਵਚਨਬੱਧਤਾ
-ਪੁਲਸੀ ਦਰਿੰਦਗੀ ਅਤੇ ਸੰਸਥਾਗਤ ਹਿੰਸਾ ਨੂੰ ਖਤਮ ਕਰਨਾ
-ਆਜ਼ਾਦੀ ਤੋਂ ਵਾਂਝੇ ਹੋਣ ਦੌਰਾਨ ਤਸੀਹਿਆਂ ਤੋਂ ਮੁਕਤੀ
-ਦੋਸ਼ਮੁਕਤੀ ਨੂੰ ਖਤਮ ਕਰਨਾ
-ਪੀੜਤਾਂ ਦੇ ਅਧਿਕਾਰ
-ਸਾਰਿਆਂ ਲਈ ਸੁਰੱਖਿਆ
-ਬਚਾਅ ਦਾ ਅਧਿਕਾਰ ਅਤੇ ਨਾਗਰਿਕ ਸਪੇਸ

ਇਨ੍ਹਾਂ ਸਾਰੇ ਸੱਤਾਂ ਵਿਸ਼ਿਆਂ ਦਾ ਵਿਸ਼ਲੇਸ਼ਣ ਕਰ ਕੇ ਮੁਲਕਾਂ ਨੂੰ 'ਘੱਟ ਜੋਖਮ' ਤੋਂ ਲੈ ਕੇ 'ਬਹੁਤ ਉਚ ਜੋਖਮ' ਦੇ ਪੈਮਾਨੇ 'ਤੇ ਮਾਪਿਆ ਗਿਆ। ਦੁਖਦਾਈ ਗੱਲ ਇਹ ਹੈ ਕਿ ਭਾਰਤ ਨੂੰ ਸਮੁੱਚੇ ਤੌਰ 'ਤੇ ਅਤੇ ਸੱਤ ਵਿਸ਼ਿਆਂ ਵਿਚੋਂ ਛੇ ਵਿਚ 'ਉਚ ਜੋਖਮ' ਵਾਲਾ ਮੁਲਕ ਦੱਸਿਆ ਗਿਆ ਹੈ, ਜਦੋਂ ਕਿ 'ਰਾਜਨੀਤਕ ਵਚਨਬੱਧਤਾ' ਦੇ ਮਾਮਲੇ ਵਿਚ ਇਸਨੂੰ 'ਕਾਫ਼ੀ ਜੋਖਮ' ਵਾਲਾ ਦਰਜਾ ਦਿੱਤਾ ਗਿਆ ਹੈ।

ਇੰਡੈਕਸ ਦੀ ਫੈਕਟ ਸ਼ੀਟ ਵਿਚ ਭਾਰਤ ਦੇ ਕੁਝ ਬਦਨਾਮ ਮਾਮਲਿਆਂ 'ਤੇ ਧਿਆਨ ਦਿੱਤਾ ਗਿਆ ਹੈ, ਜਿਵੇਂ ਕਿ ਜੀ.ਐਨ. ਸਾਈਬਾਬਾ ਦੀ ਮੌਤ, ਜੋ 90% ਅਪਾਹਜ ਹੋਣ ਦੇ ਬਾਵਜੂਦ ਦਸ ਸਾਲ ਤੱਕ ਜੇਲ੍ਹ ਵਿਚ ਬਿਨਾਂ ਢੁਕਵੀਆਂ ਸਹੂਲਤਾਂ ਦੇ ਰਹੇ, ਅਤੇ ਕਸ਼ਮੀਰ ਦੇ ਕਾਰਕੁਨ ਖੁਰਮ ਪਰਵੇਜ਼ ਨੂੰ ਬਿਨਾਂ ਮੁਕੱਦਮੇ ਦੇ ਹਿਰਾਸਤ ਵਿਚ ਰੱਖਣ ਦਾ ਮਾਮਲਾ। ਇਹ ਰਿਪੋਰਟ ਬਿਨਾਂ ਕਿਸੇ ਲਿਹਾਜ਼ ਦੇ ਭਾਰਤ ਦੀ ਹਾਲਤ 'ਤੇ ਰੌਸ਼ਨੀ ਪਾਉਂਦੀ ਹੈ ਅਤੇ ਇਸ 'ਤੇ ਤੁਰੰਤ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਜਨੇਵਾ ਵਿਚ ਚੱਲ ਰਹੀ 59ਵੀਂ ਮਨੁੱਖੀ ਅਧਿਕਾਰ ਕੌਂਸਲ ਦੀ ਮੀਟਿੰਗ ਦੌਰਾਨ ਜਾਰੀ ਇਸ ਰਿਪੋਰਟ ਨੇ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਦੇ ਜ਼ਖ਼ਮਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਜਾਗਰ ਕੀਤਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੇ ਅਜੇ ਤੱਕ ਸੰਯੁਕਤ ਰਾਸ਼ਟਰ ਕਨਵੈਨਸ਼ਨ ਅਗੇਂਸਟ ਟਾਰਚਰ (ਸੀਏਟੀ), ਇਸਦੇ ਬਦਲਵੇਂ ਪ੍ਰੋਟੋਕੋਲ ਅਤੇ ਦੂਜੇ ਬਦਲਵੇਂ ਪ੍ਰੋਟੋਕੋਲ ਨੂੰ ਮਨਜ਼ੂਰੀ ਨਹੀਂ ਦਿੱਤੀ ਹੈ, ਜਿਸਦੀ ਮੰਗ ਕਈ ਸਾਲਾਂ ਤੋਂ ਕਾਰਕੁਨਾਂ ਅਤੇ ਸਿਵਲ ਸੋਸਾਇਟੀ ਜਥੇਬੰਦੀਆਂ ਵੱਲੋਂ ਕੀਤੀ ਜਾ ਰਹੀ ਹੈ। ਇਸ ਕਨਵੈਨਸ਼ਨ ਨੂੰ ਨਾ ਮਨਜ਼ੂਰ ਕਰਨ ਨਾਲ ਦੋਸ਼ੀਆਂ ਲਈ ਸਜ਼ਾ ਤੋਂ ਬਚਣਾ ਸੌਖਾ ਹੋ ਜਾਂਦਾ ਹੈ।

ਪੀਪਲਜ਼ ਵਾਚ ਦੇ ਕਾਰਜਕਾਰੀ ਨਿਰਦੇਸ਼ਕ ਹੈਨਰੀ ਟਿਫੈਗਨੇ ਨੇ ਜਨੇਵਾ ਵਿਚ ਇਕ ਅੰਤਰਰਾਸ਼ਟਰੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਭਾਰਤ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਗਿਣਤੀ ਸਭ ਤੋਂ ਵੱਧ (169) ਹੋਣ ਦੇ ਬਾਵਜੂਦ, ਅੱਜ ਤੱਕ ਇਕ ਵੀ



ਪੁਲਿਸ ਅਧਿਕਾਰੀ ਨੂੰ ਕਾਮਯਾਬੀ ਨਾਲ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ।

### ਭਾਰਤ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਨਾਕਾਮੀ

ਰਿਪੋਰਟ ਵਿਚ ਭਾਰਤ ਵਿਚ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਪਤਨ ਦੇ ਕੁਝ ਸਪਸ਼ਟ ਸੰਕੇਤ ਦਰਜ ਕੀਤੇ ਗਏ ਹਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨਐਚਆਰਸੀ) ਨੇ 2023 ਵਿਚ 2,400 ਅਤੇ 2024 ਵਿਚ 2,739 ਹਿਰਾਸਤ ਵਿਚ ਮੌਤਾਂ ਦੇ ਮਾਮਲੇ ਦਰਜ ਕੀਤੇ ਹਨ, ਜੋ ਮੁਲਕ ਵਿਚ ਕੈਦੀਆਂ ਦੀ ਬਦਤਰ ਹੋ ਰਹੀ ਹਾਲਤ ਵੱਲ ਇਸ਼ਾਰਾ ਕਰਦੇ ਹਨ।

2022 ਵਿਚ ਕੁਲ 1,995 ਕੈਦੀਆਂ ਦੀਆਂ ਮੌਤਾਂ ਵਿਚੋਂ 195 ਮੌਤਾਂ ਨਿਆਂਇਕ ਹਿਰਾਸਤ ਵਿਚ ਅਸਾਧਾਰਨ ਹਾਲਤਾਂ ਵਿਚ ਹੋਈਆਂ। ਪੀੜਤਾਂ ਲਈ ਮਨੋਵਿਗਿਆਨਕ ਜਾਂ ਡਾਕਟਰੀ ਸਹਾਇਤਾ ਅਤੇ ਨਿਆਂ ਤੱਕ ਪਹੁੰਚ ਦੀ ਕਮੀ ਨੂੰ ਵੀ ਉਜਾਗਰ ਕੀਤਾ ਗਿਆ ਹੈ, ਜਿੱਥੇ 25% ਤੋਂ ਵੀ ਘੱਟ ਪੀੜਤਾਂ ਨੂੰ ਵਿੱਤੀ ਮੁਆਵਜ਼ਾ ਮਿਲਦਾ ਹੈ, ਅਤੇ ਉਹ ਵੀ ਅਕਸਰ ਨਾਕਾਫ਼ੀ ਹੁੰਦਾ ਹੈ।

ਤਸੀਹਾ ਪੀੜਤਾਂ ਲਈ ਕੋਈ ਵਿਸ਼ੇਸ਼ ਕਾਨੂੰਨ ਨਾ ਹੋਣ ਕਾਰਨ, ਉਨ੍ਹਾਂ ਨੂੰ ਨਿਆਂ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ। ਇੰਡੈਕਸ ਦੇ 'ਸਾਰਿਆਂ ਲਈ ਸੁਰੱਖਿਆ' ਵਿਸ਼ੇ ਵਿਚ ਔਰਤਾਂ ਅਤੇ ਬੱਚਿਆਂ ਲਈ ਸੁਰੱਖਿਆ ਵਿਚ ਕਮੀ ਨੂੰ ਉਜਾਗਰ ਕੀਤਾ ਗਿਆ ਹੈ, ਜਿੱਥੇ ਲਿੰਗਕ ਹਿੰਸਾ ਦੇ ਮਾਮਲਿਆਂ ਵਿਚ ਅਦਾਲਤਾਂ ਪੀੜਤਾਂ ਨੂੰ ਦੋਸ਼ ਦਿੰਦੀਆਂ ਹਨ ਅਤੇ 'ਬਚੇ ਹੋਏ ਲੋਕਾਂ 'ਤੇ ਸਬੂਤ ਦਾ ਅਣਉਚਿਤ ਬੋਝ ਪਾਉਂਦੀਆਂ ਹਨ'। ਨਾਲ ਹੀ, ਬਾਲ ਵਿਆਹ ਅਤੇ ਬੰਧੂਆ ਮਜ਼ਦੂਰੀ ਵਰਗੀਆਂ ਸਮੱਸਿਆਵਾਂ ਵੀ ਵਧ ਰਹੀਆਂ ਹਨ। ਮਨੀਪੁਰ ਵਿਚ ਹਿੰਸਾ, ਜਿੱਥੇ ਸੁਰੱਖਿਆ ਬਲਾਂ ਦੁਆਰਾ 260 ਲੋਕਾਂ ਦੀ ਹੱਤਿਆ ਅਤੇ 60,000 ਲੋਕਾਂ ਦੇ ਉਜਾੜੇ ਦਾ ਜ਼ਿਕਰ ਵੀ ਰਿਪੋਰਟ ਵਿਚ ਕੀਤਾ ਗਿਆ ਹੈ।

ਇੰਡੈਕਸ ਵਿਚ ਤਸੀਹਿਆਂ ਅਤੇ ਦੁਰਵਿਹਾਰ ਦੇ ਡੇਟਾ ਦੀ ਪਾਰਦਰਸ਼ਤਾ ਦੀ ਕਮੀ ਨੂੰ ਵੀ ਉਜਾਗਰ ਕੀਤਾ ਗਿਆ ਹੈ ਅਤੇ ਭਾਰਤ ਨੂੰ 'ਛੁਪਾਇਆ ਗਿਆ' (ਚੋਨਚਏਅਲਦ) ਸ਼੍ਰੇਣੀ ਵਿਚ ਰੱਖਿਆ ਗਿਆ ਹੈ, ਜੋ 'ਦਬਾਊ' (ਸੁਪ-ਪਰਏਸਸਿਵੲ) ਦੇ ਨੇੜੇ ਹੈ। ਪੁਲਿਸ ਸਟੇਸ਼ਨਾਂ ਵਿਚ ਸੀਸੀਟੀਵੀ ਲਗਾਉਣ ਬਾਰੇ ਸੁਪਰੀਮ ਕੋਰਟ ਦੇ ਪਰਮਵੀਰ ਸਿੰਘ ਬਨਾਮ ਬਲਜੀਤ ਸਿੰਘ (2020) ਦੇ ਫ਼ੈਸਲੇ ਦੇ ਬਾਵਜੂਦ, ਰਿਪੋਰਟ ਅਨੁਸਾਰ 2,701 ਪੁਲਿਸ ਥਾਣਿਆਂ ਵਿਚ ਅਜੇ ਵੀ ਸੀਸੀਟੀਵੀ ਨਹੀਂ ਲੱਗੇ ਹਨ।

ਇੰਡੈਕਸ ਵਿਚ ਗਲੋਬਲ ਅਲਾਇੰਸ ਆਫ ਨੈਸ਼ਨਲ ਹਿਊਮਨ ਰਾਈਟਸ ਇੰਸਟੀਚਿਊਸ਼ਨਜ਼ (ਜੀਏਐਨਐਚਆਰਆਈ) ਦੁਆਰਾ ਮਾਰਚ ਵਿਚ ਹੋਏ 45ਵੇਂ ਸੈਸ਼ਨ ਵਿਚ ਐਨਐਚਆਰਸੀ ਨੂੰ 'ਏ' ਤੋਂ 'ਬੀ' ਸ਼੍ਰੇਣੀ ਵਿਚ ਘਟਾਉਣ ਦੀ ਸਿਫ਼ਾਰਸ਼ ਦਾ ਵੀ ਜ਼ਿਕਰ ਕੀਤਾ ਗਿਆ ਹੈ। ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰਾਂ ਦੇ ਖ਼ਿਲਾਫ਼ 'ਨਿਆਂਇਕ ਪ੍ਰੇਸ਼ਾਨੀ, ਮਨਮਰਜ਼ੀ ਨਾਲ ਹਿਰਾਸਤ ਵਿਚ ਰੱਖਣ ਅਤੇ ਝੂਠੇ ਇਲਜ਼ਾਮ' ਅਤੇ ਆਦਿਵਾਸੀਆਂ ਨੂੰ ਤਸੀਹੇ ਦੇਣ ਵਰਗੇ ਮਾਮਲਿਆਂ ਕਾਰਨ ਭਾਰਤ ਨੂੰ 'ਉਚ ਜੋਖਮ' ਵਾਲਾ ਮੁਲਕ ਮੰਨਿਆ ਗਿਆ ਹੈ।

### ਸਰਕਾਰ ਅਤੇ ਨਿਆਂਪਾਲਿਕਾ ਨੇ ਹੁਣ ਤੱਕ ਕੀ ਕੀਤਾ ਹੈ?

ਸਰਕਾਰ ਦੀ ਤਸੀਹਿਆਂ ਦੇ ਖਿਲਾਫ਼ ਲੜਾਈ ਵਿਚ ਢਿੱਲ 1997 ਵਿਚ ਹੀ ਸੀਏਟੀ ਨੂੰ ਮਨਜ਼ੂਰੀ ਦੇਣ ਦੇ ਵਾਅਦੇ ਤੋਂ ਸਪੱਸ਼ਟ ਹੈ, ਪਰ ਅੱਜ ਤੱਕ ਇਸਨੂੰ ਪੂਰਾ ਨਹੀਂ ਕੀਤਾ ਗਿਆ। 26 ਜੂਨ 2000 (ਤਸੀਹਿਆਂ ਵਿਰੋਧੀ ਅੰਤਰਰਾਸ਼ਟਰੀ ਦਿਵਸ) ਨੂੰ ਤਤਕਾਲੀਨ ਐਨਐਚਆਰਸੀ ਚੇਅਰਮੈਨ ਜਸਟਿਸ ਜੇ.ਐਸ. ਵਰਮਾ ਨੇ ਸਰਕਾਰ ਤੋਂ ਇਸ ਨੂੰ ਮਨਜ਼ੂਰੀ ਦੇਣ ਦੀ ਮੰਗ ਦੁਹਰਾਈ ਸੀ, ਪਰ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ।

ਸੰਸਦ ਵਿਚ ਪੇਸ਼ ਕੀਤਾ ਗਿਆ 'ਪ੍ਰੀਵੈਂਸ਼ਨ ਆਫ਼ ਟਾਰਚਰ ਬਿੱਲ 2017' ਵੀ ਕਾਨੂੰਨ ਨਹੀਂ ਬਣ ਸਕਿਆ। 2019 ਵਿਚ ਜਦੋਂ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਸਿੰਘ ਨੇ ਇਸ ਮਾਮਲੇ ਵਿਚ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ, ਤਾਂ ਅਦਾਲਤ ਨੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਜਵਾਬ ਮੰਗਿਆ, ਪਰ ਕੋਈ ਨਤੀਜਾ ਨਹੀਂ ਨਿਕਲਿਆ। ਸੁਪਰੀਮ ਕੋਰਟ ਨੇ ਅੰਤ ਵਿਚ ਇਹ ਕਹਿੰਦੇ ਹੋਏ ਪਟੀਸ਼ਨ ਖਾਰਜ ਕਰ ਦਿੱਤੀ ਕਿ 'ਇਹ ਪੁਲਿਸ ਦਾ ਫ਼ੈਸਲਾ ਹੈ', ਜੋ ਇਕ ਸੰਵਿਧਾਨਿਕ ਅਦਾਲਤ ਲਈ ਉਚਿਤ ਨਹੀਂ ਹੈ, ਜੋ ਇਸ ਲੋਕਤੰਤਰ ਵਿਚ ਰਾਜ ਦੇ ਜ਼ੁਲਮਾਂ ਦੇ ਖ਼ਿਲਾਫ਼ ਇੱਕੋ-ਇਕ ਸੁਰੱਖਿਆ ਕਵਚ ਹੋਣੀ ਚਾਹੀਦੀ ਹੈ।

ਦੂਜੇ ਪਾਸੇ, ਸੁਪਰੀਮ ਕੋਰਟ ਨੇ ਡੀ.ਕੇ. ਬਸੂ ਬਨਾਮ ਪੱਛਮੀ ਬੰਗਾਲ ਰਾਜ (1996) ਦੇ ਮਾਮਲੇ ਵਿਚ ਕਿਹਾ ਸੀ ਕਿ 'ਹਿਰਾਸਤ ਵਿਚ ਤਸੀਹੇ ਮਨੁੱਖੀ ਮਾਣ-ਸਨਮਾਨ ਦਾ ਨੰਗਾ-ਚਿੱਟਾ ਘਾਣ ਹੈ, ਜੋ ਵਿਅਕਤੀਤਵ ਨੂੰ ਬਹੁਤ ਹੱਦ ਤੱਕ ਨਸ਼ਟ ਕਰ ਦਿੰਦੇ ਹਨ। ਇਹ ਮਨੁੱਖੀ ਮਾਣ-ਸਨਮਾਨ 'ਤੇ ਇਕ ਸੋਚਿਆ-ਸਮਝਿਆ ਹਮਲਾ ਹੈ।'


### ਅੱਗੇ ਦਾ ਰਾਹ

ਓਐਮਸੀਟੀ ਦੇ ਸਕੱਤਰ ਜਨਰਲ ਜੇਰਾਲਡ ਸਟੈਬਰੌਕ ਨੇ ਕਿਹਾ, 'ਗਲੋਬਲ ਟਾਰਚਰ ਇੰਡੈਕਸ ਉਸ ਸਮੇਂ 'ਚ ਕਾਨੂੰਨ ਦੇ ਰਾਜ ਦੀ ਮਜ਼ਬੂਤੀ ਦਾ ਪੈਮਾਨਾ ਹੈ, ਜਦੋਂ ਤਾਨਾਸ਼ਾਹੀ, ਧਰੁਵੀਕਰਨ ਅਤੇ ਨਾ-ਬਰਾਬਰੀ ਵਧ ਰਹੀ ਹੈ। ਇਹ ਦੇਖਦਾ ਹੈ ਕਿ ਸਾਡਾ ਸਮਾਜ ਕਿੰਨਾ ਨਿਰਪੱਖ, ਸਿਹਤਮੰਦ ਅਤੇ ਸੁਰੱਖਿਅਤ ਹੈ।'

ਇੰਡੈਕਸ ਵਿਚ ਸੱਤ ਪ੍ਰਮੁੱਖ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਸੀਏਟੀ ਨੂੰ ਮਨਜ਼ੂਰੀ, ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰਾਂ ਦੇ ਖਿਲਾਫ਼ ਦਹਿਸ਼ਤਵਾਦ ਵਿਰੋਧੀ ਕਾਨੂੰਨਾਂ ਦੀ ਦੁਰਵਰਤੋਂ ਰੋਕਣਾ, ਜਨਤਾ ਨਾਲ ਨਜਿੱਠਣ ਵਿਚ ਤਾਕਤ ਦੀ ਵਰਤੋਂ ਬਾਰੇ ਸੰਯੁਕਤ ਰਾਸ਼ਟਰ ਦੇ ਮੂਲ ਸਿਧਾਂਤਾਂ ਦੀ ਪਾਲਣਾ, ਪੁਲਿਸ ਅਤੇ ਨਿਆਂਇਕ ਹਿਰਾਸਤ ਵਿਚ ਮੌਤਾਂ ਦੀ ਡੂੰਘੀ ਜਾਂਚ, ਅਤੇ ਜੀਏਐਨਐਚਆਰਆਈ ਦੀਆਂ ਸਿਫ਼ਾਰਸ਼ਾਂ ਨੂੰ ਸ਼ਾਮਲ ਕਰਦੇ ਹੋਏ ਮਨੁੱਖੀ ਅਧਿਕਾਰ ਸੁਰੱਖਿਆ ਐਕਟ 2019 ਵਿਚ ਸੋਧ ਕਰਨਾ ਸ਼ਾਮਲ ਹਨ। ਜੇਕਰ ਸਰਕਾਰ ਇਨ੍ਹਾਂ ਸੁਝਾਵਾਂ 'ਤੇ ਅਮਲ ਕਰੇ, ਤਾਂ ਅਸੀਂ ਸਾਰੇ ਇਸ ਅਣਐਲਾਨੀ ਐਮਰਜੈਂਸੀ ਤੋਂ ਮੁਕਤ ਹੋ ਸਕਦੇ ਹਾਂ।

# ਪੰਜਾਬ ਦੇ ਇਨਕਲਾਬੀ ਸਮੂਹਾਂ ਨੂੰ ਹੈ ਸਾਮਰਾਜੀ-ਜੰਗ ਦਾ ਫੋਬੀਆ

ਭਾਰਤ, ਖਾਸ ਕਰਕੇ ਪੰਜਾਬ ਦੇ ਇਨਕਲਾਬੀ ਗਰੁਪਾਂ ਨੂੰ ਸਾਮਰਾਜੀ-ਜੰਗ ਦਾ ਫੋਬੀਆ ਹੈ! ਹਰ ਛੋਟੀ-ਵੱਡੀ ਜੰਗ, ਖਾਸ ਕਰਕੇ ਵੱਖ-ਵੱਖ ਦੇਸ਼ਾਂ ਦਰਮਿਆਨ ਯੁੱਧ ਉਨਾਂ ਨੂੰ ਸਿਰਫ਼ ਸਾਮਰਾਜੀ-ਜੰਗ ਦਿਸਦੀ ਹੈ! ਰੈਡ



ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਮੁਤਾਬਕ ਸੰਸਾਰ 'ਚ ਇਸ ਸਮੇਂ 110 ਹਥਿਆਰਬੰਦ ਲੜਾਈਆਂ ਹੋ ਰਹੀਆਂ ਹਨ ਜਿਨ੍ਹਾਂ ਦੇ

ਪਰਮਜੀਤ ਰੋਡੇ

ਪਾਤਰ ਵੱਖ-ਵੱਖ ਰਾਜ ਵੀ ਹਨ ਅਤੇ ਗੈਰ-ਰਾਜ ਗਰੁੱਪ ਵੀ! ਇਨ੍ਹਾਂ 'ਚੋਂ ਤਿੰਨ ਜੰਗਾਂ: ਇਜ਼ਰਾਈਲ/ਅਮਰੀਕਾ-ਇਰਾਨ ਜੰਗ, ਇਜ਼ਰਾਈਲ-ਫ਼ਲਸਤੀਨ ਜੰਗ ਅਤੇ ਯੂਕਰੇਨ-ਰੂਸ ਜੰਗ ਨੇ ਅੱਜ-ਕੱਲ੍ਹ ਲੋਕਾਂ ਦਾ ਸਭ ਤੋਂ ਵੱਧ ਧਿਆਨ ਖਿੱਚਿਆ ਅਤੇ ਦਿਲਚਸਪੀ ਜਗਾਈ ਹੈ। ਇਨ੍ਹਾਂ ਤਿੰਨਾਂ ਹੀ ਜੰਗਾਂ ਬਾਰੇ, ਬਸਤਰ ਦੇ ਮਾਓਵਾਦੀ ਇਨਕਲਾਬੀਆਂ ਦੀ ਸਮਝ ਬਾਰੇ ਤਾਂ ਮੈਨੂੰ ਪਤਾ ਨਹੀਂ ਪਰ ਪੰਜਾਬ ਦੇ ਇਨਕਲਾਬੀਆਂ ਦੀ ਸਮਝ/ਪਹੁੰਚ 'ਚ ਵੱਡਾ ਵਿਗਾੜ ਹੈ!

ਸੰਸਾਰ 'ਚ ਇਸ ਸਮੇਂ ਮੁੱਖ ਤੌਰ 'ਤੇ ਤਿੰਨ ਵਿਰੋਧਤਾਈਆਂ ਨਾਲੋ-ਨਾਲ ਕਾਰਜਸ਼ੀਲ ਹਨ; 1) ਅੰਤਰ-ਸਾਮਰਾਜੀ ਵਿਰੋਧਤਾਈ। 2) ਸਾਮਰਾਜਵਾਦ ਅਤੇ ਦੱਬੀਆਂ-ਕੁਚਲੀਆਂ ਕੌਮਾਂ/ਲੋਕਾਂ ਵਿਚਲੀ ਵਿਰੋਧਤਾਈ। 3) ਸਰਮਾਏਦਾਰ ਅਤੇ ਮਜ਼ਦੂਰ ਵਰਗ ਵਿਚਲੀ ਵਿਰੋਧਤਾਈ। ਵੱਖ-ਵੱਖ ਜੰਗਾਂ ਦੇ ਵਿਸ਼ੇਸ਼ ਲੱਛਣ ਹੋਣ ਦੇ ਬਾਵਜੂਦ ਹਰ ਹਥਿਆਰਬੰਦ ਸਿਆਸੀ ਲੜਾਈ 'ਚ ਇਹ ਤਿੰਨੇ ਵਿਰੋਧ ਘੱਟ-ਵੱਧ ਅਤੇ ਵੱਖ-ਵੱਖ ਰੂਪਾਂ 'ਚ ਕਾਰਜਸ਼ੀਲ ਰਹਿੰਦੇ ਹਨ ਬੇਸ਼ੱਕ ਇਨ੍ਹਾਂ 'ਚੋਂ ਇਕ ਵਿਰੋਧ ਮੁੱਖ ਹੁੰਦਾ ਹੈ। ਪਰ ਪੰਜਾਬ ਦੇ ਇਨਕਲਾਬੀ ਕਿਸੇ ਇੱਕ ਵਿਰੋਧ ਦੀ ਗੱਲ ਕਰਦਿਆਂ ਬਾਕੀਆਂ ਨੂੰ ਅਣਡਿੱਠ ਕਰ ਦਿੰਦੇ ਹਨ। ਆਓ ਪਹਿਲਾਂ ਯੂਕਰੇਨ ਜੰਗ ਦੀ ਗੱਲ ਕਰੀਏ:

ਤਿੰਨ ਸਾਲ ਤੋਂ ਵੱਧ ਸਮਾਂ ਪਹਿਲਾਂ ਜਦੋਂ ਰੂਸ ਨੇ ਯੂਕਰੇਨ 'ਤੇ ਵੱਡਾ ਹਮਲਾ ਕੀਤਾ ਤਾਂ ਇਸ ਦੇ ਵਿਰੋਧ 'ਚ ਯੂਕਰੇਨੀ ਲੋਕ ਸੜਕਾਂ 'ਤੇ ਆ ਗਏ! ਉਨ੍ਹਾਂ ਨੇ ਰੂਸੀ ਸੈਨਿਕਾਂ 'ਤੇ, ਆਪਣੇ ਹੱਥੀਂ ਤਿਆਰ ਕੀਤੇ 'ਮੋਲੋਤੋਵ ਕਾਕਟੇਲ' ਨਾਮ ਦੇ ਪੈਟਰੋਲ ਬੰਬ ਸੁੱਟੇ! ਲੋਕਾਂ 'ਚ ਕੌਮੀ ਭਾਵਨਾ ਇਸ ਹੱਦ ਤਕ ਸੀ ਕਿ ਕਈ ਪਾਰਲੀਮੈਂਟ ਮੈਂਬਰ



ਵੀ ਰਾਈਫ਼ਲਾਂ ਚੁੱਕ ਕੇ, ਰੂਸੀ ਸਾਮਰਾਜ ਵਿਰੋਧੀ ਲੋਕਾਂ ਦੀ ਲੜਾਈ 'ਚ ਸ਼ਾਮਲ ਹੋ ਗਏ। ਹੋ ਸਕਦਾ ਹੈ ਮੈਂ ਗਲਤ ਹੋਵਾਂ ਪਰ ਮੇਰੀ ਜਾਣਕਾਰੀ ਮੁਤਾਬਿਕ ਪੰਜਾਬ ਦੇ ਇਨਕਲਾਬੀ ਗਰੁੱਪਾਂ ਨੇ ਨਾ ਸਿਰਫ਼ ਯੂਕਰੇਨੀ ਲੋਕਾਂ ਦੇ ਇਸ ਕੌਮੀ ਘੋਲ/ਭਾਵਨਾਵਾਂ ਦੀ ਸਪੋਰਟ ਕਰਨ ਤੋਂ ਟਾਲਾ ਵੱਟਿਆ, ਸਗੋਂ ਉਨ੍ਹਾਂ ਨੇ ਤਾਂ ਇਸ ਲੜਾਈ ਨੂੰ ਸਿਰਫ਼ ਅੰਤਰ-ਸਾਮਰਾਜੀ ਜੰਗ ਕਰਾਰ ਦਿੰਦਿਆਂ, ਲੋਕਾਂ ਦੇ ਕੌਮੀ ਵਿਰੋਧ ਨੂੰ ਇਸ ਵਰਤਾਰੇ 'ਚੋਂ ਹੀ ਮਨਫ਼ੀ ਕਰ ਦਿੱਤਾ। ਇਸ ਤੋਂ ਵੀ ਅੱਗੇ; ਇਕ ਪ੍ਰਭੁਸੱਤਾ ਸੰਪੰਨ ਦੇਸ਼ 'ਤੇ ਰੂਸੀ ਹਮਲੇ ਦਾ ਡਟਵਾਂ ਤੇ ਲਗਾਤਾਰ ਵਿਰੋਧ ਕਰਨ ਦੀ ਥਾਂ ਉਨ੍ਹਾਂ ਇਸ ਹਮਲੇ ਨੂੰ, ਅਮਰੀਕੀ/ਪੱਛਮੀ ਸਾਮਰਾਜੀਆਂ ਵੱਲੋਂ ਕੀਤੀ ਜਾ ਰਹੀ ਘੇਰਾਬੰਦੀ ਖਿਲਾਫ਼, ਰੂਸੀ ਸਾਮਰਾਜ ਦੀ ਮਜਬੂਰੀ ਕਹਿ ਕੇ ਪੱਲਾ ਝਾੜ ਲਿਆ ਜੋ ਕਿ ਇਕ ਸਾਮਰਾਜੀ ਧਿਰ ਦੀ ਬੋਲੀ ਬੋਲਣ ਦੇ ਤੁੱਲ ਸੀ!

ਹੁਣੇ-ਹੁਣੇ ਹੋ ਕੇ ਹਟੀ ਇਜ਼ਰਾਈਲ/ਅਮਰੀਕਾ ਦੇ ਹਮਲੇ ਖ਼ਿਲਾਫ਼, ਇਰਾਨ ਦੀ ਮੁਕਾਬਲੇ ਦੀ ਜੰਗ ਬਾਰੇ ਵੀ ਪੰਜਾਬ ਦੇ ਇਨਕਲਾਬੀਆਂ ਦੀ ਗਲਤ ਸਮਝ ਤੇ ਬਿਆਨਬਾਜ਼ੀ ਸਾਹਮਣੇ ਆਈ ਹੈ। ਇਕ ਇਨਕਲਾਬੀ ਰਸਾਲੇ ਦੇ ਸੰਪਾਦਕ ਨੇ ਈਰਾਨ ਵਲੋਂ ਹਮਲਾਵਰਾਂ ਖ਼ਿਲਾਫ਼ ਲੜੀ ਜੰਗ ਨੂੰ ਭਾਵੇਂ ਬਿਲਕੁਲ ਠੀਕ ਅੰਗਿਆ ਪਰ ਇਸ ਜੰਗ 'ਚ ਕਾਰਜਸ਼ੀਲ ਅੰਤਰ-ਸਾਮਰਾਜੀ ਵਿਰੋਧਤਾਈ ਨੂੰ ਘਟਾ ਕੇ ਦੇਖਿਆ ਹੈ। ਇਹ ਠੀਕ ਹੈ ਕਿ ਇਰਾਨੀ ਰਾਜ, ਅੰਧਕਾਰੀ ਸਮੇਂ ਦੇ ਕਾਨੂੰਨਾਂ ਵਾਲਾ ਇਕ ਦਮਨਕਾਰੀ ਇਸਲਾਮੀ ਰਾਜ ਹੈ ਪਰ ਇਸ ਦੀ ਆਲੋਚਨਾ ਕਰਨ ਵਾਲੇ ਇਕ ਇਨਕਲਾਬੀ ਗਰੁੱਪ ਨੇ ਲੈਨਿਨ ਦੀ ਸਾਮਰਾਜ ਬਾਰੇ ਸਮਝ ਦੀ ਆੜ 'ਚ, ਨਾ ਸਿਰਫ਼ ਇਰਾਨ ਦੀ ਸਾਮਰਾਜ ਵਿਰੋਧੀ ਜੰਗ ਦੇ ਕੌਮਵਾਦੀ ਪੈਂਤੜੇ ਬਾਰੇ ਘਚੋਲਾ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਸ ਤੋਂ ਵੀ ਵੱਧ ਉਸ ਨੇ ਇਰਾਨ ਵਲੋਂ ਕਤਰ 'ਚ ਅਮਰੀਕਾ ਦੇ ਮਿਲਟਰੀ ਬੇਸ ਵੱਲ ਦਾਗੀਆਂ ਮਿਜ਼ਾਈਲਾਂ ਨੂੰ 'ਫੂੱਸ ਪਟਾਕੇ' ਕਹਿ ਕੇ ਮਖੌਲ ਉਡਾਉਣ ਦੀ ਹਰਕਤ ਕੀਤੀ ਹੈ। ਘਚੋਲਾ ਦੂਰ ਕਰਨ ਲਈ ਜੇ ਉਨ੍ਹਾਂ ਨੂੰ ਸਪੱਸ਼ਟ ਸਵਾਲ ਪੁੱਛੇ ਜਾਣ ਕਿ ਕੀ ਇਰਾਨ, ਇਜ਼ਰਾਈਲ ਖ਼ਿਲਾਫ਼ ਹਿੱਕ ਡਾਹ ਕੇ ਲੜਿਆ ਸੀ ਜਾਂ ਨਹੀਂ? ਜੇ ਨਹੀਂ ਤਾਂ ਬੋਤੀ ਸਮਝ ਮੁਤਾਬਕ ਇਰਾਨ ਨੂੰ ਕੀ ਕਰਨਾ ਚਾਹੀਦਾ ਸੀ? ਤਾਂ ਮੈਨੂੰ ਨਹੀਂ ਲੱਗਦਾ ਕਿ ਇਹ ਸਾਥੀ ਇਸ ਦਾ ਕੋਈ ਠੋਸ ਤੇ ਸਪੱਸ਼ਟ ਜਵਾਬ ਦੇ ਸਕਣਗੇ!

# ਕੀ 'ਸਮਾਜਵਾਦੀ' ਅਤੇ 'ਧਰਮ-ਨਿਰਪੱਖ' ਸ਼ਬਦ ਸੰਵਿਧਾਨ ਵਿਚੋਂ ਗ਼ਾਇਬ ਹੋ ਜਾਣਗੇ?

ਇਨ੍ਹਾਂ ਦਿਨਾਂ 'ਚ ਦੇਸ਼ ਵੱਡੀਆਂ ਚਰਚਾਵਾਂ ਕਾਰਨ ਹੈਰਾਨ-ਪਰੇਸ਼ਾਨ ਹੈ। ਵੱਡੀ ਚਰਚਾ ਤਿੰਨ ਦਹਾਕੇ ਪਹਿਲਾਂ ਇੰਦਰਾ ਗਾਂਧੀ ਵੱਲੋਂ ਐਲਾਨੀ ਗਈ ਐਮਰਜੈਂਸੀ ਦੀ ਹੋ ਰਹੀ ਹੈ। ਨਾਲ ਹੀ ਚਰਚਾ ਹੋ ਰਹੀ ਹੈ ਆਰ.ਐਸ.ਐਸ.ਦੇ ਇੱਕ ਵੱਡੇ ਅਧਿਕਾਰੀ ਦੀ ਸਮਾਜਵਾਦੀ ਅਤੇ ਧਰਮ ਨਿਰਪੱਖਤਾ ਸੰਬੰਧੀ ਟਿਪਣੀ ਦੀ।

ਕੋਈ ਵੀ ਅਖ਼ਬਾਰ, ਟੀ.ਵੀ. ਚੈਨਲ ਇਹੋ ਜਿਹਾ ਨਹੀਂ ਦਿਖਦਾ, ਜਿਹੜਾ ਐਮਰਜੈਂਸੀ ਦੌਰਾਨ ਹੋਈਆਂ ਜ਼ਿਆਦਤੀਆਂ, ਸੈਂਸਰਸ਼ਿਪ ਦੀ ਗੱਲ ਨਾ ਕਰਦਾ ਹੋਵੇ। ਗੋਦੀ ਮੀਡੀਆ ਵੱਲੋਂ 30 ਸਾਲ ਪਹਿਲਾਂ ਵਾਪਰੇ ਘਟਨਾਕ੍ਰਮ 'ਤੇ ਵੋਟ-ਬਟੋਰੂ ਰਾਜਨੀਤੀ ਕਰਦਿਆਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਪਾਸੇ ਕਰਨ ਲਈ ਇਹ ਮੁੱਦਾ ਵਿਸ਼ਾਲ ਪੱਧਰ 'ਤੇ ਪ੍ਰਚਾਰਿਆ ਜਾ ਰਿਹਾ ਹੈ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਸਦੀ ਤੋਂ ਵੀ ਵੱਧ ਪੁਰਾਣੀ ਕਾਂਗਰਸ ਇਸ ਪ੍ਰਚਾਰ ਪ੍ਰਤੀ ਚੁੱਪੀ ਧਾਰ ਕੇ ਬੈਠੀ ਹੈ। ਕਿਉਂ ਨਹੀਂ ਕਾਂਗਰਸ ਲੀਡਰਸ਼ਿਪ ਐਮਰਜੈਂਸੀ ਦੌਰਾਨ ਲੋਕਾਂ ਨਾਲ ਹੋਈਆਂ ਜ਼ਿਆਦਤੀਆਂ ਦੀ ਦੇਸ਼ ਦੇ ਲੋਕਾਂ ਤੋਂ ਮਾਫ਼ੀ ਮੰਗਦੀ ਅਤੇ ਭਾਜਪਾ ਦੇ ਇਸ ਤਿੱਖੇ ਹਥਿਆਰ ਨੂੰ ਖੁੰਢਾ ਕਰਨ ਦਾ ਯਤਨ ਕਰਦੀ, ਜਿਸ ਵੱਲੋਂ ਅਣਐਲਾਨੀ ਐਮਰਜੈਂਸੀ ਦੇਸ਼ ਵਿਚ ਲਗਾਈ ਹੋਈ ਹੈ।

ਮੁੱਖ ਮੰਤਵ 1975 ਐਮਰਜੈਂਸੀ ਮੁੱਦੇ ਨੂੰ ਭਖਾ ਕੇ, ਦੇਸ਼ ਦੇ ਸੰਵਿਧਾਨ ਵਿਚੋਂ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੇ ਸ਼ਬਦ ਕੱਟ ਦੇਣ ਦੀ ਮੁਹਿੰਮ ਵਿੱਢਣਾ ਹੈ ਅਤੇ ਆਰ.ਐਸ.ਐਸ. ਦੇ ਇਸ਼ਾਰੇ 'ਤੇ ਹੁਣ ਲੁਕਵੇਂ ਤੌਰ 'ਤੇ ਹੀ ਨਹੀਂ ਸਗੋਂ ਬਿਲਕੁਲ ਸਾਹਮਣੇ ਮੈਦਾਨ 'ਚ ਆ ਕੇ ਇਹ ਲੋਕਤੰਤਰ, ਸੰਵਿਧਾਨ, ਸਮਾਜਵਾਦ, ਧਰਮ-ਨਿਰਪੱਖਤਾ ਦੇ ਖ਼ਾਤਮੇ ਲਈ ਹਾਕਮਾਂ ਨੇ ਦੇਸ਼ ਵਿਰੋਧੀ ਮੁਹਿੰਮ ਚਲਾਈ ਹੋਈ ਹੈ।

ਬਿਨਾਂ ਸ਼ੱਕ 25 ਜੂਨ ਨੂੰ ਭਾਰਤੀ ਇਤਿਹਾਸ ਵਿਚ ਕਾਲੇ ਦਿਨ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। ਜ਼ਾਲਮ ਔਰੰਗਜ਼ੇਬ ਨੇ 25 ਜੂਨ 1658 ਨੂੰ ਖ਼ੁਦ ਨੂੰ ਮੁਗ਼ਲ ਸਾਮਰਾਜ ਦਾ ਬਾਦਸ਼ਾਹ ਐਲਾਨਿਆ ਸੀ ਅਤੇ 25 ਜੂਨ 1975 ਨੂੰ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਬਰਕਰਾਰ ਰੱਖਣ ਲਈ ਸੰਵਿਧਾਨ ਦੀ ਆਤਮਾ ਦਾ ਗਲਾ ਘੁੱਟ ਦਿੱਤਾ ਸੀ।


ਉਨ੍ਹਾਂ ਸੰਵਿਧਾਨ ਦੀ ਧਾਰਾ 352 ਦੇ ਤਹਿਤ ਤਤਕਾਲੀ ਰਾਸ਼ਟਰਪਤੀ ਫ਼ਖ਼ਰੂਦੀਨ ਅਲੀ ਅਹਿਮਦ ਕੋਲੋਂ ਦੇਸ਼ ਵਿਚ ਅੰਦਰੂਨੀ ਗੜਬੜ ਦਾ ਹਵਾਲਾ ਦੇ ਕੇ ਐਮਰਜੈਂਸੀ ਦਾ ਐਲਾਨ ਕਰਵਾਇਆ ਸੀ। ਲੋਕਤੰਤਰ ਦੀ ਹੱਤਿਆ ਕਰ ਦਿੱਤੀ ਗਈ। ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਗਈ। ਸੱਤਾ 'ਤੇ ਕਾਬਜ਼ ਰਹਿਣ ਲਈ ਵਿਰੋਧੀ ਧਿਰ ਦੇ ਨਿਰਦੋਸ਼ ਅਤੇ ਬੇਕਸੂਰ ਨੇਤਾਵਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ।

ਲੋਕਤੰਤਰ ਦਾ ਚੌਥਾ ਮਹੱਤਵਪੂਰਨ ਥੰਮ੍ਹ ਮੰਨੇ ਜਾਣ ਵਾਲੇ ਮੀਡੀਆ ਦੀ ਅਵਾਜ਼ ਨੂੰ ਬੰਦ ਕਰ ਕੇ ਇਸ ਨੂੰ ਗੂੰਗਾ ਬਣਾ ਦਿੱਤਾ ਗਿਆ। ਲੋਕਤੰਤਰ ਦੀ ਜਾਨ ਅਤੇ ਲੋਕਤੰਤਰ ਦਾ ਪੰਜਵਾਂ ਮਹੱਤਵਪੂਰਨ ਥੰਮ੍ਹ ਦੇਸ਼ ਦੇ ਨਾਗਰਿਕਾਂ ਨੂੰ ਐਮਰਜੈਂਸੀ ਲਗਾ ਕੇ ਉਨ੍ਹਾਂ ਦੇ ਮੁੱਢਲੇ ਹੱਕ-ਹਕੂਕਾਂ ਤੋਂ ਵਾਂਝੇ ਕਰ ਦਿੱਤਾ ਗਿਆ। ਮੀਡੀਆ ਸਮੇਤ ਆਮ-ਖਾਸ ਸਭ ਲੋਕਾਂ ਦੇ ਵਿਚਾਰ ਪ੍ਰਗਟਾਉਣ, ਸ਼ਾਂਤਮਈ ਢੰਗ ਨਾਲ ਵਿਰੋਧ ਕਰਨ, ਮੁਜ਼ਾਹਰਾ ਕਰਨ ਅਤੇ ਹੋਰ ਬੁਨਿਆਦੀ ਹੱਕ ਇੱਕ ਝਟਕੇ ਨਾਲ ਖੋਹ ਲਏ।

ਖ਼ਬਰਾਂ ਇੱਥੋਂ ਤੱਕ ਕਿ ਫ਼ਿਲਮਾਂ 'ਤੇ ਵੀ ਸਖ਼ਤੀ ਨਾਲ ਸੈਂਸਰ ਲਾ ਦਿੱਤਾ। ਬਿਨਾਂ ਸ਼ੱਕ ਦੇਸ਼ ਵਿਚ 25 ਮਾਰਚ 1977 ਤੱਕ 21 ਮਹੀਨੇ ਐਮਰਜੈਂਸੀ ਦਾ ਦੌਰ ਤਾਨਾਸ਼ਾਹ ਹੁਕਮਰਾਨ ਦੀਆਂ ਮਨਮਾਨੀਆਂ ਦਾ ਦੌਰ ਸੀ। ਆਮ ਲੋਕਾਂ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਵੱਲੋਂ ਇਸ ਐਮਰਜੈਂਸੀ ਦਾ ਹਰ ਢੰਗ ਨਾਲ ਵਿਰੋਧ ਕੀਤਾ ਗਿਆ। ਮਾਹੌਲ ਖਰਾਬ ਹੋਇਆ। ਹਜ਼ਾਰਾਂ ਲੋਕਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਐਮਰਜੈਂਸੀ ਦੇ 50 ਸਾਲ ਬੀਤ ਜਾਣ 'ਤੇ ਵੀ ਆਮ ਲੋਕਾਂ ਅਤੇ ਵਿਰੋਧੀ ਪਾਰਟੀਆਂ ਦੇ ਮਨਾਂ ਵਿਚ ਇਸ ਦਿਨ ਪ੍ਰਤੀ ਰੋਸ ਉਸੇ ਤਰ੍ਹਾਂ ਬਣਿਆ ਹੋਇਆ ਹੈ।

ਐਮਰਜੈਂਸੀ ਦੇ ਇਸ ਕਾਲੇ ਦੌਰ ਦੀ ਯਾਦ ਨੂੰ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਲੋਕਤੰਤਰ ਦੀ ਆਤਮਾ 'ਤੇ ਇੱਕ ਜ਼ਾਲਮ ਹਮਲਾ ਦੱਸਦਿਆਂ ਪ੍ਰਸਤਾਵ ਰੱਖਿਆ ਸੰਵਿਧਾਨ ਦੀ ਉਲੰਘਣਾ ਅਤੇ ਤਾਨਾਸ਼ਾਹੀ ਦੇ ਵਿਰੁੱਧ ਖੜ੍ਹੇ ਲੱਖਾਂ ਭਾਰਤੀਆਂ ਦੀ ਹਿੰਮਤ ਨੂੰ ਯਾਦ ਕਰਨ ਦੇ ਦਿਨ ਵਜੋਂ 25 ਜੂਨ ਨੂੰ ਹਰ ਸਾਲ 'ਸੰਵਿਧਾਨ ਕਤਲ ਦਿਵਸ' ਵਜੋਂ ਮਨਾਇਆ ਜਾਣਾ ਚਾਹੀਦਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਐਮਰਜੈਂਸੀ ਦੇ ਖ਼ਾਤਮੇ ਤੋਂ ਬਾਅਦ ਭਾਰਤ ਵਿਚ ਸਹੀ ਅਰਥਾਂ ਵਿਚ ਲੋਕਤੰਤਰ ਸਥਾਪਿਤ ਹੋ ਸਕਿਆ? ਕੀ ਸੰਵਿਧਾਨ ਸਹੀ ਢੰਗ ਨਾਲ ਅਤੇ ਸਹੀ ਅਰਥਾਂ ਵਿੱਚ ਲਾਗੂ ਹੋ ਸਕਿਆ? ਕੀ ਅਣਮਨੁੱਖੀ ਤਸ਼ੱਦਦ ਬੰਦ ਹੋ ਗਿਆ? ਕੀ ਲੋਕਾਂ ਨੂੰ ਪੂਰਨ ਆਜ਼ਾਦੀ ਹਾਸਲ ਹੋ ਗਈ? ਕੀ ਅੱਜ ਲੋਕ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੇ ਲਈ ਆਜ਼ਾਦ ਹਨ? ਕੀ ਮੌਜੂਦਾ ਸਰਕਾਰ ਲੋਕਤੰਤਰ ਦੀ ਪਰਵਾਹ ਕਰਦੀ ਹੈ? ਕੀ ਮੌਜੂਦਾ ਸਰਕਾਰ ਆਮ ਨਾਗਰਿਕਾਂ ਦੇ ਮੁੱਢਲੇ




ਅਧਿਕਾਰਾਂ ਦੀ ਰਾਖੀ ਕਰਨ ਵਿਚ ਸਫ਼ਲ ਹੋ ਸਕੀ ਹੈ? ਕੀ ਅੱਜ ਦੇਸ਼ ਵਿਚ ਸਹੀ ਅਰਥਾਂ ਵਿਚ ਲੋਕਤੰਤਰ ਪ੍ਰਚਲਿਤ ਹੈ ਜਾਂ ਦੇਸ਼ ਅਜੇ ਵੀ ਅਣਐਲਾਨੀ ਐਮਰਜੈਂਸੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ? ਕੀ ਹੁਣ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਬੰਦ ਹੋ ਗਈ ਹੈ?

ਬੇਸ਼ੱਕ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਦਾ ਐਲਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼, ਤਰਕਸੰਗਤ ਅਤੇ ਨਿਆਂ ਸੰਗਤ ਨਹੀਂ ਠਹਿਰਾਇਆ ਜਾ ਸਕਦਾ, ਪਰ ਉਨ੍ਹਾਂ ਨੇ ਮੌਜੂਦਾ ਸਰਕਾਰ ਵਾਂਗ ਕਿਸੇ ਇੱਕ ਵਰਗ ਦੇ ਲੋਕਾਂ ਨੂੰ, ਦੂਜੇ ਵਰਗ ਦੇ ਲੋਕਾਂ ਵਿਰੁੱਧ ਭੜਕਾ ਕੇ ਆਪਣੇ ਸਵਾਰਥਾਂ ਦੀ ਪੂਰਤੀ ਨਹੀਂ ਕੀਤੀ ਸੀ।

ਮੌਜੂਦਾ ਸਰਕਾਰ ਆਰ.ਐਸ.ਐਸ., ਬਜਰੰਗ ਦਲ, ਸ਼ਿਵ ਸੈਨਾ, ਗਊ ਰੱਖਿਆ ਜਿਹੇ ਅਨੇਕਾਂ ਫਿਰਕਾਪ੍ਰਸਤ ਸੰਗਠਨਾਂ ਨੂੰ ਵਰਤ ਕੇ ਦੇਸ਼ ਦੀ ਏਕਤਾ, ਅਖੰਡਤਾ, ਧਰਮ-ਨਿਰਪੱਖਤਾ ਅਤੇ ਭਾਈਚਾਰੇ ਨੂੰ ਘੁਣ ਵਾਂਗ ਖਾ ਰਹੀ ਹੈ। ਮੁਸਲਮਾਨਾਂ ਦੀ ਅਬਾਦੀ ਵੱਧ ਤੇਜ਼ੀ ਨਾਲ ਵਧਣ, 'ਲਵ ਜਿਹਾਦ', 'ਘਰ-ਵਾਪਸੀ', ਰਾਮ ਮੰਦਰ, ਬਾਬਰੀ ਮਸਜਿਦ ਜਿਹੇ ਮੁੱਦਿਆਂ ਤੇ ਦੰਗੇ ਫਸਾਦ ਕਰਵਾ ਕੇ ਸੱਤਾ ਵਿਚ ਰਹਿਣ ਲਈ ਵੋਟਾਂ ਬਟੋਰਨਾ, ਘੱਟ ਗਿਣਤੀਆਂ ਵਿਰੁੱਧ ਹਿੰਸਕ ਘਟਨਾਵਾਂ ਜਿਹੀਆਂ ਕਾਰਵਾਈਆਂ, ਕਿਸਾਨਾਂ ਦਾ ਕਾਲੇ ਕਾਨੂੰਨਾਂ ਦੇ ਵਿਰੋਧ ਵਿਚ ਸਾਲਾਂਬੱਧੀ ਸੜਕਾਂ 'ਤੇ ਰੁਲਣਾ ਅਤੇ ਹਾਕਮ ਦਾ ਅੰਨ੍ਹੇ, ਗੂੰਗੇ-ਬੋਲੇ ਹੋਣ ਦਾ ਦਿਖਾਵਾ ਕਰਨਾ, ਕੀ ਇਹ ਐਮਰਜੈਂਸੀ ਨਾਲੋਂ ਕਿਸੇ ਤਰ੍ਹਾਂ ਘੱਟ ਜ਼ਾਲਮਾਨਾ ਵਰਤਾਰਾ ਹੈ?

ਰਾਸ਼ਟਰਵਾਦ ਦੇ ਨਾਂ 'ਤੇ 'ਹਿੰਦੂ ਰਾਸ਼ਟਰ' ਦਾ ਕੂੜ ਪ੍ਰਚਾਰਿਆ ਜਾ ਰਿਹਾ ਹੈ। ਭਾਰਤ ਦੀ 'ਅਨੇਕਤਾ ਵਿਚ ਏਕਤਾ' ਨੂੰ ਖ਼ਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ।

ਦੇਸ਼ ਵਿਚ ਅਗਿਆਨਤਾ ਦਾ ਸਾਮਰਾਜ ਕਾਇਮ ਕਰਨ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਲਾਸ਼ਾਂ ਵਿਛਾ ਕੇ ਸਿਆਸਤ ਦੀ ਖੇਡ ਖੇਡੀ ਜਾ ਰਹੀ ਹੈ। ਆਮ ਲੋਕਾਂ ਅਤੇ ਵਿਰੋਧੀ ਧਿਰ ਦੇ ਆਗੂਆਂ 'ਤੇ ਤਸ਼ੱਦਦ ਅੱਜ ਵੀ ਜਾਰੀ ਹੈ। ਸਰਕਾਰ ਵਿਰੋਧੀ ਨੇਤਾਵਾਂ, ਬੁੱਧੀਜੀਵੀ ਵਰਗ ਦੇ ਲੋਕਾਂ ਅਤੇ ਆਮ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਡੱਕਣਾ ਇਸ ਸਰਕਾਰ ਦਾ ਆਮ ਵਰਤਾਰਾ ਹੈ। ਨਾਗਰਿਕਤਾ ਸੋਧ ਕਾਨੂੰਨ, ਖੇਤੀ ਕਾਨੂੰਨ ਜਿਹੇ ਅਨੇਕਾਂ ਲੋਕ ਵਿਰੋਧੀ, ਲੋਕਤੰਤਰ ਵਿਰੋਧੀ ਕਾਨੂੰਨ ਸਰਕਾਰ ਦਾ ਲੋਕਤੰਤਰ ਵਿਰੋਧੀ ਚਿਹਰਾ ਸਾਫ਼ ਸਪੱਸ਼ਟ ਦਿਖਾਉਂਦੇ ਹਨ।

ਸੱਚ ਤਾਂ ਇਹ ਹੈ ਕਿ 25 ਜੂਨ 1975 ਦੀ ਐਮਰਜੈਂਸੀ ਦੇ ਦਿਨ ਨੂੰ 'ਸੰਵਿਧਾਨ ਹੱਤਿਆ ਦਿਵਸ' ਵਜੋਂ ਮਨਾਉਣ ਦੀ ਸਿਫ਼ਾਰਸ਼ ਕਰਨ ਵਾਲੀ ਮੌਜੂਦਾ ਸਰਕਾਰ ਨੇ ਸਦਾ ਹੀ ਸੰਵਿਧਾਨ ਦੀ ਆਤਮਾ ਨੂੰ ਅੱਖੋਂ-ਪਰੋਖੇ ਕੀਤਾ ਹੈ ਅਤੇ ਲੋਕਤੰਤਰ ਨੂੰ ਛਿੱਕੇ ਟੰਗਿਆ ਹੈ। ਲੋਕ ਇਸ ਅਣਐਲਾਨੀ ਐਮਰਜੈਂਸੀ ਤੋਂ ਦੁੱਖੀ ਹਨ ਅਤੇ ਹੁਕਮਰਾਨ ਦਾ ਇਹ ਵਰਤਾਰਾ ਸਮੁੱਚੇ ਦੇਸ਼ ਲਈ ਘਾਤਕ ਹੈ।

ਇਸ ਤੋਂ ਅੱਗੇ ਚਲਦਿਆਂ ਜਿਵੇਂ ਦੇਸ਼ ਵਿਚ 'ਹਿੰਦੁਤਵ' ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਘੱਟ ਗਿਣਤੀਆਂ ਦੇ ਹੱਕਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ, ਮੁਸਲਮਾਨਾਂ ਖ਼ਿਲਾਫ਼ ਹਿੰਸਾ ਵੱਧਦੀ ਦਿਸਦੀ ਹੈ, ਸੰਘੀ ਢਾਂਚੇ ਨੂੰ ਖ਼ਿਲਾਰਿਆ ਜਾ ਰਿਹਾ ਹੈ, ਸ਼ਕਤੀਆਂ ਦਾ ਕੇਂਦਰੀਕਰਨ ਹੋ ਰਿਹਾ ਹੈ, ਨਿਆਂਪਾਲਿਕਾ ਉਤੇ ਕਾਬਜ਼ ਹੋਣ ਦਾ ਯਤਨ ਕੀਤਾ ਜਾ ਰਿਹਾ ਹੈ, ਇਸ ਸਭ ਨਾਲ ਦੇਸ਼ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਰਿਹਾ ਹੈ।

ਲੇਖਕਾਂ,ਪੱਤਰਕਾਰਾਂ, ਬੁੱਧੀਜੀਵੀਆਂ ਉਤੇ ਪਿਛਲੇ 11 ਸਾਲਾਂ 'ਚ ਸੈਂਕੜੇ ਮੁਕੱਦਮੇ ਚੱਲੇ। ਅਜ਼ਾਦ ਵਿਚਾਰਾਂ ਵਾਲਿਆਂ ਨੂੰ ਜੇਲ੍ਹੀਂ ਡੱਕ ਦਿੱਤਾ ਗਿਆ। ਕਲਾ ਪਾਰਖੂਆਂ, ਕਲਾਕਾਰਾਂ 'ਤੇ ਸ਼ਬਦੀ ਹਮਲੇ ਜਿਵੇਂ ਹੁਣ ਵਧ ਰਹੇ ਹਨ ਅਤੇ ਜਿਸ ਤਰ੍ਹਾਂ ਕੁਝ ਕੁ ਲੋਕ ਆਪਣੇ ਆਪ ਨੂੰ ਰਾਸ਼ਟਰਵਾਦੀ ਅਤੇ ਬਾਕੀਆਂ ਨੂੰ ਦੇਸ਼ ਧ੍ਰੋਹੀ ਗਰਦਾਨ ਰਹੇ ਹਨ, ਉਹ ਸੱਚਮੁੱਚ ਚਿੰਤਾ ਦਾ ਵਿਸ਼ਾ ਹੈ। ਪੰਜਾਬੀ ਕਲਾਕਾਰ ਦਲਜੀਤ ਦੋਸਾਂਝ ਦੀ ਫ਼ਿਲਮ 'ਸਰਦਾਰ 3' ਸੰਬੰਧੀ ਜਿਵੇਂ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਸ ਵਿਚ ਪਾਕਿਸਤਾਨੀ ਐਕਟ੍ਰੈਸ ਕੰਮ ਕਰ ਰਹੀ ਹੈ, ਕੀ ਇਹ ਨਿੰਦਣਯੋਗ ਨਹੀਂ ਹੈ? ਆਪਣੀ ਕਲਾ ਦਾ ਪ੍ਰਦਰਸ਼ਨ, ਬੋਲੀ ਤੇ ਸੱਭਿਆਚਾਰ ਦਾ ਪਸਾਰ ਕੀ ਕਲਾਕਾਰਾਂ ਦਾ ਹੱਕ ਨਹੀਂ ਹੈ? ਇੱਕ ਪਾਸੇ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਦਲਜੀਤ ਦੋਸਾਂਝ ਨੂੰ ਦੇਸ਼ ਦਾ ਮਾਣ ਕਹਿੰਦਾ ਹੈ ਦੂਜੇ ਪਾਸੇ 'ਵੱਡੇ ਰਾਸ਼ਟਰਵਾਦੀ' ਉਸਦੀ ਨਾਗਰਿਕਤਾ ਖੋਹਣ ਦੀ ਗੱਲ ਕਰਦੇ ਹਨ।

ਇਹ 'ਵੱਡੇ ਰਾਸ਼ਟਰਵਾਦੀ' ਅਸਲ ਵਿਚ ਕੌਣ ਹਨ? ਕੀ ਇਹ ਉਹ ਲੋਕ ਹਨ ਜੋ ਦੇਸ਼ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ ਅਤੇ 'ਇੱਕ ਬੋਲੀ, ਇੱਕ ਰਾਸ਼ਟਰ' ਦੀ ਗੱਲ ਕਰਦੇ ਹਨ?

ਨਵੀਂ ਸਿੱਖਿਆ ਨੀਤੀ ਲਾਗੂ ਕਰਦਿਆਂ ਹਿੰਦੀ ਨੂੰ ਪ੍ਰਮੁੱਖਤਾ ਦੇਣ ਦੀ ਮੁਹਿੰਮ ਜ਼ੋਰਾਂ 'ਤੇ ਹੈ , ਜਿਸ ਦਾ ਵਿਰੋਧ ਕੁਝ ਹਲਕਿਆਂ ਵਿੱਚ ਲਗਾਤਾਰ ਹੋ ਰਿਹਾ ਹੈ। ਪਿਛਲੇ ਦਿਨੀ ਆਰ.ਐਸ.ਐਸ. ਦੇ ਇੱਕ ਵੱਡੇ ਅਧਿਕਾਰੀ ਦੱਤਾਤ੍ਰੇਯਾ ਹੋਸਬੋਲੇ ਵੱਲੋਂ 'ਧਰਮ ਨਿਰਪੱਖ' ਅਤੇ 'ਸਮਾਜਵਾਦੀ' ਸ਼ਬਦਾਂ ਉਤੇ ਬਹਿਸ ਅਤੇ ਪੁਨਰ ਵਿਚਾਰ ਦੇ ਸੁਝਾਅ ਨੇ ਸਿਆਸੀ ਭੁਚਾਲ ਲੈ ਆਂਦਾ ਹੈ। ਦੇਸ਼ ਦੀਆਂ ਸਿਆਸੀ ਪਾਰਟੀਆਂ ਸਮੇਤ ਕਾਂਗਰਸ ਨੇ ਇਸ ਨੂੰ ਸੰਵਿਧਾਨ ਬਦਲਣਾ ਕਰਾਰ ਦਿੱਤਾ ਹੈ।


ਅੱਜ '75 ਦੀ ਐਮਰਜੈਂਸੀ ਦੇ ਦਿਨਾਂ ਵਾਂਗਰ ਹੀ ਸਥਿਤੀ ਹੈ। ਜਿਵੇਂ ਸੱਤਾ ਦਾ ਕੇਂਦਰੀਕਰਨ ਐਮਰਜੈਂਸੀ ਦੌਰਾਨ ਸੀ, ਅੱਜ ਵੀ ਉਵੇਂ ਹੀ ਹੈ। ਵਿਅਕਤੀਪੂਜਾ ਜਿਵੇਂ ਇੰਦਰਾ ਗਾਂਧੀ ਕਰਵਾਉਂਦੀ ਸੀ, ਅੱਜ ਮੌਜੂਦਾ ਪ੍ਰਧਾਨ ਮੰਤਰੀ ਕਰਵਾਉਂਦੇ ਹਨ। ਪ੍ਰਸਿੱਧ ਕਵੀ ਭਵਾਨੀ ਪ੍ਰਸ਼ਾਦ ਮਿਸ਼ਰ ਦੀਆਂ ਪੰਕਤੀਆਂ ਅੱਜ ਦੇ ਮਾਹੌਲ 'ਤੇ ਉਵੇਂ ਹੀ ਢੁੱਕਦੀਆਂ ਹਨ, ਜਿਵੇਂ ਇੰਦਰਾ ਕਾਲ 'ਤੇ ਢੁੱਕਦੀਆਂ ਸਨ।

'ਬਹੁਤ ਨਹੀਂ ਸਿਰਫ਼ ਚਾਰ ਕਉਏ ਥੇ ਕਾਲੇ,
ਉਨ੍ਹੋਂ ਨੇ ਤੈਅ ਕੀਆ ਕਿ ਸਾਰੇ ਉੜਨੇ ਵਾਲੇ,
ਉਨਕੇ ਢੰਗ ਸੇ ਉੜੇਂ, ਰੁਕੇਂ, ਖਾਏਂ ਔਰ ਗਾਏਂ,
ਵੇ ਜਿਸ ਕੋ ਤਿਉਹਾਰ ਕਹੇਂ ਸਭ ਉਸੇ ਮਨਾਏਂ।'

ਸੰਵਿਧਾਨ ਨੂੰ ਬਦਲਣ ਵਾਲੇ ਅਤੇ ਇਸ ਵਿੱਚੋਂ ਧਰਮ ਨਿਰਪੱਖਤਾ ਅਤੇ ਸਮਾਜਵਾਦ ਸ਼ਬਦ ਕੱਢਣ ਦੀ ਮੁਹਿੰਮ ਚਲਾਉਣ ਵਾਲੇ ਪਤਾ ਨਹੀਂ ਕਿਉਂ ਡਾਕਟਰ ਭੀਮ ਰਾਓ ਅੰਬੇਡਕਰ ਦੇ ਇਹ ਸ਼ਬਦ ਭੁੱਲ ਬੈਠੇ ਹਨ, 'ਭਾਰਤ ਦੇ ਲੋਕਾਂ ਦੇ ਸੋਚਣ-ਸਮਝਣ ਅਤੇ ਭਾਰਤ ਨੂੰ ਪਰਿਭਾਸ਼ਿਤ ਕਰਨ ਦਾ ਅਧਿਕਾਰ ਕਿਸੇ ਕਾਲ-ਖੰਡ ਦੀ ਪੀੜ੍ਹੀ ਦੀ ਸੋਚ-ਸਮਝ ਅਤੇ ਪਰਿਭਾਸ਼ਾ ਨਾਲ ਬੰਨ੍ਹਿਆ ਨਹੀਂ ਜਾ ਸਕਦਾ।'

# ਕਾਲੇ ਦੌਰ ਦੀ ਇੱਕ ਯਾਦ: ਜਦੋਂ ਭਲੇਮਾਣਸ ਪੁਲਿਸ ਅਫ਼ਸਰ ਨੇ ਬਖ਼ਸ਼ੀ ਨੌਜਵਾਨ ਦੀ ਜਾਨ

ਪੰਜਾਬ ਦਾ ਕਾਲਾ ਦੌਰ ਸਿਖ਼ਰਾਂ 'ਤੇ ਸੀ। ਨਿੱਤ ਦਿਨ ਪੁਲਿਸ ਅਤੇ ਅਤਿਵਾਦੀਆਂ ਦੇ ਮੁਕਾਬਲੇ ਹੁੰਦੇ, ਬਹੁਤਾ ਕਰਕੇ ਅਤਿਵਾਦੀ ਹੀ ਮਾਰੇ ਜਾਂਦੇ ਕਿਉਂਕਿ ਉਹ ਥੋੜੀ ਜਗ੍ਹਾ ਵਿਚ ਘਿਰ ਗਏ ਹੁੰਦੇ ਸਨ। ਪਰ ਕਦੇ-ਕਦੇ ਕੋਈ ਪੁਲਿਸ ਵਾਲਾ ਵੀ ਅਤਿਵਾਦੀਆਂ ਦੀ ਗੋਲੀ ਨਾਲ ਮਾਰਿਆ ਜਾਂਦਾ। ਮੌਤ-ਮੌਤ ਵਿਚ ਫ਼ਰਕ ਜ਼ਰੂਰ ਹੁੰਦਾ ਸੀ, ਜੇ ਪੁਲਿਸ ਵਾਲਾ ਮਾਰਿਆ ਜਾਂਦਾ ਤਾਂ ਉਸਨੂੰ ਸ਼ਹੀਦ ਕਰਾਰ ਦੇ ਕੇ ਪੂਰਾ ਮਾਣ-ਸਨਮਾਨ ਦਿੱਤਾ ਜਾਂਦਾ, ਉਸਦੇ ਵਾਰਸਾਂ ਨੂੰ ਹਰ ਤਰ੍ਹਾਂ ਦੀ ਮੱਦਦ ਤੇ ਸਹੂਲਤਾਂ ਦਿੱਤੀਆਂ ਜਾਂਦੀਆਂ। ਜੇ ਅਤਿਵਾਦੀ ਮਾਰਿਆ ਜਾਂਦਾ ਤਾਂ ਉਸ ਦੇ ਵਾਰਸਾਂ ਨੂੰ ਦੱਸਿਆ ਵੀ ਨਾ ਜਾਂਦਾ, ਉਸਦੀ ਲਾਸ਼ ਕਿਸੇ ਨਹਿਰ ਦਰਿਆ ਵਿਚ ਰੋੜ੍ਹ ਦਿੱਤੀ ਜਾਂਦੀ ਜਾਂ ਫੇਰ ਵੇਲੇ-ਕੁਵੇਲੇ ਕਿਸੇ ਸ਼ਮਸ਼ਾਨਘਾਟ ਵਿਚ ਪੁਲਿਸ ਹੀ ਸਸਕਾਰ ਕਰ ਦਿੰਦੀ।



**ਬਲਵਿੰਦਰ ਸਿੰਘ ਭੁੱਲਰ**
**ਫੋਨ: 098882-75913**

ਪੰਜਾਬ ਦੇ ਹਾਲਾਤ ਹੀ ਅਜਿਹੇ ਬਣ ਚੁੱਕੇ ਸਨ ਕਿ ਜਦ ਕੋਈ ਮੁਕਾਬਲਾ ਹੁੰਦਾ ਅਤੇ ਅਤਿਵਾਦੀ ਮਾਰੇ ਜਾਂਦੇ, ਤਾਂ ਲੋਕ ਨਾ ਹੈਰਾਨ ਹੁੰਦੇ ਅਤੇ ਨਾ ਹੀ ਬਹੁਤਾ ਦੁੱਖ ਮਨਾਉਂਦੇ। ਇਕ ਨੌਜਵਾਨ ਦਾ ਦੁਨੀਆਂ ਤੋਂ ਚਲੇ ਜਾਣ ਦਾ ਕੁੱਝ ਦੁੱਖ ਤਾਂ ਮਹਿਸੂਸ ਕਰਦੇ, ਪਰ ਆਮ ਲੋਕ ਕਹਿ ਦਿੰਦੇ ਕਿ ਜਦੋਂ ਇਹ ਖਾੜਕੂ ਲਹਿਰ ਵਿਚ ਪੈ ਗਿਆ ਸੀ, ਉਦੋਂ ਹੀ ਪਤਾ ਲੱਗ ਗਿਆ ਸੀ ਕਿ ਇਸ ਨੇ ਇੱਕ ਨਾ ਇੱਕ ਦਿਨ ਮਾਰਿਆ ਹੀ ਜਾਣਾ ਹੈ। ਜਦੋਂ ਕਿਸੇ ਬੇਕਸੂਰ ਨੌਜਵਾਨ ਨੂੰ ਫੜ ਕੇ ਝੂਠੇ ਮੁਕਾਬਲੇ ਵਿਚ ਮਾਰਿਆ ਜਾਂਦਾ ਤਾਂ ਜ਼ਰੂਰ ਲੋਕ ਦੁੱਖ ਪ੍ਰਗਟ ਕਰਦੇ। ਬਹੁਤ ਸਾਰੇ ਉੱਚ ਪੁਲਿਸ ਅਫ਼ਸਰ ਅਜਿਹੇ ਸਨ, ਜੋ ਮੁਕੱਦਮਾ ਦਰਜ ਕਰਨ ਵਾਲੇ ਚੱਕਰ ਵਿਚ ਪੈਣ ਦੀ ਬਜਾਏ ਫੜੇ ਨੌਜਵਾਨ ਨੂੰ ਤਾਂ ਮਾਰ ਮੁਕਾਉਣ ਨੂੰ ਹੀ ਤਰਜੀਹ ਦਿੰਦੇ। ਉਨ੍ਹਾਂ ਦੇ ਮਨ ਵਿਚੋਂ ਮਨੁੱਖ ਪ੍ਰਤੀ ਮੋਹ ਸਤਿਕਾਰ ਜਾਂ ਕਿਸੇ ਦੇ ਜਿਉਣ ਦੇ ਹੱਕ ਬਾਰੇ ਖਿਆਲ ਖਤਮ ਹੋ ਗਏ ਸਨ, ਉਹ ਨੌਜਵਾਨਾਂ ਦਾ ਸ਼ਿਕਾਰ ਕਰਨ ਨੂੰ ਹੀ ਆਪਣਾ ਕਰਮ-ਧਰਮ ਮੰਨਣ ਲੱਗ ਪਏ ਸਨ ਅਤੇ ਇਸ 'ਚੋਂ ਤਰੱਕੀਆਂ ਭਾਲਦੇ ਸਨ। ਇਹ ਗੱਲ ਅੱਜ ਭਾਵੇਂ ਸੱਚੀ ਨਹੀਂ ਲਗਦੀ, ਪਰ ਜਿਨ੍ਹਾਂ ਉਹ ਦੌਰ ਅੱਖੀਆਂ ਵੇਖਿਆ ਹੈ, ਉਨ੍ਹਾਂ ਤੋਂ ਪੁੱਛਿਆ ਜਾਵੇ ਤਾਂ ਇਹ ਸੱਚ ਉਜਾਗਰ ਹੋ ਜਾਂਦਾ ਹੈ।


ਇੱਕ ਦਿਨ ਪੰਜਾਬ ਦੇ ਇੱਕ ਉੱਚ ਅਧਿਕਾਰੀ ਨੇ ਇੱਕ ਥਾਣੇ ਦਾ ਦੌਰਾ ਕੀਤਾ। ਥਾਣੇ ਦੀ ਹਵਾਲਾਤ ਵਿਚ ਇੱਕ ਉਭਰਦੀ ਜਵਾਨੀ ਵਾਲਾ ਮੁੰਡਾ ਬੈਠਾ ਸੀ। ਜਿਸ ਦੇ ਸਿਰ 'ਤੇ ਜੂੜਾ, ਲੂਈਂ ਜਿਹੀ ਦਾੜੀ, ਲੰਬਾ ਕੱਦ ਸੀ, ਉਹ ਅਤਿਵਾਦੀ ਨਹੀਂ ਸੀ, ਕਿਸੇ ਗੁਆਂਢੀ ਨਾਲ ਮਾਮੂਲੀ ਝਗੜੇ ਕਾਰਨ ਹੀ ਫੜਿਆ ਸੀ। ਉਸਨੂੰ ਵੇਖਦਿਆਂ ਹੀ ਅਧਿਕਾਰੀ, ਥਾਣੇ ਦੇ ਮੁਖੀ ਨੂੰ ਕਹਿਣ ਲੱਗਾ, 'ਇਹ ਹਵਾਲਾਤ 'ਚ ਕਿਉਂ ਬਿਠਾਇਆ ਹੈ, ਅੱਜ ਸ਼ਾਮ ਨੂੰ ਇਸ ਦਾ ਨਿਬੇੜਾ ਕਰ ਕੇ ਮੈਨੂੰ ਰਿਪੋਰਟ ਕਰੀਂ।' ਉੱਚ ਅਧਿਕਾਰੀ ਏਨਾ ਖ਼ੂੰਖਾਰ ਤੇ ਜ਼ਾਲਮ ਬਿਰਤੀ ਦਾ ਵਿਅਕਤੀ ਸੀ ਕਿ ਉਸ ਮੂਹਰੇ ਸੁਆਲ-ਜਵਾਬ ਕਰਨ ਦਾ ਤਾਂ ਕੋਈ ਹੌਂਸਲਾ ਕਰ ਹੀ ਨਹੀਂ ਸਕਦਾ ਸੀ। ਥਾਣਾ ਮੁਖੀ ਨੇ 'ਯੈਸ ਸਰ' ਕਿਹਾ, ਅਤੇ ਅਧਿਕਾਰੀ ਚਲਾ ਗਿਆ। ਥਾਣੇ ਦਾ ਮੁਖੀ ਸੱਚਾ-ਸੁੱਚਾ, ਰੱਬ ਤੋਂ ਡਰਨ ਵਾਲਾ ਇਨਸਾਨ ਸੀ, ਨਾ ਉਸਨੇ ਕਦੇ ਕੋਈ ਗਲਤ ਕੰਮ ਕੀਤਾ ਸੀ ਅਤੇ ਨਾ ਕਰਨਾ ਚਾਹੁੰਦਾ ਸੀ। ਉਹ ਕਸੂਤੀ ਸਥਿਤੀ ਵਿਚ ਫਸ ਗਿਆ ਕਿ ਕੀ ਕੀਤਾ ਜਾਵੇ। ਬੇਕਸੂਰ ਨੌਜਵਾਨ ਨੂੰ ਮਾਰ ਮੁਕਾਉਣ ਨਾਲੋਂ ਤਾਂ ਵੱਡਾ ਹੋਰ ਪਾਪ ਨਹੀਂ ਹੋ ਸਕਦਾ, ਮੈਂ ਇਹ ਪਾਪ ਕਰਾਂ ਵੀ ਕਿਉਂ? ਦੂਜੇ ਪਾਸੇ ਅਫ਼ਸਰ ਨੂੰ ਰਿਪੋਰਟ ਵੀ ਦੇਣੀ ਹੈ, ਜੇ ਅਜਿਹਾ ਨਾ ਕੀਤਾ ਤਾਂ ਐਨਾ ਸਖ਼ਤ ਅਫ਼ਸਰ ਬੈਲਟ ਲੁਹਾ ਕੇ ਘਰ ਨੂੰ ਤੋਰ ਦੂ। ਉਹ ਸੋਚਾਂ ਵਿਚ ਡੁੱਬਿਆ ਉਦਾਸ ਜਿਹਾ ਬੈਠਾ ਰਿਹਾ।

ਉਪਰੋਂ ਸ਼ਾਮ ਨੇੜੇ ਆ ਰਹੀ ਸੀ। ਥਾਣਾ ਮੁਖੀ ਨੇ ਨੌਜਵਾਨ ਨੂੰ ਜਿਪਸੀ ਵਿਚ ਬਿਠਾਇਆ ਤੇ ਨਾਲ ਆਪਣਾ ਇੱਕ ਵਿਸ਼ਵਾਸ਼ਪਾਤਰ ਸਿਪਾਹੀ ਲਿਆ ਅਤੇ ਰਾਜਸਥਾਨ ਨੂੰ ਜਾਣ ਵਾਲੀ ਨਹਿਰ ਦੀ ਪਟੜੀ 'ਤੇ ਜਾ ਖੜ੍ਹੇ। ਉਸਨੇ ਨੌਜਵਾਨ ਨੂੰ ਕਿਹਾ ਕਿ ਕਾਕਾ ਮੈਨੂੰ ਹੁਕਮ ਹੋਇਆ ਹੈ ਕਿ ਮੈਂ ਤੈਨੂੰ ਮਾਰ ਕੇ ਅਫ਼ਸਰ ਨੂੰ ਦੱਸਾਂ। ਮੈਂ ਹੁਕਮ ਵਿਚ ਬੱਝਾ ਹੋਇਆ ਹਾਂ, ਦੱਸ ਮੈਂ ਕੀ ਕਰਾਂ। ਨੌਜਵਾਨ ਹੱਥ ਜੋੜ ਕੇ ਕਹਿਣ ਲੱਗਾ, 'ਤੁਹਾਡੀ ਮਰਜ਼ੀ ਐ ਜੀ, ਮੈਂ ਤਾਂ ਹੁਣ ਕੀ ਕਰ ਸਕਦਾ ਹਾਂ। ਮੇਰਾ ਕੋਈ ਕਸੂਰ ਤਾਂ ਹੈ ਨਹੀਂ, ਪਰ ਮੇਰੀ ਸੁਣਨੀ ਵੀ ਕੀਹਨੇ ਐ। ਤੁਸੀਂ ਜੋ ਮਰਜ਼ੀ ਕਰੋ ਮੈਂ ਤਾਂ ਬੇਵੱਸ ਹੀ ਹਾਂ। ਜੇ ਤੁਸੀਂ ਠੀਕ ਸਮਝਦੇ ਹੋਂ ਤਾਂ ਗੋਲੀ ਮਾਰ ਦਿਓ, ਛੱਡ ਸਕਦੇ ਹੋ ਤਾਂ ਥੋੜੀ ਮਿਹਰਬਾਨੀ ਹੋਊਗੀ।' ਇਹ ਸੁਣ ਕੇ ਥਾਣਾ ਮੁਖੀ ਨੇ ਦੋ ਕੁ ਮਿੰਟ ਸੋਚਿਆ ਤੇ ਫੇਰ ਕਹਿਣ ਲੱਗਾ, 'ਭਾਈ! ਮੈਨੂੰ ਪਤੈ ਤੂੰ ਬੇਕਸੂਰ ਐਂ। ਬੇਕਸੂਰ ਨੂੰ ਮਾਰ ਦੇਣ ਦੀ ਕੋਈ ਵੀ ਧਰਮ ਇਜਾਜ਼ਤ ਨਹੀਂ ਦਿੰਦਾ, ਇਹ ਵੱਡਾ ਪਾਪ ਹੁੰਦਾ ਹੈ। ਹੁਣ ਤੈਨੂੰ ਇੱਕ ਭਰੋਸੇ ਨਾਲ ਛੱਡ ਸਕਦੇ ਹਾਂ, ਕਿ ਇਸ ਨਹਿਰ ਦਾ ਜਿੱਧਰ ਨੂੰ ਪਾਣੀ ਜਾਂਦਾ ਹੈ, ਓਧਰ ਨੂੰ ਸੂਆ ਤੱਕ ਤੁਰਿਆ ਹੀ ਜਾਈਂ। ਤੂੰ ਪੰਜਾਬ ਤੋਂ ਬਾਹਰ ਹੋ ਜਾਵੇਂਗਾ, ਮੁੜ ਕੇ ਪੰਜਾਬ ਵੱਲ ਮੂੰਹ ਨਾ ਕਰੀਂ। ਆਵਦੇ ਘਰਦਿਆਂ ਨਾਲ ਵੀ ਕੋਈ ਰਾਬਤਾ ਨਾ ਰੱਖੀਂ। ਅਸੀਂ ਕਹਿ ਦਿਆਂਗੇ ਕਿ ਮਾਰ ਦਿੱਤਾ ਹੈ। ਜੇ ਤੈਨੂੰ ਇਹ ਮਨਜ਼ੂਰ ਐ ਤਾਂ ਜਾਹ ਭੱਜ ਜਾ। ਜੇ ਕਿਤੇ ਪੰਜਾਬ ਦਾ ਮਾਹੌਲ ਠੀਕ ਹੋ ਗਿਆ ਤਾਂ ਮੁੜ ਆਵੀਂ।' ਨੌਜਵਾਨ ਡਰ ਨਾਲ ਕੰਬਦਾ ਹੋਇਆ ਕਹਿਣ ਲੱਗਾ, 'ਤੁਸੀਂ ਮੇਰੇ ਤੁਰੇ ਜਾਂਦੇ ਦੇ ਪਿੱਛੋਂ ਗੋਲੀ ਮਾਰੋਗੇ।' ਥਾਣਾ ਮੁਖੀ ਭਰੋਸਾ ਦਿੰਦਾ ਕਹਿਣ ਲੱਗਾ, 'ਨਹੀਂ ਕਾਕਾ! ਤੂੰ ਮੇਰੇ ਪੁੱਤਾਂ ਵਰਗਾ ਐਂ, ਬੱਸ ਟਾਈਮ ਨਾ ਖ਼ਰਾਬ ਕਰ। ਤੁਰ ਜਾਹ ਜੇ ਬਚਣਾ ਹੈ। ਪਰ ਮੇਰੀ ਗੱਲ 'ਤੇ ਪੱਕਾ ਰਹੀਂ।' ਜਾਨ ਕੀਹਨੂੰ ਪਿਆਰੀ ਨਹੀਂ ਹੁੰਦੀ। ਨੌਜਵਾਨ ਨਹਿਰ ਦੀ ਪਟੜੀ ਪਟੜੀ ਤੁਰ ਪਿਆ। ਥਾਣਾ ਮੁਖੀ ਉਥੇ ਖੜ੍ਹਾ ਉਸ ਨੂੰ ਉਦੋਂ ਤੱਕ ਵੇਖਦਾ ਰਿਹਾ, ਜਦ ਤੱਕ ਉਹ ਅੱਖਾਂ ਤੋਂ ਓਹਲੇ ਨਾ ਹੋ ਗਿਆ। ਫੇਰ ਉਸਨੇ ਆਪਣੇ ਉੱਚ ਅਧਿਕਾਰੀ ਕੋਲ ਜਾ ਰਿਪੋਰਟ ਪੇਸ਼ ਕੀਤੀ, 'ਜਨਾਬ ਤੁਹਾਡੇ ਹੁਕਮ ਦੀ ਪਾਲਣਾ ਕਰਦਿਆਂ ਮੈਂ ਉਸ ਲੜਕੇ ਨੂੰ ਮਾਰ ਕੇ ਲਾਸ਼ ਨਹਿਰ ਵਿਚ ਸੁੱਟ ਦਿੱਤੀ ਹੈ।'

ਨੌਜਵਾਨ ਦੇ ਘਰਦਿਆਂ ਨੇ ਵੀ ਉਸਨੂੰ ਲੱਭਣ ਦੀ ਕੋਸ਼ਿਸ਼ ਕੀਤੀ, ਥਾਣਿਆਂ ਵਿਚ ਵੀ ਪਤਾ ਕੀਤਾ। ਆਖ਼ਰ ਮਾਰ ਦਿੱਤਾ ਸਮਝ ਕੇ ਉਸਦੇ ਨਮਿੱਤ ਸਹਿਜ ਪਾਠ ਦਾ ਭੋਗ ਪਾ ਦਿੱਤਾ। ਸਮਾਂ ਲੰਘਦਾ ਗਿਆ, ਉਹ ਨੌਜਵਾਨ ਰਾਜਸਥਾਨ ਵਿਚ ਕੰਮ-ਧੰਦਾ ਕਰ ਕੇ ਆਪਣਾ ਗੁਜ਼ਾਰਾ ਕਰਦਾ ਰਿਹਾ। ਉਸਦਾ ਕੰਮ ਵਧੀਆ ਚੱਲ ਪਿਆ, ਉਹ ਵਿਆਹਿਆ ਗਿਆ ਅਤੇ ਬਾਲ ਬੱਚੇ ਵਾਲਾ ਵੀ ਹੋ ਗਿਆ। ਸਮਾਂ ਲੰਘਣ ਨਾਲ ਇਧਰ ਪੰਜਾਬ ਵਿਚੋਂ ਅਤਿਵਾਦ ਦਾ ਦੌਰ ਵੀ ਖ਼ਤਮ ਹੋ ਗਿਆ। ਕਰੀਬ ਵੀਹ ਸਾਲ ਬਾਅਦ ਉਸਦੇ ਪਰਿਵਾਰ ਨੂੰ ਪਤਾ ਲੱਗਾ ਕਿ ਉਨ੍ਹਾਂ ਦਾ ਪੁੱਤ ਜਿਉਂਦਾ ਹੈ। ਇਸ ਤਰ੍ਹਾਂ ਇੱਕ ਭਲੇਮਾਣਸ ਤੇ ਸੱਚ 'ਤੇ ਪਹਿਰਾ ਦੇਣ ਵਾਲੇ ਥਾਣਾ ਮੁਖੀ ਦੇ ਰਹਿਮ ਸਦਕਾ ਉਸ ਨੌਜਵਾਨ ਦੀ ਜਾਨ ਬਚ ਗਈ।

ਪੰਜਾਬ ਦੇ ਕਾਲੇ ਦੌਰ ਵਿਚ ਵਾਪਰਦੀਆਂ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਹੁੰਦਿਆਂ ਅੱਜ ਵੀ ਲੋਕਾਂ ਦਾ ਦਿਲ ਕੰਬਣ ਲੱਗ ਜਾਂਦਾ ਹੈ, ਕਿ ਕਿਵੇਂ ਕਾਨੂੰਨ ਦੀ ਪ੍ਰਵਾਹ ਨਾ ਕਰਦਿਆਂ, ਰੱਬ ਦਾ ਖ਼ੌਫ਼ ਭੁਲਾ ਕੇ, ਪੰਜਾਬ 'ਚ ਨੌਜਵਾਨੀ ਦਾ ਘਾਣ ਕਰ ਕੇ ਪੁਲਿਸ ਅਧਿਕਾਰੀਆਂ ਵੱਲੋਂ ਤਰੱਕੀਆਂ ਤੇ ਸਹੂਲਤਾਂ ਲਈਆਂ ਜਾਂਦੀਆਂ ਰਹੀਆਂ ਹਨ। ਅਜਿਹੇ ਪਾਪ ਕਰਨ ਵਾਲੇ ਅਧਿਕਾਰੀ ਅਫ਼ਸਰ ਅੱਜ ਸੇਵਾਮੁਕਤੀ ਬਾਅਦ ਰੱਬ ਦਾ ਨਾਂ ਲੈਣ ਤੇ ਮਾਲਾ ਦੇ ਮਣਕੇ ਗਿਣਨ ਵਿਚ ਰੁੱਝੇ ਰਹਿੰਦੇ ਹਨ, ਪਰ ਪਾਪ ਇਉਂ ਧੋਤੇ ਨਹੀਂ ਜਾ ਸਕਦੇ। ਕਈ ਦਹਾਕਿਆਂ ਬਾਅਦ ਬੇਕਸੂਰ ਨੌਜਵਾਨਾਂ ਨੂੰ ਖ਼ਤਮ ਕਰਨ ਵਾਲਿਆਂ ਨੂੰ ਅਦਾਲਤਾਂ ਵੱਲੋਂ ਸਜ਼ਾਵਾਂ ਮਿਲ ਰਹੀਆਂ ਹਨ। ਇਹ ਠੀਕ ਐ ਕਿ ਮਾਪਿਆਂ ਦੇ ਪੁੱਤ ਤਾਂ ਵਾਪਸ ਨਹੀਂ ਆ ਸਕਦੇ, ਪਰ ਉਨ੍ਹਾਂ ਦੇ ਹਿਰਦਿਆਂ ਨੂੰ ਕੁੱਝ ਸ਼ਾਂਤੀ ਜ਼ਰੂਰ ਮਿਲ ਜਾਂਦੀ ਹੈ ਕਿ ਆਖ਼ਰ ਇਨਸਾਫ਼ ਤਾਂ ਮਿਲਿਆ ਹੈ। ਦੂਜੇ ਪਾਸੇ ਸੱਚ 'ਤੇ ਪਹਿਰਾ ਦੇਣ ਵਾਲੇ ਅਫ਼ਸਰਾਂ ਕਰਮਚਾਰੀਆਂ ਦੀ ਲੋਕ ਕਦਰ ਤੇ ਇੱਜ਼ਤ ਕਰਦੇ ਹਨ। ਉਹ ਸਿਰ ਉੱਚਾ ਕਰ ਕੇ ਲੋਕਾਂ ਵਿਚ ਵਿਚਰਦੇ ਹਨ।

# ਗੁਰੂ ਪਰਿਵਾਰਾਂ ਦੀਆਂ ਬੀਬੀਆਂ -2



ਡਾ. ਹਰਜਿੰਦਰ ਸਿੰਘ ਦਿਲਗੀਰ
ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'

## ਮਾਤਾ ਸੁਲੱਖਣੀ



ਸਿੱਖ ਤਵਾਰੀਖ ਵਿਚ ਤੀਜੀ ਔਰਤ (ਜਿਸ ਨੂੰ ਪੱਛਮੀ ਲੋਕ 'ਫ਼ਸਟ ਲੇਡੀ' ਕਹਿਣਗੇ) ਪਿੰਡ ਪੱਖੋਕੇ ਰੰਧਾਵਾ ਦੇ ਰਹਿਣ ਵਾਲੇ ਭਾਈ ਮੂਲ ਚੰਦ ਚੋਣਾ ਦੀ ਧੀ ਮਾਤਾ ਸੁਲੱਖਣੀ ਸੀ। ਆਪ ਦਾ ਜਨਮ 12 ਅਕਤੂਬਰ 1476 ਦੇ ਦਿਨ ਹੋਇਆ ਸੀ। ਆਪ ਦਾ ਵਿਆਹ ਗੁਰੂ ਨਾਨਕ ਸਾਹਿਬ ਨਾਲ 24 ਸਤੰਬਰ 1487 ਦੇ ਦਿਨ ਬਟਾਲਾ ਵਿਚ ਹੋਇਆ ਸੀ। ਆਪ ਦੇ ਘਰ 10 ਅਗਸਤ 1494 ਦੇ ਦਿਨ ਸ੍ਰੀ ਚੰਦ ਅਤੇ 13 ਫਰਵਰੀ 1497 ਦੇ ਦਿਨ ਲਖਮੀ ਦਾਸ (ਦੋ ਬੇਟੇ) ਪੈਦਾ ਹੋਏ। ਸੁਲੱਖਣੀ ਨੇ ਆਪਣੀ ਜ਼ਿੰਦਗੀ ਦੇ 16-17 ਸਾਲ ਤਲਵੰਡੀ ਰਾਏ ਭੋਏ ਦੀ, ਤਿੰਨ ਸਾਲ ਸੁਲਤਾਨਪੁਰ, 14-15 ਸਾਲ ਫਿਰ ਪੱਖੋ ਕੇ ਰੰਧਾਵੇ ਅਤੇ ਆਖ਼ਰੀ 17 ਸਾਲ ਕਰਤਾਰਪੁਰ ਵਿਚ ਬਿਤਾਏ। ਉਸ ਦੀ ਮੌਤ 22 ਸਤੰਬਰ 1539 ਦੇ ਦਿਨ ਹੋਈ ਸੀ। ਭਾਵੇਂ ਗੁਰੂ ਨਾਨਕ ਸਾਹਿਬ ਦਾ ਉਦਾਸੀਆਂ ਦਾ 14 ਸਾਲ ਦਾ ਸਮਾਂ ਆਪ ਨੇ ਇਕੱਲਿਆਂ ਬਿਤਾਇਆ ਪਰ 35-36 ਸਾਲ ਆਪ ਨੂੰ ਗੁਰੂ ਨਾਨਕ ਸਾਹਿਬ ਦਾ ਨਿੰਘ ਹਾਸਿਲ ਹਇਆ ਸੀ।

ਮਾਤਾ ਸੁਲੱਖਣੀ ਯਕੀਨਨ ਇਕ ਸਬਰ ਵਾਲੀ ਔਰਤ ਸੀ ਜਿਸ ਨੇ ਆਪਣੇ ਪਤੀ ਨੂੰ ਸਾਲਾਂ ਬੱਧੀ ਉਦਾਸੀਆਂ 'ਤੇ ਜਾਣ ਤੋਂ ਨਹੀਂ ਰੋਕਿਆ; ਉਨ੍ਹਾਂ ਨੂੰ ਗੁਰੂ ਸਾਹਿਬ ਦਾ ਮਿਸ਼ਨ ਆਪਣੀ ਲੋੜ ਤੋਂ ਵੱਡਾ ਮਹਿਸੂਸ ਹੋਇਆ ਹੋਵੇਗਾ। ਦੂਜਾ, ਉਨ੍ਹਾਂ ਵਿਚ ਸੇਵਾ ਕਰਨ ਦਾ ਜਜ਼ਬਾ ਬਹੁਤ ਹੋਵੇਗਾ। ਤਲਵੰਡੀ, ਸੁਲਤਾਨਪੁਰ ਤੇ ਕਰਤਾਰਪੁਰ ਵਿਚ ਗੁਰੂ ਜੀ ਨੂੰ ਮਿਲਣ ਵਾਸਤੇ ਸੈਂਕੜੇ ਤੇ ਹਜ਼ਾਰਾਂ ਲੋਕ ਆਉਂਦੇ ਰਹਿੰਦੇ ਹੋਣਗੇ ਤੇ ਉਨ੍ਹਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੀ ਹੁੰਦੀ ਹੋਵੇਗੀ।

## ਮਾਤਾ ਚੰਦੋ ਰਾਣੀ

ਮਾਤਾ ਚੰਦੋ ਰਾਣੀ ਗੁਰੂ ਨਾਨਕ ਸਾਹਿਬ ਜੀ ਦੇ ਸੱਸ ਸਨ। ਉਨ੍ਹਾਂ ਦੀ ਬੇਟੀ ਸੁਲੱਖਣੀ ਦਾ ਵਿਆਹ ਗੁਰੂ ਨਾਨਕ ਸਾਹਿਬ ਜੀ ਨਾਲ ਹੋਇਆ ਸੀ। ਮਾਤਾ ਚੰਦੋ ਰਾਣੀ ਬਟਾਲਾ ਨਿਵਾਸੀ ਮੂਲ ਚੰਦ ਦੀ ਪਤਨੀ ਸਨ। ਉਨ੍ਹਾਂ ਨੇ ਆਪਣੀ ਬਹੁਤੀ ਉਮਰ ਉਥੇ ਜਾਂ ਪਿੰਡ ਪੱਖੋ ਕੇ ਰੰਧਾਵੇ ਵਿਚ ਹੀ ਗੁਜ਼ਾਰੀ ਸੀ। ਮਾਤਾ ਸੁਲੱਖਣੀ ਵਿਚ ਜੋ ਵੀ ਖ਼ੂਬੀਆਂ ਸਨ ਉਹ ਯਕੀਨਨ ਇਸ ਮਾਂ ਨੇ ਹੀ ਦਿੱਤੀਆਂ ਹੋਣਗੀਆਂ।

## ਦਾਈ ਦੌਲਤਾਂ

ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਵਿਚ ਪਹਿਲੀ ਔਰਤ ਮਾਂ ਸੀ ਜਿਸ ਦੇ ਉਦਰ ਵਿਚ ਉਹ ਨੌਂ ਮਹੀਨੇ ਰਹੇ ਅਤੇ ਦੂਜੀ ਔਰਤ ਦਾਈ ਦੌਲਤਾਂ ਸੀ ਜਿਸ ਨੇ ਸਭ ਤੋਂ ਪਹਿਲਾਂ ਉਨ੍ਹਾਂ ਦਾ ਚਿਹਰਾ ਵੇਖਿਆ। ਦੌਲਤਾਂ ਇਕ ਆਮ ਦਾਈ ਸੀ, ਸ਼ਾਇਦ ਮਾਹਿਰ ਹੀ ਹੋਵੇਗੀ ਆਪਣੇ ਹੁਨਰ ਵਿਚ; ਪਰ ਉਸ ਨੂੰ ਨਹੀਂ ਸੀ ਪਤਾ ਕਿ ਉਸ ਦੇ ਹੱਥੋਂ ਜਿਸ ਬੱਚੇ ਦਾ ਜਨਮ ਹੋਇਆ ਹੈ ਉਹ ਇਸ ਦੁਨੀਆਂ ਵਿਚ ਇਕ ਇਨਕਲਾਬ ਲਿਆਵੇਗਾ।

ਜਨਮ ਸਾਖੀਆਂ ਵਿਚ ਜ਼ਿਕਰ ਹੈ ਕਿ ਉਸ ਨੇ ਦੱਸਿਆ ਕਿ ਉਹ ਬੱਚਾ ਆਮ ਨਹੀਂ ਸੀ; ਉਹ 'ਆਮ ਬੱਚਿਆਂ ਵਾਂਗ ਰੋਇਆ ਨਹੀਂ ਬਲਕਿ ਇੰਞ ਮੁਸਕੁਰਾਇਆ ਜਿਵੇਂ ਕੋਈ ਸਤਪੁਰਖ ਕਿਸੇ ਦੂਜੇ ਨੂੰ ਮਿਲਣ ਲੱਗਿਆਂ ਖੇੜੇ ਵਿਚ ਮੁਸਕੁਰਾਉਂਦਾ ਹੈ।' ਪਰ ਇਹ ਗੱਲਾਂ ਤਾਂ ਬਾਲ ਨਾਨਕ ਬਾਰੇ ਹਨ, ਦੌਲਤਾਂ ਬਾਰੇ ਨਹੀਂ। ਦੌਲਤਾਂ ਬਾਰੇ ਹੋਰ ਵਧੇਰੇ ਕੁਝ ਲਿਖਿਆ ਨਹੀਂ ਮਿਲਦਾ ਤੇ ਸ਼ਾਇਦ ਉਸ ਨਾਲ ਸਿੱਖ ਤਵਾਰੀਖ ਦੇ ਤਾਲਿਬ ਨੂੰ ਕੋਈ ਮਤਲਬ ਵੀ ਨਹੀਂ ਹੋਣਾ; ਪਰ ਇਕ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇ ਦੌਲਤਾਂ ਬਹੁਤ ਸਮਾਂ ਜਿਊਂਦੀ ਰਹੀ ਹੋਵੇਗੀ ਤਾਂ ਬਹੁਤ ਮਾਣ ਮਹਿਸੂਸ ਕਰਦੀ ਰਹੀ ਹੋਵੇਗੀ ਕਿ ਦੁਨੀਆਂ ਜਿਸ ਬਾਬਾ ਨਾਨਕ ਦੇ ਪੈਰਾਂ ਦੇ ਨਿਸ਼ਾਨ ਪਿੱਛੇ ਚਲਦੀ ਹੈ, ਜੋ ਉਸ ਅੱਗੇ ਸਿਰ ਨਿਵਾਉਂਦੀ ਹੈ, ਉਹ ਨਾਨਕ ਉਸ ਦੇ ਹੱਥੋਂ ਹੀ ਪੈਦਾ ਹਇਆ ਸੀ ਤੇ ਉਸ ਨੂੰ ਹੀ ਸਭ ਤੋਂ ਪਹਿਲਾਂ ਉਸ ਦਾ ਦੀਦਾਰ ਹੋਇਆ ਸੀ। ਇਸੇ ਗੱਲ ਨੇ ਦੌਲਤਾਂ ਦਾਈ ਨੂੰ ਵੀ ਅਮਰ ਕਰ ਦਿੱਤਾ।

## ਮਾਤਾ ਖੀਵੀ



ਮਾਤਾ ਖੀਵੀ ਗੁਰੂ ਅੰਗਦ ਸਾਹਿਬ ਦੀ ਪਤਨੀ ਸਨ। ਆਪ ਪਿੰਡ ਸੰਘਰ ਦੇ ਭਾਈ ਦੇਵੀ ਚੰਦ ਅਤੇ ਮਾਤਾ ਕਰਨ ਦੇਵੀ ਦੀ ਬੇਟੀ ਸਨ। ਆਪ ਦਾ ਵਿਆਹ ਗੁਰੂ ਅੰਗਦ ਸਾਹਿਬ ਨਾਲ 15 ਨਵੰਬਰ 1519 ਦੇ ਦਿਨ ਹੋਇਆ ਸੀ। ਆਪ ਦੇ ਘਰ ਦੋ ਪੁੱਤਰਾਂ (1524 ਵਿਚ ਦਾਸੂ ਤੇ 1537 ਵਿਚ ਦਾਤੂ) ਤੇ ਦੋ ਧੀਆਂ (1526 ਵਿਚ ਅਮਰੋ ਤੇ 1535 ਵਿਚ ਅਨੋਖੀ) ਨੇ ਜਨਮ ਲਿਆ। ਆਪ ਦੀ ਮੌਤ 1582 ਵਿਚ ਹੋਈ ਸੀ।

ਗੁਰੂ ਅੰਗਦ ਸਾਹਿਬ 1532 ਵਿਚ ਗੁਰੂ ਨਾਨਕ ਸਾਹਿਬ ਕੋਲ ਆ ਕੇ ਰਹਿਣ ਲਗ ਪਏ ਸਨ ਤੇ ਮਾਤਾ ਖੀਵੀ ਵੀ ਉਨ੍ਹਾਂ ਕੋਲ ਆਉਂਦੇ ਰਹਿੰਦੇ ਹੋਣਗੇ। ਜਿਵੇਂ ਗੁਰੂ ਅੰਗਦ ਸਾਹਿਬ ਸੇਵਾ ਕਰਦੇ ਸਨ ਮਾਤਾ ਖੀਵੀ ਨੇ ਵੀ ਕਰਤਾਰਪੁਰ ਵਿਚ ਗੁਰੂ ਨਾਨਕ ਸਾਹਿਬ ਅਤੇ ਸਿੱਖ ਸੰਗਤਾਂ ਦੀ ਬਹੁਤ ਸੇਵਾ ਕੀਤੀ ਹੋਵੇਗੀ। ਇਸੇ ਕਰ ਕੇ ਹੀ ਉਨ੍ਹਾਂ ਬਾਰੇ ਕਵੀ ਬਲਵੰਡ ਨੇ ਲਿਖਿਆ ਹੈ:

ਬਲਵੰਡ, ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ, ਮਨਮੁਖ ਥੀਏ ਪਰਾਲੀ॥
ਪਏ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ॥
ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ ॥3॥
(ਗੁਰੂ ਗ੍ਰੰਥ ਸਾਹਿਬ, ਸਫ਼ਾ 967)

ਮਾਤਾ ਖੀਵੀ ਸਿੱਖ ਪੰਥ ਦੀ ਇੱਕੋ ਇਕ ਬੀਬੀ ਹੈ ਜਿਸ ਦਾ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਦੋ ਵਾਰ ਆਉਂਦਾ ਹੈ। ਪਹਿਲੀ ਲਾਈਨ ਵਿਚ ਉਨ੍ਹਾਂ ਨੂੰ ਨੇਕ ਔਰਤ ਕਿਹਾ ਹੈ ਤੇ ਪੰਜਵੀਂ ਲਾਈਨ ਵਿਚ ਗੁਰੂ ਅੰਗਦ ਸਹਿਬ ਨੂੰ ਉਨ੍ਹਾਂ (ਮਾਤਾ ਖੀਵੀ) ਦੇ ਨਾਂ ਨਾਲ ਯਾਦ ਕੀਤਾ ਹੈ।

## ਬੀਬੀ ਅਮਰੋ

ਬੀਬੀ ਅਮਰੋ ਦਾ ਜਨਮ 1526 ਵਿਚ ਗੁਰੂ ਅੰਗਦ ਸਾਹਿਬ ਤੇ ਮਾਤਾ ਖੀਵੀ ਦੇ ਘਰ ਖਡੂਰ ਵਿਚ ਹੋਇਆ ਸੀ। 1540 ਵਿਚ ਬੀਬੀ ਅਮਰੋ ਦਾ ਵਿਆਹ, ਗੁਰੂ ਅਮਰ ਦਾਸ ਸਾਹਿਬ ਦੇ ਭਰਾ ਦੇ ਪੁਤਰ ਰਾਮ ਜੀ ਮੱਲ ਨਾਲ ਹੋਇਆ।

ਇਕ ਕਹਾਣੀ ਮੁਤਾਬਿਕ ਇਕ ਦਿਨ ਆਪ ਨੇ ਬੀਬੀ ਅਮਰੋ ਤੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਇਕ ਸ਼ਬਦ ਸੁਣਿਆ ਜਿਸ ਨੇ ਆਪ ਦੇ ਮਨ ਨੂੰ ਬੜਾ ਟੁੰਬਿਆ। ਆਪ ਨੇ ਬੀਬੀ ਅਮਰੋ ਨਾਲ ਉਸ ਸ਼ਬਦ ਦੇ ਰਚਨਹਾਰੇ ਬਾਰੇ ਪਤਾ ਕੀਤਾ। ਬੀਬੀ ਨੇ ਦਸਿਆ ਕਿ ਉਸ ਸ਼ਬਦ ਦੇ ਰਚਨਹਾਰੇ ਤਾਂ ਇਸ ਦੁਨੀਆਂ ਵਿਚ ਨਹੀਂ ਰਹੇ ਪਰ ਉਨ੍ਹਾਂ ਦੇ ਰੂਹਾਨੀ ਵਾਰਿਸ, ਜੋ ਉਸ ਬੀਬੀ ਦੇ ਪਿਤਾ ਸਨ, ਖਡੂਰ ਸਾਹਿਬ ਵਿਚ ਗੁਰੂ ਸਾਹਿਬ ਦੇ ਮਿਸ਼ਨ ਨੂੰ ਚਲਾ ਰਹੇ ਸਨ। ਆਪ ਦੇ ਮਨ ਵਿਚ ਗੁਰੂ ਸਾਹਿਬ ਦੇ ਦਰਸ਼ਨ ਕਰਨ ਦੀ ਖ਼ਾਹਿਸ਼ ਪੈਦਾ ਹੋਈ।

ਪਰ ਇਹ ਕਹਾਣੀ ਸਹੀ ਨਹੀਂ ਹੈ ਕਿਉਂ ਕਿ ਜਦ ਬੀਬੀ ਦਾ ਵਿਆਹ ਗੁਰੂ ਅਮਰ ਦਾਸ ਦੇ ਭਤੀਜੇ ਨਾਲ ਹੋਇਆ ਸੀ ਤਾਂ ਉਹ (ਗੁਰੂ ਅਮਰ ਦਾਸ) ਵੀ ਉਸ ਬਾਰਾਤ ਨਾਲ ਗਏ ਹੋਣਗੇ ਤੇ ਉਨ੍ਹਾਂ ਨੂੰ ਯਕੀਨਨ ਗੁਰੂ ਸਾਹਿਬ ਬਾਰੇ ਪਹਿਲੋਂ ਹੀ ਪਤਾ ਹੋਵੇਗਾ। ਉਂਞ ਇਹ ਕਹਾਣੀ ਇਹ ਜ਼ਰੂਰ ਸਾਬਿਤ ਕਰਦੀ ਹੈ ਕਿ ਅਮਰੋ ਨੂੰ ਗੁਰਬਾਣੀ ਪੜ੍ਹਨ ਦੀ ਲਗਨ ਸੀ ਤੇ ਬਾਸਰਕੇ ਗਿੱਲਾਂ ਵਿਚ ਆਪਣੇ ਸਹੁਰੇ ਘਰ ਵਿਚ ਉਹ ਪਾਠ ਕਦੀ ਰਹਿੰਦੀ ਹੋਵੇਗੀ। ਬੀਬੀ ਅਮਰੋ ਦੀ ਯਾਦ ਵਿਚ ਇਕ ਗੁਰਦੁਆਰਾ ਖਡੂਰ ਵਿਚ ਉਸ ਖੂਹ, ਜਿੱਥੇ ਉਹ ਪਾਣੀ ਭਰਦ ਸਨ, ਦੀ ਜਗਹ 'ਤੇ ਬਣਿਆ ਹੋਇਆ ਹੈ।

## ਬੀਬੀ ਅਨੋਖੀ

ਬੀਬੀ ਅਨੋਖੀ ਗੁਰੂ ਅੰਗਦ ਸਾਹਿਬ ਜੀ ਅਤੇ ਮਾਤਾ ਖੀਵੀ ਦੀ ਛੋਟੀ ਬੇਟੀ ਸਨ। ਆਪ ਦਾ ਜਨਮ 1535 ਵਿਚ ਹੋਇਆ ਸੀ। ਆਪ ਦਾ ਵਿਆਹ ਸੂਰੀ ਪਰਿਵਾਰ ਵਿਚ ਹੋਇਆ। ਆਪ ਬਾਰੇ ਇਸ ਤੋਂ ਵੱਧ ਜਾਣਕਾਰੀ ਨਹੀਂ ਮਿਲਦੀ।

---

# ਲੋਕਤੰਤਰ ਬਨਾਮ ਧਰਮਤੰਤਰ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

26 ਜੂਨ ਨੂੰ ਰਾਸ਼ਟਰੀ ਸਵੈਸੇਵਕ ਸੰਘ ਦੇ ਜਨਰਲ ਸਕੱਤਰ ਦੱਤਾਤ੍ਰੇਅ ਹੋਸਬਾਲੇ ਨੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਐਮਰਜੈਂਸੀ ਵੇਲੇ ਸ਼ਾਮਿਲ ਕੀਤੇ ਗਏ ਦੋ ਸ਼ਬਦਾਂ-ਧਰਮ ਨਿਰਪੱਖ ਅਤੇ ਸਮਾਜਵਾਦ-ਦੀ ਸਮੀਖਿਆ ਕੀਤੇ ਜਾਣ ਸਬੰਧੀ ਚਰਚਾ ਦੀ ਵਕਾਲਤ ਕੀਤੀ ਸੀ।

ਦੇਸ਼ ਦੇ ਉਪ-ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਕਰ ਨੇ ਦੋ ਦਿਨ ਵੀ ਨਹੀਂ ਟੱਪਣ ਦਿਤੇ ਭਾਜਪਾ ਦੇ ਮਾਈ-ਬਾਪ, ਭਾਵ ਆਰ.ਐਸ.ਐਸ., ਦੇ ਸੁਝਾਅ ਉਪਰ ਮੋਹਰ ਲਾਉਣ ਲਈ, ਸਗੋਂ ਇਸ ਤੋਂ ਹੋਰ ਵੀ ਅਗਾਂਹ ਜਾਣ ਲਈ। ਉਨ੍ਹਾਂ ਤਾਂ 28 ਜੂਨ ਨੂੰ ਇੱਕ ਸਮਾਗਮ ਦੌਰਾਨ ਠਾਹ-ਸੋਟਾ ਮਾਰਨ ਵਾਂਗ ਇਨ੍ਹਾਂ ਦੋਵਾਂ ਸ਼ਬਦਾਂ ਨੂੰ 'ਨਾਸੂਰ' (ਅੱਲ੍ਹੇ ਜ਼ਖ਼ਮ) ਅਤੇ ਹਜ਼ਾਰਾਂ ਸਾਲ ਪੁਰਾਣੀ 'ਸਨਾਤਨ ਫਿਲਾਸਫੀ ਵਿਰੋਧੀ' ਕਰਾਰ ਦੇ ਮਾਰਿਆ! ਜਗਦੀਪ ਧਨਕਰ ਭੁੱਲ ਹੀ ਜਾਂਦੇ ਹਨ ਕਿ ਹੁਣ ਉਹ ਇਕ ਸੰਵਿਧਾਨਕ ਅਹੁਦੇ ਉਪਰ ਸੁਸ਼ੋਭਿਤ ਹਨ, ਭਾਜਪਾ ਜਾਂ ਆਰ.ਐਸ.ਐਸ. ਦੇ ਕਾਰਜ-ਕਰਤਾ ਨਹੀਂ। ਇਹ ਠੀਕ ਹੈ ਕਿ ਇਹ ਸਭ ਰੁਤਬੇ ਉਨ੍ਹਾਂ ਨੂੰ ਭਾਜਪਾਈ ਹੋਣ ਕਾਰਨ ਹੀ ਮਿਲੇ ਹਨ ਪਰ ਸੰਵਿਧਾਨਕ ਰੁਤਬੇਦਾਰਾਂ ਦੀ ਇੱਕ ਮਾਣ-ਮਰਿਆਦਾ ਹੁੰਦੀ ਹੈ ਜੋ ਬਰਕਰਾਰ ਰੱਖਣੀ ਚਾਹੀਦੀ ਹੈ।

'ਨਾਸੂਰ' ਤਾਂ ਬਹੁਤ ਸਖ਼ਤ ਸ਼ਬਦ ਹੈ, ਜੋ ਧਨਕਰ ਜੀ ਨੇ ਵਰਤਿਆ ਹੈ। ਮਹਾਨਕੋਸ਼ ਅਨੁਸਾਰ ਨਾਸੂਰ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਉਹ ਜ਼ਖ਼ਮ ਜਿਸ ਵਿਚੋਂ ਪੀਪ ਵਹਿੰਦੀ ਰਹੇ ਨਾੜੀਦ੍ਵ'।

ਆਪਣੇ ਪੱਖ ਨੂੰ ਪੂਰਨ ਲਈ ਉਪ-ਰਾਸ਼ਟਰਪਤੀ ਨੇ ਸੁਪਰੀਮ ਕੋਰਟ ਦੀਆਂ ਕਈ ਜਜਮੈਂਟਾਂ ਅਤੇ ਜੱਜਾਂ ਦਾ ਹਵਾਲਾ ਦਿੱਤਾ।

ਆਉ ਜ਼ਰਾ ਪਹਿਲਾਂ ਦੱਤਾਤ੍ਰੇਅ ਗੋਸਾਬਲੇ ਦਾ ਸੁਝਾਅ ਦੇਖ ਲਈਏ। ਦੇਸ਼ ਵਿਚ ਐਮਰਜੈਂਸੀ ਦੇ ਪੰਜਾਹ ਸਾਲ ਪੂਰੇ ਹੋਣ ਸਬੰਧੀ ਇਕ ਸਮਾਗਮ ਵਿਚ ਬੋਲਦਿਆਂ ਉਨ੍ਹਾਂ ਕਿਹਾ, 'ਪ੍ਰਸਤਾਵਨਾ ਵਿਚ ਸ਼ਬਦ ਧਰਮ ਨਿਰਪੱਖ ਅਤੇ ਸਮਾਜਵਾਦੀ ਜੋੜ ਦਿਤੇ ਗਏ। ਬਾਅਦ ਵਿਚ ਇਨ੍ਹਾਂ ਨੂੰ ਹਟਾਉਣ ਦਾ ਕੋਈ ਯਤਨ ਨਹੀਂ ਕੀਤਾ ਗਿਆ। ਇਸ ਲਈ ਇਸ ਗੱਲ ਉਪਰ ਚਰਚਾ ਹੋਣੀ ਚਾਹੀਦੀ ਹੈ ਕਿ ਕੀ ਇਹ ਸ਼ਬਦ ਰਹਿਣੇ ਚਾਹੀਦੇ ਹਨ ਜਾਂ ਨਹੀਂ'। ਗੋਸਾਬਲੇ ਨੇ ਇਹ ਵੀ ਕਿਹਾ ਕਿ ਅੰਬੇਦਕਰ ਦੁਆਰਾ ਘੜੇ ਗਏ ਸੰਵਿਧਾਨ ਵਿਚ ਇਹ ਸ਼ਬਦ ਨਹੀਂ ਸਨ।


ਇਸ ਬਿਆਨ ਦੇ ਦੋ ਦਿਨਾਂ ਬਾਅਦ ਜਗਦੀਪ ਧਨਕਰ ਜੀ ਦਹਾੜੇ। ਜ਼ਰਾ ਉਨ੍ਹਾਂ ਦੀ ਦਹਾੜ ਵੀ ਦੇਖ ਲਉ। ਸੰਵਿਧਾਨ ਦੀ ਪ੍ਰਸਤਾਵਨਾ ਨੂੰ ਸੰਵਿਧਾਨ ਦੀ ਆਤਮਾ ਦਸਦਿਆਂ ਉਪ ਰਾਸ਼ਟਰਪਤੀ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ 42ਵੀਂ ਸੰਵਿਧਾਨਕ ਸੋਧ ਤਹਿਤ ਇਨ੍ਹਾਂ ਸ਼ਬਦਾਂ ਨੂੰ ਜੋੜੇ ਜਾਣ ਦੀ ਨਿਖੇਧੀ ਕੀਤੀ ਅਤੇ ਇਨ੍ਹਾਂ ਸ਼ਬਦਾਂ ਨੂੰ 'ਨਾਸੂਰ' (ਅੱਲ੍ਹੇ ਜ਼ਖ਼ਮ) ਨਾਲ ਸੰਗਿਆ ਦਿਤੀ। ਇੱਥੇ ਹੀ ਬਸ ਨਹੀਂ, ਉਨ੍ਹਾਂ ਤਾਂ ਇਨ੍ਹਾਂ ਸ਼ਬਦਾਂ ਨੂੰ ਸਨਾਤਨੀ ਦਰਸ਼ਨ ਵਿਰੋਧੀ ਵੀ ਗਰਦਾਨਿਆ।

ਉਨ੍ਹਾਂ ਕਿਹਾ, 'ਸਿਵਾਏ ਭਾਰਤ ਤੋਂ, ਹੋਰ ਕਿਸੇ ਪ੍ਰਸਤਾਵਨਾ ਵਿਚ ਕੋਈ ਤਬਦੀਲੀ ਨਹੀਂ ਹੋਈ। ਭਲਾ ਕਿਉਂ? ਕਿਉਂਕਿ ਪ੍ਰਸਤਾਵਨਾ ਬਦਲਣਯੋਗ ਨਹੀਂ। ਪ੍ਰਸਤਾਵਨਾ ਵਿਚ ਤਬਦੀਲੀ ਦਾ ਮਤਲਬ ਸੰਵਿਧਾਨ ਦੀ ਆਤਮਾ ਵਿਚ ਤਬਦੀਲੀ ਹੈ'।

ਧਨਕਰ ਨੇ ਕਿਹਾ ਕਿ ਸਭ ਤੋਂ ਮਾੜੀ ਗੱਲ ਹੈ ਉਹ ਸਮਾਂ ਜਦ ਇਹ ਤਬਦੀਲੀ ਕੀਤੀ ਗਈ, ਜਦੋਂ ਸਭ ਸ਼ਹਿਰੀ ਆਜ਼ਾਦੀਆਂ ਮੁਅੱਤਲ ਕਰ ਦਿੱਤੀਆਂ ਗਈਆਂ ਅਤੇ ਮੁਲਕ ਨੂੰ ਇਕ ਵੱਡੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਉਨ੍ਹਾਂ ਹੋਰ ਕਿਹਾ, 'ਇਹ ਸ਼ਬਦ ਐਮਰਜੈਂਸੀ ਦੇ ਸਭ ਤੋਂ ਵਧੇਰੇ ਕਾਲੇ ਸਮੇਂ ਅਤੇ ਸੰਵਿਧਾਨ ਦੇ ਸਭ ਤੋਂ ਵਧ ਹਨੇਰੇ ਵੇਲੇ ਜੋੜੇ ਗਏ। ਇਨ੍ਹਾਂ ਨੂੰ ਜੋੜ ਕੇ ਅਸੀਂ ਹੋਂਦ ਦੀਆਂ ਵੰਗਾਰਾਂ ਨੂੰ ਪਰਖਿੰਡ ਦਿੱਤੇ। ਇਹ ਸ਼ਬਦ 'ਨਾਸੂਰ' (ਵਹਿੰਦੇ ਜ਼ਖ਼ਮਾਂ) ਵਾਂਗ ਜੋੜੇ ਗਏ, ਜੋ ਉੱਥਲ-ਪੁੱਥਲ ਦਾ ਕਾਰਨ ਬਣ ਸਕਦੇ ਹਨ। ਇਸ ਤੋਂ ਇਲਾਵਾ ਇਹ ਸੰਵਿਧਾਨ ਘਾੜਿਆਂ ਪ੍ਰਤੀ ਧੋਖਾਧੜੀ ਹੈ। ਇਹ ਸਾਡੀ ਸਭਿਅਤਾ ਦੀ ਦੌਲਤ ਨੂੰ ਛੁਟਿਆਉਣ ਤੋਂ ਘੱਟ ਹੋਰ ਕੁਝ ਨਹੀਂ... ਇਹ ਸਨਾਤਨ ਦੀ ਭਾਵਨਾ ਦੀ ਬੇਹੁਰਮਤੀ ਹੈ... ਪ੍ਰਸਤਾਵਨਾ ਵਿਚ ਤਬਦੀਲੀ ਸਾਡੀ ਹਜ਼ਾਰਾਂ ਸਾਲਾਂ ਦੀ ਸਭਿਅਤਾ ਦੀ ਸੁਭਾਵਿਕ ਵਿਸ਼ੇਸ਼ਤਾ' ('ਈਥੋਸ'), ਜਿਸ ਤਹਿਤ ਵਾਰਤਾਲਾਪ 'ਚ ਸਨਾਤਨ ਫਿਲਾਸਫੀ ਦੀ ਪ੍ਰਮੁੱਖਤਾ ਹੁੰਦੀ ਸੀ, ਵਿਰੁੱਧ ਭੁਗਤਦੀ ਹੈ'।

ਆਪਣੇ ਨੁਕਤੇ ਨੂੰ ਸਾਬਤ ਕਰਨ ਲਈ ਧਨਕਰ ਨੇ 1973 ਦੇ ਸੁਪਰੀਮ ਕੋਰਟ ਦੇ 'ਕੇਸ਼ਵਾਨੰਦਾ ਭਾਰਤੀ ਬਨਾਮ ਸਟੇਟ ਆਫ ਕੇਰਲਾ'





ਦੱਤਾਤ੍ਰੇਅ ਜਗਦੀਪ ਧਨਕਰ

ਦੇ ਉਸ ਬਹੁ-ਚਰਚਿਤ ਫੈਸਲੇ ਦਾ ਹਵਾਲਾ ਦਿਤਾ ਜਿਸ ਤਹਿਤ ਸੰਵਿਧਾਨ ਦੀ 'ਬੇਸਿਕ ਸਟਰਕਚਰ ਡੌਕਟਰਿਨ' ਸਥਾਪਤ ਕੀਤੀ ਗਈ ਸੀ। ਉਨ੍ਹਾਂ ਨੇ 1967 ਦੇ 'ਗੋਲਕਨਾਥ ਬਨਾਮ ਸਟੇਟ ਆਫ ਪੰਜਾਬ' ਦੇ ਕੇਸ ਦਾ ਹਵਾਲਾ ਵੀ ਦਿਤਾ। ਆਪਣੇ ਵਿਚਾਰਾਂ ਨੂੰ ਇੱਕ ਨਾਮੀ ਵਕੀਲ ਵਾਂਗ ਪੇਸ਼ ਕਰਦਿਆਂ ਉਨ੍ਹਾਂ ਸੁਪਰੀਮ ਕੋਰਟ ਦੇ ਕਈ ਜੱਜਾਂ ਦੇ ਹਵਾਲੇ ਵੀ ਦਿੱਤੇ, ਸੰਵਿਧਾਨ-ਘਾੜੇ ਡਾ.ਬੀ.ਆਰ. ਅੰਬੇਦਕਰ ਦੀਆਂ ਉਦਾਹਰਨਾਂ ਵੀ ਦਿੱਤੀਆਂ।

ਪਰ ਉਹ ਇਹ ਗੱਲ ਮਲਕੜੇ ਜਿਹੇ ਭੁੱਲ ਗਏ ਕਿ ਅਜੇ ਨਵੰਬਰ 2024 ਵਿਚ ਹੀ ਦੇਸ਼ ਦੀ ਸਰਬ-ਉਚ ਅਦਾਲਤ ਨੇ ਉਹ ਸਾਰੀਆਂ ਪਟੀਸ਼ਨਾਂ ਖਾਰਜ ਕਰ ਦਿਤੀਆਂ ਸਨ ਜਿਨ੍ਹਾਂ ਤਹਿਤ ਇਨ੍ਹਾਂ ਸ਼ਬਦਾਂ ਨੂੰ ਪ੍ਰਸਤਾਵਨਾ ਵਿਚ ਸ਼ਾਮਲ ਕਰਨ ਨੂੰ ਚੁਣੌਤੀ ਦਿਤੀ ਗਈ ਸੀ। ਉਸ ਵੇਲੇ ਦੇ ਮੁੱਖ ਚੀਫ਼ ਜਸਟਿਸ ਸੰਜੀਵ ਖੰਨਾ ਦੀ ਅਗਵਾਈ ਵਾਲੇ ਸੰਵਿਧਾਨਕ ਬੈਂਚ ਨੇ ਇਹ ਪਟੀਸ਼ਨਾਂ ਖਾਰਜ ਕਰਦਿਆਂ ਕਿਹਾ ਸੀ, 'ਇਹ ਸੱਚ ਹੈ ਕਿ ਸੰਵਿਧਾਨ ਸਭਾ ਇਨ੍ਹਾਂ ਸ਼ਬਦਾਂ ਨੂੰ ਪ੍ਰਸਤਾਵਨਾ ਵਿਚ ਸ਼ਾਮਲ ਕਰਨ ਲਈ ਸਹਿਮਤ ਨਹੀਂ ਸੀ ਪਰ ਸੰਵਿਧਾਨ ਇੱਕ ਜੀਉਂਦਾ ਜਾਗਦਾ ਦਸਤਾਵੇਜ਼ ਹੈ ਜਿਸ ਨੇ ਸੰਸਦ ਨੂੰ ਅਨੁਛੇਦ 368 ਤਹਿਤ ਸੋਧ ਕਰਨ ਦੀ ਸ਼ਕਤੀ ਪਰਦਾਨ ਕੀਤੀ ਹੈ... ਸਮਾਂ ਬੀਤਣ ਨਾਲ ਭਾਰਤ ਨੇ ਧਰਮ-ਨਿਰਪੱਖਤਾ ਦੀ ਆਪਣੀ ਵਿਆਖਿਆ ਵਿਕਸਤ ਕਰ ਲਈ ਹੈ ਜਿਸ ਤਹਿਤ 'ਸਟੇਟ' ਨਾ ਤਾਂ ਕਿਸੇ ਧਰਮ ਦੀ ਹਮਾਇਤ ਕਰਦੀ ਹੈ ਅਤੇ ਨਾ ਹੀ ਕਿਸੇ ਧਰਮ ਨੂੰ ਮੰਨੇ ਜਾਣ ਜਾਂ ਪ੍ਰਗਟ ਕੀਤੇ ਜਾਣ ਦੀ ਕੋਈ ਸਜ਼ਾ ਦਿੰਦੀ ਹੈ'। ਇਸੇ ਤਰ੍ਹਾਂ ਹੀ ਸ਼ਬਦ ਸਮਾਜਵਾਦੀ ਸਟੇਟ ਦੇ ਕਲਿਆਣਕਾਰੀ ਹੋਣ ਅਤੇ ਬਰਾਬਰ ਦੇ ਅਵਸਰ ਪਰਦਾਨ ਕਰਨ ਦੀ ਪ੍ਰਤੀਬੱਧਤਾ ਨੂੰ ਪ੍ਰਗਟਾਉਂਦਾ ਹੈ।

ਅਸੀਂ ਹੈਰਾਨ ਹਾਂ ਕਿ ਇਹ ਦੋਵੇਂ ਸ਼ਬਦ ਦੇਸ਼ ਦੀ ਸਭਿਅਤਾ ਲਈ ਖ਼ਤਰਾ ਕਿਵੇਂ ਹਨ? ਅਸੀਂ ਇਹ ਵੀ ਪੁੱਛਣਾ ਚਾਹੁੰਦੇ ਹਾਂ ਕਿ ਕੀ ਸਾਡਾ ਸੰਵਿਧਾਨ 'ਸਨਾਤਨੀ ਫਿਲਾਸਫੀ' ਅਨੁਸਾਰ ਚੱਲਣ ਦੀ ਤਾਕੀਦ ਕਰਦਾ ਹੈ? ਕੀ ਸਾਡਾ ਦੇਸ਼ ਇੱਕ ਧਰਮ-ਨਿਰਪੱਖ ਸੰਸਦੀ ਲੋਕਤੰਤਰ ਹੈ ਜਾਂ ਹਿੰਦੂਤਵਾ-ਮੁਖੀ ਧਰਮਤੰਤਰ?

ਕੀ ਕੇਂਦਰ ਵਿਚ ਭਾਜਪਾ ਸਰਕਾਰ ਦੇ ਹਮਾਇਤੀ ਨਿਤੀਸ਼ ਕੁਮਾਰ ਅਤੇ ਚੰਦਰ ਬਾਬੂ ਨਾਇਡੂ ਭਾਜਪਾ ਦੀਆਂ ਇਨ੍ਹਾਂ ਚਾਲਾਂ ਦੀ ਹਮਾਇਤ ਕਰਦੇ ਹਨ?

ਭਾਜਪਾ ਨੇ ਸ਼ਬਦ 'ਇੰਡੀਆ', ਜਿਸ ਦਾ ਜ਼ਿਕਰ ਬਿਲਕੁਲ ਸ਼ੁਰੂ ਵਿਚ ਹੀ ਹੈ-'ਵੀ ਦਿ ਪੀਪਲ ਆਫ ਇੰਡੀਆ' (ਅਸੀਂ ਭਾਰਤ ਦੇ ਲੋਕ) ਨੂੰ ਤਾਂ ਪਹਿਲਾਂ ਹੀ ਦਰੀ ਹੇਠਾਂ ਧਸ ਦਿਤੈ, ਹੁਣ ਲਗਦੈ ਕਿ ਉਪਰੋਕਤ ਦੋਨਾਂ ਸ਼ਬਦਾਂ ਦੀ ਵਾਰੀ ਹੈ। ਇਹ ਤਾਂ ਸ਼ੁਕਰ ਮਨਾਓ ਕਿ ਭਾਜਪਾ 240 ਸੀਟਾਂ ਉਪਰ ਸਿਮਟ ਗਈ, ਜੇ 'ਅਬ ਕੀ ਵਾਰ, ਚਾਰ ਸੌ ਪਾਰ' ਸੱਚ ਹੋ ਜਾਂਦਾ ਤਾਂ ਇਹ ਦੋਵੇਂ ਸ਼ਬਦ ਕਦੋਂ ਦੇ ਰੱਦੀ ਦੇ ਟੋਕਰੇ ਵਿਚ ਸੁੱਟ ਦਿੱਤੇ ਗਏ ਹੋਣੇ ਸੀ ਅਤੇ ਸੰਵਿਧਾਨ ਵਿਚ ਸੋਧ ਕਰ ਕੇ ਭਾਰਤ 'ਧਰਮੀ' ਰਾਜ ਬਣ ਗਿਆ ਹੋਣਾ ਸੀ।


ਜਿਸ ਦਿਨ ਧਨਕਰ ਆਪਣੇ ਸੰਬੋਧਨ ਵਿਚ ਉਪਰੋਕਤ ਦੋ ਸ਼ਬਦਾਂ ਵਿਰੁੱਧ ਭੜਾਸ ਕੱਢ ਰਹੇ ਸਨ, ਉਸ ਦਿਨ ਹੀ ਸੁਪਰੀਮ ਕੋਰਟ ਦੇ ਨਵੇਂ ਚੀਫ਼ ਜਸਟਿਸ ਬੀ.ਆਰ. ਗਵਈ ਨਾਗਪੁਰ ਵਿਚ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਹਿ ਰਹੇ ਸਨ ਕਿ 'ਡਾ. ਬੀ.ਆਰ. ਅੰਬੇਦਕਰ ਨੇ ਅਜਿਹਾ ਸੰਵਿਧਾਨ ਦਿੱਤਾ ਜਿਸ ਨੇ ਦੇਸ਼ ਨੂੰ ਜੰਗ ਅਤੇ ਅਮਨ ਸਮੇਂ ਇੱਕਜੁਟ ਰਖਿਆ ਹੈ'।

ਚੀਫ਼ ਜਸਟਿਸ ਦੇ ਇਹ ਵਿਚਾਰ ਗੋਸਾਵਲੇ ਦੇ ਉਪਰੋਕਤ ਦੋ ਸ਼ਬਦਾਂ ਦੀ ਸਮੀਖਿਆ ਕੀਤੇ ਜਾਣ ਦੇ ਸੁਝਾਅ ਦੇ ਪ੍ਰਸੰਗ ਵਿਚ ਬਹੁਤ ਮਹੱਤਤਾ ਰਖਦੇ ਹਨ। ਜਸਟਿਸ ਗਵਈ ਉਸ 5-ਮੈਂਬਰੀ ਸੰਵਿਧਾਨਕ ਬੈਂਚ ਦੇ ਮੈਂਬਰ ਸਨ ਜਿਸ ਨੇ ਆਰਟੀਕਲ 370 ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਖਾਰਜ ਕੀਤਾ ਸੀ ਕਿਉਂਕਿ ਅਖੰਡ ਭਾਰਤ ਲਈ ਅੰਬੇਦਕਰ ਦੀ ਇਕ ਸੰਵਿਧਾਨ ਵਾਲੀ ਵਿਚਾਰਧਾਰਾ ਦੇ ਵਿਰੁੱਧ ਸੀ ਧਾਰਾ 370। ਇਸ ਬੈਂਚ ਦੀ ਅਗਵਾਈ ਤਤਕਾਲੀ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ ਕੀਤੀ ਸੀ ਅਤੇ ਫੈਸਲਾ ਸਰਬਸੰਮਤੀ ਨਾਲ ਹੋਇਆ ਸੀ।

ਲੋਕਤੰਤਰ ਲੋਕਾਂ ਦਾ ਤੰਤਰ ਹੈ! ਲੋਕਾਈ ਵਿਚ ਹੀ ਖ਼ੁਦਾਈ ਹੁੰਦੀ ਹੈ! 'ਖਾਲਿਕੁ ਖਲਕ ਖਲਕ ਮਹਿ ਖਾਲਿਕੁ...' (ਸ.ਗ.ਗ.ਸ.ਅੰਗ-1350)। ਮਾਨਵ-ਮੁਖੀ ਧਰਮ ਹੀ ਮਾਨਵ-ਕਲਿਆਣ ਕਰ ਸਕਦੈ। ਸੰਵਿਧਾਨ 'ਚ ਇਨਸਾਨ ਅਤੇ ਕਾਨੂੰਨ ਮਹਾਨ ਹਨ! ਧਰਮ ਨਿੱਜੀ ਮਾਮਲਾ ਹੈ, ਸੰਵਿਧਾਨਕ ਨਹੀਂ! ਹਾਂ, ਜੇ ਕਿਸੇ ਦੀ ਧਾਰਮਿਕ ਆਜ਼ਾਦੀ ਨੂੰ ਖਤਰਾ ਹੈ ਤਾਂ ਸੰਵਿਧਾਨ ਅਤੇ ਨਿਆਂਪਾਲਿਕਾ ਰਖਵਾਲੇ ਹਨ!

# ਘੂੰਆਂ ਜਿਹਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਛੋਟੇ ਹੁੰਦੇ ਜਦ ਸਕੂਲ ਜਾਂ ਖੂਹ ਵੱਲ ਜਾਣਾ ਤਾਂ ਵਿਚ ਪੈਂਦੇ ਧੁੱਦਲ ਭਰੇ ਰਾਹ ਦੇ ਇੱਕ ਪਾਸੇ ਕਦੇ ਕਦਾਈਂ ਕੀਪ ਦੀ ਸ਼ਕਲ ਦੀ ਖੁੱਤੀ ਜਿਹੀ ਦਿਖਾਈ ਦੇਣੀ। ਬੱਸ ਫਿਰ ਕੀ ਸੀ, ਸਮਝੋ ਕੁਝ ਘੜੀਆਂ ਲਈ ਸ਼ੁਗਲ ਲੱਭ ਪੈਂਦਾ ਸੀ। ਸਕੂਲ ਜਾਂ ਖੂਹ 'ਤੇ ਜਾਣ ਤੋਂ ਮੈਂ ਅਕਸਰ ਕਤਰਾਉਂਦਾ ਹੀ ਸਾਂ। ਸਕੂਲ ਜਾਂਦਿਆਂ ਨਾਲ ਦਿਆਂ ਰਲ ਕੇ ਅਸੀਂ ਖੁੱਤੀ ਦੇ ਆਲੇ-ਦੁਆਲੇ ਝੁਰਮਟ ਪਾ ਲੈਣਾ। ਹੋਰ ਵੱਡੇ ਬੇਲੀਆਂ ਤੋਂ ਪਤਾ ਲੱਗ ਚੁੱਕਾ ਸੀ ਕਿ ਇਸ ਖੁੱਤੀ ਦੇ ਹੇਠਾਂ ਇੱਕ ਭੱਬੂ ਰਹਿੰਦਾ ਹੈ ਜੋ ਬੜਾ ਚਲਾਕ ਤੇ ਫੁਰਤੀਲਾ ਜੀਵ ਹੈ ਤੇ ਇਸ ਨਾਲ ਇੱਕ ਖੇਡ ਖੇਡੀ ਜਾ ਸਕਦੀ ਹੈ। ਅਸੀਂ ਇਧਰੋਂ-ਉਧਰੋਂ ਕੋਈ ਕੀੜੀ ਫੜ ਕੇ ਇਸ ਨੂੰ ਇਸ ਖੁੱਤੀ ਵਿਚ ਸੁੱਟ ਦੇਣਾ ਤੇ ਖੁੱਤੀ ਵੱਲ ਨੂੰ ਮੂੰਹ ਕਰ ਕੇ ਵਰਤੇ ਜਾਣ ਵਾਲੇ ਭਾਣੇ ਦੀ ਉਡੀਕ ਕਰਨ ਲੱਗ ਪੈਣਾ। ਵਿਚਾਰੀ ਕੀੜੀ ਖੁੱਤੀ ਦੇ ਅੰਦਰ ਆਲੇ-ਦੁਆਲੇ ਤਿਲਮਿਲਾਉਂਦੀ, ਭੁਆਂਟਣੀਆਂ ਖਾਂਦੀ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੀ। ਪਰ ਜਦ ਹੋਣੀ ਸਿਰ 'ਤੇ ਮੰਡਲਾਵੇ...। ਬੱਸ ਦੇਖਦੇ ਹੀ ਦੇਖਦੇ ਖੁੱਤੀ ਦੇ ਐਨ ਹੇਠਾਂ ਘਾਤ ਲਾ ਕੇ ਬੈਠਾ ਉਹ ਨਿਕਚੂ ਜੀਵ ਫੁਰਤੀ ਨਾਲ ਨਿਕਲ ਕੇ ਕੀੜੀ 'ਤੇ ਝਪੱਟਾ ਮਾਰ ਕੇ ਇਸ ਨੂੰ ਅੰਦਰ ਵੱਲ ਖਿੱਚ ਲਿਜਾਂਦਾ। ਉਂਝ ਕੀੜੀਆਂ ਖੁਦ ਵੀ ਆਪਣੇ ਸ਼ਿਕਾਰ ਨਾਲ ਅਜਿਹਾ ਵਰਤਾਉ ਹੀ ਕਰਦੀਆਂ ਹਨ। ਇਹ ਨਜ਼ਾਰਾ ਤੱਕ ਅਸੀਂ ਤਾੜੀਆਂ ਮਾਰਨ ਲਗਦੇ, ਸਾਡਾ ਜੀਅ ਪਰਚਾਵਾ ਹੋ ਜਾਂਦਾ ਸੀ ਤੇ ਸਮਝਦੇ ਕਿ ਸਾਡਾ ਦਿਨ ਸਕਾਰਥੇ ਲੱਗ ਗਿਆ। ਅਸੀਂ ਲਾਗੇ ਕਿਸੇ ਦਰਖਤ ਹੇਠਾਂ ਬੈਠ ਕੇ ਡੱਬੇ ਖੋਲ੍ਹ ਕੇ ਚੂਰੀਆਂ, ਪਰੌਂਠੇ ਖਾਣ ਲਗਦੇ। ਇਸ ਚਲਾਕ ਚੀਂਟੀਮਾਰ ਜੀਵ ਨੂੰ ਘੂੰਆਂ ਕਿਹਾ ਜਾਂਦਾ ਹੈ। ਮੈਨੂੰ ਨਹੀਂ ਪਤਾ ਅੱਜ ਦੀ ਪੀੜ੍ਹੀ ਨੂੰ ਇਸ ਜਨੌਰ ਬਾਰੇ ਕੋਈ ਗਿਆਨ ਹੈ ਕਿਉਂਕਿ ਘੂੰਆਂ ਰੇਤਲੀ ਜਾਂ ਪੋਲੀ ਜ਼ਮੀਨ ਵਿਚ ਆਪਣਾ ਬਸੇਰਾ ਕਰਦਾ ਹੈ ਅਤੇ ਅੱਜ ਪਾਣੀ ਨਾਲ ਸਰਸ਼ਾਰ ਹੋਈ ਪੰਜਾਬ ਦੀ ਜ਼ਮੀਨ ਉਸ ਪ੍ਰਕਾਰ ਰੇਤਲੀ, ਧੁੱਦਲ ਭਰੀ ਜਾਂ ਪੋਲੀ ਨਹੀਂ ਰਹੀ।

ਅੱਜ ਦੀ ਪੀੜ੍ਹੀ ਨੂੰ ਜੇ ਪੁੱਛੋ ਕਿ ਘੂੰਆਂ ਕੀ ਹੁੰਦਾ ਹੈ ਤਾਂ ਉਹ ਸ਼ਾਇਦ ਦੱਸਣਗੇ ਕਿ ਇਹ ਵਿਸ਼ੇਸ਼ਣ ਚੁੱਪ-ਗੜੁੱਪ, ਮੀਸਣੇ ਬੰਦੇ 'ਤੇ ਲਾਇਆ ਜਾਂਦਾ ਹੈ, ਜੋ ਆਪਣੇ ਚੰਗੇ ਮੰਦੇ ਭਾਵ ਆਪਣੇ ਅੰਦਰ ਹੀ ਰੱਖਦਾ ਹੈ। ਜੀ ਹਾਂ, ਘੂੰਆਂ ਸ਼ਬਦ ਦਾ ਇਹ ਅਰਥ ਘੂੰਆਂ ਜੀਵ ਦੇ ਉਸ ਵਤੀਰੇ ਤੋਂ ਹੀ ਵਿਸਤ੍ਰਿਤ ਹੋਇਆ ਜਿਸ ਅਨੁਸਾਰ ਉਹ ਖੁੱਤੀਨੁਮਾ ਡੁੱਡ ਦੇ ਅੰਦਰ ਹੀ ਅੰਦਰ ਘੇਸਲ ਮਾਰ ਕੇ ਰਹਿੰਦਾ ਆਪਣੇ ਸ਼ਿਕਾਰ ਨੂੰ ਅਚਾਨਕ ਫੁੰਡ ਲੈਂਦਾ ਹੈ। ਮੇਰਾ ਵਿਚਾਰ ਹੈ ਕਿ ਘੇਸਲ ਸ਼ਬਦ ਵੀ ਘੀਸ ਨਾਂ ਦੇ ਜੀਵ ਦੇ ਅਜਿਹੇ ਵਿਵਹਾਰ ਤੋਂ ਹੀ ਹੋਇਆ ਹੈ। ਘੂੰਆਂ ਜੀਵ ਦਰਅਸਲ ਰੁਪਾਂਤਰਣ (metamorphosis) ਵਰਤਾਰੇ ਕਾਰਨ ਚਾਰ ਅਵਸਥਾਵਾਂ 'ਚੋਂ ਲੰਘਣ ਵਾਲਾ ਕੀਟ ਹੈ। ਇਹ ਚਾਰ ਅਵਸਥਾਵਾਂ ਜਾਂ ਰੁਪਾਂਤਰ ਹਨ, ਆਂਡਾ, ਲਾਰਵਾ, ਕੋਇਆ ਤੇ ਅੰਤ ਵਿਚ ਖੰਭਾਂ ਵਾਲਾ ਪਤੰਗਾ। ਖੁੱਤੀ ਦੇ ਐਨ ਹੇਠਾਂ ਰਹਿੰਦਾ ਘੂੰਆਂ ਅਸਲ ਵਿਚ ਇਸ ਜੀਵ ਦੀ ਲਾਰਵਾ ਅਵਸਥਾ ਹੈ ਜਿਸ ਲਈ ਮੈਨੂੰ ਸੁੰਡੀ ਜਾਂ ਭੂੰਡੀ ਸ਼ਬਦ ਸੁੱਝੇ ਹਨ। ਰੇਤਲੇ ਇਲਾਕਿਆਂ ਵਿਚ ਇਹ ਸੁੰਡੀ ਰੂਪੀ ਘੂੰਆਂ ਮੇਲ੍ਹਦਾ ਹੋਇਆ ਨੱਸਾ-ਭੱਜਾ ਫਿਰਦਾ ਇੱਕ ਤੋਂ ਬਾਅਦ ਦੂਜੀ ਖੁੱਤੀ ਬਣਾਉਂਦਾ ਰਹਿੰਦਾ ਹੈ ਤੇ ਇਸ ਤਰ੍ਹਾਂ ਪੈੜ ਵਜੋਂ ਧਰਾਤਲ ਤੇ ਡਾਂਡੇ ਮੀਂਡੇ ਕਾਂ-ਘਰੂੜੇ ਖਿੱਚਦਾ ਜਾਂਦਾ ਹੈ। ਇਨ੍ਹਾਂ ਕਾਂ-ਘਰੂੜਿਆਂ ਦੀ ਸ਼ਕਲ ਕਈ ਵਾਰੀ ਬੜੀ ਕਲਾਤਮਕ ਹੁੰਦੀ ਹੈ। ਇਸੇ ਲਈ ਅੰਗਰੇਜ਼ੀ ਵਿਚ ਇਸ ਘੂੰਏਂ ਲਈ ਇੱਕ ਸ਼ਬਦ doodle-bug ਵੀ ਹੈ (doodle = ਕਾਂ-ਘਰੂੜੇ, ਬੁਗ = ਕੀਟ)। ਇਨ੍ਹਾਂ ਖੁੱਤੀਆਂ ਦੇ ਆਲੇ-ਦੁਆਲੇ ਫਿਰਦੀਆਂ ਅਣਭੋਲ ਕੀੜੀਆਂ ਜਾਂ ਹੋਰ ਕੀਟ ਅਚਿੰਤੇ ਇਨ੍ਹਾਂ ਖੁੱਤੀਆਂ ਵਿਚ ਜਾ ਪੈਂਦੀਆਂ ਹਨ ਤੇ ਚੁਕੰਨਾ ਹੋਇਆ ਘੂੰਆਂ ਹੇਠੋਂ ਮਿੱਟੀ ਉਪਰ ਨੂੰ ਉਛਾਲਣ ਲਗਦਾ ਹੈ। ਇਸ ਤਰ੍ਹਾਂ ਅਨਿਆਈ ਹੋਣੀ ਨਾਲ ਨਿਸਫ਼ਲ ਜੂਝਦਾ ਸ਼ਿਕਾਰ ਹੇਠਾਂ ਢਹਿ ਪੈਂਦਾ ਹੈ ਤੇ ਘੂੰਆਂ ਇਸ ਨੂੰ ਫੁਰਤੀ ਨਾਲ ਆਪਣੇ ਜਬਾੜਿਆਂ ਵਿਚ ਜਕੜ ਲੈਂਦਾ ਹੈ। ਬੱਸ ਫਿਰ ਕੀ ਹੈ, ਉਹ ਇਸਦਾ ਕਚੂਮਰ ਅੱਧਰਿੜਕੇ ਵਾਂਗ ਪੀਣ ਲਗਦਾ ਹੈ।

ਘੂੰਏਂ ਜੀਵ ਤੇ ਘੂੰਏਂ ਬੰਦਿਆਂ ਦਾ ਪਸਾਰਾ ਵਿਸ਼ਵ-ਵਿਆਪੀ ਹੈ। ਘੂੰਏਂ ਜੀਵ ਦੀਆਂ ਦੋ ਹਜ਼ਾਰ ਕਿਸਮਾਂ ਦੱਸੀਆਂ ਜਾਂਦੀਆ ਹਨ। ਅੰਗਰੇਜ਼ੀ ਵਿਚ ਇਸ ਨੂੰ antlion ਕਿਹਾ ਜਾਂਦਾ ਹੈ, ਸ਼ਾਇਦ ਇਸ ਲਈ ਕਿ ਇਹ ਕੀੜੀਆਂ ਲਈ ਸ਼ੇਰ ਦੇ ਨਿਆਈਂ ਹੀ ਹੈ। ਸੁੰਡੀ ਦੀ ਅਵਸਥਾ ਵਿਚ ਘੂੰਆਂ ਦੋ-ਤਿੰਨ ਸਾਲ ਵਿਚਰ ਕੇ ਆਪਣੇ ਆਲੇ-ਦੁਆਲੇ ਕੋਇਆ (cocoon) ਧਾਰਨ ਕਰ ਲੈਂਦਾ ਹੈ ਤੇ ਇਸ ਵਿਚ ਕੁਝ ਸਮਾਂ ਗੁਪਤ ਅਵਸਥਾ ਵਿਚ ਰਹਿੰਦਾ ਹੈ। ਅਚਾਨਕ ਇੱਕ ਦਿਨ ਇਸ ਦੇ ਖੰਭ ਨਿਕਲ ਆਉਂਦੇ ਹਨ ਤੇ ਇਹ ਪਤੰਗਾ ਬਣ ਕੇ ਫਟਾਫਟ ਉੱਡ ਜਾਂਦਾ ਹੈ। ਨਰ ਘੂੰਆਂ ਮਦੀਨ ਦੀ ਭਾਲ ਵਿਚ ਭਟਕਣ ਲਗਦਾ ਹੈ ਤੇ ਮਦੀਨ ਕਿਸੇ ਨਰ ਦੀ ਉਡੀਕ ਕਰਨ ਲਗਦੀ ਹੈ। ਮਦੀਨ ਗਰਭਵਤੀ ਹੋ ਕੇ ਡੁੱਡ ਵਿਚ ਆਂਡੇ ਦੇਣ ਲਗਦੀ ਹੈ। ਇਸ ਅਵਸਥਾ ਵਿਚ ਦੋਵੇਂ ਨਰ ਤੇ ਮਦੀਨ ਇੱਕ-ਦੋ ਮਹੀਨੇ ਹੀ ਰਹਿ ਕੇ ਪ੍ਰਲੋਕ ਸਿਧਾਰ ਜਾਂਦੇ ਹਨ।







ਪਰ ਸ਼ਬਦ ਘੂੰਆਂ ਇਕਲੌਤੀ ਸੰਤਾਨ ਨਹੀਂ ਹੈ, ਇਸ ਦੇ ਦੋ ਸਕੇ ਭਰਾ ਹੋਰ ਵੀ ਹਨ। ਪਹਿਲਾਂ ਪਹਿਲੇ ਦੀ ਯਾਨੀ 'ਘੁੰਨੇ' ਦੀ ਗੱਲ ਕਰਦੇ ਹਾਂ। ਸੁਭਾਅ ਪੱਖੋਂ ਘੁੰਨਾ ਬੰਦਾ ਵੀ ਘੱਟ ਨਹੀਂ, ਮਤਲਬ ਜਿਸ ਨੇ ਦੇਖ ਕੇ ਵੀ ਕੁਝ ਨਾ ਦੇਖਿਆ ਹੋਵੇ ਤੇ ਸੁਣ ਕੇ ਵੀ ਕੁਝ ਨਾ ਸੁਣਿਆ ਹੋਵੇ, ਅੱਖਾਂ ਬੰਦ, ਮੂੰਹ ਬੰਦ ਤੇ ਕੰਨ ਬੰਦ। ਪਰ ਇਸ ਸ਼ਬਦ ਵਿਚ ਇੱਕ ਘਾਟ ਹੈ ਕਿ ਇਹ ਕਿਸੇ ਜੀਵ ਦਾ ਨਾਂ ਨਹੀਂ ਪ੍ਰਗਟਾਉਂਦਾ, ਮੁੱਖ ਤੌਰ 'ਤੇ ਕਿਸੇ ਬੰਦੇ ਦੀ ਘੂੰਏਂ ਜਿਹੀ ਤਾਰੀਫ਼ ਹੀ ਦਰਸਾਉਂਦਾ ਹੈ, ਪਰ ਬੜੇ ਬਲਪੂਰਬਕ। ਮਸਲਨ ਮਨਜੀਤ ਸਿੰਘ ਬੱਲ ਦੀ ਰਚਨਾ, 'ਛੁਟਾਲੇ ਦੀ ਟਰਾਲੀ' ਵਿਚ ਇਹ ਸੰਵਾਦ ਮਿਲਦਾ ਹੈ,'ਰੁਲਦੂ ਗਾਲ ਕੱਢ ਕੇ ਬੋਲਿਆ, ''ਚੁੱਪ ਕਰ ਓਏ ਮੀਸਣਿਆਂ... ਮੈਨੂੰ ਸੱਭ ਪਤੈ ਤੂੰ ਕੀ ਕਰਦੈਂ, ਘੁੰਨਾਂ ਜਿਹਾ..''। ਬੋਲਚਾਲ ਵਿਚ ਵੀ ਤੇ ਸਾਹਿਤ ਵਿਚ ਵੀ, ਘੁੰਨਾ ਘੁੰਨਾ ਹੀ ਹੁੰਦੀ ਹੈ, ਘੂੰਆਂ ਘਟ ਹੀ ਪ੍ਰਗਟ ਹੁੰਦਾ ਹੈ। ਘੁੰਨੇ ਦੀ ਇੱਕ ਖਾਸੀਅਤ ਇਹ ਹੈ ਕਿ ਇਹ ਭਾਵੇਂ ਕਿਸੇ ਜੀਵ ਦਾ ਨਾਂ ਨਹੀਂ, ਵਿਅਕਤੀ ਨਾਂ ਵਜੋਂ ਬਥੇਰਾ ਮਿਲਦਾ ਹੈ। ਸ਼ਾਇਦ ਜਿਹੜਾ ਬੱਚਾ ਘੱਟ ਬੋਲਦਾ ਹੋਵੇ ਉਸ ਦਾ ਨਾਂ ਘੁੰਨਾ ਰੱਖਿਆ ਜਾਂਦਾ ਹੈ, ਜਾਂ ਫਿਰ ਚੁੱਪੂ, ਸਾਜ਼ਸ਼ੀ ਵਿਅਕਤੀ ਦੀ ਵੀ ਘੁੰਨਾ ਵਜੋਂ ਛੇੜ ਪਾ ਦਿੱਤੀ ਜਾਂਦੀ ਹੈ। ਮੈਂ ਬਹੁਤ ਸਾਰੀਆਂ ਪੰਜਾਬੀ ਲਿਖਤਾਂ ਵਿਚ ਘੁੰਨਾ ਸ਼ਬਦ ਦੀ ਵਰਤੋਂ ਦੇਖੀ ਹੈ, ਵਿਸ਼ੇਸ਼ਣ ਵਜੋਂ ਵੀ ਤੇ ਨਾਂ ਵਜੋਂ ਵੀ। ਮਿਸਾਲ ਵਜੋਂ ਬਲਵੰਤ ਗਾਰਗੀ ਦੇ ਨਾਟਕ 'ਪੱਤਣ ਦੀ ਬੇੜੀ', ਗੁਰਦਿਆਲ ਸਿੰਘ, ਪ੍ਰੇਮ ਪ੍ਰਕਾਸ਼, ਸੁਖਵੰਤ ਕੌਰ ਮਾਨ ਦੀਆਂ ਕਈ ਕਹਾਣੀਆਂ ਵਿਚ। ਗੁਰਦਿੱਤ ਸਿੰਘ ਦੀ 'ਮੇਰਾ ਪਿੰਡ' ਵਿਚ ਇਹ ਸੰਬੋਧਨ ਮਿਲਦਾ ਹੈ, 'ਦੇਖੋ ਓਏ ਘੁੰਨਾਂ ਕਿਵੇਂ ਬਹੂ ਦੇ ਮੂਹਰੇ ਲਗ ਕੇ ਮੜਕ ਨਾਲ ਤੁਰਦੈ'। ਪ੍ਰੇਮ ਪ੍ਰਕਾਸ਼ ਨੇ ਤਾਂ ਕਿਤੇ ਕੁਲਵੰਤ ਸਿੰਘ ਵਿਰਕ ਨੂੰ ਘੁੰਨਾ ਹੀ ਗਰਦਾਨ ਦਿੱਤਾ, ਅਖੇ ਉਹ ਆਪਣੇ ਨਿੱਜੀ ਹਾਲਾਤ ਲੁਕੋ ਕੇ ਰੱਖਦਾ ਸੀ। ਨਾਨਕ ਸਿੰਘ ਨੇ ਆਪ ਇੰਕਸ਼ਾਫ਼ ਕੀਤਾ ਹੈ ਕਿ ਉਸਦੇ ਪਰਿਵਾਰ ਵਾਲੇ ਬਚਪਨ ਵਿਚ ਉਸ ਨੂੰ 'ਲੋਲਾ ਘੁੰਨਾ' ਹੀ ਸਮਝਦੇ ਸਨ ਕਿਉਂਕਿ ਉਹ ਆਪਣੀ ਦੁਨੀਆ ਵਿਚ ਹੀ ਰਹਿੰਦਾ ਸੀ। ਘੁੰਨੇ ਦੀ ਇੱਕ ਹੋਰ ਸਿਫ਼ਤ ਹੈ ਕਿ ਇਸ ਨੇ ਆਪਣੀ ਵਹੁਟੀ ਵੀ ਰੱਖੀ ਹੋਈ ਹੈ, ਮਤਲਬ ਨਾਂਵ ਵਜੋਂ ਘੁੰਨੋਂ ਅਤੇ ਵਿਸ਼ੇਸ਼ਣ ਵਜੋਂ ਘੁੰਨੀਂ। ਸ. ਸੋਜ਼ ਦੀ ਰਚਨਾ 'ਬਾਤ ਇੱਕ ਬਿਰਖ ਦੀ' ਵਿਚ ਘੁੰਨਾਂ ਇਸਤਰੀ ਪਾਤਰ ਹੈ, 'ਅੱਠਵੀਂ ਚੜ੍ਹੀ ਘੁੰਨੋਂ ਸਕੂਲੋਂ ਆ ਗਈ ਹੈ, ਆਪਣਾ ਨੀਲੇ-ਰੰਗਾ ਬਸਤਾ ਉਸ ਆਪਣੀ ਮਾਂ ਨੂੰ ਪਕੜਾ ਦਿੱਤਾ ਹੈ।' ਇਸ ਪੱਖੋਂ ਘੂੰਆਂ ਵਿਚਾਰਾ ਛੜਾ ਹੀ ਰਹਿ ਗਿਆ ਹੈ। ਕਦੇ ਸੁਣਿਆ ਹੈ ਘੂੰਈਂ? ਕੀ ਅਬਲਾਵਾਂ ਘੂੰਈਆਂ ਨਹੀਂ ਹੁੰਦੀਆਂ?

ਘੂੰਆਂ ਸ਼ਬਦ ਦਾ ਤੀਜਾ ਭਰਾ 'ਘੁਣ' ਹੈ, ਪਰ ਘੁੰਨਾ ਤੋਂ ਉਲਟ ਇਹ ਵਿਸ਼ੇਸ਼ਣਵਾਚਕ ਨਹੀਂ ਬਲਕਿ ਸੰਗਿਆਵਾਚਕ ਹੈ। ਕਹਿਣ ਦਾ ਭਾਵ ਘੁਣ ਕਿਸੇ ਵਿਅਕਤੀ ਦੇ ਗੁਣ ਗਾਉਣ ਲਈ ਨਹੀਂ ਵਰਤਿਆ ਜਾਂਦਾ ਬਲਕਿ ਮਨੁੱਖ ਦਾ ਨੁਕਸਾਨ ਪਹੁੰਚਾਉਣ ਵਾਲੇ ਇੱਕ ਹੋਰ ਕੀਟ ਦਾ ਨਾਂ ਹੈ ਜੋ ਲੱਕੜੀ ਜਾਂ ਅਨਾਜ ਨੂੰ ਖਾ ਕੇ ਇਸ ਨੂੰ ਖਰਾਬ ਕਰ ਦਿੰਦਾ ਹੈ। ਘੁਣ ਲੱਕੜੀ ਜਾਂ ਅਨਾਜ ਅੰਦਰ ਸੁਰਾਖ ਕਰ ਕੇ ਅੰਦਰ ਹੀ ਅੰਦਰ ਧਸਦਾ ਜਾਂਦਾ ਹੈ। ਲੱਕੜੀ ਜਾਂ ਕਿਤਾਬ ਵਿਚ ਲੱਗਾ ਘੁਣ ਕਈ ਵਾਰ ਅੱਖਰਾਂ ਦੀ ਸ਼ਕਲ ਦੇ ਪੱਛ ਲਾ ਦਿੰਦਾ ਹੈ ਇਸ ਕਰਕੇ ਇਸ ਨੂੰ ਸੰਸਕ੍ਰਿਤ ਵਿਚ ਘੁਣਅਕਸ਼ਰ ਕਿਹਾ ਜਾਂਦਾ ਹੈ, ਘੁਣ-ਜਰਜਰ ਦਾ ਮਤਲਬ ਘੁਣ-ਖਾਧਾ ਹੈ। ਕਿਸੇ ਕਿਹਾ ਹੈ, 'ਢੱਠੀਆਂ ਕੰਧਾਂ, ਤਿੜਕੇ ਬਾਲੇ, ਘੁਣ ਘੁਣ ਖਰਦਾ ਦਰਵਾਜਾ; ਸੁਪਨੇ ਦੇ ਵਿਚ ਗਲ ਲੱਗ ਰੋਇਆ ਮੇਰੇ ਘਰ ਦਾ ਦਰਵਾਜਾ'। ਘੁਣ ਸਿਉਂਕ ਦੀਆਂ ਕੀੜੀਆਂ ਤੋਂ ਵੱਖਰਾ ਹੁੰਦਾ ਹੈ ਜੋ ਸਮੂਹਿਕ ਤੌਰ 'ਤੇ ਲੱਕੜੀ 'ਤੇ ਹੱਲਾ ਬੋਲਦੀਆਂ ਹਨ ਤੇ ਇਸ ਦਾ ਸਰਬਨਾਸ ਹੀ ਕਰ ਕੇ ਹਟਦੀਆਂ ਹਨ। 'ਮਹਾਨ ਕੋਸ਼' ਨੇ ਇਸ ਘੁਣ ਸ਼ਬਦ ਨੂੰ ਕਿਰਿਆਵਾਚੀ ਵੀ ਦੱਸਦਿਆਂ ਇਸ ਦਾ ਅਰਥ 'ਘੁੰਮਣਾ, ਫਿਰਨਾ, ਲੌਟਣਾ' ਕੀਤਾ ਹੈ। ਪੰਜਾਬੀ ਵਿਚ ਮੈਂ ਅਜਿਹੇ ਅਰਥਾਂ ਵਿਚ ਘੁਣ ਸ਼ਬਦ ਵਰਤੀਂਦਾ ਕਦੇ ਨਹੀਂ ਸਣਿਆ। ਘੁਣ ਸ਼ਬਦ ਉਪਮਾ ਅਤੇ ਰੂਪਕ ਅਲੰਕਾਰਾਂ ਵਜੋਂ ਖੂਬ ਵਰਤਿਆ ਜਾਂਦਾ ਹੈ। ਜਿਵੇਂ ਨਸ਼ੇ ਪੰਜਾਬ ਨੂੰ ਘੁਣ ਵਾਂਗ ਖਾ ਰਹੇ ਹਨ, ਉਸ ਨੂੰ ਗ਼ਮ ਦਾ ਘੁਣ ਲੱਗਾ ਹੋਇਆ ਹੈ, ਬਲੱਡਪਰੈਸ਼ਰ ਇੱਕ ਘੁਣ ਹੈ ਜਿਸ ਨਾਲ ਦਿਲ ਦੀਆਂ ਮਾਰੂ ਬੀਮਾਰੀਆਂ ਹੁੰਦੀਆਂ ਹਨ, ਕਰਜ਼ੇ ਕਿਸਾਨ ਨੂੰ ਘੁਣ ਵਾਂਗ ਖਾ ਜਾਂਦੇ ਹਨ, ਉਹ ਬੜਾ ਹੁਸ਼ਿਆਰ, ਚਲਾਕ ਹੈ, ਉਹ ਇੱਕ ਘੁਣ ਹੈ ਆਦਿ। ਘੁਣ ਸ਼ਬਦ ਕੁਝ ਇਕ ਮੁਹਾਵਰਿਆਂ ਅਤੇ ਅਖਾਣਾਂ ਵਿਚ ਵੀ ਵਰਤਿਆ ਜਾਂਦਾ ਹੈ ਜਿਵੇਂ ਘੁਣ ਲੱਗਣਾ; ਲੱਕੜੀ ਦੇ ਨਾਲ ਘੁਣ ਵੀ ਪਿਸ ਜਾਂਦਾ ਹੈ; ਜੱਟ ਕੀ ਜਾਣੇ ਗੁਣ ਨੂੰ, ਲੋਹਾ ਕੀ ਜਾਣੇ ਘੁਣ ਨੂੰ। ਲਹਿੰਦੀ ਦਾ ਅਖਾਣ ਹੈ, 'ਜੀਕੂੰ ਚਣਿਆਂ ਕੂੰ ਢੋਰਾ ਤੇ ਗੰਦਮ ਕੂੰ ਘੁਣ, ਤਿਵੇਂ ਬੰਦੇ ਕੂੰ ਝੋਰਾ'। ਘੁਣ ਖਾਧਾ ਅਨਾਜ ਵੀ ਹੋ ਸਕਦਾ ਹੈ ਤੇ ਗ਼ਮਾਂ ਆਦਿ ਦਾ ਮਾਰਿਆ ਬੰਦਾ ਵੀ। ਹੋਰ ਸੁਣੋ, 'ਬਾਪੂ ਮੇਰਾ ਸੱਤਰ ਸਾਲ ਦਾ ਘੁਣ ਖਾਧਾ ਮੁੱਢ ਪੁਰਾਣਾ'। ਜਨਾਨੀਆਂ ਤੋਂ ਤੌਬਾ ਕਰਦੇ ਜੋਗੀਆਂ ਦੇ ਬਚਨ ਹਨ,

ਮਾਉਂ ਕਹੇ ਪੁੱਤ ਵਿਆਹਿਆ
ਦਾਮ ਕਾਢ ਬਾਘਣ ਘਰ ਲੈ ਆਇਆ
ਗੀਲੀ ਲੱਕੜੀ ਘੁਣ ਲਗਾਇਆ।

ਹੁਣ ਇਨ੍ਹਾਂ ਤਿੰਨਾਂ ਸਕੇ ਭਰਾ ਲਗਦੇ ਸ਼ਬਦਾਂ ਦੇ ਜਨਮਦਾਤਾ ਧਾਤੂ ਦੀ ਗੱਲ ਕਰ ਲਈਏ। ਮੋਨੀਅਰ ਵਿਲੀਅਮ ਦੇ ਸੰਸਕ੍ਰਿਤ ਅੰਗਰੇਜ਼ੀ ਕੋਸ਼ ਅਨੁਸਾਰ ਇਸ ਦਾ ਧਾਤੂ ਵੀ *ਘੁਣ ਹੀ ਹੈ ਜਿਸ ਵਿਚ ਘੁੰਮਣਾ, ਭ੍ਰਮਣ ਕਰਨਾ ਦੇ ਭਾਵ ਹਨ। ਜਦ 'ਮਹਾਨ ਕੋਸ਼' ਘੁਣ ਸ਼ਬਦ ਦਾ ਅਰਥ ਘੁੰਮਣਾ, ਫਿਰਨਾ ਆਦਿ ਦਸਦਾ ਹੈ ਤਾਂ ਦਰਅਸਲ ਉਹ ਇਸ ਦਾ ਧਾਤੂ ਵਿਚਲੇ ਭਾਵ ਵੱਲ ਸੰਕੇਤ ਕਰ ਰਿਹਾ ਹੈ ਪਰ ਗਲਤ ਥਾਂ 'ਤੇ। ਅਰਵਿੰਦ ਵਿਆਸ ਨੇ ਇਸ ਦੇ ਕਿਸੇ ਸੰਸਕ੍ਰਿਤ ਸ੍ਰੋਤ ਵਿਚ ਦਰਜ ਘੁਣ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ: ਘੁਣ ਅਥਵਾ ਘੁਨ ਲਕੜੀ ਜਾਂ ਅਨਾਜ ਵਿਚ ਲੱਗਣ ਵਾਲਾ ਇੱਕ ਕੀੜਾ ਹੈ ਜੋ ਕਿ ਭੀਤਰ ਘੁੰਮ-ਘੁੰਮ ਕੇ ਅਤੇ ਖਾ-ਖਾ ਕੇ ਇਨ੍ਹਾਂ ਨੂੰ ਜਰਜਰਾ ਕਰ ਦਿੰਦਾ ਹੈ। ਇਸ ਪ੍ਰਕਾਰ ਦਾ ਅੰਨ ਘੁਣਿਆਂ ਹੋਇਆ ਅੰਨ ਹੈ ਜਿਸ ਨੂੰ ਵਿਸ਼ੇਸ਼ਣ ਰੂਪ ਵਿਚ ਘੁੰਨਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਘੁੰਨੇ ਵਿਅਕਤੀ ਨੂੰ ਉਸ ਦੇ ਵਿਚਾਰ ਅਤੇ ਚਿੰਤਾਵਾਂ ਅੰਦਰ ਹੀ ਅੰਦਰ ਖਾ ਕੇ ਖੋਖਲਾ ਕਰ ਦਿੰਦੀਆਂ ਹਨ ਕਿਉਂਕਿ ਉਹ ਆਪਣੀਆਂ ਚਿੰਤਾਵਾਂ ਨੂੰ ਅਭਿਵਿਅਕਤ ਨਹੀਂ ਕਰ ਸਕਦੇ। ਘੁਣ ਦੀ ਤਰ੍ਹਾਂ ਉਸ ਦੇ ਵਿਚਾਰ ਘੁੰਮ ਘੁੰਮ ਕੇ ਉਸ ਨੂੰ ਖਾਂਦੇ ਰਹਿੰਦੇ ਹਨ।

ਲਿਲੀ ਟਰਨਰ ਨੇ ਆਪਣੇ ਭਾਰੋਪੀ ਭਾਸ਼ਾਵਾਂ ਦੇ ਕੋਸ਼ ਵਿਚ ਸੰਕੇਤ ਕੀਤਾ ਹੈ ਕਿ ਘੁਣ ਦਰਾਵੜੀ ਮੂਲ ਦਾ ਸ਼ਬਦ ਹੋ ਸਕਦਾ ਹੈ ਤੇ ਅੱਗੇ ਇਸ ਦੇ ਧਾਤੂ ਨੂੰ ਵੀ ਦਰਾਵੜੀ ਪਿਛੋਕੜ ਦਾ ਹੋਣ ਦੀ ਸ਼ੰਕਾ ਜ਼ਾਹਰ ਕੀਤੀ ਹੈ। ਇਹ ਲੰਬਾ ਚੌੜਾ ਵਿਸ਼ਾ ਹੈ, ਫਿਰ ਕਦੇ।

# ਉਜੜ ਗਿਆਂ ਦਾ ਦੇਸ਼ ਨਾ ਕੋਈ...

ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਉਜੜ ਗਿਆਂ ਦਾ ਦੇਸ਼ ਨਾ ਕੋਈ..ਮਰਿਆ ਦੀ ਨਾ ਥਾਂ...ਨਾ ਵੇ ਰੱਬਾ ਨਾ...ਨਾ ਵੇ ਰੱਬਾ ਨਾ

ਅਕਾਲਪੁਰਖ ਕਲਾ ਕੋਈ ਉਚੇਚੀ ਸਟੇਜ ਜਾਂ ਸੱਥ ਬਣਾ ਕੇ ਥੋੜਾ ਵਰਤਾਉਂਦਾ...ਉਸ ਦੇ ਨਿਜ਼ਾਮ ਦੀ ਕਲਾ ਇੰਝ ਹੀ ਵਰਤਦੀ ਹੁੰਦੀ ਏ...!



ਕਿਸੇ ਵੇਲੇ ਸਿਵਿਆਂ ਮੜ੍ਹੀਆਂ ਸ਼ਮਸ਼ਾਨ ਘਾਟਾਂ ਦੀ ਸਵਾਹ ਅੰਦਰੋਂ ਮਾਵਾਂ ਦੇ ਬੇਕਸੂਰ ਪੁੱਤ ਫਰੋਲਦਾ-ਫਰੋਲਦਾ ਇਕ ਦਿਨ ਖੁਦ ਵਗਦੇ ਪਾਣੀਆਂ ਦਾ ਵਹਾਅ ਬਣ ਗਿਆ ਭਾਈ ਖਾਲੜਾ...ਤ੍ਰਿਆਂਨਵੇਂ ਦੇ ਮਾਰਚ ਦਾ ਅਖੀਰ...ਬਾਬੇ ਮਾਨੋਚਾਹਲ ਦੀ ਦੇਹ ਸਰਹਾਲੀ ਠਾਣੇ ਦੇ ਬਾਹਰ ਮੰਜੇ 'ਤੇ ਪਾ ਅਣਪਛਾਤੀ ਦਰਸਾ ਕੇ ਰੱਖੀ ਹੋਈ ਸੀ...ਕੋਲੋਂ ਲੰਘਦੇ ਦੇ ਹੂਕ ਪਈ...ਸਲੇਟੀ ਰੰਗ ਦਾ ਚੇਤਕ ਸਕੂਟਰ ਖਲਿਆਰ ਲਿਆ...ਆਖਣ ਲੱਗਾ ਮੈਂ ਹਾਂ ਵਾਰਿਸ ਇਸਦਾ...ਕਰੋਗੇ ਹਵਾਲੇ ਮੇਰੇ...!

ਪਰ ਓਹਨਾਂ 'ਤੇ ਰੱਖੀ ਹੋਈ ਸੀ ਇਹ ਦਰਸਾਉਣ ਲਈ ਕੇ ਆਹ ਵੇਖੋ ਅਸਾਂ ਸੰਘਰਸ਼ ਦਾ ਆਖਰੀ ਥੰਮ੍ਹ ਹੇਠਾਂ ਸੁੱਟ ਲਿਆ ਜੇ...!

ਅੱਜ ਅਮਰੀਕਾ ਅੰਦਰ ਭਾਈ ਖਾਲੜਾ ਦੇ ਨਾਮ ਹੇਠ ਬਣੇ ਸਕੂਲ ਦੀ ਚਾਬੀ ਫੜੀ ਬੀਬੀ ਪਰਮਜੀਤ ਕੌਰ...ਇੱਕ ਦਿਨ ਆਪਣੇ ਕਬੀਰ ਪਾਰਕ ਵਾਲੇ ਘਰ ਅੰਦਰ ਇਸ ਵੇਲੇ ਨਾਲ ਖਲੋਤੀ ਧੀ ਨੂੰ ਸਕੂਲ ਘੱਲਣ ਲਈ ਤਿਆਰ ਕਰ ਰਹੀ ਸੀ ਕਿ ਬਾਹਰ ਜਾਂਦੇ ਹੋਏ ਵਾਪਿਸ ਪਰਤ ਆਏ...ਪੁੱਛਣ ਲੱਗੇ ਕੱਲੀ ਬੱਚੇ ਪਾਲ ਲਵੇਂਗੀ...ਅੱਗੋਂ ਹੈਰਾਨ...ਕਿਓਂ ਕੀ ਗੱਲ...ਤੁਸੀਂ ਵੀ ਤੇ ਨਾਲ ਹੀ ਹੋ...!

ਜਿਸਨੇ ਸੱਚ ਖਾਤਿਰ ਰਵਾਨਗੀ ਪੌਣੀ ਹੁੰਦੀ ਉਸਨੂੰ ਅਗਾਊਂ ਸੁੱਝ ਹੀ ਜਾਂਦੀ...ਫੇਰ ਉਹ ਬਿਨਾ ਦੱਸੇ ਤਿਆਰੀ ਆਰੰਭ ਦਿੰਦਾ...ਵਕਤੀ ਜਰਵਾਣੇ ਦੀ ਨਿਗਾਹ ਉਸਦੇ ਸਰੀਰ ਜੁਬਾਨ ਤੇ ਹੁੰਦੀ ਪਰ ਸਦੀਵੀਂ ਸੱਚ ਤਾਂ ਉਸਦੀ ਰੂਹ ਅਤੇ ਜ਼ਮੀਰ ਬੋਲਦੀ ਰਹਿੰਦੀ...ਦਹਾਕਿਆਂ ਸਦੀਆਂ ਤੀਕਰ...!

ਅੱਜ ਭਾਈ ਸਾਹਿਬ ਦੀ ਰੂਹ ਦਾ ਇੱਕ ਅੰਸ਼ ਦੁਨੀਆਂ ਦੇ ਤਾਕਤਵਰ ਮੁਲਖ ਦੇ ਸਭ ਤੋਂ ਅਮੀਰ ਸੂਬੇ ਦੇ ਇੱਕ ਸਕੂਲ ਦੀ ਬਾਹਰੀ ਕੰਧ 'ਤੇ ਜਾ ਟਿਕਿਆ...ਰਹਿੰਦੀ ਦੁਨੀਆ ਤੀਕਰ ਇਹ ਸੁਨੇਹਾ ਦਿੰਦਾ ਹੋਇਆ ਕੇ ਕਾਇਨਾਤ ਅਤੇ ਕੁਦਰਤ ਗਿੱਲ ਸੰਧੂ ਵਰਗੇ ਵਕਤੀ ਤੌਰ 'ਤੇ ਰੱਬ ਬਣ ਬੈਠਿਆਂ ਨਾਲ ਕਿੱਦਾਂ ਨਜਿੱਠਦੀ ਅਤੇ ਸੱਚ ਦੇ ਪਰਵਾਨਿਆਂ ਨੂੰ ਕਿਹੜੀਆਂ-ਕਿਹੜੀਆਂ ਬਾਦਸ਼ਾਹੀਆਂ ਬਖ਼ਸ਼ਦੀ...!

ਕੌਮ ਦੇ ਚੇਤਿਆਂ ਜਿਨ੍ਹਾਂ ਵਿਚ ਸਦੀਵੀਂ ਤੌਰ 'ਤੇ ਵੱਸਦੇ ਭਾਈ ਜਸਵੰਤ ਸਿੰਘ ਖਾਲੜਾ ਜੀ ਨੂੰ ਯਾਦ ਕਰਦਿਆਂ ਫਤਹਿ ਦੀ ਸਾਂਝ ਪਾਈਐ... ਵਾਹਿਗੁਰੂ ਜੀ ਕਾ ਖਾਲਸਾ...ਵਾਹਿਗੁਰੂ ਜੀ ਕੀ ਫਤਹਿ!

# ਦਰਬਾਰ ਸਾਹਿਬ

***'ਪੰਜਾਬ ਟਾਈਮਜ਼ ਨਾਈਟ' ਮੌਕੇ ਦਿੱਤੇ ਸੁਝਾਉ ਕਿ ਹਰ ਵਾਰ ਕਿਸੇ ਇਕ ਨਗਰ ਅਤੇ/ਜਾਂ ਇਕ ਇਤਿਹਾਸਕ ਗੁਰਦੁਆਰੇ ਦਾ ਇਤਿਹਾਸ ਦਿੱਤਾ ਜਾਵੇ, ਤਹਿਤ ਅਸੀਂ ਅੰਕ 27 ਤੇ 28 ਵਿਚ ਅੰਮ੍ਰਿਤਸਰ ਸ਼ਹਿਰ ਤੇ ਇਸ ਦਾ ਇਤਿਹਾਸ ਪੇਸ਼ ਕੀਤਾ ਸੀ। ਇਸ ਵਾਰ ਅਸੀਂ ਦਰਬਾਰ ਸਾਹਿਬ ਅਤੇ ਇਸ ਵਿਚਲੀਆਂ ਥਾਂਵਾਂ ਦਾ ਇਤਿਹਾਸ ਪੇਸ਼ ਕਰ ਰਹੇ ਹਾਂ, ਜਿਸ ਨੂੰ ਦੋ-ਤਿੰਨ ਕਿਸ਼ਤਾਂ ਵਿਚ ਪੇਸ਼ ਕਰਾਂਗੇ। ਇਹ ਮਜ਼ਮੂਨ ਪ੍ਰੋ. ਸ਼ਿਲਪੀ ਸੇਠ, ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ ਨੇ ਵਿਸ਼ੇਸ਼ 'ਪੰਜਾਬ ਟਾਈਮਜ਼' ਵਾਸਤੇ ਲਿਖਿਆ ਹੈ। ਅਸੀਂ ਉਨ੍ਹਾਂ ਦੇ ਤਹਿ-ਦਿਲ ਤੋਂ ਧੰਨਵਾਦੀ ਹਾਂ।***

ਗੁਰੂ ਅਰਜਨ ਸਾਹਿਬ ਨੇ ਸੰਨ 1581 ਵਿਚ ਗੁਰਗੱਦੀ ਦੀ ਸੇਵਾ ਸੰਭਾਲੀ ਸੀ। ਕੁਝ ਸਾਲ ਤਾਂ ਉਨ੍ਹਾਂ ਨੂੰ ਪ੍ਰਿਥੀ ਚੰਦ ਦੀਆਂ ਸਾਜ਼ਿਸ਼ਾਂ ਦਾ ਮੁਕਾਬਲਾ ਕਰਨਾ ਪਿਆ। ਜਦ ਉਸ ਦੀਆਂ ਸਾਜ਼ਿਸ਼ਾਂ ਬੇਨਕਾਬ ਹੋ ਗਈਆਂ ਤਾਂ ਗੁਰੂ ਸਾਹਿਬ ਨੇ ਪੰਥਕ ਸੇਵਾ ਨੂੰ ਜਥੇਬੰਦਕ ਤਰੀਕੇ ਨਾਲ ਵਿਉਂਤਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਸੰਨ 1586 ਵਿਚ ਅੰਮ੍ਰਿਤਸਰ ਸਰੋਵਰ ਨੂੰ ਪੱਕਿਆਂ ਕਰਵਾਇਆ ਸੀ। ਦੋ ਸਾਲ ਮਗਰੋਂ ਸੰਤੋਖਸਰ ਸਰੋਵਰ ਵੀ ਪੱਕਾ ਹੋ ਗਿਆ ਸੀ। 3 ਜਨਵਰੀ 1588 ਦੇ ਦਿਨ ਆਪ ਨੇ ਅੰਮ੍ਰਿਤਸਰ ਸਰੋਵਰ ਵਿਚ ਦਰਬਾਰ ਸਹਿਬ ਦੀ ਨੀਂਹ ਰੱਖੀ (ਮਗਰੋਂ ਉਨੀਵੀਂ ਸਦੀ ਵਿਚ ਇਕ ਸਾਜ਼ਸ਼ੀ ਮੁਸਲਮਾਨ ਲਿਖਾਰੀ ਬੂਟੇ ਸ਼ਾਹ ਨੇ ਇਹ ਪ੍ਰਚਾਰ ਕੀਤਾ ਸੀ ਕਿ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਨੇ ਰੱਖੀ ਸੀ। ਕਈ



**ਪ੍ਰੋ. ਸ਼ਿਲਪੀ ਸੇਠ**
ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ

ਬੇਸਮਝ ਸਿੱਖ ਲੇਖਕਾਂ ਨੇ ਵੀ ਇਸ ਸਾਜ਼ਸ਼ੀ ਪ੍ਰਚਾਰ ਨੂੰ ਅੱਖਾਂ ਮੀਟ ਕੇ ਕਬੂਲ ਕਰ ਲਿਆ ਸੀ (ਇਨ੍ਹਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਬੇਸਮਝ ਮੁਲਾਜ਼ਮ ਤੇ ਪ੍ਰਬੰਧਕ ਵੀ ਸ਼ਾਮਿਲ ਹਨ)। ਬੂਟੇ ਸ਼ਾਹ ਤੋਂ ਪਹਿਲਾਂ (ਜਾਂ ਮਗਰੋਂ) ਕਿਸੇ ਵੀ ਸਿੱਖ ਸੋਮੇ ਵਿਚ ਮੀਆਂ ਮੀਰ ਦਾ ਜ਼ਿਕਰ ਤਕ ਨਹੀਂ ਹੈ)। ਦਰਬਾਰ ਸਾਹਿਬ ਨੂੰ ਤਿਆਰ ਹੋਣ ਵਿਚ ਤਕਰੀਬਨ 13 ਸਾਲ ਲੱਗ ਗਏ ਸਨ।

**ਦਰਬਾਰ ਸਾਹਿਬ ਦਾ ਕੁਲ ਰਕਬਾ ਤਕਰੀਬਨ 30 ਏਕੜ ਹੈ।**

ਅੰਮ੍ਰਿਤਸਰ (ਅੰਮ੍ਰਿਤ ਸਰੋਵਰ) ਦੀ ਲੰਬਾਈ 510 ਫੁੱਟ (154.5 ਮੀਟਰ, ਚੌੜਾਈ 490 ਫੁੱਟ (148.5 ਮੀਟਰ), ਡੂੰਘਾਈ 17 ਫੁੱਟ (5.1 ਮੀਟਰ) ਹੈ। ਦਰਸ਼ਨੀ ਡਿਉਢੀ ਤੋਂ ਦਰਬਾਰ ਸਾਹਿਬ ਤਕ ਪੁਲ 240 ਫੁੱਟ ਲੰਮਾ ਤੇ 21 ਫੁੱਟ ਚੌੜਾ ਹੈ। ਇਸ ਦੇ ਹੇਠਾਂ 38 ਥੰਮ੍ਹ (ਪਿੱਲਰ) ਹਨ। ਦਰਬਾਰ ਸਾਹਿਬ ਦੇ ਸਰੋਵਰ ਦੀ ਪਰਿਕਰਮਾ 13 ਫੁੱਟ ਚੌੜੀ ਹੈ। {ਅੰਮ੍ਰਿਤਸਰ (ਸਰੋਵਰ) ਦਾ ਪਾਣੀ ਇਕ ਹੰਸਲੀ ਰਾਹੀਂ ਆਉਂਦਾ ਹੈ ਜਿਸ ਨੂੰ ਪ੍ਰੀਤਮ ਦਾਸ ਤੇ ਸੰਤੋਖ ਦਾਸ ਨੇ ਸੰਨ 1781 ਵਿਚ ਖੁਦਵਾਇਆ ਸੀ। ਪਹਿਲਾਂ ਇਹ ਪਾਣੀ ਰਾਵੀ ਦਰਿਆ ਤੋਂ ਆਉਂਦਾ ਸੀ ਪਰ ਫਿਰ 1866 ਵਿਚ ਇਹ ਪਾਣੀ ਬਾਰੀ ਦੁਆਬ ਨਹਿਰ ਤੋਂ ਆਉਣ ਲਗ ਪਿਆ ਸੀ।

ਦਰਬਾਰ ਸਾਹਿਬ ਦੀ ਮੌਜੂਦਾ ਇਮਾਰਤ ਦਾ ਅੰਦਰੂਨੀ ਹਿੱਸਾ 12.25 ਯ 12.25 ਮੀਟਰ ਹੈ। ਜਿਸ ਥਾਂ 'ਤੇ ਪਰਕਾਸ਼ ਕੀਤਾ ਹੈ, ਉਹ 64×64 ਫੁੱਟ (ਤਕਰੀਬਨ 19.7 ਮੀਟਰ) ਹੈ। ਦਰਬਾਰ ਸਾਹਿਬ ਦੇ ਅੰਦਰੂਨ ਦੀ ਉਚਾਈ ਤਕਰੀਬਨ 60 ਫੁੱਟ (18.28 ਮੀਟਰ) ਹੈ। ਇਸ ਦੇ ਬਾਹਰ ਦੀ ਫਿਰਨੀ 31.8 ਫੁੱਟ (9.7 ਮੀਟਰ) ਯ 64.3 ਫੁੱਟ (19.7 ਮੀਟਰ) ਹੈ। ਉਪਰਲੀ ਮੰਜ਼ਿਲ ਵਾਸਤੇ ਬਣੀਆਂ ਬੁਰਜੀਆਂ ਦਾ ਇਕ-ਦੂਜੇ ਤੋਂ ਫ਼ਾਸਲਾ ਸਾਢੇ 8 ਫੁੱਟ (ਤਕਰੀਬਨ 3 ਮੀਟਰ) ਹੈ।

ਦਰਬਾਰ ਸਾਹਿਬ ਪੁੱਜਣ ਵਾਸਤੇ ਇਕ ਪੁਲ ਬਣਾਇਆ ਗਿਆ ਹੈ ਜੋ 221 ਫੁਟ (68 ਗਜ਼ ਜਾਂ 60 ਮੀਟਰ ਜਾਂ 85 ਕਦਮ) ਲੰਬਾ ਅਤੇ 21 ਫੁਟ (6.4 ਮੀਟਰ) ਚੌੜਾ ਹੈ। ਪੁਲ ਦੇ ਹੇਠਾਂ 38 ਬੁਰਜੀਆਂ ਹਨ; ਇਨ੍ਹਾਂ ਦਾ ਇਕ ਦੂਜੇ ਤੋਂ ਫ਼ਾਸਲਾ 15 ਫੁਟ (4.57 ਮੀਟਰ) ਹੈ।


ਸੰਨ 1601 ਵਿਚ ਇਸ ਥਾਂ 'ਤੇ ਗੁਰੂ ਅਰਜਨ ਸਾਹਿਬ ਸੰਗਤਾਂ ਨੂੰ ਦਰਸ਼ਨ ਦੇਣ ਲਗ ਪਏ ਸਨ। 16 ਅਗਸਤ 1604 ਦੇ ਦਿਨ ਇਸ ਥਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ। ਸੰਨ 1609 ਤੋਂ 31 ਦਸੰਬਰ 1612 ਦੇ ਦਿਨ ਤਕ ਗੁਰੂ ਹਰਿਗੋਬਿੰਦ ਸਾਹਿਬ ਇਸ ਥਾਂ 'ਤੇ ਦੀਵਾਨ ਸਜਾਉਂਦੇ ਰਹੇ ਸਨ। ਜਨਵਰੀ 1613 ਤੋਂ ਅਕਤੂਬਰ 1619 ਤਕ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਹੇ ਸਨ। ਇਸ ਸਮੇਂ ਦੌਰਾਨ ਬਾਬਾ ਬੁੱਢਾ ਤੇ ਭਾਈ ਗੁਰਦਾਸ ਇਸ ਥਾਂ ਦੀ ਸੇਵਾ ਸੰਭਾਲ ਕਰਦੇ ਰਹੇ ਸਨ। 28 ਦਸੰਬਰ 1620 ਦੇ ਦਿਨ ਗੁਰੂ ਜੀ ਮੁੜ ਇਸ ਥਾਂ ਆਏ ਸਨ ਅਤੇ ਇਸ ਮਗਰੋਂ ਉਨ੍ਹਾਂ ਨੇ ਇਸ ਦੀ ਸੇਵਾ ਸੰਭਾਲ ਆਪਣੇ ਚਚੇਰੇ ਭਰਾ ਮਿਹਰਬਾਨ (ਪੁੱਤਰ ਪ੍ਰਿਥੀ ਚੰਦ ਮੀਣਾ) ਨੂੰ ਸੰਭਾਲ ਦਿੱਤੀ ਸੀ। ਸੰਨ 1696 ਵਿਚ ਮਿਹਰਬਾਨ ਦੇ ਪੁੱਤਰ ਹਰਜੀ ਦੀ ਮੌਤ ਤਕ ਇਸ ਥਾਂ ਦਾ ਪ੍ਰਬੰਧ ਇਸ ਮੀਣਾ ਪਰਿਵਾਰ ਕੋਲ ਰਿਹਾ ਸੀ।

ਫਿਰ ਮਾਰਚ 1698 ਤਕ ਇਹ ਥਾਂ ਤਕਰੀਬਨ ਵੀਰਾਨ ਰਹੀ ਸੀ। ਮਾਰਚ 1698 ਵਿਚ ਗੁਰੂ ਦਾ ਚੱਕ (ਰਾਮਦਾਸਪੁਰਾ, ਅੰਮ੍ਰਿਤਸਰ) ਦੀਆਂ ਸੰਗਤਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਰਜ਼ ਕੀਤੀ ਸੀ ਕਿ ਮੀਣੇ ਅੰਮ੍ਰਿਤਸਰ ਛੱਡ ਕੇ ਚਲੇ ਗਏ ਹਨ, ਤੁਸੀਂ ਕਿਸੇ ਮੁਖੀ ਸਿੱਖ ਨੂੰ ਉਥੋਂ ਦੀ ਸੇਵਾ ਸੰਭਾਲਣ ਵਾਸਤੇ ਭੇਜ ਦਿਉ। ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਪੰਜ ਸਿੰਘ (ਗੁਲਜ਼ਾਰ ਸਿੰਘ, ਭੂਪਤ ਸਿੰਘ, ਕੋਇਰ ਸਿੰਘ ਚੰਦਰਾ, ਦਾਨ ਸਿੰਘ, ਕੀਰਤ ਸਿੰਘ) ਨਾਲ ਦੇ ਕੇ ਅੰਮ੍ਰਿਤਸਰ ਦਾ ਇੰਚਾਰਜ ਬਣਾ ਕੇ ਭੇਜਿਆ ਸੀ। ਭਾਈ ਮਨੀ ਸਿੰਘ 2 ਮਈ 1698 ਦੇ ਦਿਨ ਅੰਮ੍ਰਿਤਸਰ ਪੁੱਜਾ ਸੀ ਅਤੇ 3 ਮਈ ਨੂੰ ਦਰਬਾਰ ਸਾਹਿਬ 'ਚ ਨੀਲਾ ਨਿਸ਼ਾਨ ਸਾਹਿਬ ਝੁਲਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਸੀ। ਇਸ ਤੋਂ ਬਾਅਦ ਭਾਈ ਮਨੀ ਸਿੰਘ ਅੰਮ੍ਰਿਤਸਰ ਹੀ ਰਹਿਣ ਲੱਗ ਪਿਆ ਸੀ। ਹੁਣ ਅੰਮ੍ਰਿਤਸਰ ਵਿਚ ਸੰਗਤਾਂ ਦੋਬਾਰਾ ਆਉਣ ਲੱਗ ਪਈਆਂ ਸਨ। ਭਾਈ ਮਨੀ ਸਿੰਘ ਹਰ ਰੋਜ਼ ਕਥਾ ਕਰਨ ਲੱਗ ਪਿਆ ਸੀ। 5 ਅਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਸੀ ਤਾਂ ਭਾਈ ਮਨੀ ਸਿੰਘ ਅੰਮ੍ਰਿਤਸਰ ਹੀ ਸੀ। ਜਦ ਗੁਰੂ ਜੀ ਤਲਵੰਡੀ ਸਾਬੋ ਵਿਚ ਸਨ ਤਾਂ ਉਹ ਗੁਰੂ ਜੀ ਨੂੰ ਮਿਲਣ ਗਿਆ ਸੀ। ਪਿੱਛੇ ਉਸ ਦੇ ਪੰਜ ਸਾਥੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਕਰਦੇ ਰਹੇ ਸਨ। ਜਦੋਂ ਗੁਰੂ ਜੀ ਤਲਵੰਡੀ ਸਾਬੋ ਤੋਂ ਦੱਖਣ ਚਲ ਗਏ ਤਾਂ ਭਾਈ ਮਨੀ ਸਿੰਘ ਵੀ ਉਨ੍ਹਾਂ ਦੇ ਨਾਲ ਗਿਆ ਸੀ। 20 ਫ਼ਰਵਰੀ 1707 ਨੂੰ ਔਰੰਗਜ਼ੇਬ ਮਰ ਗਿਆ। ਉਸ ਵੇਲੇ ਗੁਰੂ ਸਾਹਿਬ ਬਘੌਰ ਵਿਚ ਸਨ। ਹੁਣ ਇੱਥੋਂ 19 ਮਾਰਚ 1707 ਦੇ ਦਿਨ ਆਪ ਨੇ ਭਾਈ ਮਨੀ ਸਿੰਘ ਤੇ ਚਾਰ ਹੋਰ ਸਿੱਖਾਂ ਨੂੰ ਅੰਮ੍ਰਿਤਸਰ ਵਾਪਿਸ ਜਾਣ ਵਾਸਤੇ ਵਿਦਾ ਕਰ ਦਿੱਤਾ ਸੀ।

ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਆ ਕੇ ਫੇਰ ਦੀਵਾਨ ਸਜਾਣੇ ਸ਼ੁਰੂ ਕਰ ਦਿੱਤੇ ਸਨ। ਉਧਰ 6-7 ਅਕਤੂਬਰ 1708 ਦੀ ਰਾਤ ਨੂੰ ਗੁਰੂ ਸਾਹਿਬ ਜੋਤੀ ਜੋਤਿ ਸਮਾ ਗਏ ਸਨ। ਇਸ ਤੋਂ ਪਹਿਲਾਂ ਉਹ 5 ਅਕਤੂਬਰ ਨੂੰ ਬਾਬਾ ਬੰਦਾ ਸਿੰਘ ਨੂੰ ਪੰਜਾਬ ਤੋਰ ਚੁੱਕੇ ਸਨ। ਬਾਬਾ ਬੰਦਾ ਸਿੰਘ ਨੇ ਸਿੱਖਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ।

ਉਧਰ, ਭਾਵੇਂ ਮੀਣੇ ਸੰਨ 1697 ਵਿਚ ਅੰਮ੍ਰਿਤਸਰ ਤੋਂ ਜਾ ਕੇ ਚੁੱਕੇ ਸਨ ਪਰ ਉਨ੍ਹਾਂ ਦਾ ਇਕ ਮੁਖਤਿਆਰ ਚੂਹੜ ਮੱਲ ਅਜੇ ਵੀ ਉਥੇ ਹੀ ਸੀ। ਚੂਹੜ ਮੱਲ ਦੇ ਦੋ ਪੁੱਤਰ ਸਨ: ਮੋਹਕਮ ਸਿੰਘ (ਜੋ ਸਿੰਘ ਸਜ ਗਿਆ ਸੀ) ਅਤੇ ਰਾਮੂ ਮੱਲ। ਵਿਸਾਖੀ (29 ਮਾਰਚ 1709) ਦੇ ਦਿਨਾਂ ਵਿਚ ਇਸ ਚੂਹੜ ਮੱਲ ਨਾਲ ਸਿੱਖਾਂ ਦਾ ਕੁਝ ਤੂਤਾਂ ਦੇ ਦਰੱਖ਼ਤਾਂ ਦੇ ਮੁੱਲ ਦੇਣ 'ਤੇ ਝਗੜਾ ਹੋ ਗਿਆ ਸੀ। ਨਾਲ ਹੀ ਉਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਘਟੀਆ ਫ਼ਿਕਰੇ ਵੀ ਬੋਲੇ ਸਨ। ਇਸ 'ਤੇ ਸਿੰਘਾਂ ਨੇ ਉਸ ਦੀ 'ਸੇਵਾ' ਕਰ ਦਿੱਤੀ ਸੀ। ਉਹ ਸੜਿਆ-ਬਲਿਆ ਲਾਹੌਰ ਦਰਬਾਰ ਜਾ ਹਾਜ਼ਿਰ ਹੋਇਆ। ਪਹਿਲਾਂ ਤਾਂ ਲਾਹੌਰ ਦਰਬਾਰ ਨੇ ਉਸ ਦੀ ਪਰਵਾਹ ਨਹੀਂ ਕੀਤੀ ਪਰ ਅਖ਼ੀਰ ਉਸ ਵੱਲੋਂ ਵਾਰ-ਵਾਰ ਅਰਜ਼ੋਈ ਕਰਨ 'ਤੇ ਲਾਹੌਰ ਦੇ ਨਾਇਬ ਸੂਬੇਦਾਰ ਨੇ ਪੱਟੀ ਦੇ ਚੌਧਰੀ ਹਰ ਸਹਾਇ ਨੂੰ ਗੁਰੂ ਦਾ ਚੱਕ 'ਤੇ ਹਮਲਾ ਕਰਨ ਵਾਸਤੇ ਆਖ ਦਿੱਤਾ ਸੀ। ਹਰ ਸਹਾਇ ਨੇ 6 ਅਪ੍ਰੈਲ 1709 ਦੇ ਦਿਨ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਭਾਈ ਮਨੀ ਸਿੰਘ ਤੇ ਭਾਈ ਤਾਰਾ ਸਿੰਘ ਡੱਲ-ਵਾਂ ਦੀ ਅਗਵਾਈ ਹੇਠ ਸਿੰਘਾਂ ਨੇ ਪੱਟੀ ਦੀ ਫ਼ੌਜ ਦੇ ਖ਼ੂਬ ਆਹੂ ਲਾਹੇ ਸਨ। ਚੌਧਰੀ ਹਰ ਸਹਾਇ, ਭਾਈ ਤਾਰਾ ਸਿੰਘ ਡੱਲ-ਵਾਂ ਦੇ ਹੱਥੋਂ ਮਾਰਿਆ ਗਿਆ। ਇਸ ਮਗਰੋਂ ਚੂਹੜ ਮੱਲ 12 ਅਪ੍ਰੈਲ ਨੂੰ ਦੇਵਾ ਨਾਂ ਦੇ ਚੌਧਰੀ ਦੀ ਕਮਾਨ ਹੇਠ ਫੇਰ ਫ਼ੌਜ ਲੈ ਆਇਆ ਸੀ। ਸਿੱਖਾਂ ਨੇ ਇਸ ਫ਼ੌਜ ਨੂੰ ਵੀ ਬੁਰੀ ਤਰ੍ਹਾਂ ਪਛਾੜਿਆ। ਇਸ ਮਗਰੋਂ ਕੁਝ ਚਿਰ ਆਰਾਮ ਰਿਹਾ ਸੀ।

26 ਸਤੰਬਰ 1709 ਦੇ ਦਿਨ ਬਾਬਾ ਬੰਦਾ ਸਿੰਘ ਨੇ ਸਮਾਣੇ 'ਤੇ ਕਬਜ਼ਾ ਕਰ ਲਿਆ ਸੀ। ਇਸ ਨਾਲ ਪੰਜਾਬ ਵਿਚ ਸਿੱਖਾਂ ਦਾ ਬੋਲਬਾਲਾ ਕਾਇਮ ਹੋਣ ਲੱਗ ਪਿਆ ਸੀ। ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਮਗਰੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਆਪ ਵੱਡੀ ਫ਼ੌਜ ਲੈ ਕੇ ਲਾਹੌਰ ਆ ਗਿਆ ਸੀ। ਇਸ ਦੌਰਾਨ ਬੰਦਾ ਸਿੰਘ ਬਹਾਦਰ ਪਹਾੜਾਂ ਵੱਲ ਨਿਕਲ ਗਿਆ ਸੀ। ਭਾਈ ਮਨੀ ਸਿੰਘ ਵੀ ਹਾਲਾਤ ਨੂੰ ਸਮਝਦੇ ਹੋਏ ਅੰਮ੍ਰਿਤਸਰ ਤੋਂ ਚਲਾ ਗਿਆ ਸੀ। ਬਹਾਦਰ ਸ਼ਾਹ ਨੇ 30 ਦਸੰਬਰ 1711 ਨੂੰ ਅਜੀਤ ਸਿੰਘ ਪਾਲਿਤ ਨੂੰ ਅੰਮ੍ਰਿਤਸਰ ਦੀ ਜਾਗੀਰ ਦੇ ਦਿੱਤੀ, ਤਾਂ ਜੋ ਉਸ ਨੂੰ ਬਾਬਾ ਬੰਦਾ ਸਿੰਘ ਦੇ ਖ਼ਿਲਾਫ਼ ਵਰਤਿਆ ਜਾ ਸਕੇ। ਫ਼ਰਵਰੀ 1712 ਵਿਚ ਬਹਾਦਰ ਸ਼ਾਹ ਮਰ



ਗਿਆ ਤੇ ਅਜੀਤ ਸਿੰਘ ਪਾਲਿਤ ਅੰਮ੍ਰਿਤਸਰ ਤੋਂ ਵਾਪਿਸ ਦਿੱਲੀ ਚਲਾ ਗਿਆ। ਇਸ ਦੌਰਾਨ ਭਾਈ ਮਨੀ ਸਿੰਘ ਕੁਝ ਚਿਰ ਝੰਗ ਦੇ ਇਲਾਕੇ ਵਿਚ ਵੀ ਰਿਹਾ ਸੀ।

9 ਮਾਰਚ 1716 ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਸ਼ਹੀਦੀ ਮਗਰੋਂ ਅਗਲੇ ਤਿੰਨ ਸਾਲ ਸਿੱਖਾਂ ਵਾਸਤੇ ਬੜੇ ਔਖੇ ਸਨ। ਪੰਜਾਬ ਦੇ ਕਿਸੇ ਸ਼ਹਿਰ ਵਿਚ ਇਕ ਵੀ ਸਿੱਖ ਨਜ਼ਰ ਨਹੀਂ ਆਉਂਦਾ ਸੀ, ਅਤੇ ਗੁਰੂ-ਦਾ-ਚੱਕ (ਅੰਮ੍ਰਿਤਸਰ) ਵਿਚ ਤਾਂ ਕਿਸੇ ਸਿੱਖ ਦੇ ਹੋਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਸੰਨ 1719 ਵਿਚ ਸੱਯਦ ਭਰਾਵਾਂ ਨੇ ਫ਼ਰੱਖ਼ਸੀਅਰ ਬਾਦਸ਼ਾਹ ਨੂੰ ਅੰਨ੍ਹਿਆਂ ਕਰ ਦਿੱਤਾ ਤੇ ਫਿਰ ਮਾਰ ਵੀ ਦਿੱਤਾ ਸੀ। ਇਸ ਨਾਲ ਦਿੱਲੀ ਹੀ ਨਹੀਂ ਪੰਜਾਬ ਵਿਚ ਵੀ ਬੇਯਕੀਨੀ ਵਾਲੇ ਹਾਲਾਤ ਪੈਦਾ ਹੋ ਗਏ ਸਨ, ਜਿਸ ਕਰ ਕੇ ਲਾਹੌਰ ਦੇ ਸੂਬੇਦਾਰ ਨੇ ਵੀ ਸਿੱਖਾਂ ਖ਼ਿਲਾਫ਼ ਮੁਹਿੰਮ ਵਿਚ ਦਿਲਚਸਪੀ ਲੈਣੀ ਛੱਡ ਦਿੱਤੀ ਸੀ। ਇਸ ਮਗਰੋਂ ਭਾਈ ਮਨੀ ਸਿੰਘ ਅੰਮ੍ਰਿਤਸਰ ਮੁੜ ਆਇਆ ਅਤੇ ਸਿੱਖ ਫਿਰ ਦਰਬਾਰ ਸਾਹਿਬ ਆਉਣ ਲਗ ਪਏ ਸਨ।

18 ਅਕਤੂਬਰ 1723 ਦੇ ਦਿਨ ਇੱਥੇ ਅਮਰ ਸਿੰਘ ਬੰਦਈ ਅਤੇ ਨਿਹੰਗਾਂ ਵਿਚਕਾਰ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਦਾ ਝਗੜਾ ਹੋਇਆ ਸੀ (ਜਿਸ ਨੂੰ ਮਗਰੋਂ ਗਲਤ ਤੌਰ 'ਤੇ ਤੱਤ-ਬੰਦਈ ਝਗੜਾ ਕਹਿ ਕੇ ਪ੍ਰਚਾਰਿਆ ਗਿਆ ਸੀ)। ਇਸ ਮਗਰੋਂ ਅੰਮ੍ਰਿਤਸਰ ਦੀ ਸੇਵਾ ਸੰਭਾਲ ਭਾਈ ਮਨੀ ਸਿੰਘ ਦੇ ਜ਼ਿੰਮੇ ਰਹੀ ਸੀ।

29 ਮਾਰਚ 1733 ਦੇ ਦਿਨ ਸਿੱਖਾਂ ਦਾ ਜ਼ਕਰੀਆ ਖ਼ਾਨ ਸੂਬੇਦਾਰ ਲਾਹੌਰ ਨਾਲ ਸਮਝੌਤਾ ਹੋ ਗਿਆ ਸੀ ਤੇ ਇਹ ਨਗਰ ਸਿੱਖਾਂ ਦੀ ਜਾਗੀਰ ਦਾ ਹਿੱਸਾ ਬਣ ਗਿਆ ਸੀ। ਕੁਝ ਮਹੀਨੇ ਇੱਥੇ ਸ਼ਾਂਤੀ ਰਹੀ; ਪਰ ਛੇਤੀ ਹੀ ਜ਼ਕਰੀਏ ਤੇ ਸਿੱਖਾਂ ਵਿਚਕਾਰ ਸਮਝੌਤਾ ਟੁੱਟ ਗਿਆ। ਹੁਣ ਸਿੱਖਾਂ ਦਾ ਦਰਬਾਰ ਸਾਹਿਬ ਆਉਣਾ ਤਕਰੀਬਨ ਬੰਦ ਹੋ ਗਿਆ ਸੀ।

ਸੰਨ 1733 ਦੀ ਅਕਤੂਬਰ ਵਿਚ ਭਾਈ ਮਨੀ ਸਿੰਘ ਨੇ ਹਕੂਮਤ ਨਾਲ ਗੱਲਬਾਤ ਕਰ ਕੇ 10 ਹਜ਼ਾਰ ਰੁਪਏ ਦੇ ਟੈਕਸ ਦੀ ਅਦਾਇਗੀ ਦੀ ਸ਼ਰਤ 'ਤੇ ਦੀਵਾਲੀ ਵਾਲੇ ਦਿਨਾਂ ਵਿਚ ਅੰਮ੍ਰਿਤਸਰ 'ਚ ਸਿੱਖਾਂ ਦਾ ਇਕ ਇਕੱਠ ਸੱਦਿਆ ਸੀ। ਇਹ ਇਕੱਠ 20 ਤੋਂ 26 ਅਕਤੂਬਰ 1733 ਨੂੰ ਹੋਣਾ ਸੀ। ਇਕ ਪਾਸੇ ਮੁਗ਼ਲ ਹਕੂਮਤ ਨੇ ਇਜਾਜ਼ਤ ਦੇ ਦਿੱਤੀ ਸੀ ਪਰ ਦੂਜੇ ਪਾਸੇ ਫ਼ੌਜ ਨੂੰ ਚੌਕਸ ਕਰ ਦਿੱਤਾ ਤਾਂ ਜੋ ਮੌਕੇ 'ਤੇ ਹਮਲਾ ਕਰ ਕੇ ਵੱਧ ਤੋਂ ਵੱਧ ਸਿੰਘ ਸ਼ਹੀਦ ਜਾਂ ਗ੍ਰਿਫ਼ਤਾਰ ਕੀਤੇ ਜਾ ਸਕਣ। ਇਸ ਐਕਸ਼ਨ ਵਾਸਤੇ ਲਖਪਤ ਰਾਏ ਵਜ਼ੀਰ ਨੂੰ ਤਾਇਨਾਤ ਕੀਤਾ ਹੋਇਆ ਸੀ। ਉਸ ਨੇ ਅੰਮ੍ਰਿਤਸਰ ਆਉਂਦੇ ਕਈ ਸਿੱਖ ਗ੍ਰਿਫ਼ਤਾਰ ਕਰ ਕੇ ਸ਼ਹੀਦ ਕੀਤੇ ਸਨ। ਇਹ ਖ਼ਬਰ ਭਾਈ ਮਨੀ ਸਿੰਘ ਤੱਕ ਵੀ ਪੁੱਜ ਗਈ ਅਤੇ ਉਸ ਨੇ ਸਿੱਖਾਂ ਨੂੰ ਆਉਣੋਂ ਰੋਕ ਦਿੱਤਾ, ਜਿਸ ਨਾਲ ਵੱਡਾ ਇਕੱਠ ਨਹੀਂ ਹੋ ਸਕਿਆ ਸੀ। ਚੜ੍ਹਾਵਾ ਨਾ ਚੜ੍ਹਨ ਕਰ ਕੇ ਭਾਈ ਮਨੀ ਸਿੰਘ ਮਿੱਥੀ ਰਕਮ ਤਾਰ ਨਹੀਂ ਸਕਿਆ ਸੀ। ਅਖ਼ੀਰ ਭਾਈ ਮਨੀ ਸਿੰਘ ਨੇ ਸੰਨ 1734 ਦੀ ਵਿਸਾਖੀ (9 ਅਪ੍ਰੈਲ 1734) ਤੱਕ ਦੀ ਮੁਹਲਤ ਲਈ। ਵਿਸਾਖੀ 'ਤੇ ਵੀ ਮੁਗ਼ਲ ਫ਼ੌਜਾਂ ਨੇ ਸਿੱਖਾਂ 'ਤੇ ਹਮਲਾ ਕਰਨ ਦੀ ਤਿਆਰੀ ਕਰ ਰੱਖੀ ਸੀ। ਇਸ ਦੌਰਾਨ ਹੀ ਮੌਲਾਣਿਆਂ ਨੇ ਵੀ ਜ਼ਕਰੀਆ ਖ਼ਾਨ ਨੂੰ ਸਿੱਖਾਂ ਦੇ ਖ਼ਿਲਾਫ਼ ਭੜਕਾਇਆ ਅਤੇ ਕਿਹਾ ਕਿ ਤੂੰ ਸਿੱਖਾਂ ਨੂੰ ਸ਼ਹਿ ਨਾ ਦੇਹ। ਉਨ੍ਹਾਂ ਸਗੋਂ ਸਾਰੇ ਸਿੱਖਾਂ ਨੂੰ ਖ਼ਤਮ ਕਰਨ ਵਾਸਤੇ ਭੜਕਾਇਆ ਸੀ। ਇਸ 'ਤੇ ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਫ਼ੌਜ ਭੇਜ ਦਿੱਤੀ ਅਤੇ ਭਾਈ ਮਨੀ ਸਿੰਘ ਅਤੇ ਉਥੇ ਰਹਿ ਰਹੇ ਬਾਕੀ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮਨੀ ਸਿੰਘ ਦੇ ਨਾਲ ਉਸ ਦਾ ਭਰਾ ਜਗਤ ਸਿੰਘ, ਦੋ ਪੁੱਤਰ (ਚਿਤਰ ਸਿੰਘ ਤੇ ਗੁਰਬਖ਼ਸ਼ ਸਿੰਘ), ਗੁਲਜ਼ਾਰ ਸਿੰਘ, (ਬੇਟਾ ਸ਼ਹੀਦ ਆਲਮ ਸਿੰਘ) ਸੰਗਤ ਸਿੰਘ ਤੇ ਰਣ ਸਿੰਘ (ਪੁੱਤਰ ਨਠੀਆ), ਮਨੀ ਸਿੰਘ ਦੀ ਸਿੰਘਣੀ ਬਸੰਤ ਕੌਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਹ ਸਾਰੇ ਮਨੀ ਸਿੰਘ ਦੇ ਪਰਿਵਾਰਾਂ ਵਿਚੋਂ ਹੀ ਸਨ। ਇਨ੍ਹਾਂ ਤੋਂ ਇਲਾਵਾ ਭੂਪਤ ਸਿੰਘ ਪੁੱਤਰ ਜੇਠਾ ਸਿੰਘ, ਮੋਹਕਮ ਸਿੰਘ, ਅਉਲੀਆ ਸਿੰਘ, ਕੀਰਤ ਸਿੰਘ ਪੁੱਤਰ ਫ਼ਤਹਿ ਸਿੰਘ, ਕਾਹਨ ਸਿੰਘ ਤੇ ਕਈ ਹੋਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਸਾਰਿਆਂ ਨੂੰ ਲਾਹੌਰ ਦੇ ਕੈਦਖ਼ਾਨੇ ਵਿਚ ਤਸੀਹੇ ਦਿੱਤੇ ਗਏ ਅਤੇ 'ਮੌਤ' ਤੇ 'ਇਸਲਾਮ' ਵਿਚੋਂ ਇਕ ਦੀ ਚੋਣ ਕਰਨ ਦੀ ਪੇਸ਼ਕਸ਼ ਕੀਤੀ ਗਈ, ਪਰ, ਸਾਰਿਆ ਨੇ ਸ਼ਹੀਦੀ ਕਬੂਲ ਕੀਤੀ। ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਭਾਈ ਭੂਪਤ ਸਿੰਘ ਦੀਆ ਅੱਖਾਂ ਕੱਢ ਕੇ ਉਨ੍ਹਾਂ ਨੂੰ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ। ਭਾਈ ਗੁਲਜ਼ਾਰ ਸਿੰਘ ਜੀ ਨੂੰ ਪੁੱਠਾ ਲਟਕਾ ਕੇ ਉਸ ਦੀ ਖੱਲ ਉਤਾਰੀ ਗਈ। ਇੰਝ ਹੀ ਬਾਕੀ ਸਿੰਘਾਂ ਨੂੰ ਵੀ ਵਹਿਸ਼ੀ ਤਰੀਕੇ ਨਾਲ ਸ਼ਹੀਦ ਕੀਤਾ ਗਿਆ।

ਸੰਨ 1739 ਦੇ ਅਖ਼ੀਰ ਵਿਚ ਜ਼ਕਰੀਆ ਖ਼ਾਨ ਨੇ ਦਰਬਾਰ ਸਾਹਿਬ ਨੂੰ ਮੱਸਾ ਰੰਘੜ ਦੇ ਹਵਾਲੇ ਕਰ ਦਿੱਤਾ। ਉਸ ਨੇ ਇਸ ਥਾਂ ਨੂੰ ਐਯਾਸ਼ੀ ਵਾਸਤੇ ਵਰਤਣਾ ਸ਼ੁਰੂ ਕਰ ਦਿੱਤਾ। 11 ਅਗਸਤ 1740 ਦੇ ਦਿਨ ਭਾਈ ਸੁੱਖਾ ਸਿੰਘ ਮਾੜੀ ਕੰਬੋ ਤੇ ਮਹਿਤਾਬ ਸਿੰਘ ਮੀਰਾਂਕੋਟੀਏ ਨੇ ਮੱਸਾ ਰੰਘੜ ਦਾ ਸਿਰ ਵੱਢ ਕੇ ਉਸ ਦਾ ਕੰਮ ਖ਼ਤਮ ਕੀਤਾ। ਇਸ ਮਗਰੋਂ ਫਿਰ ਦਰਬਾਰ ਸਾਹਿਬ ਉਜਾੜ ਪਿਆ ਰਿਹਾ। ਸੰਨ 1746 ਵਿਚ ਲਖਪਤ ਅਤੇ ਯਾਹੀਆ ਖ਼ਾਨ ਦੇ ਗੱਦੀ ਤੋਂ ਹਟਣ ਤੋਂ ਮਗਰੋਂ ਸਿੱਖ ਦੋਬਾਰਾ ਇੱਥੇ ਆਉਣੇ ਸ਼ੁਰੂ ਹੋ ਗਏ। ਸੰਨ 1757 ਵਿਚ ਅਹਿਮਦ ਸ਼ਾਹ ਦੁੱਰਾਨੀ ਨੇ ਇਸ ਨੂੰ ਢਾਹ ਕੇ ਸਰੋਵਰ ਨੂੰ ਪੂਰ ਦਿੱਤਾ ਸੀ। ਸਿੱਖਾਂ ਨੇ ਸੰਨ 1758 ਵਿਚ ਸਰੋਵਰ ਦਾ ਮਲਬਾ ਕਢ ਕੇ ਦਰਬਾਰ ਸਾਹਿਬ ਨੂੰ ਮੁੜ ਉਸਾਰ ਲਿਆ। ਸੰਨ 1762 ਵਿਚ ਅਹਿਮਦ ਸ਼ਾਹ ਦੁੱਰਾਨੀ ਨੇ ਇਸ ਨੂੰ ਬਾਰੂਦ ਨਾਲ ਉਡਾ ਕੇ ਬਿਲਕੁਲ ਹੀ ਮਲੀਆ ਮੇਟ ਕਰ ਦਿੱਤਾ ਸੀ।



ਸੰਨ 1765 ਵਿਚ ਪੰਜਾਬ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਤਾਂ ਉਨ੍ਹਾਂ ਨੇ ਦਰਬਾਰ ਸਾਹਿਬ ਦੀ ਮੁੜ ਉਸਾਰੀ ਸ਼ੁਰੂ ਕਰ ਦਿੱਤੀ। ਵੱਖ-ਵੱਖ ਸਰਦਾਰਾਂ ਨੇ ਚਾਰ ਲੱਖ ਰੁਪਏ ਇਕੱਠੇ ਕੀਤੇ ਅਤੇ ਬਾਈ ਦੇਸ ਰਾਜ ਕੋਲ ਜਮ੍ਹਾਂ ਕਰਵਾ ਦਿੱਤੇ। ਉਨ੍ਹੀਂ ਦਿਨੀਂ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਜੈ ਸਿੰਘ ਕਨ੍ਹੱਈਆ, ਤਾਰਾ ਸਿੰਘ ਗ਼ੈਬਾ ਤੇ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਖੁਰਜਾ (ਯੂ.ਪੀ. ਦਾ ਇਕ ਸ਼ਹਿਰ) 'ਤੇ ਹਮਲਾ ਕੀਤਾ ਸੀ। ਉਨ੍ਹਾਂ ਨੇ ਗੁਰਮਤਾ ਕੀਤਾ ਕਿ ਇਸ ਨਗਰ ਵਿਚੋਂ ਹਾਸਿਲ ਹੋਇਆ ਸਾਰਾ ਖ਼ਜ਼ਾਨਾ ਦਰਬਾਰ ਸਾਹਿਬ ਦੀ ਉਸਾਰੀ ਵਾਸਤੇ ਭੇਟ ਕਰ ਦਿੱਤਾ ਜਾਵੇਗਾ। ਇਸ ਹਮਲੇ ਵਿਚ ਉਨ੍ਹਾਂ ਨੂੰ ਜੋ ਰਕਮ ਮਿਲੀ ਉਸ ਵਿਚੋਂ ਇਕ ਲੱਖ ਰੁਪਏ ਵੀ ਸੇਠ ਕਰੋੜੀ ਮੱਲ (ਇਕ ਰਿਵਾਇਤ ਮੁਤਾਬਿਕ ਭਾਈ ਦੇਸ ਰਾਜ) ਕੋਲ ਜਮ੍ਹਾਂ ਕਰਵਾ ਦਿੱਤੇ ਤੇ ਉਸ ਰਕਮ ਅਤੇ ਸੰਗਤਾਂ ਦੇ ਹੋਰ ਚੜ੍ਹਾਵੇ ਨਾਲ ਦਰਬਾਰ ਸਾਹਿਬ ਅਤੇ ਅੰਮ੍ਰਿਤਸਰ (ਸਰੋਵਰ) ਦੀ ਉਸਾਰੀ ਕੀਤੀ ਗਈ। ਸੰਨ 1776 ਤਕ ਦਰਬਾਰ ਸਾਹਿਬ, ਅੰਮ੍ਰਿਤਸਰ (ਸਰੋਵਰ), ਦਰਸ਼ਨੀ ਡਿਓਢੀ ਅਤੇ ਇਸ ਤੋਂ ਦਰਬਾਰ ਸਾਹਿਬ ਤਕ ਜਾਣ ਵਾਲਾ ਪੁਲ ਤਿਆਰ ਹੋ ਚੁਕੇ ਸਨ। (ਇਸ ਵੇਲੇ ਤਕ ਇਸ ਨਗਰ ਦਾ ਨਾਂ 'ਗੁਰੂ ਦਾ ਚੱਕ' ਅਤੇ 'ਚੱਕ ਰਾਮਦਾਸ' ਚਲਦਾ ਸੀ। ਅੰਮ੍ਰਿਤਸਰ ਤਾਂ ਸਰੋਵਰ ਦਾ ਨਾਂ ਸੀ; ਮਗਰੋਂ ਸੰਨ 1800 ਦੇ ਕਰੀਬ ਸਰੋਵਰ ਦੇ ਨਾਂ 'ਤੇ ਇਸ ਨਗਰ ਦਾ ਨਾਂ ਅੰਮ੍ਰਿਤਸਰ ਹੀ ਮਸ਼ਹੂਰ ਹੋ ਗਿਆ)।

ਭੰਗੀ ਮਿਸਲ (ਤੇ ਮਹਾਰਾਜਾ ਰਣਜੀਤ ਸਿੰਘ) ਨੇ ਇਸ ਦੀਆਂ ਕੰਧਾਂ 'ਤੇ ਸੋਨੇ ਦੇ ਪੱਤਰੇ ਚੜ੍ਹਾਉਣੇ ਸ਼ੁਰੂ ਕੀਤੇ ਸਨ; ਫਿਰ ਗੁੰਬਦਾਂ 'ਤੇ ਵੀ ਸੋਨਾ ਚੜ੍ਹਾਇਆ ਗਿਆ। ਸੰਨ 1780 ਤੋਂ ਮਗਰੋਂ ਇਸ ਥਾਂ 'ਤੇ ਸੂਰਤ ਸਿੰਘ ਨਿਰਮਲਾ (ਜੋ ਕਾਸ਼ੀ ਅਤੇ ਹਰਦੁਆਰ ਤੋਂ ਬ੍ਰਾਹਮਣਾਂ ਤੋਂ ਸਿਖਿਆ ਲੈ ਕੇ ਆਇਆ ਸੀ) ਗ੍ਰੰਥੀ ਦੀ ਸੇਵਾ ਕਰਨ ਲਗ ਪਿਆ ਸੀ। ਉਸ ਨੇ ਇੱਥੇ ਨਿਰਮਲਾ-ਬ੍ਰਾਹਮਣੀ ਮਰਿਆਦਾ ਸ਼ੁਰੂ ਕਰ ਦਿੱਤੀ। ਉਸ ਦੀ ਮੌਤ ਮਗਰੋਂ ਉਸ ਦਾ ਪੁੱਤਰ ਗਿਆਨੀ ਸੰਤ ਸਿੰਘ ਗ੍ਰੰਥੀ ਬਣਿਆ ਸੀ। ਉਸ ਦੇ ਨਾਲ ਉਸ ਦਾ ਪੁੱਤਰ ਗੁਰਮੁਖ ਸਿੰਘ ਤੇ ਚੇਲਾ ਦਰਬਾਰਾ ਸਿੰਘ ਸਹਾਇਕ ਬਣੇ ਸਨ। ਇਨ੍ਹਾਂ ਦੇ ਸਮੇਂ ਦੌਰਾਨ ਦਰਬਾਰ ਸਾਹਿਬ ਹੌਲੀ-ਹੌਲੀ ਨਿਰਮਲਾ ਮਰਿਆਦਾ ਦਾ ਕੇਂਦਰ ਬਣ ਗਿਆ ਸੀ। ਨਿਰਮਲੇ ਵਿਸ਼ਣੂ ਤੇ ਗਣੇਸ਼ ਦੇ ਪੁਜਾਰੀ ਸਨ। ਉਨ੍ਹਾਂ ਨੇ ਦਰਬਾਰ ਸਾਹਿਬ ਦਾ ਨਾਂ ਵਿਸ਼ਨੂੰ (ਹਰਿ) ਦੇ ਮੰਦਰ ਨਾਂ 'ਤੇ ਹਰਿਮੰਦਰ ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਮਗਰੋਂ, ਉਸ ਦੇ ਬੁੰਗੇ 'ਤੇ ਕਬਜ਼ਾ ਕਰ ਕੇ, ਇਸ ਦਾ ਨਾਂ ਬੁੰਗਾ ਅਕਾਲ ਅਤੇ ਫਿਰ 'ਵਿਸ਼ਨੂੰ ਦਾ ਤਖ਼ਤ' ਅਤੇ ਫਿਰ 'ਅਕਾਲ ਤਖ਼ਤ' ਰੱਖ ਦਿੱਤਾ ਸੀ। ਨਿਰਮਲਿਆਂ ਨੇ ਦਰਬਾਰ ਸਾਹਿਬ ਦੀਆਂ ਪੂਰਬੀ ਬਾਹੀ ਦੀਆਂ ਪੌੜੀਆਂ ਦਾ ਨਾਂ ਵਿਸ਼ਨੂੰ-ਦੁਆਰ (ਹਰਿਦੁਆਰ) ਦੀ ਤਰਜ਼ 'ਤੇ 'ਹਰਿ ਕੀ ਪਉੜੀ' ਰੱਖ ਦਿੱਤਾ ਸੀ। ਉਨ੍ਹਾਂ ਨੇ ਇਸ ਵਾਸਤੇ ਰਜਨੀ ਅਤੇ ਉਸ ਦੇ ਲੂਲ੍ਹੇ ਪਤੀ ਵਾਲੀ ਗੱਪ ਕਹਾਣੀ ਵੀ ਘੜ ਲਈ ਸੀ। ਇੰਞ ਹੀ ਉਨ੍ਹਾਂ ਨੇ ਰਜਨੀ ਵਾਲੀ ਕਹਾਣੀ ਵਾਲੀ ਥਾਂ ਨੂੰ 'ਅਠਸਠ ਤੀਰਥ' ਅਤੇ ਬੇਰੀ ਦਾ ਨਾਂ 'ਦੁਖ ਭੰਜਨੀ ਬੇਰੀ' ਵੀ ਰੱਖ ਦਿੱਤਾ ਸੀ। ਉਨ੍ਹਾਂ ਨੇ ਇਸ ਝੂਠ ਨੂੰ ਕਾਇਮ ਕਰਨ ਵਾਸਤੇ ਕਵੀ ਸੰਤੋਖ ਸਿੰਘ ਤੋਂ 'ਗੁਰ ਪ੍ਰਤਾਪ ਸੂਰਜ ਪ੍ਰਕਾਸ਼' ਅਤੇ ਗੁਰਮੁਖ ਸਿੰਘ ਤੇ ਦਰਬਾਰ ਸਿੰਘ ਤੋਂ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਲਿਖਵਾ ਕੇ ਸਬੂਤ ਕਾਇਮ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ।

**ਦਰਬਾਰ ਸਾਹਿਬ ਵਿਚ ਬਿਜਲੀ**

(ਬਾਕੀ ਅਗਲੇ ਸਫੇ 'ਤੇ)

# ਦੁਨੀਆ ਭਰ ਵਿਚ ਨਾਨਕ-ਪ੍ਰਸਤ ਕਦ ਬੋਲਣਗੇ!

## ਅਮਰੀਕਾ ਇਤਿਹਾਸਕ ਪਾਗਲਪਨ ਦੇ ਦੌਰ ਵਿਚ..!

ਇਹ ਸਮਾਂ ਯੂਨਾਨੀ ਨਾਟਕਕਾਰਾਂ ਐਸਕਲਸ ਤੇ ਸੋਫਕਲੀਜ਼ ਤੋਂ ਲੈ ਕੇ ਸ਼ੇਕਸਪੀਅਰ, ਵਾਲਟ ਵਿਟਮੈਨ, ਲਿਓ ਟਾਲਸਟਾਏ, ਬਰਤੋਲਤ ਬਰੈਖ਼ਤ ਤੇ ਹੋਰਨਾਂ ਨੂੰ ਯਾਦ ਕਰਨ ਦਾ ਹੈ; ਉਨ੍ਹਾਂ ਸਭ ਨੂੰ ਜਿਨ੍ਹਾਂ ਨੇ ਜੰਗ ਤੇ ਅਮਨ ਬਾਰੇ ਲਿਖਿਆ, ਮਨੁੱਖਤਾ ਤੇ ਅਮਨ ਦੇ ਹੱਕ ਵਿਚ, ਜੰਗ ਦੇ ਵਿਰੁੱਧ। ਇਨ੍ਹਾਂ ਸਮਿਆਂ ਵਿਚ ਹੀ ਇੰਗਲੈਂਡ ਦੇ ਨਾਵਲਕਾਰ ਜੌਹਨ ਲੇ ਕੈਰੇ (John Le Carre) ਦੀ ਯਾਦ ਆਉਂਦੀ ਹੈ ਜਿਸ ਨੇ ਇੰਗਲੈਂਡ ਦੀਆਂ ਖ਼ੁਫ਼ੀਆ ਏਜੰਸੀਆਂ ਐੱਮ.ਆਈ. ਫਾਈਵ, ਐੱਮ.ਆਈ. ਸਿਕਸ, ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ, ਰੂਸੀ ਖ਼ੁਫ਼ੀਆ ਏਜੰਸੀ ਕੇ.ਜੀ.ਬੀ. ਅਤੇ ਦੁਨੀਆ ਦੇ ਸਮੁੱਚੀ ਖ਼ੁਫ਼ੀਆ ਤੰਤਰ ਬਾਰੇ ਨਾਵਲ ਲਿਖੇ। ਨਾਵਲ ਦੇ ਖੇਤਰ ਵਿਚ ਇਹ ਕਿਹਾ ਜਾਂਦਾ ਹੈ ਕਿ ਵੱਡਾ ਨਾਵਲਕਾਰ ਉਹ ਹੁੰਦਾ ਹੈ ਜੋ ਨਾਵਲਕਾਰੀ ਤੇ



**ਸਵਰਾਜਬੀਰ**

ਗਿਆਨ ਦੇ ਕਿਸੇ ਹੋਰ ਖੇਤਰ ਵਿਚਕਾਰਲੀ ਹੱਦਬੰਦੀ ਨੂੰ ਤੋੜਦਾ ਹੈ, ਜਿਵੇਂ ਟਾਲਸਟਾਏ ਨੇ ਨਾਵਲਕਾਰੀ ਤੇ ਇਤਿਹਾਸ ਵਿਚਕਾਰਲੀ ਹੱਦਬੰਦੀ ਨੂੰ ਤੋੜਿਆ, ਦਾਸਤੋਵਸਕੀ ਨੇ ਮਨੋਵਿਗਿਆਨ ਤੇ ਨਾਵਲਕਾਰੀ, ਯਾਂ ਪਾਲ ਸਾਰਤਰ ਨੇ ਫਲਸਫ਼ੇ ਤੇ ਨਾਵਲਕਾਰੀ, ਕੁਰਤ ਵੋਨਰਗੈਟ ਨੇ ਸਾਇੰਸ ਫਿਕਸ਼ਨ ਤੇ ਨਾਵਲਕਾਰੀ ਵਿਚਕਾਰਲੀਆਂ ਹੱਦਬੰਦੀਆਂ ਨੂੰ ਤੋੜਿਆ; ਗੁੰਟਰ ਗਰਾਸ ਤੇ ਗੈਬਰੀਅਲ ਗਾਰਸ਼ੀਆ ਮਾਰਖੇਜ਼ ਨੇ ਯਥਾਰਥ ਦੀਆਂ ਹੱਦਾਂ ਨੂੰ ਤੋੜਿਆ ਤੇ ਇਸ ਤਰ੍ਹਾਂ ਇਨ੍ਹਾਂ ਨਾਵਲਕਾਰਾਂ ਨੇ ਮਹਾਨ ਸਾਹਿਤ ਰਚਿਆ। ਜੌਹਨ ਲੇ ਕੈਰੇ ਨੇ ਖ਼ੁਫ਼ੀਆ ਨਾਵਲਕਾਰੀ ਤੇ ਸਾਹਿਤਕ ਨਾਵਲਕਾਰੀ ਵਿਚਲੀਆਂ ਹੱਦਾਂ ਨੂੰ ਤੋੜਿਆ। ਉਹ ਖ਼ੁਦ ਇੰਗਲੈਂਡ ਦੀਆਂ ਖ਼ੁਫ਼ੀਆ ਏਜੰਸੀਆਂ ਐੱਮ.ਆਈ. ਫਾਈਵ ਤੇ ਐੱਮ.ਆਈ. ਸਿਕਸ ਵਿਚ ਕੰਮ ਕਰਦਾ ਰਿਹਾ ਸੀ ਤੇ ਉਸ ਨੇ 'ਏ ਪਰਫੈਕਟ ਸਪਾਈ', 'ਰਸ਼ੀਆ ਹਾਊਸ', 'ਦਿ ਸੀਕਰੇਟ ਪਿਲਗਰਿਮੇਜ', 'ਦਿ ਸਪਾਈ ਹੂ ਕੇਮ ਇਨ ਫਰੌਮ ਦਿ ਕੋਲਡ' ਜਿਹੇ ਸ਼ਾਹਕਾਰ ਨਾਵਲ ਲਿਖੇ।

ਇਨ੍ਹਾਂ ਸਮਿਆਂ ਵਿਚ ਜੌਹਨ ਲੇ ਕੈਰੇ ਦੀ ਯਾਦ ਇਸ ਲਈ ਆ ਰਹੀ ਹੈ ਕਿ ਉਹ ਚੁੱਪ ਰਹਿਣ ਵਾਲਾ ਸਾਹਿਤਕਾਰ ਨਹੀਂ ਸੀ। ਉਹ ਦੁਨੀਆ ਵਿਚ ਤਾਕਤ ਦੇ ਸੰਤੁਲਨ ਦੇ ਸਿਧਾਂਤਾਂ, ਸਿਆਸੀ ਨੈਤਿਕਤਾ, ਰਾਜਨੀਤਕ ਅਮਲ ਦੀਆਂ ਸੀਮਾਵਾਂ, ਫ਼ੌਜੀ ਤਾਕਤ ਦੀ ਵਰਤੋਂ ਦੇ ਸਿੱਟਿਆਂ ਅਤੇ ਇਨ੍ਹਾਂ ਵਿਚਲੇ ਰਿਸ਼ਤਿਆਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਅਮਰੀਕਾ ਦੇ ਇਰਾਕ 'ਤੇ ਕੀਤੇ ਹਮਲੇ ਬਾਰੇ ਉਸ ਦੇ 2003 ਵਿਚ ਲਿਖੇ ਸ਼ਬਦ ਇਲਹਾਮੀ ਹੋ ਨਿੱਬੜੇ ਹਨ। ਉਸ ਨੇ ਆਪਣੇ ਲੇਖ 'ਅਮਰੀਕਾ ਪਾਗਲ ਹੋ ਗਿਆ ਹੈ (United States of America Has Gone Mad)' ਵਿਚ ਲਿਖਿਆ, 'ਅਮਰੀਕਾ ਇਤਿਹਾਸਕ ਪਾਗਲਪਣ ਦੇ ਦੌਰ ਵਿਚ ਦਾਖ਼ਲ ਹੋ ਗਿਆ ਹੈ... ਇਹ ਮੈਕਾਰਥੀਇਜ਼ਮ ਦੇ ਦੌਰ (ਜਦੋਂ ਅਮਰੀਕਾ ਵਿਚ ਖੱਬੇ ਪੱਖੀਆਂ ਨੂੰ ਨਿਸ਼ਾਨਾ ਬਣਾਇਆ ਗਿਆ) ਤੋਂ ਕਿਤੇ ਖ਼ਤਰਨਾਕ ਹੈ, ਤੇ ਕਿਤੇ ਖ਼ਤਰਨਾਕ ਹੈ 'ਬੇਅ ਆਫ ਪਿਗਜ਼' (ਜਦੋਂ ਅਮਰੀਕਾ ਨੇ 1961 ਵਿਚ ਕਿਊਬਾ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ) ਵਾਲੀ ਘਟਨਾ ਤੋਂ। ਲੰਮੇ ਸਮੇਂ ਦੇ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਇਹ ਦੌਰ ਵੀਅਤਨਾਮ ਜੰਗ ਨਾਲੋਂ ਕਿਤੇ ਜ਼ਿਆਦਾ ਬਿਪਤਾਜਨਕ ਹੋਣ ਦੀ ਸੰਭਾਵਨਾ ਰੱਖਦਾ ਹੈ।'

2003 ਵਿਚ ਅਮਰੀਕਾ, ਇੰਗਲੈਂਡ ਤੇ ਉਨ੍ਹਾਂ ਦੇ ਸਹਿਯੋਗੀ ਦੇਸ਼ਾਂ ਨੇ ਇਰਾਕ 'ਤੇ ਹਮਲਾ ਇਹ ਕਹਿੰਦਿਆਂ ਕੀਤਾ ਸੀ ਕਿ ਇਰਾਕ ਕੋਲ ਵੱਡੇ ਪੱਧਰ 'ਤੇ ਸਮੂਹਿਕ ਤਬਾਹੀ ਕਰਨ ਵਾਲੇ ਹਥਿਆਰ ਹਨ। ਅਮਰੀਕੀ ਫ਼ੌਜਾਂ ਨੇ ਇਰਾਕ ਨੂੰ ਤਬਾਹ ਕਰ ਦਿੱਤਾ, ਇਮਾਰਤਾਂ, ਹਸਪਤਾਲ, ਸਕੂਲ ਸਭ ਮਿੱਟੀ ਵਿਚ ਮਿਲਾ ਦਿੱਤੇ ਪਰ ਉਨ੍ਹਾਂ ਨੂੰ ਸਮੂਹਿਕ ਤਬਾਹੀ ਕਰਨ ਵਾਲੇ ਹਥਿਆਰ ਨਾ ਲੱਭੇ ਕਿਉਂਕਿ ਇਰਾਕ ਕੋਲ ਅਜਿਹੇ ਹਥਿਆਰ ਹੈ ਹੀ ਨਹੀਂ ਸਨ। ਵੱਖ ਵੱਖ ਅੰਦਾਜ਼ਿਆਂ ਅਨੁਸਾਰ 2003 ਤੋਂ 2011 ਤਕ ਚੱਲੀ ਇਸ ਜੰਗ ਵਿਚ 1.5 ਲੱਖ ਤੋਂ 6.5 ਲੱਖ ਲੋਕ ਮਾਰੇ ਗਏ, ਇਰਾਕ ਦਾ ਸਿਆਸੀ ਤੇ ਸਮਾਜਿਕ ਤਾਣਾ-ਬਾਣਾ/ਸ਼ੀਰਾਜ਼ਾ ਬਿਖਰ ਗਿਆ; ਸਿਆਸਤ ਦੇ ਨਕਸ਼ ਵਿਗੜ ਗਏ; ਮੁਲਕ ਤਬਾਹ ਹੋ ਗਿਆ। ਅਮਰੀਕਾ ਨੇ ਇਹੀ ਕਹਾਣੀ ਲਿਬੀਆ ਤੇ ਸੀਰੀਆ ਵਿਚ ਦੁਹਰਾਈ; ਚੰਗੇ ਭਲੇ ਵੱਸਦੇ ਦੇਸ਼ਾਂ ਦੀ ਸਿਆਸੀ ਤੌਰ ਲੀਹੋਂ ਲੱਥ ਗਈ, ਦੇਸ਼ ਖਾਨਾਜੰਗੀ ਦਾ ਸ਼ਿਕਾਰ ਹੋਏ, ਵੱਡੇ ਪੱਧਰ 'ਤੇ ਤਬਾਹੀ ਹੋਈ, ਹਜ਼ਾਰਾਂ ਜਾਨਾਂ ਗਈਆਂ। 2003 ਤੋਂ ਸ਼ੁਰੂ ਹੋਇਆ ਇਹ ਦੌਰ ਰੁਕਣ ਦਾ ਨਾਂ ਨਹੀਂ ਲੈ ਰਿਹਾ ਤੇ 2025 ਵਿਚ ਇਸ ਜਬਰ ਨੇ ਨਵੀਆਂ ਸਿਖ਼ਰਾਂ ਛੂਹੀਆਂ ਹਨ। ਗਾਜ਼ਾ ਵਿਚ 2023 ਤੋਂ ਹੋ ਰਹੀ ਨਸਲਕੁਸ਼ੀ ਅਤੇ ਹੁਣ ਅਮਰੀਕਾ ਤੇ ਇਜ਼ਰਾਈਲ ਦੇ ਇਰਾਨ 'ਤੇ ਹਮਲਿਆਂ ਨੇ ਕੌਮਾਂਤਰੀ ਕਾਨੂੰਨ ਤੇ ਨੈਤਿਕ ਵਿਧੀ-ਵਿਧਾਨ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ।

ਜਦੋਂ ਜਬਰ ਹੋ ਰਿਹਾ ਹੋਵੇ ਤਾਂ ਉਸ ਦਾ ਵਿਰੋਧ ਹੁੰਦਾ ਹੈ। ਦੂਜੀ ਆਲਮੀ ਜੰਗ ਤੋਂ ਬਾਅਦ ਦੁਨੀਆ ਭਰ ਵਿਚ ਅਮਨ ਲਹਿਰ ਚੱਲੀ ਜਿਸ ਦੀ ਗੂੰਜ ਸਾਰੇ ਦੇਸ਼ ਤੇ ਪੰਜਾਬ ਵਿਚ ਵੀ ਸੁਣਾਈ ਦਿੱਤੀ। ਪੰਜਾਬ ਵਿਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਨੇ ਇਸ ਲਹਿਰ ਨੂੰ ਸਥਾਨਕ ਸਭਿਆਚਾਰਕ ਨਕਸ਼ ਦਿੱਤੇ। ਤੇਰਾ ਸਿੰਘ ਚੰਨ ਦੇ ਇਹ ਬੋਲ 'ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ' ਪੰਜਾਬ ਵਿਚ ਅਮਨ ਲਹਿਰ ਦਾ ਪਛਾਣ-ਬੋਲ ਬਣ ਗਿਆ। ਤੇਰਾ ਸਿੰਘ ਚੰਨ, ਜਗਦੀਸ਼ ਫਰਿਆਦੀ, ਜੋਗਿੰਦਰ ਬਾਹਰਲਾ, ਅਮਰਜੀਤ ਗੁਰਦਾਸਪੁਰੀ, ਸੁਰਿੰਦਰ ਕੌਰ, ਮੱਲ੍ਹ ਸਿੰਘ ਰਾਮਪੁਰੀ, ਹੁਕਮ ਚੰਦ ਖਲੀਲੀ, ਬਲਰਾਜ ਸਾਹਨੀ, ਨਿਰੰਜਨ ਸਿੰਘ ਮਾਨ, ਪ੍ਰੀਤ ਮਾਨ ਤੇ ਪੰਜਾਬ ਦੇ ਉੱਘੇ ਲੇਖਕ (ਜਿਵੇਂ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ ਆਦਿ) ਤੇ ਕਲਾਕਾਰ ਅਮਨ ਲਹਿਰ ਦੇ ਬੁਲਾਰੇ ਬਣ ਕੇ ਉੱਭਰੇ। ਵੀਅਤਨਾਮ ਜੰਗ ਦੌਰਾਨ ਪੰਜਾਬ ਇਕਸੁਰ ਹੋ ਕੇ ਅਮਰੀਕਾ ਦੀਆਂ ਸਾਮਰਾਜੀ ਨੀਤੀਆਂ ਵਿਰੁੱਧ ਬੋਲਿਆ ਤੇ 'ਤੇਰਾ ਨਾਮ, ਮੇਰਾ ਨਾਮ ਵੀਅਤਨਾਮ' ਪੰਜਾਬ ਦੇ ਸਾਮਰਾਜ-ਵਿਰੋਧ ਦੇ ਪਛਾਣ-ਬੋਲ ਬਣੇ। ਇਹ ਉਹੀ ਸਮੇਂ ਸਨ ਜਦੋਂ ਅਮਰੀਕਾ ਕੋਰੀਆ, ਵੀਅਤਨਾਮ ਤੇ ਕਈ ਹੋਰ ਦੇਸ਼ਾਂ ਵਿਚ ਸਿੱਧਾ ਦਖ਼ਲ ਦੇ ਕੇ ਜੰਗਾਂ ਕਰਵਾ ਰਿਹਾ ਸੀ।

ਦੁਨੀਆ ਵਿਚ ਅਮਰੀਕਾ ਦੀਆਂ ਇਨ੍ਹਾਂ ਕਾਰਵਾਈਆਂ ਦੇ ਵਿਰੁੱਧ ਅਮਨ ਲਹਿਰ ਤਾਂ ਚੱਲੀ ਹੀ ਪਰ ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਦੇਸ਼ ਸਮੂਹਿਕ ਰੂਪ ਵਿਚ ਕੀ ਸਟੈਂਡ ਲੈਂਦਾ ਹੈ। ਭਾਰਤ ਇੱਕ ਨਵਾਂ ਆਜ਼ਾਦ ਹੋਇਆ ਦੇਸ਼ ਸੀ, ਗ਼ਰੀਬੀ ਤੇ ਪੱਛੜੇਪਣ ਨਾਲ ਜੂਝਦਾ ਹੋਇਆ। ਇਸ ਦਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸੀ ਜੋ ਬਹੁਤ ਸਾਰੇ ਖੱਬੇ ਪੱਖੀਆਂ ਦੀਆਂ ਨਜ਼ਰਾਂ ਵਿਚ ਭਾਰਤ ਦੀ ਬੁਰਜੁਆਈ ਦਾ ਪ੍ਰਤੀਨਿਧ ਤੇ ਉਨ੍ਹਾਂ ਦੀ ਸੇਵਾ ਕਰਨ ਵਾਲਾ ਸੀ ਅਤੇ ਸੱਜੇ ਪੱਖੀਆਂ ਦੀਆਂ ਨਜ਼ਰਾਂ ਵਿਚ ਭਾਰਤ ਨੂੰ ਸਮਾਜਵਾਦੀ ਰਾਹ-ਰਸਤੇ 'ਤੇ ਤੋਰਨ ਵਾਲਾ। ਨਹਿਰੂ ਨੇ ਦੁਨੀਆ ਵਿਚਲੇ ਤਾਕਤ ਦੇ ਤਵਾਜ਼ਨ ਨੂੰ ਦੇਖਦੇ ਹੋਏ ਉਸ ਸਮੇਂ ਦੀਆਂ ਵਿਸ਼ਵ ਸ਼ਕਤੀਆਂ ਅਮਰੀਕਾ ਤੇ ਸੋਵੀਅਤ ਯੂਨੀਅਨ ਤੋਂ ਬਰਾਬਰ ਦੂਰੀ ਰੱਖਣ ਦਾ ਰਸਤਾ ਅਪਣਾਇਆ ਤੇ ਦੁਨੀਆ ਵਿਚ ਗੁੱਟ-ਨਿਰਲੇਪ (Non-aligned) ਲਹਿਰ ਦਾ ਬਾਨੀ ਬਣਿਆ। ਇਸ ਲਹਿਰ ਦੇ ਹੋਰ ਪ੍ਰਮੁੱਖ ਆਗੂਆਂ ਵਿਚ ਘਾਨਾ ਦਾ ਰਾਸ਼ਟਰਪਤੀ ਕਵਾਮੇ ਅੰਕਰੂਮਾਹ (Kwome Nkrumah), ਯੂਗੋਸਲਾਵੀਆ ਦਾ ਰਾਸ਼ਟਰਪਤੀ ਜੋਸਿਫ ਟੀਟੋ ਤੇ ਮਿਸਰ ਦਾ ਰਾਸ਼ਟਰਪਤੀ ਜਮਾਲ ਅਬਦਲ ਨਾਸਿਰ ਸ਼ਾਮਿਲ ਸਨ। ਇਹ ਲਹਿਰ ਸਾਮਰਾਜਵਾਦ ਤੇ ਬਸਤੀਵਾਦ ਦਾ ਵਿਰੋਧ ਕਰਨ ਵਾਲੀ ਪ੍ਰਮੁੱਖ ਲਹਿਰ ਬਣੀ।

ਗੁੱਟ-ਨਿਰਲੇਪ ਲਹਿਰ ਦਾ ਆਗਾਜ਼ 1961 ਵਿਚ ਹੋਇਆ ਸੀ ਪਰ ਇਸ ਤੋਂ ਪਹਿਲਾਂ ਨਹਿਰੂ ਨੇ



ਜਵਾਹਰ ਲਾਲ ਨਹਿਰੂ



ਜੌਹਨ ਲੇ ਕੈਰੇ

ਉੱਤਰੀ ਕੋਰੀਆ ਤੇ ਦੱਖਣੀ ਕੋਰੀਆ ਵਿਚਕਾਰ ਜੰਗ ਅਤੇ ਅਮਰੀਕਾ ਦੇ ਦਖ਼ਲ ਵਿਰੁੱਧ ਸਟੈਂਡ ਲਿਆ।

ਇਸ ਸਬੰਧ ਵਿਚ ਨਹਿਰੂ ਤੇ ਸੋਵੀਅਤ ਯੂਨੀਅਨ ਦੇ ਆਗੂ ਜੋਸੇਫ ਸਟਾਲਿਨ ਵਿਚਕਾਰ ਹੋਈ ਖ਼ਤੋ-ਕਿਤਾਬਤ ਮਹੱਤਵਪੂਰਨ ਹੈ। ਇਕ ਖ਼ਤ ਵਿਚ ਨਹਿਰੂ ਨੇ ਸਟਾਲਿਨ ਨੂੰ ਲਿਖਿਆ, 'ਮੈਨੂੰ ਅਮਨ ਕਾਇਮ ਕਰਨ ਲਈ ਤੁਹਾਡੇ ਦ੍ਰਿੜ੍ਹ ਇਰਾਦੇ 'ਤੇ ਵਿਸ਼ਵਾਸ ਹੈ ਤੇ ਮੈਂ ਤੁਹਾਨੂੰ ਇਹ ਨਿੱਜੀ ਅਪੀਲ ਕਰਨ ਦਾ ਸਾਹਸ ਕਰਦਾ ਹਾਂ ਕਿ ਤੁਸੀਂ ਉਸ ਸਾਂਝੇ ਨਿਸ਼ਾਨੇ ਤੱਕ ਪਹੁੰਚਣ ਲਈ ਆਪਣੇ ਅਖਤਿਆਰਾਂ ਤੇ ਪ੍ਰਭਾਵ ਦਾ ਇਸਤੇਮਾਲ ਕਰੋ ਜਿਸ 'ਤੇ ਮਨੁੱਖਤਾ ਦਾ ਕਲਿਆਣ ਨਿਰਭਰ ਹੈ।' ਸਟਾਲਿਨ ਨੇ ਜਵਾਬ ਦਿੱਤਾ, 'ਮੈਂ ਅਮਨ ਲਈ ਤੁਹਾਡੀ ਪਹਿਲਕਦਮੀ ਦਾ ਸਵਾਗਤ ਕਰਦਾ ਹਾਂ। ਮੈਂ ਤੁਹਾਡੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਕੋਰੀਆ ਦੇ ਮਸਲੇ ਦਾ ਹੱਲ ਸੁਰੱਖਿਆ ਕੌਂਸਲ ਰਾਹੀਂ ਹੋਣਾ ਚਾਹੀਦਾ ਹੈ ਤੇ ਇਸ ਵਿਚ ਪੰਜੇ ਤਾਕਤਾਂ, ਜਿਨ੍ਹਾਂ ਵਿਚ ਪੀਪਲਜ਼ ਗੌਰਮਿੰਟ ਆਫ ਚਾਈਨਾ ਵੀ ਸ਼ਾਮਿਲ ਹੋਵੇ, ਨੂੰ ਇਸ ਕਾਰਜ ਵਿਚ ਸਹਾਈ ਹੋਣਾ ਚਾਹੀਦਾ ਹੈ।' ਨਹਿਰੂ ਨੇ ਇਸ ਖ਼ਤ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਉਹ ਦੂਸਰੇ ਦੇਸ਼ਾਂ ਨਾਲ ਗੱਲਬਾਤ ਸ਼ੁਰੂ ਕਰ ਰਿਹਾ ਹੈ।

ਨਹਿਰੂ ਨੇ ਅਮਰੀਕਾ, ਚੀਨ, ਇੰਗਲੈਂਡ, ਕੈਨੇਡਾ ਤੇ ਹੋਰ ਦੇਸ਼ਾਂ ਦੇ ਆਗੂਆਂ ਨਾਲ ਗੱਲਬਾਤ ਕੀਤੀ ਤੇ ਭਾਰਤ ਦੇ ਸੰਯੁਕਤ ਰਾਸ਼ਟਰ ਤੇ ਸੰਯੁਕਤ ਰਾਸ਼ਟਰ ਤੋਂ ਬਾਹਰ ਕੀਤੇ ਗਏ ਯਤਨਾਂ ਨਾਲ ਇਸ ਜੰਗ ਵਿਚ 1953 ਵਿਚ ਜੰਗਬੰਦੀ ਕਰਾਉਣੀ ਸੰਭਵ ਹੋਈ। ਜੰਗ ਤੋਂ ਬਾਅਦ ਵੱਡਾ ਮਸਲਾ ਜੰਗੀ ਕੈਦੀਆਂ ਦਾ ਸੀ; ਭਾਰਤ ਨੂੰ ਉਸ ਕਮਿਸ਼ਨ ਦਾ ਚੇਅਰਮੈਨ ਬਣਾਇਆ ਗਿਆ ਜਿਸ ਨੇ ਜੰਗੀ ਕੈਦੀਆਂ ਨੂੰ ਆਪੋ-ਆਪਣੇ ਦੇਸ਼ ਪਹੁੰਚਾਉਣਾ ਸੀ; ਇਸ ਲਈ ਭਾਰਤ ਨੇ 6000 ਫ਼ੌਜੀ ਵੀ ਤਾਇਨਾਤ ਕੀਤੇ।

ਅਮਰੀਕਾ ਇਸ ਜੰਗ ਵਿਚ ਨਹਿਰੂ ਦੀ ਭੂਮਿਕਾ ਤੋਂ ਕਾਫ਼ੀ ਨਾਰਾਜ਼ ਸੀ। ਅਮਰੀਕੀ ਰਾਸ਼ਟਰਪਤੀ ਹੈਰੀ ਟਰੂਮੈਨ ਨੇ ਕਿਹਾ, 'ਕੋਰੀਆ ਵਿਚ ਸਾਡਾ ਜੰਗ ਵਿਚ ਹਾਰਨ ਦਾ ਕਾਰਨ ਉਸ (ਨਹਿਰੂ) ਦਾ ਰਵੱਈਆ ਹੈ।' ਇਸ ਦੇ ਬਾਵਜੂਦ ਅਮਰੀਕਾ ਨੇ ਕਈ ਵਾਰ ਭਾਰਤ ਨੂੰ ਵਿਚੋਲਗੀ ਕਰਨ ਲਈ ਕਿਹਾ। ਇਸ ਕਾਰਜ ਵਿਚ ਇੰਗਲੈਂਡ ਤੇ ਕੈਨੇਡਾ ਕਈ ਮੌਕਿਆਂ 'ਤੇ ਭਾਰਤ ਦੀਆਂ ਤਜਵੀਜ਼ਾਂ ਦੇ ਹੱਕ ਵਿਚ ਅਮਰੀਕਾ ਵਿਰੁੱਧ ਭੁਗਤੇ।

ਉਪਰੋਕਤ ਬਹਿਸ ਦਾ ਮੰਤਵ ਇਹ ਦਰਸਾਉਣਾ ਹੈ ਕਿ ਕੌਮਾਂਤਰੀ ਕਾਨੂੰਨ ਤੇ ਨੈਤਿਕਤਾ ਦੀ ਪੈਰਵੀ ਕਰਦੇ ਹੋਏ ਕੋਈ ਵੀ ਦੇਸ਼ ਦੁਨੀਆ ਵਿਚ ਹੋ ਰਹੀਆਂ ਜੰਗਾਂ ਸਮੇਂ ਜੰਗਬੰਦੀ ਤੇ ਅਮਨ ਕਾਇਮ ਕਰਾਉਣ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ ਜੋ ਨਹਿਰੂ ਦੀ ਕਿਆਦਤ ਵਿਚ ਭਾਰਤ ਨੇ 1950-1953 ਵਿਚ ਕੋਰੀਆ ਦੀ ਜੰਗ ਵਿਚ ਨਿਭਾਈ। ਇਸ ਤੋਂ ਬਾਅਦ ਵੀ ਭਾਰਤ ਕੌਮਾਂਤਰੀ ਮੰਚ 'ਤੇ ਵੀਅਤਨਾਮ, ਦੱਖਣੀ ਅਫਰੀਕਾ, ਫਲਸਤੀਨ ਤੇ ਬਸਤੀਵਾਦ ਤੇ ਸਾਮਰਾਜਵਾਦ ਦੁਆਰਾ ਲਿਤਾੜੇ ਜਾਂਦੇ ਦੇਸ਼ਾਂ ਦੇ ਹੱਕ ਵਿਚ ਖੜ੍ਹਦਾ ਰਿਹਾ। ਸਾਡੇ ਲਈ ਆਪਣੇ ਆਪ ਤੋਂ ਪੁੱਛਣ ਵਾਲਾ ਸਵਾਲ ਇਹ ਹੈ ਕਿ ਭਾਰਤ ਦੀ ਉਸ ਵਿਦੇਸ਼ ਨੀਤੀ ਦੇ ਨੈਤਿਕ ਪੱਧਰ ਤੇ ਰੁਤਬੇ ਦੀ ਅੱਜ ਕੀ ਸਥਿਤੀ ਹੈ।

ਅਫ਼ਸੋਸਨਾਕ ਤੱਥ ਇਹ ਹੈ ਕਿ ਭਾਰਤ ਨੇ ਕੌਮਾਂਤਰੀ ਮਸਲਿਆਂ ਵਿਚ ਨੈਤਿਕ ਪੈਂਤੜੇ ਲੈਣੇ ਛੱਡ ਦਿੱਤੇ ਹਨ। ਵੀਹਵੀਂ ਸਦੀ 'ਚ ਫ਼ਲਸਤੀਨ ਦੀ ਵੱਡੀ ਹਮਾਇਤ ਕਰਨ ਵਾਲੇ ਭਾਰਤ ਨੇ ਇਜ਼ਰਾਈਲ ਦੁਆਰਾ ਗਾਜ਼ਾ ਵਿਚ ਕੀਤੀ ਜਾ ਰਹੀ ਨਸਲਕੁਸ਼ੀ ਦਾ ਡਟ ਕੇ ਵਿਰੋਧ ਨਹੀਂ ਕੀਤਾ। ਭਾਰਤ ਦੀ ਪ੍ਰਮੁੱਖ ਸਿਆਸੀ ਪਾਰਟੀ ਭਾਰਤੀ ਜਨਤਾ ਪਾਰਟੀ ਇਸ ਸਬੰਧ ਵਿਚ ਖ਼ਾਮੋਸ਼ ਰਹੀ ਹੈ। ਹਕੀਕਤ ਇਹ ਹੈ ਕਿ ਭਾਰਤ ਇਜ਼ਰਾਈਲ ਦੀ ਜਾਬਰਾਨਾ ਹਕੂਮਤ ਦਾ ਨਜ਼ਦੀਕੀ ਅਤੇ ਹਮਾਇਤੀ ਹੈ। ਇਹ ਹੀ ਨਹੀਂ, ਭਾਰਤ ਨੇ ਅਮਰੀਕਾ ਦੇ ਇਰਾਨ, ਸੀਰੀਆ, ਲਿਬੀਆ ਤੇ ਹੋਰ ਦੇਸ਼ਾਂ ਵਿਚ ਕੀਤੇ ਗਏ ਅਣਮਨੁੱਖੀ ਕਾਰਿਆਂ ਦਾ ਵੀ ਡਟ ਕੇ ਵਿਰੋਧ ਨਹੀਂ ਕੀਤਾ। ਇਸ ਸਭ ਨੇ ਭਾਰਤ ਦੇ ਅਕਸ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਦੇ ਨਾਲ ਨਾਲ ਦੇਸ਼ ਦੇ ਲੋਕਾਂ ਦੀ ਵੱਡੀ ਗਿਣਤੀ ਨੂੰ ਮੁਸਲਿਮ-ਵਿਰੋਧ ਦੀ ਜ਼ਹਿਰੀਲੀ ਚਾਸ਼ਨੀ ਪਿਲਾ ਕੇ ਇੱਕ ਅਨੈਤਿਕ ਦਲਦਲ ਵਿਚ ਧੱਕ ਦਿੱਤਾ ਗਿਆ ਹੈ। ਭਾਰਤ ਆਪਣੇ ਆਪ ਨੂੰ ਵਿਸ਼ਵ ਗੁਰੂ ਕਹਾਉਣ ਦੇ ਦਾਅਵੇ ਕਰਦਾ ਹੈ। ਅਜਿਹੇ ਦਾਅਵੇ ਕਰਨ ਵਾਲੇ ਦੇਸ਼ ਨੂੰ ਵਿਸ਼ਵ ਮੰਚ 'ਤੇ ਉਹ ਨੈਤਿਕ ਪੈਂਤੜੇ ਲੈਣੇ ਚਾਹੀਦੇ ਹਨ ਜੋ ਮਨੁੱਖਤਾ ਦੇ ਹੱਕ ਵਿਚ ਤੇ ਜਬਰ-ਜ਼ੁਲਮ ਦੇ ਵਿਰੁੱਧ ਹੋਣ ਪਰ ਇਸ ਤਰ੍ਹਾਂ ਨਹੀਂ ਹੋ ਰਿਹਾ।

ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਵਿਸ਼ਵ ਦੇ ਸਿਆਸੀ ਮੰਚ 'ਤੇ ਭਾਰਤ ਏਨਾ ਬੇਵੱਸ, ਏਨਾ ਨਿਤਾਣਾ ਤੇ ਨੈਤਿਕਤਾ ਤੋਂ ਹੀਣਾ ਕਦੇ ਨਹੀਂ ਸੀ ਹੋਇਆ ਜਿੰਨਾ ਹੁਣ ਹੈ। ਇਸ ਖੋਖ਼ਲੇਪਣ ਤੇ ਬੇਵੱਸੀ ਨੂੰ ਛੁਪਾਉਣ ਲਈ ਕੇਂਦਰ ਵਿਚ ਸੱਤਾਧਾਰੀ ਪਾਰਟੀ ਦੇ ਆਗੂ ਸ਼ਬਦਾਂ ਦੀ ਮਾਇਆ-ਨਗਰੀ ਉਸਾਰਦੇ ਤੇ ਅੰਧ-ਰਾਸ਼ਟਰਵਾਦ ਦੇ ਵੱਡੇ-ਵੱਡੇ ਫੋਕੇ ਦਾਅਵੇ ਕਰਦੇ ਹਨ। ਇਕ ਹੋਰ ਇਤਫ਼ਾਕ ਇਹ ਹੈ ਕਿ ਇਸ ਸਮੇਂ ਦੇ ਦੁਨੀਆ ਦੇ ਪ੍ਰਮੁੱਖ ਆਗੂਆਂ ਡੋਨਲਡ ਟਰੰਪ, ਵਲਾਦੀਮੀਰ ਪੂਤਿਨ, ਨਰਿੰਦਰ ਮੋਦੀ, ਬੈਂਜਾਮਿਨ ਨੇਤਨਯਾਹੂ, ਜ਼ੈਲਿੰਸਕੀ ਆਦਿ ਦੇ ਸੋਚ-ਸੰਸਾਰ ਅਜੀਬ ਤਰ੍ਹਾਂ ਨਾਲ ਮਿਲਦੇ ਜੁਲਦੇ ਹਨ। 2017 ਵਿਚ ਜੌਹਨ ਲੇ ਕੈਰੇ ਨੇ ਕਿਹਾ ਸੀ ਕਿ ਅਮਰੀਕਾ ਵਿਚ ਡੋਨਲਡ ਟਰੰਪ ਦੀ ਚੜ੍ਹਤ ਤੇ 1930ਵਿਆਂ ਵਿਚ ਯੂਰੋਪ ਵਿਚ ਆਏ ਫਾਸ਼ੀਵਾਦੀ ਉਭਾਰ ਵਿਚ ਜ਼ਹਿਰੀਲੀ ਤਰ੍ਹਾਂ ਦੀ ਸਮਾਨਤਾ ਹੈ; ਨਸਲੀ ਨਫ਼ਰਤ ਨੂੰ ਉਭਾਰਨਾ, ਤੱਥਾਂ ਨੂੰ ਝੂਠੀਆਂ ਖ਼ਬਰਾਂ (ਫ਼ੇਕ ਨਿਊਜ਼) ਕਹਿਣਾ, ਸੰਵਿਧਾਨ ਤੇ ਕਾਨੂੰਨ ਦੀ ਪਰਵਾਹ ਨਾ ਕਰਨਾ, ਜੌਹਨ ਲੇ ਕੈਰੇ ਅਨੁਸਾਰ ਫਾਸ਼ੀਵਾਦ ਦੇ ਉਭਾਰ ਦੀਆਂ ਨਿਸ਼ਾਨੀਆਂ ਹਨ ਤੇ ਇਹ ਸਭ ਦੇਸ਼ਾਂ ਵਿਚ ਵਾਪਰ ਰਿਹਾ ਹੈ ਅਮਰੀਕਾ, ਇਜ਼ਰਾਈਲ, ਪੋਲੈਂਡ, ਹੰਗਰੀ, ਭਾਰਤ ਸਭ ਵਿਚ।

ਪੰਜਾਬ ਵਿਚ ਇਜ਼ਰਾਈਲ ਦੇ ਗਾਜ਼ਾ 'ਤੇ ਅਣਮਨੁੱਖੀ ਹਮਲਿਆਂ ਤੇ ਅਮਰੀਕਾ ਤੇ ਇਜ਼ਰਾਈਲ ਦੇ ਇਰਾਨ 'ਤੇ ਹਮਲਿਆਂ ਵਿਰੁੱਧ ਆਵਾਜ਼ਾਂ ਉੱਠੀਆਂ ਹਨ, ਖ਼ਾਸਕਰ ਖੱਬੇ ਪੱਖੀ ਧਿਰਾਂ ਵੱਲੋਂ; ਸਪੱਸ਼ਟ ਹੈ ਕਿ ਇਹ ਧਿਰਾਂ ਹੁਣ ਕਮਜ਼ੋਰ ਹਨ ਤੇ ਇਸ ਲਈ ਇਹ ਆਵਾਜ਼ਾਂ ਵੀ ਕਮਜ਼ੋਰ ਹਨ ਪਰ ਇਨ੍ਹਾਂ ਆਵਾਜ਼ਾਂ ਦੀ ਮਨੁੱਖੀ ਤੇ ਨੈਤਿਕ ਅਹਿਮੀਅਤ ਬਹੁਤ ਜ਼ਿਆਦਾ ਹੈ। ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਪੰਜਾਬ, ਜੋ ਨਾਨਕ-ਪ੍ਰਸਤਾਂ ਦੀ ਭੂਮੀ ਹੈ, ਤੋਂ ਇਨ੍ਹਾਂ ਜਾਬਰਾਨਾ ਹਮਲਿਆਂ ਵਿਰੁੱਧ ਇਕੱਠੀ ਤੇ ਸਮੂਹਿਕ ਆਵਾਜ਼ ਕਿਉਂ ਨਹੀਂ ਉੱਠੀ। ਕੀ ਨਾਨਕ-ਪ੍ਰਸਤ ਨਹੀਂ ਜਾਣਦੇ ਕਿ ਜੋ ਇਜ਼ਰਾਈਲ ਗਾਜ਼ਾ ਵਿਚ ਕਰ ਰਿਹਾ ਹੈ ਉਹ ਮਨੁੱਖਤਾ ਦਾ ਘਾਣ ਹੈ; ਗਾਜ਼ਾ ਵਿਚ ਹੋ ਰਿਹਾ ਜ਼ੁਲਮ ਬਾਬਰ ਦੇ ਹਿੰਦੋਸਤਾਨ 'ਤੇ ਕੀਤੇ ਜ਼ੁਲਮਾਂ ਤੋਂ ਕਿਤੇ ਜ਼ਿਆਦਾ ਹੈ; ਬਾਬਰ ਦੇ ਹਮਲੇ ਵਿਰੁੱਧ ਲਿਖਦਿਆਂ ਬਾਬਾ ਨਾਨਕ ਜੀ ਨੇ ਕਿਹਾ ਸੀ, 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥'

ਹੁਣ ਤਾਂ ਮਾਰ ਪੈਣ ਦੀਆਂ ਹੱਦਾਂ ਹੀ ਟੁੱਟ ਗਈਆਂ ਹਨ। ਬੱਚੇ, ਔਰਤਾਂ, ਬੁੱਢੇ, ਜਵਾਨ, ਸਕੂਲ, ਹਸਪਤਾਲ, ਆਸਰਾ ਘਰ, ਸਭ ਇਜ਼ਰਾਈਲ ਦੇ ਹਮਲਿਆਂ ਦਾ ਸ਼ਿਕਾਰ ਹੋਏ ਹਨ; ਇਹ ਨਸਲਕੁਸ਼ੀ ਹੈ ਤੇ ਪੰਜਾਬ ਵਿਚ ਇਸ ਵਿਰੁੱਧ ਸਮੂਹਿਕ ਆਵਾਜ਼ ਦਾ ਨਾ ਹੋਣਾ, ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ- ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ – ਦਾ ਅਜਿਹੀ ਨਸਲਕੁਸ਼ੀ ਦੇ ਵਿਰੁੱਧ ਨਾ ਬੋਲਣਾ ਪੰਜਾਬ ਦੀ ਲੋਕਾਈ ਦੀ ਸਮੂਹਿਕ ਖ਼ਾਮੋਸ਼ੀ ਦਾ ਪ੍ਰਤੀਕ ਹੈ। ਇਸ ਵਿਚ ਕਸੂਰ ਲੋਕਾਈ ਦਾ ਨਹੀਂ, ਸਾਡੇ ਸਿਆਸੀ ਆਗੂਆਂ ਤੇ ਦਾਨਿਸ਼ਵਰਾਂ ਦਾ ਹੈ।

ਇਹ ਸਾਡੀ ਸਮੂਹਿਕ ਅਸੰਵੇਦਨਸ਼ੀਲਤਾ ਦਾ ਪ੍ਰਤੀਕ ਵੀ ਹੈ ਅਤੇ ਸਮਾਜ ਵਿਚ ਪਸਰ ਰਹੀ ਅਨੈਤਿਕ ਦਲਦਲ ਦਾ ਵੀ। ਜ਼ਰੂਰਤ ਹੈ ਕਿ ਪੰਜਾਬ ਦੇ ਲੋਕ ਸਿਰਫ਼ ਆਪਣੇ ਆਪ ਤੱਕ ਮਹਿਦੂਦ ਨਾ ਰਹਿਣ ਸਗੋਂ ਦੁਨੀਆ ਵਿਚ ਹਰ ਥਾਂ 'ਤੇ ਹੋ ਰਹੇ ਅਨਿਆਂ ਵਿਰੁੱਧ ਆਵਾਜ਼ ਉਠਾਉਣ ਭਾਵੇਂ ਉਹ ਪੰਜਾਬ ਵਿਚ ਹੋਵੇ, ਮਨੀਪੁਰ ਜਾਂ ਗਾਜ਼ਾ ਵਿਚ। ਅਨਿਆਂ ਵਿਰੁੱਧ ਆਵਾਜ਼ ਉਠਾਉਣ ਨਾਲ ਹੀ ਕਿਸੇ ਕੌਮ ਦਾ ਸੱਚ ਤੇ ਸਿਦਕ ਕਾਇਮ ਹੁੰਦੇ ਹਨ। ਜੇ ਪੰਜਾਬੀ ਕੌਮ ਨੇ ਆਪਣੀ ਨਾਨਕ-ਵਿਰਾਸਤ ਨੂੰ ਕਾਇਮ ਰੱਖਣਾ ਹੈ ਤਾਂ ਉਸ ਨੂੰ ਪੰਜਾਬ ਤੇ ਪੰਜਾਬ ਤੋਂ ਬਾਹਰ ਹੋ ਰਹੇ ਹਰ ਅਨਿਆਂ ਵਿਰੁੱਧ ਪੈਂਤੜੇ ਲੈਣ ਦੀ ਜ਼ਰੂਰਤ ਹੈ। ਜ਼ਰੂਰਤ ਹੈ ਕਿ ਪੰਜਾਬ ਦੇ ਦਾਨਿਸ਼ਵਰ, ਸਿਆਸੀ ਆਗੂ, ਜਨਤਕ ਜਥੇਬੰਦੀਆਂ, ਕਿਰਤੀ ਤੇ ਹੋਰ ਵਰਗਾਂ ਦੇ ਲੋਕ ਅਮਰੀਕਾ ਤੇ ਉਸ ਦੇ ਹਮਾਇਤੀਆਂ ਵੱਲੋਂ ਕਾਰਪੋਰੇਟੀ ਨਿਜ਼ਾਮ ਹੇਠਾਂ ਬਣ-ਉਸਰ ਰਹੇ ਅਨੈਤਿਕ ਖਲਾਅ ਵਿਰੁੱਧ ਲਾਮਬੰਦ ਹੋਣ ਤੇ ਇਕੱਠੇ ਹੋ ਕੇ ਆਵਾਜ਼ ਉਠਾਉਣ। ਅਮਰੀਕਾ ਤੇ ਕਾਰਪੋਰੇਟ ਸੰਸਾਰ ਦੇ 'ਇਤਿਹਾਸਕ ਪਾਗਲਪਣ' ਦਾ ਵਿਰੋਧ ਕਰਨ ਲਈ ਸਭ ਲੋਕ-ਪੱਖੀ ਤਾਕਤਾਂ ਦਾ ਏਕਾ ਜ਼ਰੂਰੀ ਹੈ। ਭਾਵੇਂ ਇਰਾਨ ਤੇ ਇਜ਼ਰਾਈਲ ਵਿਚਕਾਰ ਜੰਗਬੰਦੀ ਹੋ ਗਈ ਹੈ ਪਰ ਇਹ ਖ਼ਤਰਨਾਕ ਦੌਰ ਦੀ ਤੋਰ ਦੀ ਤੇਜ਼ੀ ਵਿਚ ਅਜੇ ਕਮੀ ਨਹੀਂ ਆਈ।

## ਦਰਬਾਰ ਸਾਹਿਬ

*(ਪਿਛਲੇ ਸਫੇ ਦਾ ਬਾਕੀ)*

ਸੰਨ 1887 ਵਿਚ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦੀ ਗੋਲਡਨ ਜੁਬਲੀ ਮਨਾਈ ਜਾ ਰਹੀ ਸੀ। ਇਸ ਸਮੇਂ ਹੀ ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਦਾ ਚਰਚਾ ਚਲ ਪਿਆ ਸੀ। ਪਹਿਲਾਂ ਉੱਥੇ ਦੀਵੇ ਤੇ ਜੋਤਾਂ ਆਦਿ ਜਗਾ ਕੇ ਰੌਸ਼ਨੀ ਕੀਤੀ ਜਾਂਦੀ ਸੀ। ਬਿਜਲੀ ਲਾਉਣ ਵਾਸਤੇ ਸਭ ਤੋਂ ਪਹਿਲਾ ਮਤਾ ਸਿੰਘ ਸਭਾ ਅੰਮ੍ਰਿਤਸਰ ਦੇ 26 ਜਨਵਰੀ 1886 ਦੇ ਸੈਸ਼ਨ ਵਿਚ ਪਾਸ ਕੀਤਾ ਗਿਆ ਸੀ। ਸੁੰਦਰ ਸਿੰਘ ਮਜੀਠਾ ਦੇ ਮਤੇ ਦੀ ਹਿਮਾਇਤ ਜਵਾਲਾ ਸਿੰਘ (ਉਦੋਂ) ਮੈਨੇਜਰ ਦਰਬਾਰ ਸਾਹਿਬ ਨੇ ਕੀਤੀ ਸੀ। ਇਸ ਮਗਰੋਂ ਖੇਮ ਸਿੰਘ ਬੇਦੀ ਧੜੇ ਨੇ ਇਸ ਦੀ ਹਿਮਾਇਤ ਕੀਤੀ ਸੀ। ਹੁਣ ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਦਾ ਚਰਚਾ ਚੱਲਣ 'ਤੇ ਇਸ ਸਬੰਧੀ ਦੋ ਰਾਵਾਂ ਬਣ ਗਈਆਂ ਸਨ। ਅੰਮ੍ਰਿਤਸਰ ਧੜਾ ਬਿਜਲੀ ਦੇ ਹੱਕ ਵਿਚ ਸੀ। ਦੂਜੇ ਪਾਸੇ, ਲਾਹੌਰ ਧੜੇ ਦੇ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿਤ ਸਿੰਘ ਇਸ ਦੇ ਖ਼ਿਲਾਫ਼ ਸਨ। ਅਪ੍ਰੈਲ 1897 ਵਿਚ ਰਾਜਾ ਬਿਕਰਮਾ ਸਿੰਘ ਫ਼ਰੀਦਕੋਟ ਨੇ ਇਸ ਮਕਸਦ ਵਾਸਤੇ, ਰਾਣੀ ਵਿਕਟੋਰੀਆ ਦੀ ਜੁਬਲੀ ਦੇ ਨਾਂ 'ਤੇ, 20 ਹਜ਼ਾਰ ਰੁਪੈ ਦੇਣ ਦਾ ਐਲਾਨ ਵੀ ਕਰ ਦਿੱਤਾ। ਮਈ ਵਿਚ ਦਰਬਾਰ ਸਾਹਿਬ ਦੇ ਗ੍ਰੰਥੀਆਂ (ਹਰਨਾਮ ਸਿੰਘ, ਭਗਤ ਸਿੰਘ, ਪ੍ਰਤਾਪ ਸਿੰਘ) ਨੇ ਇਸ ਦੀ ਮੁਖ਼ਾਲਫ਼ਤ ਕੀਤੀ (ਕਿਉਂਕਿ ਇਸ ਨਾਲ ਕਈਆਂ ਦਾ ਰੋਜ਼ਗਾਰ ਬੰਦ ਹੋ ਜਾਣਾ ਸੀ)। 22 ਜੂਨ 1897 ਦੇ ਦਿਨ ਕੁਈਨ ਵਿਕਟੋਰੀਆ ਦੀ 60 ਸਾਲਾ ਜੁਬਲੀ ਦੀ ਖ਼ੁਸੀ ਵਿਚ ਰਾਇ ਢੋਲਨ ਦਾਸ ਦੇ ਪ੍ਰਾਈਵੇਟ ਜਨਰੇਟਰ ਤੋਂ ਬਿਜਲੀ ਲੈ ਕੇ ਦਰਬਾਰ ਸਾਹਿਬ ਵਿਚ ਬਿਜਲੀ ਕੀਤੀ ਗਈ। 14 ਅਗਸਤ 1897 ਦੇ ਦਿਨ ਰਾਜਾ ਫ਼ਰੀਦਕੋਟ ਨੇ ਇਕ ਲੱਖ ਰੁਪੈ ਨਾਲ ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਦਾ ਪ੍ਰਾਜੈਕਟ ਸਿਰੇ ਚਾੜ੍ਹਿਆ ਸੀ।

## ਯਾਦ ਰੱਖਣ ਯੋਗ ਗੱਲਾਂ

* ਕਿਸੇ ਦਾ ਮਕਾਨ ਰੋਡ 'ਤੇ ਹੋਵੇ ਤਾਂ ਕਹਿੰਦੇ ਬੜਾ ਕੀਮਤੀ ਮਕਾਨ ਹੈ, ਜ਼ਮੀਨ ਰੋਡ 'ਤੇ ਹੋਵੇ ਤਾਂ ਵੀ ਕੀਮਤੀ ਹੁੰਦੀ ਹੈ ਪਰ ਜੇ ਬੰਦਾ ਰੋਡ 'ਤੇ ਆ ਜਾਵੇ ਤਾਂ ਕੋਈ ਉਸ ਨਾਲ ਬੋਲ ਕੇ ਨਹੀਂ ਰਾਜ਼ੀ ਹੁੰਦਾ।
* ਜ਼ਿੰਦਗੀ ਵਿਚ ਹੋਰ ਜੋ ਕੁਝ ਮਰਜ਼ੀ ਛੱਡ ਦੇਣਾ ਪਰ ਮੁਸਕਰਾਹਟ ਅਤੇ ਉਮੀਦ ਕਦੇ ਨਹੀਂ ਛੱਡਣੀ।
* ਇਹ ਠੀਕ ਹੈ ਕਿ ਪੁਰਸ਼ ਔਰਤਾਂ ਨਾਲੋਂ ਜ਼ਿਆਦਾ ਸਹਿਣ ਸ਼ਕਤੀ ਵਾਲੇ ਹੁੰਦੇ ਹਨ ਪਰ ਹਰ ਵੇਲੇ ਉਨ੍ਹਾਂ ਦੀ ਸਹਿਣਸ਼ੀਲਤਾ ਪਰਖਣਾ ਵੀ ਅਕਲਮੰਦੀ ਨਹੀਂ।
* ਮੂਰਖਾਂ ਨਾਲ ਸਵਰਗ ਵਿਚ ਰਹਿਣ ਨਾਲੋਂ ਅਕਲਮੰਦਾਂ ਦਾ ਨਰਕ ਚੰਗਾ ਹੁੰਦਾ ਹੈ, (ਰਸ਼ੀਅਨ ਕਹਾਵਤ)



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

# ਡਿਜੀਟਲ ਟਵਿਨ ਨਾਲ ਸੁਰੱਖਿਆ ਅਤੇ ਸਮਝਦਾਰੀ

ਅੱਜ ਦੇ ਤੇਜ਼ੀ ਨਾਲ ਡਿਜੀਟਲ ਬਣਦੇ ਜਾ ਰਹੇ ਸੰਸਾਰ ਵਿਚ ਅਸਲ ਅਤੇ ਵਰਚੁਅਲ ਦੀ ਹੱਦ ਕਾਫੀ ਧੁੰਦਲੀ ਹੋ ਚੁੱਕੀ ਹੈ। ਇਨ੍ਹਾਂ ਦੋਨਾਂ ਨੂੰ ਜੋੜਨ ਵਾਲੀਆਂ ਸਭ ਤੋਂ ਬਦਲਾਅਕਾਰੀ ਤਕਨਾਲੌਜੀਆਂ ਵਿਚੋਂ ਇੱਕ ਹੈ ਡਿਜੀਟਲ ਟਵਿਨ ਜੋ ਅਸਲ ਜੀਵਨ ਦੀਆਂ ਚੀਜ਼ਾਂ, ਤੰਤਰਾਂ ਜਾਂ ਇਨਸਾਨਾਂ ਦੀਆਂ ਵਰਚੁਅਲ ਨਕਲਾਂ ਬਣਾਉਂਦੀ ਹੈ। ਇਹ ਤਕਨਾਲੌਜੀ ਹੁਣ ਸਿਰਫ਼ ਇੰਜੀਨੀਅਰਿੰਗ ਦੀ ਸੀਮਤ ਸੋਚ ਨਹੀਂ ਰਹੀ, ਸਗੋਂ ਸਮਾਰਟ ਸ਼ਹਿਰਾਂ, ਵਿੱਖਬਾਣੀ ਕਰ ਸਕਣ ਵਾਲੀ ਪ੍ਰਣਾਲੀ, ਸਿਹਤ



ਡਾ. ਗੁਰਜੀਤ ਸਿੰਘ ਭੱਠਲ
ਫੋਨ: 98142-05475

ਖੇਤਰ ਅਤੇ ਬੁੱਧੀਮਾਨ ਉਦਯੋਗ ਦਾ ਕੇਂਦਰੀ ਹਿੱਸਾ ਬਣ ਚੁੱਕੀ ਹੈ। ਨਾਸਾ ਦੇ ਮਿਸ਼ਨਾਂ ਤੋਂ ਲੈ ਕੇ ਭਾਰਤ ਦੇ ਸਮਾਰਟ ਸ਼ਹਿਰਾਂ ਤੱਕ, ਡਿਜੀਟਲ ਟਵਿਨ ਹੁਣ ਹਕੀਕਤੀ ਸੰਸਾਰ ਦੀਆਂ ਜਟਿਲ ਵਸਤੂਆਂ ਨੂੰ ਸਮਝਣ, ਟੈਸਟ ਕਰਨ ਅਤੇ ਸੁਧਾਰਨ ਲਈ ਬਹੁਤ ਜ਼ਰੂਰੀ ਬਣ ਗਿਆ ਹੈ।


ਡਿਜੀਟਲ ਟਵਿਨ ਦੀ ਸੋਚ 2000 ਦੇ ਸ਼ੁਰੂਆਤੀ ਦਹਾਕੇ ਵਿਚ ਆਈ ਸੀ, ਹਾਲਾਂਕਿ ਇਸ ਦੀਆਂ ਜੜ੍ਹਾਂ ਇੰਜੀਨੀਅਰਿੰਗ ਦੇ ਇਤਿਹਾਸ ਵਿਚ ਹੋਰ ਪੁਰਾਣੀਆਂ ਹਨ। ਇਸ ਸ਼ਬਦ ਨੂੰ ਸਭ ਤੋਂ ਪਹਿਲਾਂ ਡਾ. ਮਾਈਕਲ ਗਰੀਵਸ ਨੇ 2002 ਵਿਚ ਮਿਸ਼ੀਗਨ ਯੂਨੀਵਰਸਿਟੀ ਵਿਚ ਵਰਤਿਆ, ਜਦੋਂ ਉਹ ਉਤਪਾਦ ਦੇ ਜੀਵਨ ਚੱਕਰ ਪ੍ਰਬੰਧਨ ਬਾਰੇ ਗੱਲ ਕਰ ਰਹੇ ਸਨ। ਪਰ ਇਸ ਸੰਕਲਪ ਦੀ ਸਭ ਤੋਂ ਪਹਿਲੀ ਪ੍ਰਯੋਗਕ ਰੂਪ ਵਿਚ ਵਰਤੋਂ ਨਾਸਾ ਨੇ 1970 ਵਿਚ ਅਪੋਲੋ-13 ਮਿਸ਼ਨ ਦੌਰਾਨ ਕੀਤੀ। ਜਦੋਂ ਅਸਲੀ ਅੰਤਰਿਕਸ਼ ਯਾਨ ਖਤਰੇ ਵਿਚ ਸੀ, ਤਾਂ ਨਾਸਾ ਦੇ ਇੰਜੀਨੀਅਰਾਂ ਨੇ ਧਰਤੀ ਉੱਤੇ ਇੱਕ ਵਰਚੁਅਲ ਮਾਡਲ ਦੀ ਵਰਤੋਂ ਕਰ ਕੇ ਉਸਦੀ ਹਾਲਤ ਦੀ ਨਕਲ ਕੀਤੀ ਅਤੇ ਅਸਲੀ ਯਾਤਰੀਆਂ ਨੂੰ ਸੁਰੱਖਿਅਤ ਵਾਪਸ ਲਿਆਂਦਾ। ਹਾਲਾਂਕਿ, ਉਸ ਵੇਲੇ ਇਹ 'ਡਿਜੀਟਲ ਟਵਿਨ' ਨਹੀਂ ਬੁਲਾਇਆ ਜਾਂਦਾ ਸੀ, ਪਰ ਅੱਜ ਜੋ ਅਸੀਂ ਸਮਝਦੇ ਹਾਂ, ਉਸ ਦੀ ਬੁਨਿਆਦ ਉਦੋਂ ਰੱਖੀ ਗਈ ਸੀ।

ਅਸਲ ਵਿਚ, ਡਿਜੀਟਲ ਟਵਿਨ ਇੱਕ ਐਸਾ ਵਰਚੁਅਲ ਮਾਡਲ ਹੁੰਦਾ ਹੈ ਜੋ ਹਕੀਕਤ ਵਿਚ ਮੌਜੂਦ ਕਿਸੇ ਵਸਤੂ ਜਾਂ ਤੰਤਰ ਦੀ ਨਕਲ ਹੁੰਦਾ ਹੈ। ਇਹ ਮਾਡਲ ਸੈਂਸਰਾਂ, ਕੈਮਰਿਆਂ ਜਾਂ ਕਨੈਕਟ ਕੀਤੇ ਸਿਸਟਮਾਂ ਤੋਂ ਆਉਣ ਵਾਲਾ ਰੀਅਲ ਟਾਈਮ ਡਾਟਾ ਲੈਂਦਾ ਹੈ ਅਤੇ ਅਸਲੀ ਚੀਜ਼ ਦੀ ਚਾਲ-ਚਲਣ, ਹਾਲਤ ਅਤੇ ਪ੍ਰਤੀਕਿਰਿਆ ਨੂੰ ਨਕਲ ਕਰਦਾ ਹੈ। ਉਦਾਹਰਨ ਵਜੋਂ, ਇੱਕ ਵਿੰਡ ਟਰਬਾਈਨ ਵਿਚ ਸੈਂਸਰ ਲੱਗੇ ਹੋਏ ਹਨ ਜੋ ਡਾਟਾ ਵਰਚੁਅਲ ਮਾਡਲ ਨੂੰ ਭੇਜਦੇ ਹਨ। ਇੰਜੀਨੀਅਰ ਇਹ ਵਰਚੁਅਲ ਮਾਡਲ ਵੇਖ ਕੇ ਇਹ ਅੰਦਾਜ਼ਾ ਲਗਾ ਸਕਦੇ ਹਨ ਕਿ ਟਰਬਾਈਨ ਕਦੋਂ ਖਰਾਬ ਹੋ ਸਕਦੀ ਹੈ, ਕਿਵੇਂ ਸੁਧਾਰੀ ਜਾ ਸਕਦੀ ਹੈ ਜਾਂ ਕਿਵੇਂ ਇਹ ਚਲਦੀ ਰਹੇਗੀ ਖ਼ਰਾਬ ਮੌਸਮ ਦੌਰਾਨ—ਬਿਨਾਂ ਟਰਬਾਈਨ ਨੂੰ ਹੱਥ ਲਾਏ। ਇਥੋਂ ਪਤਾ ਲਗਦਾ ਹੈ ਕਿ ਡਿਜੀਟਲ ਟਵਿਨ ਸਿਰਫ ਨਕਲ ਨਹੀਂ, ਸਗੋਂ ਇਕ ਇੰਟਰਐਕਟਿਵ ਤੇ ਸਿੱਖਣ ਵਾਲਾ ਤੰਤਰ ਹੈ ਜੋ ਵਿਸ਼ਲੇਸ਼ਣ, ਭਵਿੱਖਬਾਣੀ ਅਤੇ ਫੈਸਲਾ ਲੈ ਸਕਦਾ ਹੈ।

ਡਿਜੀਟਲ ਟਵਿਨ ਦੀਆਂ ਕਈ ਕਿਸਮਾਂ ਹੁੰਦੀਆਂ ਹਨ, ਜੋ ਉਸਦੀ ਬੁਨਿਆਦੀ ਬਣਤਰ ਅਤੇ ਵਰਤੋਂ ਉੱਤੇ ਨਿਰਭਰ ਕਰਦੀਆਂ ਹਨ। ਪਹਿਲੀ ਕਿਸਮ ਡਿਜੀਟਲ ਮਾਡਲ, ਜੋ ਸਿਰਫ ਇੱਕ ਅਟੱਲ (ਸਟੇਟਿਕ) ਨਕਲ ਹੁੰਦੀ ਹੈ ਜਿਸ ਵਿਚ ਅਸਲੀ ਚੀਜ਼ ਨਾਲ ਕੋਈ ਰੀਅਲ ਟਾਈਮ ਡਾਟਾ ਲਿੰਕ ਨਹੀਂ ਹੁੰਦਾ। ਦੂਜੀ ਕਿਸਮ ਹੈ ਡਿਜੀਟਲ ਪਰਛਾਵਾਂ (ਸ਼ੈਡੋ), ਜਿਸ ਵਿਚ ਡਾਟਾ ਅਸਲੀ ਚੀਜ਼ ਤੋਂ ਵਰਚੁਅਲ ਮਾਡਲ ਤੱਕ ਜਾਂਦਾ ਹੈ, ਪਰ ਉਲਟ ਨਹੀਂ। ਤੀਜੀ ਹੈ ਫੁੱਲ ਡਿਜੀਟਲ ਟਵਿਨ, ਜਿਸ ਵਿਚ ਦੋਹਾਂ ਪਾਸਿਆਂ ਤੋਂ ਡਾਟਾ ਆਉਂਦਾ ਜਾਂਦਾ ਹੈ ਅਤੇ ਅਸਲੀ ਚੀਜ਼ ਨੂੰ ਵਰਚੁਅਲ ਤਰੀਕੇ ਨਾਲ ਕੰਟਰੋਲ ਵੀ ਕੀਤਾ ਜਾ ਸਕਦਾ ਹੈ।

ਡਿਜੀਟਲ ਟਵਿਨ ਤਕਨਾਲੌਜੀ ਉਦਯੋਗਿਕ ਉਤਪਾਦਨ ਅਤੇ ਹਵਾਈ ਯਾਤਰਾ ਖੇਤਰ ਵਿਚ ਤੇਜ਼ੀ ਨਾਲ ਇਨਕਲਾਬ ਲਿਆ ਰਹੀ ਹੈ, ਜਿਸ ਨਾਲ ਰੀਅਲ ਟਾਈਮ ਨਿਗਰਾਨੀ, ਭਵਿੱਖਬਾਣੀ ਅਧਾਰਤ ਮੁਰੰਮਤ ਅਤੇ ਸੰਚਾਲਨ ਕੁਸ਼ਲਤਾ ਵਿਚ ਸੁਧਾਰ ਹੋ ਰਿਹਾ ਹੈ। ਏਅਰੋਸਪੇਸ ਵਰਗੇ ਖੇਤਰਾਂ ਵਿਚ, ਜਨਰਲ ਇਲੈਕਟ੍ਰਿਕ ਅਤੇ ਸੀਮੇਂਸ ਵਰਗੀਆਂ ਕੰਪਨੀਆਂ ਜੈੱਟ ਇੰਜਣਾਂ ਅਤੇ ਟਰਬਾਈਨਾਂ ਦੇ ਡਿਜੀਟਲ ਰੈਪਲਿਕਾ ਤਿਆਰ ਕਰਦੀਆਂ ਹਨ, ਤਾਂ ਜੋ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਵਿਸ਼ਲੇਸ਼ਣਤਾ ਕੀਤੀ ਜਾ ਸਕੇ, ਘਿਸਾਈ ਜਾਂ ਖ਼ਰਾਬੀ ਦਾ ਪੂਰਵ ਅਨੁਮਾਨ ਲਗਾਇਆ ਜਾ ਸਕੇ ਅਤੇ ਸੁਰੱਖਿਆ ਜੋਖਮ ਘਟਾਏ ਜਾ ਸਕਣ। ੋਲਲਸ-ੋਚਇ, ਜੋ ਇਸ ਖੇਤਰ ਵਿਚ ਅਗਵਾ ਹੈ, ਲਗਾਤਾਰ ਵਾਇਮਾਨਿਕ ਇੰਜਣਾਂ ਤੋਂ ਸੈਂਸਰ ਡਾਟਾ ਇਕੱਠਾ ਕਰਦਾ ਹੈ, ਜਿਸ ਰਾਹੀਂ ਇਹ ਲਾਈਵ ਡਿਜੀਟਲ ਟਵਿਨ ਨੂੰ ਬਣਾਈ ਰੱਖਦਾ ਹੈ ਜੋ ਸ਼ੁਰੂਆਤੀ ਦੌਰ ਵਿਚ ਹੀ ਖ਼ਰਾਬੀ ਦੀ ਪਛਾਣ ਕਰ ਲੈਂਦੇ ਹਨ ਅਤੇ ਰੋਕਥਾਮੀ ਮੁਰੰਮਤ ਨੂੰ ਸਮੇਂ ਸਿਰ ਯਕੀਨੀ ਬਣਾਉਂਦੇ ਹਨ। ਬੋਇੰਗ ਨੇ ਦੱਸਿਆ ਹੈ ਕਿ ਇਸ ਤਕਨਾਲੌਜੀ ਦੇ ਉਪਯੋਗ ਨਾਲ ਮੁਰੰਮਤ ਦੀ ਲਾਗਤ 'ਚ 30% ਤੱਕ ਕਮੀ ਆ ਸਕਦੀ ਹੈ। ਗਾਰਟਨਰ ਦੀ ਇੱਕ ਰਿਪੋਰਟ ਅਨੁਸਾਰ, 2027 ਤੱਕ 70% ਤੋਂ ਵੱਧ ਨਿਰਮਾਤਾ ਡਿਜੀਟਲ ਟਵਿਨ ਪ੍ਰਣਾਲੀਆਂ ਨੂੰ ਆਪਣੇ ਕੰਮਕਾਜ ਲਈ ਅਪਣਾਉਣਗੇ।

ਹਵਾਈ ਯਾਤਰਾ ਖੇਤਰ ਵਿਸ਼ੇਸ਼ ਤੌਰ 'ਤੇ ਡਿਜੀਟਲ ਟਵਿਨ ਤਕਨਾਲੌਜੀ ਨੂੰ ਸਿਰਫ਼ ਇੰਜਨੀਅਰਿੰਗ ਟੂਲ ਨਹੀਂ, ਸਗੋਂ ਇੱਕ ਜੀਵਨ ਬਚਾਉਣ ਵਾਲੀ ਸਹੂਲਤ ਵਜੋਂ ਵੇਖ ਰਿਹਾ ਹੈ। ਹਾਲ ਹੀ ਵਿਚ ਹੋਏ ਏਅਰ ਇੰਡੀਆ ਹਵਾਈ ਜਹਾਜ਼ ਹਾਦਸੇ ਨੇ ਇਹ ਸਵਾਲ ਉਭਾਰਿਆ ਹੈ ਕਿ ਕੀ ਡਿਜੀਟਲ ਟਵਿਨ ਤਕਨਾਲੌਜੀ ਹਾਦਸਿਆਂ ਦੀ ਜਾਂਚ ਵਿਚ ਮਦਦਗਾਰ ਹੋ ਸਕਦੀ ਹੈ। ਜੇਕਰ ਹਾਦਸਾਗ੍ਰਸਤ ਜਹਾਜ਼ ਵਿਚ ਪੂਰੀ ਤਰ੍ਹਾਂ ਵਿਕਸਤ ਡਿਜੀਟਲ ਟਵਿਨ ਹੁੰਦਾ, ਤਾਂ ਇਹ ਜਹਾਜ਼ ਦੇ ਸਿਸਟਮ ਸਿਹਤ, ਉਡਾਣ ਪੈਰਾਮੀਟਰ ਅਤੇ ਪਾਇਲਟ ਦੀਆਂ ਕਾਰਵਾਈਆਂ ਨੂੰ ਰੀਅਲ ਟਾਈਮ ਵਿਚ ਦਰਜ ਕਰ ਸਕਦਾ ਸੀ—ਜੋ ਜਾਂਚ ਕਰਤਾਵਾਂ ਨੂੰ ਬਲੈਕ ਬਾਕਸ ਤੋਂ ਵੀ ਅੱਗੇ ਵਧ ਕੇ ਹਾਦਸੇ ਦੇ ਮੂਲ ਕਾਰਨ ਸਮਝਾ ਦਿੰਦਾ। ੍ਟਹਅਨਸਅ ਅਤੇ ਓਮਰਿਅਟਇਸ ਵਰਗੀਆਂ ਏਅਰਲਾਈਨਾਂ ਹੁਣ ਡਿਜੀਟਲ ਟਵਿਨ ਪਲੇਟਫਾਰਮਾਂ ਵਿਚ ਨਿਵੇਸ਼ ਕਰ ਰਹੀਆਂ ਹਨ, ਤਾਂ ਜੋ ਉਡਾਣ ਦੀ ਸਥਿਤੀ ਨੂੰ ਸਿਮੂਲੇਟ ਕੀਤਾ ਜਾ ਸਕੇ, ਟਰੇਨਿੰਗ ਨੂੰ ਸੁਧਾਰਿਆ ਜਾ ਸਕੇ ਅਤੇ ਫਿਊਲ ਖ਼ਰਚ ਵਿਚ ਕੁਸ਼ਲਤਾ ਲਿਆਂਦੀ ਜਾ ਸਕੇ। ਓਰਿਬੁਸ ਨੇ ਆਪਣੀ ੰਕੋਿਸਇ ਵਿਸ਼ਲੇਸ਼ਣ ਪਲੇਟਫਾਰਮ ਰਾਹੀਂ ਅਣਪੂਰਵ ਮੁਰੰਮਤ ਵਿਚ 20% ਦੀ ਕਮੀ ਦਰਜ ਕੀਤੀ ਹੈ, ਜੋ ਹਵਾਈ ਸੁਰੱਖਿਆ ਅਤੇ ਭਰੋਸੇਯੋਗਤਾ ਵਿਚ ਡਿਜੀਟਲ ਟਵਿਨ ਦੀ ਵਧ ਰਹੀ ਭੂਮਿਕਾ ਨੂੰ ਦਰਸਾਉਂਦੀ ਹੈ।



**_ਇਹ ਤਕਨਾਲੋਜੀ ਨਿਰਮਾਣ ਤੋਂ ਲੈ ਕੇ ਹਵਾਈ ਸੁਰੱਖਿਆ ਤੱਕ, ਹਾਦਸਿਆਂ ਦੀ ਜਾਂਚ ਤੋਂ ਲੈ ਕੇ ਸਮੱਸਿਆਵਾਂ ਦੇ ਹੱਲ ਤੱਕ, ਭਵਿੱਖ ਦੀ ਸੁਚੱਜੀ ਯੋਜਨਾ ਬਣਾ ਸਕਦੀ ਹੈ।_**

ਸ਼ਹਿਰੀ ਵਿਕਾਸ ਦੇ ਖੇਤਰ ਵਿਚ ਵੀ ਇਹ ਖੇਡ ਬਦਲਣ ਵਾਲੀ ਤਕਨਾਲੌਜੀ ਹੈ। ਸਿੰਗਾਪੁਰ ਨੇ ਸਾਰੇ ਸ਼ਹਿਰਾਂ ਦੀ 3ਧ ਡਿਜੀਟਲ ਟਵਿਨ ਬਣਾਈ ਹੈ ਜਿਸ ਨੂੰ ਵਰਚੁਅਲ ਸਿੰਗਾਪੁਰ ਕਿਹਾ ਜਾਂਦਾ ਹੈ। ਇਹ ਨਕਲ ਸ਼ਹਿਰੀ ਯੋਜਨਾਵਾਂ, ਭੀੜ ਅਨੁਸ਼ਾਸਨ, ਜਲ ਪ੍ਰਬੰਧਨ ਅਤੇ ਆਫਤ ਨਿਵਾਰਣ ਦੀ ਯੋਜਨਾ ਬਣਾਉਣ ਲਈ ਵਰਤੀ ਜਾਂਦੀ ਹੈ। ਭਾਰਤ ਵਿਚ ਸੂਰਤ ਅਤੇ ਬੰਗਲੌਰ ਵਰਗੇ ਸ਼ਹਿਰਾਂ ਨੇ ਸਮਾਰਟ ਸਿਟੀ ਮਿਸ਼ਨ ਅਧੀਨ ਇਸ ਤਕਨਾਲੌਜੀ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ।

ਸਿਹਤ ਖੇਤਰ ਵੀ ਡਿਜੀਟਲ ਟਵਿਨ ਨੂੰ ਨਵੇਂ ਢੰਗ ਨਾਲ ਵਰਤ ਰਿਹਾ ਹੈ। ਖੋਜਕਰਤਾ ਅਜਿਹੀਆਂ ਵਰਚੁਅਲ ਨਕਲਾਂ ਬਣਾਉਣ ਵਿਚ ਜੁਟੇ ਹਨ ਜੋ ਮਨੁੱਖੀ ਅੰਗਾਂ ਜਾਂ ਸਰੀਰ ਦੀ ਨਕਲ ਹੁੰਦੀਆਂ ਹਨ, ਤਾਂ ਜੋ ਦਵਾਈਆਂ, ਓਪਰੇਸ਼ਨ ਜਾਂ ਬਿਮਾਰੀਆਂ ਦੇ ਅਸਰ ਨੂੰ ਪਹਿਲਾਂ ਤੋਂ ਟੈਸਟ ਕੀਤਾ ਜਾ ਸਕੇ। ਸ਼ੈਫੀਲਡ ਯੂਨੀਵਰਸਿਟੀ ਨੇ ਇੱਕ ਮਨੁੱਖੀ ਦਿਲ ਦੀ ਡਿਜੀਟਲ ਟਵਿਨ ਬਣਾਈ ਹੈ ਜਿਸ ਨਾਲ ਡਾਕਟਰ ਦਿਲ ਦੇ ਮਰੀਜ਼ ਲਈ ਇਲਾਜ ਦੀ ਯੋਜਨਾ ਬਣਾ ਸਕਦੇ ਹਨ। ਆਈ.ਆਈ.ਟੀ. ਮਦਰਾਸ ਭਾਰਤ ਵਿਚ ਪੇਸ਼ਗੀ ਨਿਦਾਨ ਅਤੇ ਟੈਲੀ-ਮੈਡੀਸਨ ਵਿਚ ਇਸ ਦੀ ਵਰਤੋਂ ਕਰ ਰਿਹਾ ਹੈ, ਖ਼ਾਸ ਕਰਕੇ ਪਿਛੜੇ ਖੇਤਰਾਂ ਲਈ।


ਗੱਡੀਆਂ ਅਤੇ ਪੁਲਾੜ ਖੇਤਰ ਵਿਚ ਵੀ ਇਹ ਤਕਨਾਲੌਜੀ ਕਮਾਲ ਕਰ ਰਹੀ ਹੈ। ਟੇਸਲਾ ਆਪਣੀਆਂ ਗੱਡੀਆਂ ਤੋਂ ਲਗਾਤਾਰ ਡਾਟਾ ਇਕੱਠਾ ਕਰ ਕੇ ਉਨ੍ਹਾਂ ਦੀਆਂ ਡਿਜੀਟਲ ਟਵਿਨ ਨੂੰ ਅੱਪਡੇਟ ਕਰਦੀ ਹੈ, ਜਿਸ ਨਾਲ ਨਵੇਂ ਫੀਚਰ ਆਉਂਦੇ ਹਨ ਅਤੇ ਸੁਰੱਖਿਆ ਵਧਾਈ ਜਾਂਦੀ ਹੈ। ਰੋਲਜ਼-ਰਾਇਸ ਜਹਾਜ਼ ਦੇ ਇੰਜਣਾਂ ਦੀ ਵਰਚੁਅਲ ਨਕਲ ਰੱਖਦੀ ਹੈ, ਤਾਂ ਜੋ ਉਹ ਸਮੇਂ ਸਿਰ ਮੁਰੰਮਤ ਕਰ ਸਕਣ ਅਤੇ ਖਰਚੇ ਘੱਟ ਹੋਣ। ਇਸ ਤਰੀਕੇ ਨਾਲ ਇੰਟੈਲੀਜੈਂਟ ਅਨੈਲਿਸਿਸ ਕਰ ਕੇ ਲੱਖਾਂ ਰੁਪਏ ਬਚਾਏ ਜਾ ਰਹੇ ਹਨ। ਫੈਸ਼ਨ ਅਤੇ ਰਿਟੇਲ ਖੇਤਰ ਵਿਚ ਵੀ ਹੁਣ ਡਿਜੀਟਲ ਟਵਿਨ ਵਰਤੇ ਜਾ ਰਹੇ ਹਨ। ਵੱਖ-ਵੱਖ ਕੱਪੜੇ ਦੇ ਬ੍ਰਾਂਡ ਵਰਚੁਅਲ ਕੱਪੜੇ ਅਤੇ ਡਿਜੀਟਲ ਮਾਡਲਾਂ ਦੀ ਵਰਤੋਂ ਕਰ ਕੇ ਢੰਗ ਅਤੇ ਡਿਜ਼ਾਈਨ ਨੂੰ ਵੇਖ ਲੈਂਦੇ ਹਨ, ਜਿਸ ਨਾਲ ਸਮਾਂ, ਪੈਸਾ ਅਤੇ ਕੱਪੜਾ ਬਚਦਾ ਹੈ।

ਇਨ੍ਹਾਂ ਸਾਰੇ ਫਾਇਦਿਆਂ ਦੇ ਬਾਵਜੂਦ, ਡਿਜੀਟਲ ਟਵਿਨ ਨੂੰ ਅਪਣਾਉਣ ਵਿਚ ਕਈ ਚੁਣੌਤੀਆਂ ਵੀ ਹਨ। ਸਭ ਤੋਂ ਵੱਡੀ ਰੁਕਾਵਟ ਇਹ ਹੈ ਕਿ ਇਸ ਦੀ ਲਾਗਤ ਕਾਫੀ ਵਧੀਕ ਹੈ। ਇੰਨਾ ਸਾਰਾ ਡਾਟਾ ਇਕੱਠਾ ਕਰਨ, ਸਟੋਰ ਕਰਨ ਅਤੇ ਕੰਪਿਊਟ ਕਰਨ ਲਈ ਮੰਗਵੀਂ ਸੈਟਿੰਗ ਦੀ ਲੋੜ ਪੈਂਦੀ ਹੈ। ਛੋਟੇ ਕਾਰੋਬਾਰ ਜਾਂ ਸਰਕਾਰੀ ਵਿਭਾਗਾਂ ਲਈ ਇਹ ਮਹਿੰਗਾ ਸਾਬਤ ਹੋ ਸਕਦਾ ਹੈ। ਇੱਕ ਹੋਰ ਚਿੰਤਾ ਗੁਪਤਤਾ ਅਤੇ ਸਾਈਬਰ ਸੁਰੱਖਿਆ ਦੀ ਹੈ। ਜੇਕਰ ਡਿਜੀਟਲ ਟਵਿਨ ਹੈਕ ਹੋ ਜਾਵੇ ਤਾਂ ਅਸਲ ਵਿਅਕਤੀ ਜਾਂ ਉਪਕਰਣ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਇਸ ਲਈ ਮਜ਼ਬੂਤ ਸੁਰੱਖਿਆ ਪ੍ਰਣਾਲੀਆਂ ਬੇਹੱਦ ਲਾਜ਼ਮੀ ਹਨ। ਇਸ ਦੇ ਨਾਲ, ਕਈ ਉਦਯੋਗਾਂ ਵਿਚ ਲੈਗਸੀ ਸਿਸਟਮ ਨਾਲ ਇੰਟੇਗਰੇਸ਼ਨ ਦੀ ਸਮੱਸਿਆ ਵੀ ਹੈ।

ਅੰਤ ਵਿਚ ਕਹਿਣਾ ਬਣਦਾ ਹੈ ਕਿ ਡਿਜੀਟਲ ਟਵਿਨ 21ਵੀਂ ਸਦੀ ਦੇ ਸਭ ਤੋਂ ਬਦਲਾਅਕਾਰੀ ਆਵਿਸ਼ਕਾਰਾਂ ਵਿਚੋਂ ਇੱਕ ਵਜੋਂ ਉਭਰੇ ਹਨ, ਜੋ ਅਸਲੀ ਦੁਨੀਆ ਦੀਆਂ ਪ੍ਰਣਾਲੀਆਂ ਦੇ ਗਤੀਸ਼ੀਲ ਵਰਚੁਅਲ ਰੂਪ ਪੇਸ਼ ਕਰਦੇ ਹਨ। ਇਹ ਤਕਨਾਲੌਜੀ ਉਦਯੋਗਾਂ ਵਿਚ ਨਿਗਰਾਨੀ, ਨਕਲ ਤਿਆਰ ਕਰਨ ਅਤੇ ਭਵਿੱਖਬਾਣੀ ਕਰਨ ਦੀ ਸਮਰੱਥਾ ਪ੍ਰਦਾਨ ਕਰਦੀ ਹੈ। ਨਿਰਮਾਣ, ਸ਼ਹਿਰੀ ਵਿਕਾਸ ਤੋਂ ਲੈ ਕੇ ਹਵਾਈ ਯਾਤਰਾ ਦੀ ਸੁਰੱਖਿਆ ਤੱਕ, ਅਸੀਂ ਨਾਕਾਮੀਆਂ ਨੂੰ ਕਿਵੇਂ ਰੋਕੀਏ ਅਤੇ ਸੰਕਟਾਂ ਦਾ ਜਵਾਬ ਕਿਵੇਂ ਦੇਈਏ। ਹਾਲਾਂਕਿ ਉੱਚ ਲਾਗਤ ਅਤੇ ਡਾਟਾ ਪਰਦੇਦਾਰੀ ਵਰਗੀਆਂ ਚੁਣੌਤੀਆਂ ਹਾਲੇ ਵੀ ਬਾਕੀ ਹਨ, ਪਰ ਓੀ,ੋਠ ਅਤੇ 5ਘ ਵਿਚ ਤੇਜ਼ੀ ਨਾਲ ਹੋ ਰਹੀ ਤਰੱਕੀ ਇਸ ਤਕਨਾਲੌਜੀ ਦੀ ਦੱਸੀ ਗਈ ਅਪਣਾਉਣ ਦੀ ਰਫ਼ਤਾਰ ਨੂੰ ਹੋਰ ਵਧਾ ਰਹੀ ਹੈ, ਖਾਸ ਕਰਕੇ ਭਾਰਤ ਵਰਗੇ ਦੇਸ਼ਾਂ ਵਿਚ। ਜਿਵੇਂ-ਜਿਵੇਂ ਭੌਤਿਕ ਅਤੇ ਡਿਜੀਟਲ ਸੰਸਾਰ ਹੋਰ ਜ਼ਿਆਦਾ ਜੁੜਦੇ ਜਾ ਰਹੇ ਹਨ, ਡਿਜੀਟਲ ਟਵਿਨ ਕੱਲ੍ਹ ਦੀ ਡਾਟਾ-ਆਧਾਰਿਤ ਦੁਨੀਆ ਵਿਚ ਨਵੀਨਤਾ, ਸੁਰੱਖਿਆ ਅਤੇ ਕੁਸ਼ਲਤਾ ਲਈ ਮੂਲ ਸਾਧਨ ਬਣਨ ਜਾ ਰਹੇ ਹਨ।

# ਕਤਲ ਤੋਂ ਬਾਅਦ ਜ਼ਿੰਦਾ ਹੋ ਗਈ ਔਰਤ

ਕੁਝ ਸਾਲ ਪਹਿਲਾਂ ਮੈਂ ਇੱਕ ਸਬ-ਡਿਵੀਜ਼ਨ ਵਿਚ ਬਤੌਰ ਐਸ.ਪੀ. ਤਾਇਨਾਤ ਸੀ ਜਿਸ ਅਧੀਨ ਤਤਕਾਲੀ ਮੁੱਖ ਮੰਤਰੀ ਦਾ ਚੋਣ ਹਲਕਾ ਅਤੇ ਜੱਦੀ ਪਿੰਡ ਆਉਂਦਾ ਸੀ। ਮੁੱਖ ਮੰਤਰੀ ਮਹੀਨੇ ਵਿਚੋਂ 20 ਦਿਨ ਆਪਣੇ ਹਲਕੇ ਦਾ ਦੌਰਾ ਕਰਨ ਵਿਚ ਹੀ ਗੁਜ਼ਾਰਦਾ ਸੀ ਤੇ ਸਾਰੇ ਜ਼ਿਲ੍ਹੇ ਦੀ ਪੁਲਿਸ ਦਿਨ-ਰਾਤ ਡਿਊਟੀ 'ਤੇ ਚੜ੍ਹੀ ਰਹਿੰਦੀ ਸੀ। ਕੋਈ ਕਰਮਾਂ ਵਾਲਾ ਦਿਨ ਹੁੰਦਾ ਸੀ ਜਦੋਂ ਸਾਨੂੰ ਦਫਤਰ ਬੈਠਣ ਦਾ ਮੌਕਾ ਮਿਲਦਾ ਸੀ। ਮੈਨੂੰ ਲੱਗੇ ਨੂੰ ਅਜੇ ਦੋ ਕੁ ਹਫਤੇ ਹੀ ਹੋਏ ਸਨ ਕਿ 24-25



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਫੋਨ: 95011-00062

ਸਾਲ ਦਾ ਕੁਲਦੀਪ (ਕਾਲਪਨਿਕ ਨਾਮ) ਨਾਮਕ ਇੱਕ ਲੜਕਾ ਆਪਣੇ ਦੋਸਤ ਸੰਦੀਪ (ਕਾਲਪਨਿਕ ਨਾਮ) ਸਮੇਤ ਮੈਨੂੰ ਮਿਲਣ ਲਈ ਆ ਗਿਆ। ਜਦੋਂ ਮੈਂ ਕੰਮ ਪੁੱਛਿਆ ਤਾਂ ਉਸ ਨੇ ਮੈਨੂੰ ਆਪਣੀ ਦਰਦ ਕਹਾਣੀ ਕਹਿ ਸੁਣਾਈ।

ਉਸ ਨੇ ਦੱਸਿਆ ਕਿ ਚਾਰ ਕੁ ਸਾਲ ਪਹਿਲਾਂ ਉਸ ਦਾ ਵਿਆਹ ਪੂਜਾ ਰਾਣੀ (ਕਾਲਪਨਿਕ ਨਾਮ) ਨਾਮਕ ਲੜਕੀ ਨਾਲ ਹੋਇਆ ਸੀ। ਛੇ ਕੁ ਮਹੀਨੇ ਤਾਂ ਵਧੀਆ ਲੰਘੇ ਪਰ ਬਾਅਦ ਵਿਚ ਪੂਜਾ ਨੇ ਉਸ ਨਾਲ ਲੜਨਾ-ਝਗੜਨਾ ਸ਼ੁਰੂ ਕਰ ਦਿੱਤਾ। ਅੱਜ ਤੋਂ ਦੋ ਕੁ ਸਾਲ ਪਹਿਲਾਂ ਪੂਜਾ ਇੱਕ ਰਾਤ ਘਰ ਛੱਡ ਕੇ ਗਾਇਬ ਹੋ ਗਈ। ਉਸ ਨੇ ਆਪਣੇ ਸਹੁਰਿਆਂ ਨੂੰ ਇਸ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ ਕਿ ਉਸ ਨੇ ਹੀ ਪੂਜਾ ਨੂੰ ਮਾਰ ਕੇ ਗਾਇਬ ਕੀਤਾ ਹੈ। ਉਨ੍ਹਾਂ ਨੇ ਕੁਲਦੀਪ ਦੇ ਖ਼ਿਲਾਫ ਸਬੰਧਿਤ ਥਾਣੇ ਵਿਚ ਇਸ ਸਬੰਧੀ ਦਰਖ਼ਾਸਤ ਦੇ ਦਿੱਤੀ। ਅਜੇ ਪੁਲਿਸ ਤਫਤੀਸ਼ ਕਰ ਹੀ ਰਹੀ ਸੀ ਕਿ ਮਹੀਨੇ ਕੁ ਬਾਅਦ ਇੱਕ ਔਰਤ ਦੀ ਗਲੀ-ਸੜੀ ਲਾਸ਼ ਉਥੋਂ ਗੁਜ਼ਰਦੀ ਇੱਕ ਨਹਿਰ ਦੇ ਕਿਨਾਰੇ ਝਾੜੀਆਂ ਵਿਚ ਪਈ ਮਿਲ ਗਈ। ਜਦੋਂ ਉਸ ਦਾ ਸਹੁਰਾ ਪਰਿਵਾਰ ਮੌਕੇ 'ਤੇ ਬੁਲਾਇਆ ਗਿਆ ਤਾਂ ਉਨ੍ਹਾਂ ਨੇ ਰੌਲਾ ਪਾ ਦਿੱਤਾ ਕਿ ਇਹ ਲਾਸ਼ ਪੂਜਾ ਦੀ ਹੀ ਹੈ ਤੇ ਉਸ ਦਾ ਕਤਲ ਕੁਲਦੀਪ ਨੇ ਕੀਤਾ ਹੈ। ਲਾਸ਼ ਪਛਾਨਣ ਯੋਗ ਨਹੀਂ ਸੀ ਪਰ ਪੂਜਾ ਦੇ ਪਿਉ ਦੇ ਬਿਆਨਾਂ 'ਤੇ ਪੁਲਿਸ ਨੇ ਕੁਲਦੀਪ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਰੋਜ਼ਾਨਾ ਦੀਆਂ ਡਿਊਟੀਆਂ ਕਾਰਨ ਪੁਲਿਸ ਨੇ ਉਸ ਕੇਸ ਦੀ ਤਫਤੀਸ਼ ਜ਼ਿਆਦਾ ਚੰਗੇ ਢੰਗ ਨਾਲ ਨਾ ਕੀਤੀ ਤੇ ਇਥੋਂ ਤੱਕ ਕਿ ਲਾਸ਼ ਦਾ ਡੀ.ਐਨ.ਏ. ਟੈਸਟ ਵੀ ਨਾ ਕਰਵਾਇਆ। ਬੱਸ ਕੱਚਾ ਪੱਕਾ ਚਲਾਨ ਅਦਾਲਤ ਵਿਚ ਧੱਕ ਦਿੱਤਾ ਜਿਸ ਕਾਰਨ ਡੇਢ ਦੋ ਸਾਲ ਬਾਅਦ ਕੁਲਦੀਪ ਦੀ ਹਾਈ ਕੋਰਟ ਤੋਂ ਜ਼ਮਾਨਤ ਹੋ ਗਈ।

ਪਰ ਕੁਲਦੀਪ ਲਗਾਤਾਰ ਇਹ ਕਹਿੰਦਾ ਰਿਹਾ ਕਿ ਉਹ ਬੇਗੁਨਾਹ ਹੈ, ਸਿਰਫ ਉਸ ਨੂੰ ਫਸਾਉਣ ਖਾਤਰ ਉਸ ਦੇ ਸਹੁਰੇ ਨੇ ਉਸ ਲਾਸ਼ ਦੀ ਪੂਜਾ ਵਜੋਂ ਸ਼ਨਾਖਤ ਕੀਤੀ ਸੀ। ਜਦੋਂ ਮੈਂ ਸਬੰਧਿਤ ਥਾਣੇ ਦੇ ਐਸ.ਐਚ.ਓ. ਨੂੰ ਇਸ ਬਾਬਤ ਪੁੱਛਿਆ ਤਾਂ ਉਸ ਨੇ ਉਹੋ ਪੁਰਾਣੇ ਪੁਲਸੀਆ ਅੰਦਾਜ਼ ਵਿਚ ਕਿਹਾ ਕਿ ਜਨਾਬ ਇਹ ਤਾਂ ਐਵੇਂ ਬਕਵਾਸ ਕਰਦਾ ਹੈ। ਕਤਲ ਇਸੇ ਨੇ ਕੀਤਾ ਹੈ, ਜੇ ਪੂਜਾ ਜ਼ਿੰਦਾ ਹੁੰਦੀ ਤਾਂ ਹੁਣ ਤੱਕ ਮਿਲ ਨਾ ਜਾਂਦੀ। ਮੈਂ ਐਸ.ਐਚ.ਓ. ਨੂੰ ਪੁੱਛਿਆ ਕਿ ਤੁਸੀਂ ਪੂਜਾ ਨੂੰ ਲੱਭਣ ਲਈ ਹੁਣ ਤੱਕ ਕੀ ਕੋਸ਼ਿਸ਼ਾਂ ਕੀਤੀਆਂ ਹਨ ਤਾਂ ਉਸ ਨੇ ਕਿਹਾ ਕਿ ਸਰ ਜਦੋਂ ਉਹ ਮਰ ਚੁੱਕੀ ਹੈ ਤਾਂ ਕੋਸ਼ਿਸ਼ ਕੀ ਕਰਨੀ ਸੀ? ਐਸ.ਐਚ.ਓ. ਨਾਲ ਗੱਲ ਕਰਨ ਤੋਂ ਬਾਅਦ ਮੈਂ ਸਮਝ ਗਿਆ ਕਿ ਉਸ ਨੂੰ ਕੁਲਦੀਪ ਦੀ ਮਦਦ ਕਰਨ ਲਈ ਕਹਿਣਾ ਫਜ਼ੂਲ ਹੈ। ਕੁਲਦੀਪ ਦੀ ਸ਼ਰਾਫਤ ਵੇਖ ਕੇ ਮੈਨੂੰ ਲੱਗਣ ਲੱਗ ਪਿਆ ਕਿ ਇਹ ਬੰਦਾ ਬੇਗੁਨਾਹ ਹੈ।

ਮੈਂ ਉਸ ਨੂੰ ਸਪੱਸ਼ਟ ਦੱਸ ਦਿੱਤਾ ਕਿ ਥਾਣੇ ਦੀ ਪੁਲਿਸ ਤੈਨੂੰ ਕਾਤਲ ਮੰਨ ਚੁੱਕੀ ਹੈ ਇਸ ਲਈ ਤੈਨੂੰ ਆਪ ਹੀ ਹਿੰਮਤ ਕਰਨੀ ਪੈਣੀ ਹੈ। ਆਪਣੇ ਦੋਸਤਾਂ, ਵਾਕਿਫਕਾਰਾਂ ਤੇ ਰਿਸ਼ਤੇਦਾਰਾਂ ਦੀ ਮਦਦ ਲੈ। ਜਿੱਥੇ ਮੇਰੀ ਜ਼ਰੂਰਤ ਪਵੇ, ਭਾਵੇਂ ਰਾਤ ਦੇ ਬਾਰਾਂ ਵਜੇ ਫੋਨ ਕਰ ਦੇਵੀਂ, ਉਥੇ ਹੀ ਪੁਲਿਸ ਪਾਰਟੀ ਭੇਜ ਦਿਆਂਗਾ। ਮੇਰੀ ਗੱਲ ਸੁਣ ਕੇ ਉਸ ਦਾ ਹੌਂਸਲਾ ਵਧ ਗਿਆ ਤੇ ਉਹ ਧੰਨਵਾਦ ਕਰ ਕੇ ਚਲਾ ਗਿਆ। ਉਸ ਨੇ ਦੂਰ-ਦੂਰ ਤੱਕ ਆਪਣੇ ਯਾਰਾਂ ਦੋਸਤਾਂ, ਵਾਕਿਫਾਂ ਅਤੇ ਰਿਸ਼ਤੇਦਾਰਾਂ ਨੂੰ ਪੂਜਾ ਦੀਆਂ ਫੋਟੋਆਂ ਭੇਜ ਦਿੱਤੀਆਂ। ਉਸ ਦਾ ਇੱਕ ਦੋਸਤ ਟੈਂਪੂ 'ਤੇ ਸਾਮਾਨ ਢੋਣ ਦਾ ਕੰਮ ਕਰਦਾ ਸੀ। ਉਸ ਨੇ ਕੁਲਦੀਪ ਨੂੰ ਦੱਸਿਆ ਕਿ ਉਹ ਹਿਸਾਰ (ਹਰਿਆਣਾ) ਦੇ ਨਜ਼ਦੀਕ ਇੱਕ ਪਿੰਡ ਹਸਨਪੁਰ (ਕਾਲਪਨਿਕ ਨਾਮ) ਮਾਲ ਲੈ ਕੇ ਗਿਆ ਸੀ ਤਾਂ ਉਸ ਨੇ ਉਥੇ ਇੱਕ ਘਰ ਦੇ ਬਾਹਰ ਬਿਲਕੁਲ ਪੂਜਾ ਵਰਗੀ ਔਰਤ ਖੜ੍ਹੀ ਵੇਖੀ ਸੀ। ਕੁਲਦੀਪ ਫਟਾਫਟ ਮੇਰੇ ਕੋਲ ਆਇਆ ਤਾਂ ਮੈਂ ਉਸ ਨੂੰ ਸਮਝਾਇਆ ਕਿ ਉਹ ਪਹਿਲਾਂ ਆਪ ਪੱਕਾ ਕਰ ਲਵੇ ਕਿ ਉਹ ਔਰਤ ਪੂਜਾ ਹੀ ਹੈ।

ਕੁਲਦੀਪ ਦਾ ਦੋਸਤ ਸੰਦੀਪ ਪੂਜਾ ਨੂੰ ਚੰਗੀ ਤਰ੍ਹਾਂ ਪਹਿਚਾਣਦਾ ਸੀ। ਉਸ ਨੇ ਭੇਸ ਬਦਲ ਲਿਆ ਤੇ ਹਸਨਪੁਰ ਵਿਖੇ ਰੇਹੜੀ ਰਾਹੀਂ ਸਬਜ਼ੀ ਆਦਿ ਵੇਚਣ ਲੱਗ ਪਿਆ। ਦਸ ਕੁ ਦਿਨਾਂ ਬਾਅਦ ਉਸ ਦੀ ਮਿਹਨਤ ਰੰਗ ਲਿਆਈ ਤੇ ਪੂਜਾ ਉਸ ਦੀ ਰੇਹੜੀ 'ਤੇ ਸਬਜ਼ੀ ਖਰੀਦਣ ਲਈ ਘਰੋਂ ਬਾਹਰ ਆ ਗਈ। ਪੂਜਾ ਨੇ ਸੰਦੀਪ ਨੂੰ ਨਾ ਪਹਿਚਾਣਿਆ ਤੇ ਕੁਲਦੀਪ ਨੇ ਉਸੇ ਵੇਲੇ ਮੈਨੂੰ ਫੋਨ ਕਰ ਦਿੱਤਾ ਤੇ ਅਗਲੇ ਦਿਨ ਮੇਰੇ ਕੋਲ ਪਹੁੰਚ ਗਿਆ। ਕੁਲਦੀਪ ਦੇ ਥਾਣੇ ਦੇ ਐਸ.ਐਚ.ਓ. ਨਾਲ ਹੋਈ ਗੱਲ ਬਾਤ ਤੋਂ ਬਾਅਦ ਮੈਨੂੰ ਉਸ 'ਤੇ ਕੋਈ ਭਰੋਸਾ ਨਹੀਂ ਸੀ। ਇਸ ਕਾਰਨ ਮੈਂ ਆਪਣੇ ਅਧੀਨ ਦੂਸਰੇ ਥਾਣੇ ਦੇ ਤੇਜ਼ ਤਰਾਰ ਐਸ.ਐਚ.ਓ. ਨੂੰ ਕੁਲਦੀਪ ਦੇ ਨਾਲ ਭੇਜ ਦਿੱਤਾ। ਉਨ੍ਹਾਂ ਨੇ ਹਿਸਾਰ ਸਦਰ ਥਾਣੇ ਦੀ ਪੁਲਿਸ ਪਾਰਟੀ ਨੂੰ ਨਾਲ ਲੈ ਕੇ ਹਸਨਪੁਰ ਰੇਡ ਕਰ ਦਿੱਤੀ ਤੇ ਪੂਜਾ ਨੂੰ ਪਕੜ ਲਿਆ। ਪਹਿਲਾਂ ਤਾਂ ਘਰਵਾਲਿਆਂ ਨੇ ਕੁਝ ਵਿਰੋਧ ਕੀਤਾ ਪਰ ਜਦੋਂ ਉਨ੍ਹਾਂ ਨੂੰ ਕੁਲਦੀਪ ਅਤੇ ਪੂਜਾ ਦੇ ਵਿਆਹ ਦੀ ਐਲਬਮ ਵਿਖਾਈ ਗਈ ਤਾਂ ਉਹ ਚੁੱਪ ਕਰ ਗਏ।

ਵਾਪਸ ਆ ਕੇ ਜਦੋਂ ਪੂਜਾ ਦੇ ਪਰਿਵਾਰ ਨੂੰ ਬੁਲਾਇਆ ਤਾਂ ਉਸ ਦੀ ਮਾਂ ਧਾਹ ਮਾਰ ਕੇ ਉਸ ਦੇ ਗਲ ਲੱਗ ਕੇ ਰੋਣ ਲੱਗ ਪਈ। ਪਰ ਉਸ ਦਾ ਪਿਉ ਐਨਾ ਘਟੀਆ ਬੰਦਾ ਸੀ ਕਿ ਉਹ ਅਜੇ ਵੀ ਨਹੀਂ ਮੰਨ ਰਿਹਾ ਸੀ ਕਿ ਪੂਜਾ ਉਸ ਦੀ ਧੀ ਹੈ। ਜਦੋਂ ਨਾਲ ਆਏ ਰਿਸ਼ਤੇਦਾਰਾਂ ਨੇ ਫਿੱਟ ਲਾਹਨਤ ਕੀਤੀ ਤਾਂ ਉਸ ਦੀ ਵੀ ਸੁਰਤ ਟਿਕਾਣੇ ਆ ਗਈ। ਅਸਲ ਵਿਚ ਗੱਲ ਇਹ ਹੋਈ ਸੀ ਕਿ ਪੂਜਾ ਬਚਪਨ ਤੋਂ ਹੀ ਝਗੜਾਲੂ ਸੁਭਾਅ ਦੀ ਸੀ। ਕੁਲਦੀਪ ਬੱਚਾ ਚਾਹੁੰਦਾ ਸੀ ਪਰ ਪੂਜਾ ਇਸ ਦੇ ਖ਼ਿਲਾਫ ਸੀ। ਉਸ ਨੇ ਇੱਕ ਵਾਰ ਕੁਲਦੀਪ ਨੂੰ ਦੱਸੇ ਬਗੈਰ ਦੋ ਕੁ ਮਹੀਨੇ ਦਾ ਗਰਭ ਗਿਰਾ ਦਿੱਤਾ ਸੀ ਜਿਸ ਕਾਰਨ ਘਰ ਵਿਚ ਝਗੜਾ ਹੋਰ ਵੀ ਵਧ ਗਿਆ ਸੀ। ਐਨੇ ਨੂੰ ਉਹ ਸੋਸ਼ਲ ਮੀਡੀਆ ਰਾਹੀਂ ਹਸਨਪੁਰ ਵਾਲੇ ਵਿਅਕਤੀ ਦੇ ਇਸ਼ਕ ਵਿਚ ਫਸ ਗਈ ਤੇ ਇੱਕ ਰਾਤ ਚੁੱਪ-ਚੁਪੀਤੇ ਉਸ ਨਾਲ ਫ਼ਰਾਰ ਹੋ ਗਈ। ਇਸ ਤੋਂ ਬਾਅਦ ਪੂਜਾ ਨੂੰ ਅਦਾਲਤ ਵਿਚ ਪੇਸ਼ ਕਰ ਕੇ ਕਾਨੂੰਨੀ ਪ੍ਰਕਿਰਿਆ ਦੁਆਰਾ ਕੁਲਦੀਪ ਦੇ ਖ਼ਿਲਾਫ ਮੁਕੱਦਮਾ ਰੱਦ ਕਰਵਾਇਆ ਗਿਆ। ਕੇਸ ਖਤਮ ਹੋਣ 'ਤੇ ਕੁਲਦੀਪ ਨੇ ਪੂਜਾ ਨੂੰ ਤਲਾਕ ਦੇ ਦਿੱਤਾ ਤੇ ਉਹ ਹਸਨਪੁਰ ਵਾਲੇ ਵਿਅਕਤੀ ਕੋਲ ਵਾਪਸ ਚਲੀ ਗਈ। ਪਰ ਜਿਸ ਲਾਸ਼ ਦੀ ਪੂਜਾ ਹੋਣ ਬਾਰੇ ਸ਼ਨਾਖਤ ਕੀਤੀ ਗਈ ਸੀ, ਉਸ ਬਾਰੇ ਮੈਂ ਪੰਜਾਬ ਅਤੇ ਹਰਿਆਣਾ ਦੇ ਸਾਰੇ ਥਾਣਿਆਂ ਨੂੰ ਸੂਚਿਤ ਕੀਤਾ ਪਰ ਕੋਈ ਸੁਰਾਗ ਨਾ ਲੱਗ ਸਕਿਆ। ਸ਼ਾਇਦ ਉਹ ਯੂ.ਪੀ. ਬਿਹਾਰ ਵਰਗੇ ਕਿਸੇ ਦੂਰ ਦੇ ਸੂਬੇ ਦੀ ਸੀ ਤੇ ਉਸ ਨੂੰ ਕਤਲ ਕਰ ਕੇ ਇਥੇ ਸੁੱਟ ਦਿੱਤਾ ਗਿਆ ਸੀ।

# ਇੱਕ ਵਿਲੱਖਣ ਗਾਇਕ
# ਸੁੱਖਨੈਨ ਸਿੰਘ



ਇੱਕ ਵੈਟਰਨਰੀ ਡਾਕਟਰ ਤੋਂ ਸਫ਼ਲ ਗਾਇਕ ਬਣੇ ਸੁੱਖਨੈਨ ਸਿੰਘ ਦਾ ਜਨਮ ਪਿੰਡ ਜ਼ਹੂਰਾ (ਹੁਸ਼ਿਆਰਪੁਰ) ਵਿਖੇ ਸ. ਕਰਤਾਰ ਸਿੰਘ ਮਾਤਾ ਪਰਗਾਸ਼ ਕੌਰ ਦੇ ਘਰ ਹੋਇਆ। ਸੁੱਖਨੈਨ ਨੂੰ ਬਚਪਨ ਤੋਂ ਹੀ ਖੇਡਾਂ ਤੇ ਸੰਗੀਤ ਦਾ ਬੇਹੱਦ ਸ਼ੌਂਕ ਸੀ ਜਿਸ ਸਦਕਾ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵੈਟਰਨਰੀ ਕਾਲਜ 'ਚ ਪਹੁੰਚ ਕੇ ਕੌਮੀ ਪੱਧਰ ਦਾ ਹੈਂਡਬਾਲ ਖਿਡਾਰੀ ਅਤੇ ਕੌਮਾਂਤਰੀ ਪੱਧਰ ਦਾ ਪੰਜਾਬੀ ਗਾਇਕ ਪ੍ਰਵਾਨ ਹੋਇਆ। ਪੰਜਾਬ ਸੁਗਮ ਸੰਗੀਤ ਅਤੇ ਲੋਕ ਸੰਗੀਤ ਵਿਚ ਇਕੋ ਜਿੰਨੀ ਮੁਹਾਰਤ ਨਾਲ ਗਾਉਣ ਵਾਲੇ ਵਿਰਲੇ-ਗਵੱਈਏ ਹਨ। ਇਨ੍ਹਾਂ ਵਿਰਲਿਆਂ ਵਿਚੋਂ ਸੁੱਖਨੈਨ ਦਾ ਨਾਂਅ ਪਹਿਲੀ ਕਤਾਰ ਵਿਚ ਆਉਂਦਾ ਹੈ ਜਿਸ ਨੇ ਵਿਦਿਆਰਥੀ ਕਾਲ ਵਿਚ ਹੀ ਬਹੁਤ ਸਾਰੀਆਂ ਗ਼ਜ਼ਲਾਂ ਤੇ ਸੁਪ੍ਰਸਿੱਧ ਲੋਕ ਗਾਇਕਾ ਨਰਿੰਦਰ ਬੀਬਾ ਜੀ ਨਾਲ ' ਸੁਰ ਮੇਚ ਕੇ ਬੇਲੀ ਰਾਮ ਦੇ ਅਲਗੋਜ਼ਿਆਂ 'ਤੇ ਬੁਲੰਦ ਆਵਾਜ਼ ਵਿਚ ਲੋਕ ਗੀਤ ਰਿਕਾਰਡ ਕਰਵਾਏ।




ਸੰਗੀਤ ਦੇ ਖੇਤਰ ਵਿਚ ਵਡਮੁੱਲੀਆਂ ਪ੍ਰਾਪਤੀਆਂ ਸਦਕਾ ਸੁੱਖਨੈਨ ਨੂੰ ਅਨੇਕਾਂ ਪੁਰਸਕਾਰ ਪ੍ਰਾਪਤ ਹੋ ਚੁੱਕੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸੰਗੀਤ ਦੇ ਖੇਤਰ ਵਿਚ ਵਡਮੁੱਲੀਆਂ ਪ੍ਰਾਪਤੀਆ ਲਈ ਉਸ ਨੂੰ ਰੋਲ ਆਫ਼ ਆਨਰ ਅਤੇ ਹੋਰ ਅਨੇਕਾਂ ਮਾਣ-ਸਨਮਾਨ ਮਿਲ ਚੁੱਕੇ ਹਨ। ਪੰਜਾਬ ਸਰਕਾਰ ਵਲੋਂ ਉਸ ਨੂੰ ਪੰਜਾਬ ਸਟੇਟ ਸ਼ਹੀਦ ਭਗਤ ਸਿੰਘ ਯੂਥ ਐਵਾਰਡ ਅਤੇ ਅੰਤਰਰਾਸ਼ਟਰੀ ਪੱਧਰ ਤੇ ਨੌਜਵਾਨਾਂ ਨੂੰ ਭਾਰਤ ਸਰਕਾਰ ਦੇ ਪ੍ਰਤੀਨਿਧ ਵਜੋਂ ਉਹ ਜਾਪਾਨ ਦਾ ਦੌਰਾ ਵੀ ਵਿਦਿਆਰਥੀ ਕਾਲ ਵਿਚ ਹੀ ਕਰ ਚੁੱਕਾ ਸੀ।

ਸੁੱਖਨੈਨ ਨੇ ਸੰਗੀਤ ਦੀ ਸਿੱਖਿਆ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਸੰਗੀਤ ਦੇ ਪ੍ਰੋਫੈਸਰ ਚਮਨ ਲਾਲ ਭੱਲਾ, ਪ੍ਰੋ: ਰਣਜੀਤ ਸਿੰਘ ਰਾਣਾ, ਮੋਹਨ ਮਲਸਿਆਨੀ ਅਤੇ ਮਾਸਟਰ ਓਮ ਪ੍ਰਕਾਸ਼ ਜੀ ਪਾਸੋਂ ਗ੍ਰਹਿਣ ਕੀਤੀ। 1985 ਵਿਚ ਉਨ੍ਹਾਂ ਨੂੰ ਵਿਦਿਆਰਥੀ ਜੀਵਨ ਵਿਚ ਹੀ ਪ੍ਰੋ: ਗੁਰਭਜਨ ਗਿੱਲ ਦੀ ਪਛਾਣੂ ਅੱਖ ਸਦਕਾ ਖੇਤੀਬਾੜੀ ਵਿਕਾਸ ਨਾਲ ਸੰਬੰਧਿਤ ਭਾਰਤ ਦੀ ਪਹਿਲੀ ਆਡੀਓ ਕੈਸਿਟ 'ਬੱਲੀਏ ਕਣਕ ਦੀਏ' ਦਾ ਟਾਈਟਲ ਗੀਤ ਗਾਉਣ ਦਾ ਮਾਣ ਮਿਲਿਆ। ਸੁੱਖਨੈਨ ਹੁਣ ਤੱਕ ਚਾਰ ਆਡੀਓ/ਵੀਡੀਓ ਕੈਸਿਟ ਪੰਜਾਬੀ ਸੰਗੀਤ ਜਗਤ ਨੂੰ ਦੇ ਚੁੱਕਾ ਹੈ। ਇਨ੍ਹਾਂ ਵਿਚੋਂ ਪਹਿਲੀ ਕੈਸਿਟ 'ਸੱਸੀ ਪੁੰਨੂ ਦੋ ਜਣੇ' ਉਸ ਵੇਲੇ ਦੀ ਸੁਪ੍ਰਸਿੱਧ ਲੋਕ ਗਾਇਕਾ ਨਰਿੰਦਰ ਬੀਬਾ ਨਾਲ ਸਾਂਝੀ ਕੀਤੀ ਸੀ। ਸੰਨ 1988 ਵਿਚ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵਲੋਂ ਸ: ਜਗਦੇਵ ਸਿੰਘ ਜੱਸੋਵਾਲ ਜੀ ਦੀ ਪ੍ਰੇਰਨਾ ਨਾਲ ਸੁੱਖਨੈਨ ਨੇ ਪ੍ਰੋ: ਮੋਹਨ ਦੀਆਂ ਲਿਖੀਆਂ ਗ਼ਜ਼ਲਾਂ ਤੇ ਗੀਤਾਂ ਦਾ ਗੁਲਦਸਤਾ 'ਪਿਆਲਾ ਇਸ਼ਕ ਦਾ' ਨਾਂਅ ਹੇਠ ਰਿਲੀਜ਼ ਕੀਤਾ। ਇਸ ਉਪਰੰਤ ਉਨ੍ਹਾਂ ਨੇ ਐਚ.ਐਮ.ਵੀ. ਕੰਪਨੀ ਵਲੋਂ 'ਗੋਰਾ ਚਿੱਟਾ ਮੁੱਖ' ਨਾਂਅ ਦੀ ਕੈਸਿਟ ਪੇਸ਼ ਕੀਤੀ, ਜਿਸ ਵਿਚ ਪ੍ਰਸਿੱਧ ਗੀਤਕਾਰ ਸ: ਬਾਬੂ ਸਿੰਘ ਮਾਨ ਤੇ ਕਈ ਹੋਰ ਸਿਰਕੱਢ ਗੀਤਕਾਰਾਂ ਦੇ ਗੀਤ ਸਨ। ਚੌਥੀ ਕੈਸਿਟ 'ਲੱਛੀ' ਨਾਂਅ ਹੇਠ ਰਿਲੀਜ਼ ਕੀਤੀ। ਉਹ ਰੇਡੀਓ ਅਤੇ ਟੈਲੀਵੀਜ਼ਨ ਦੇ ਪ੍ਰਵਾਨਿਤ ਕਲਾਕਾਰ ਹਨ। ਸੁੱਖਨੈਨ ਹੁਣ ਤੱਕ ਹਾਲੈਂਡ, ਕੈਨੇਡਾ ਤੇ ਅਮਰੀਕਾ ਵਿਚ ਸੰਗੀਤ ਪੇਸ਼ਕਾਰੀਆਂ ਕਰ ਚੁੱਕਾ ਹੈ। ਕੈਨੇਡਾ ਵਿਚ ਤਾਂ ਉਸ ਨੇ ਪਾਕਿਸਤਾਨ ਦੇ ਸਿਰਕੱਢ ਲੋਕ ਗਾਇਕ ਸ਼ੌਕਤ ਅਲੀ ਸਾਹਿਬ ਨਾਲ ਵੀ ਮੰਚ ਸਾਂਝੇ ਕੀਤੇ।

ਇਸ ਕਿਸਮ ਦੀਆਂ ਯੂਥ ਵਿਕਾਸ

## ਕਲਾ ਪਰਿਕਰਮਾ

ਸਰਗਰਮੀਆਂ ਨਾਲ ਸਾਲ 2001 ਵਿਚ ਆਪ ਨੂੰ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਲੁਧਿਆਣਾ ਵਲੋਂ 'ਸੁਰ ਸ਼ਹਿਜ਼ਾਦਾ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸੁੱਖਨੈਨ ਨੇ ਪਿੱਛੇ ਜਿਹੇ ਪੰਜਾਬੀ ਦੇ ਦੋ ਟ੍ਰੈਕ 'ਸਾਂਝ' ਅਤੇ 'ਤੇਰਾ ਰੁੱਸਣਾ' ਆਪਣੇ ਸਰੋਤਿਆਂ ਦੀ ਝੋਲੀ ਪਾਏ। ਹੁਣ ਉਸ ਦਾ ਇਕ ਨਵਾ ਜਾਰੀ ਕੀਤਾ ਗਿਆ ਹੈ, ਜਿਸ ਨੂੰ ਦੁਨੀਆ ਭਰ ਤੋਂ ਬਹੁਤ ਹੀ ਵਧੀਆ ਹੁੰਗਾਰਾ ਮਿਲ ਰਿਹਾ ਹੈ। ਇਸ ਦਾ ਸੰਗੀਤ 'ਤਰੁਨ ਰਿਸ਼ੀ' ਵਰਗੇ ਨਾਮਵਰ ਸੰਗੀਤਕਾਰ ਨੇ ਦਿੱਤਾ ਹੈ ਅਤੇ ਇਸ ਦਾ ਫ਼ਿਲਮਾਂਕਣ ਅਤੇ ਨਿਰਦੇਸ਼ਨ ਨਕਸ਼ ਚਿਤੇਵਾਣੀ ਨੇ ਕੀਤਾ ਹੈ।

# ਨਿਰਮਾਤਾ ਵੀ ਬਣੇਗੀ ਗੀਤਾ ਬਸਰਾ

ਆਪਣੀ ਐਕਟਿੰਗ ਨਾਲ ਪ੍ਰਸ਼ੰਸਕਾਂ ਨੂੰ ਪ੍ਰਭਾਵਿਤ ਕਰਨ ਤੋਂ ਬਾਅਦ ਅਦਾਕਾਰਾ ਗੀਤਾ ਬਸਰਾ ਨੇ ਪਿਛਲੀ 24 ਅਪ੍ਰੈਲ, 2025 ਨੂੰ ਆਪਣੇ ਪਤੀ ਮਸ਼ਹੂਰ ਕ੍ਰਿਕਟਰ ਖਿਡਾਰੀ ਹਰਭਜਨ ਸਿੰਘ ਨਾਲ ਆਪਣੇ ਪ੍ਰੋਡਕਸ਼ਨ ਹਾਊਸ 'ਪਰਪਲ ਰੋਜ਼ ਐਂਟਰਟੇਨਮੈਂਟ' ਦੀ ਸ਼ੁਰੂਆਤ ਕਰਦੇ ਹੋਏ ਆਪਣੀ ਜ਼ਿੰਦਗੀ ਦਾ ਇਕ ਨਵਾਂ ਅਧਿਆਏ ਸ਼ੁਰੂ ਕੀਤਾ। ਪਿਛਲੇ ਕਾਫ਼ੀ ਸਮੇਂ ਤੋਂ ਅਦਾਕਾਰਾ ਗੀਤਾ ਬਸਰਾ ਪਤੀ ਹਰਭਜਨ ਸਿੰਘ ਨਾਲ ਆਪਣੇ ਪਰਿਵਾਰ ਨੂੰ ਪੂਰਾ ਸਮਾਂ ਦੇ ਰਹੀ ਸੀ। ਹੁਣ ਉਸ ਦਾ ਦੂਜਾ ਬੱਚਾ ਜੀਵਨ ਇਕ ਸਾਲ ਦਾ ਹੋ ਗਿਆ ਹੈ। ਇਸ ਤਰ੍ਹਾਂ ਹੁਣ ਉਸ ਨੇ ਦੁਬਾਰਾ ਆਪਣੇ ਕਰੀਅਰ ਵੱਲ ਧਿਆਨ ਦੇਣਾ ਸ਼ੁਰੂ ਕਰ ਕੀਤਾ ਹੈ। ਛੇ ਸਾਲ ਬਾਅਦ ਗੀਤਾ ਨੇ ਕਰਨ ਜੌਹਰ ਦੇ ਨਾਲ ਮਿਲ ਕੇ ਸਿਧਾਰਥ ਮਲਹੋਤਰਾ ਅਤੇ ਕਿਆਰਾ ਅਡਵਾਨੀ ਦੀ ਫ਼ਿਲਮ 'ਸ਼ੇਰਸ਼ਾਹ' ਬਣਾਉਣ ਵਾਲੇ ਪ੍ਰੋਡਿਊਸਰ ਸ਼ੱਬੀਰ ਬਾਕਸਵਾਲਾ ਦੀ ਫ਼ਿਲਮ 'ਨੋਟਰੀ' ਵੀ ਸਾਈਨ ਕੀਤੀ ਹੈ।

ਇਸ ਫ਼ਿਲਮ ਵਿਚ ਉਹ ਇਕ ਤਰ੍ਹਾਂ ਦੀ ਕਾਲਜ ਦੀ ਕੁੜੀ ਬਣੀ ਹੈ ਜਿਸ ਦਾ ਵਾਹ ਹੋਣ ਵਾਲਾ ਹੁੰਦਾ ਹੈ ਪਰ ਉਸ ਦੀ ਜ਼ਿੰਦਗੀ ਵਿਚ ਇਕ ਤੋਂ ਬਾਅਦ ਇਕ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਦੀ ਵਜ੍ਹਾ ਕਰਕੇ ਲਗਾਤਾਰ ਉਸ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਵਨ ਵਾਡੇਅਰ ਨਿਰਦੇਸ਼ਿਤ ਫ਼ਿਲਮ 'ਨੋਟਰੀ' ਵਿਚ 'ਕਹਾਨੀ' ਫੇਮ ਪਰਮਬ੍ਰਤ ਚੈਟਰਜੀ ਗੀਤਾ ਬਸਰਾ ਦੇ ਨਾਲ ਨਜ਼ਰ ਆਉਣਗੇ। ਉਮੀਦ ਕੀਤੀ ਜਾ ਰਹੀ ਹੈ ਕਿ ਇਸ ਸਾਲ ਦੇ ਆਖਿਰ ਤੱਕ ਫ਼ਿਲਮ ਸੈੱਟ 'ਤੇ ਆ ਜਾਵੇਗੀ। ਇਸ ਤੋਂ ਇਲਾਵਾ ਗੀਤਾ ਬਸਰਾ ਫ਼ਿਲਮ 'ਅਵਸਥੀ ਵਰਸਿਸ ਅਵਸਥੀ' ਵਿਚ ਵੀ ਨਜ਼ਰ ਆਉਣ ਵਾਲੀ ਹੈ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਜੁਲਾਈ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-698



*ਕੋਡੇ ਹੋ ਕੇ ਝੋਨਾ ਲਾਉਂਦਿਆਂ, ਥੱਕ ਥੱਕ ਹੈ ਲੱਕ ਟੁੱਟਿਆ,*
*ਰਤਾ ਰਮਾਨ ਨੂੰ ਸਿੱਧਾ ਕੀਤੈ, ਵੱਟ ਉੱਤੇ ਹੈ ਜ਼ਰਾ ਸੁੱਟਿਆ।*
*ਇਹ ਹਮਾਰਾ ਜੀਵਣਾ ਐਸਾ, ਨਾ.ਲ ਮੁਸ਼ੱਕਤ ਨਿੱਤ ਵਾਹ,*
*ਧੁੱਪ ਨਾ ਛਾਂ ਪੋਂਹਦੀ ਹੈ ਸਾਨੂੰ, ਇੰਝ ਜ਼ਿੰਦਗੀ ਤੁਰੇ 'ਗਾਂਹ।*

## ਕੈਪਸ਼ਨ ਮੁਕਾਬਲਾ-696



ਲਹੂ ਦਾ ਰੰਗ ਸਫੈਦ ਹੋ ਗਿਆ,
ਪਰਿਵਾਰਾਂ ਵਿਚ ਤਰੇੜਾਂ ਆਈਆਂ।
ਮਸ਼ੀਨੀ ਹੋ ਗਏ ਰਿਸ਼ਤੇ-ਨਾਤੇ,
ਮੂੰਹ ਮੋੜ ਲਏ ਭੈਣਾਂ-ਭਾਈਆਂ।
ਵੱਲ ਬੁਢਾਪੇ ਪੈਰ ਧਰਦਿਆਂ,
ਪਾਸਾ ਪੁੱਠਾ ਪੈਂਦਾ ਜਾਪੇ।
ਹੱਦ ਕਹਿਰ ਦੀ ਉਦੋਂ ਟੱਪਦੀ,
"ਘਰੋਂ-ਬੇਘਰ "ਜਦ ਹੋਵਣ ਮਾਪੇ।
***– ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਉਮਰਾਂ ਦਾ ਨਹੀਂ ਤਕਾਜ਼ਾ ਕੋਈ
ਜ਼ਿੰਮੇਵਾਰੀ ਦਾ ਹੀ ਸਵਾਲ ਹੈ
ਹਰ ਰਸਤੇ ਦਾ ਸਾਥੀ ਹਾਂ ਉਸਦਾ
ਉਸਦਾ ਹੀ ਸਦਾ ਖਿਆਲ ਹੈ
ਕੱਚਾ ਰਸਤਾ ਪੈਂਡਾ ਚਾਹੇ ਦੂਰ
ਪਤਾ ਹੈ ਉਹਨੂੰ ਵੀ ਕੋਮਲ
ਸਾਂਝੀਵਾਲਤਾ ਪਿਆਰ ਦੀ ਸਾਡੀ
ਦੁੱਖ ਸੁੱਖ ਭਾਈਵਾ.ਲ ਹੈ।
***-ਬਸੰਤ ਕੋਮਲ***

---

ਉਮਰਾਂ ਨੇ ਲੱਕ ਵਿੰਗਾ ਕੀਤਾ,
ਤੁਰਨੋਂ ਦਿਸਦੇ ਦੋਨੋਂ ਆਰੀ,
ਪਿਆਰ ਕਾਇਮ ਦਿਲ ਵਿਚ,
ਪਹਿਲਾਂ ਪਤਨੀ ਦੀ ਵਾਰੀ।
'ਕੱਠੇ ਢੋਈ ਬੋਝਲ ਜ਼ਿੰਦਗੀ,
ਭਾਵੇਂ ਗੁਰਬਤ ਨੇ ਸੀ ਮਾਰੀ,
ਹੱਸਦੇ ਖੇਡਦੇ ਲੰਘ ਰਹੀ ਹੈ,
ਬੀਵੀ ਸਦਾ ਜਾਨੋਂ ਪਿਆਰੀ।
***-ਸੇਵਾ ਸਿੰਘ ਨੂਰਪੁਰੀ***

---

ਉਮਰ ਵਡੇਰੀ, ਵਾਟ ਲੰਮੇਰੀ
ਪਰ ਪੂਰਾ ਸਾਥ ਨਿਭਾਵਾਂਗੇ।
ਬੇਜ਼ੁਬਾਨ ਇੱਕ ਸਾਥੀ ਦੇ ਸੰਗ
ਮੁਸੀਬਤਾਂ ਵੀ ਜਰ ਜਾਵਾਂਗੇ।
ਤੁਰ ਪਏ ਜਦ ਕਰ ਇਰਾਦਾ
ਇੱਕ ਦਿਨ ਮੰਜ਼ਲ ਪਾਵਾਂਗੇ।
***-ਜਗਮੀਤ ਸਿੰਘ ਪੰਧੇਰ***

---

ਢੋਂਦਾ ਰਿਹਾ ਹਾਂ ਭਾਰ, ਮੈਂ ਕੁੱਲ ਜ਼ਿੰਦਗੀ।
ਪਰ ਨਾ ਮਨ 'ਤੇ ਭਾਰ, ਨਾ ਸ਼ਰਮਿੰਦਗੀ।
ਢੋਂਦਾ ਢੋਂਦਾ ਹੋਰ, ਅੱਕਿਆ ਨਾ ਥੱਕਿਆ;
ਹੈ ਜੁ ਮੇਰੀ ਕਿਰਤ, ਰੱਬੀ ਬਖਸ਼ਿੰਦਗੀ।
ਪਰ ਮੇਰੇ ਹਮਰਾਹੀ, ਨਾ ਮੁੱਖ ਮੋੜੀਂ ਕਦੀ।
ਸਹਿ ਸਕਾਂਗਾ ਭਾਰ, ਨਾ ਮੈਂ ਇਹ ਕਦੀ।
ਛੱਡ ਗਏ ਜੁ ਸਾਥ, ਜਾਏ ਸੀ ਆਪਣੇ;
ਜੜੇ ਕੌਣ ਅੰਬਰੀਂ ਤਾਰੇ, ਟੁੱਟੇ ਜੋ ਕਦੀ।
ਤੂੰ ਮੇਰੀ ਜਿੰਦ-ਜਾਨ ਅਤੇ ਧਨ-ਮਾਲ ਤੂੰ।
ਹਾਮੀ ਭਰਦੀ ਰਹੀਂ, ਨਿਭਾਈਂ ਨਾਲ ਤੂੰ।
ਸੱਦਾ ਜਦ ਆ ਜਾਏ, ਜਹਾਨੋਂ ਜਾਣ ਦਾ;
ਹਾੜ੍ਹਾ ਛੱਡ ਨਾ ਜਾਈਂ, ਲਈਂ ਲੈ ਨਾਲ ਤੂੰ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਧੰਨ ਹੈ ਜਿਹੜੀ ਭਾਰ ਉਠਾਵੇ
ਇਹ ਕਰਦੇ ਨਹੀਂ ਖਾਨਾਪੂਰਤੀ ਏ।
ਓਵਰਲੋਡ ਅਣਮਨੁੱਖੀ ਕਾਰਾ
ਕੌਣ ਦਿੰਦਾ ਇਹ ਨੂੰ ਚੂਰੀ ਏ।
ਮੈਂ ਸਾਥ ਨ੍ਹੀਂ ਛੱਡੂੰਗਾ, ਨਾਲ ਚਲੂੰਗਾ
ਪਰ ਖੱਚਰ ਦਾ ਖਿਆਲ ਜ਼ਰੂਰੀ ਏ।
ਸਾਡੇ ਵਰਗੀ ਜਾਨ ਹੈ ਉਸ ਵਿਚ
ਪੈਦਲ ਚੱਲਣਾ ਮੇਰੀ ਮਜਬੂਰੀ ਏ।
ਜਿਉਂ ਉਮਰ ਵਧੀ,
ਤਿਉਂ ਪਿਆਰ ਵਧ ਗਿਆ
ਨਹੀਂ ਦਿਖਦੀ ਵਾਟ ਦੀ ਦੂਰੀ ਏ।
***-ਲੋਕਨਾਥ ਸੰਰਮਾ***
***ਫੋਨ: 94171-76877***

---

ਇਕ ਇਕ ਦੋ ਏਕਤਾ 'ਚ ਤਾਕਤ
ਸਫ਼ਰ, ਜ਼ਿੰਦਗੀ
ਇਕੱਠਿਆਂ ਮੋੜ 'ਤੇ ਸੁਖਾਲੀ
ਖਾਨਾਬਦੋਸ਼ ਜ਼ਿੰਦਗੀ ਵੀ ਅਵੱਲੀ
ਅੱਜ ਕਿਤੇ ਕੱਲ੍ਹ ਕਿਤੇ
ਚੱਲ ਸੋ ਚੱਲ ਸਮੁੰਦਰੀ ਲਹਿਰਾਂ ਵਾਂਗ
ਬਿਰਧ ਅਵਸਥਾ ਸਹਾਰਾ ਜ਼ਰੂਰੀ
ਵਾਰੋ ਵਾਰੀ ਬਹਿ ਜਾਂਦੇ ਖਡੇ 'ਤੇ
ਜੋ ਹੈ ਸਫਰ ਲਈ ਇਕ ਜ਼ਰੀਆ
ਟਿੰਡ ਫੌੜੀ ਸਮਾਨ ਲੋੜੀਂਦਾ ਸਾਥ ਹੀ
ਪੁਸ਼ਤਾਂ ਤੋਂ ਜਾ ਰਹੇ ਹਨ
ਇੱਧਰ ਤੋਂ ਉੱਧਰ
***-ਦਰਸ਼ਨ ਪਾਲ ਦੋਸਾਂਝ***

# ਸੋਸ਼ਲ ਮੀਡੀਆ ਤੋਂ ਰੁਜ਼ਗਾਰ

ਆਧੁਨਿਕ ਯੁਗ ਵਿਚ ਸੋਸ਼ਲ ਮੀਡੀਆ ਸਿਰਫ਼ ਮਨੋਰੰਜਨ ਜਾਂ ਸੰਚਾਰ ਦਾ ਸਾਧਨ ਨਹੀਂ ਰਿਹਾ, ਸਗੋਂ ਇਹ ਇੱਕ ਸ਼ਕਤੀਸ਼ਾਲੀ ਆਰਥਿਕ ਸਾਧਨ ਵਜੋਂ ਉਭਰਿਆ ਹੈ। ਪਿਛਲੇ ਦਹਾਕੇ ਵਿਚ ਇੰਟਰਨੈੱਟ ਦੀ ਪਹੁੰਚ ਵਿਚ ਹੋਏ ਵਾਧੇ ਨੇ ਸੋਸ਼ਲ ਮੀਡੀਆ ਨੂੰ ਸਿਰਫ਼ ਸਮਾਂ ਬਰਬਾਦ ਕਰਨ ਦਾ ਪਲੇਟਫਾਰਮ ਨਹੀਂ ਰਹਿਣ ਦਿੱਤਾ, ਬਲਕਿ ਇਸ ਨੂੰ ਰੁਜ਼ਗਾਰ ਸਿਰਜਣ ਦਾ ਮਜ਼ਬੂਤ ਸਾਧਨ ਬਣਾਇਆ। ਅੱਜ ਸੋਸ਼ਲ ਮੀਡੀਆ ਪਲੇਟਫਾਰਮ ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ, ਟਿਕਟੌਕ, ਲਿੰਕਡਇਨ, ਅਤੇ ਐਕਸ (ਪਹਿਲਾਂ ਟਵਿੱਟਰ) ਰਾਹੀਂ ਲੱਖਾਂ-ਕਰੋੜਾਂ ਲੋਕ ਘਰ ਬੈਠੇ ਵਧੀਆ ਆਮਦਨ ਪ੍ਰਾਪਤ ਕਰ ਰਹੇ ਹਨ। ਸੋਸ਼ਲ ਮੀਡੀਆ ਨੇ ਨਾ ਸਿਰਫ਼ ਨੌਜਵਾਨਾਂ ਲਈ ਨਵੇਂ ਮੌਕੇ ਖੋਲ੍ਹੇ, ਸਗੋਂ ਉਨ੍ਹਾਂ ਲੋਕਾਂ



ਸੰਦੀਪ ਕੁਮਾਰ
ਫੋਨ: 70098-07121

ਲਈ ਵੀ ਰੁਜ਼ਗਾਰ ਦੇ ਦਰਵਾਜ਼ੇ ਖੋਲ੍ਹੇ ਜੋ ਰਵਾਇਤੀ ਨੌਕਰੀਆਂ ਦੀ ਬਜਾਏ ਆਪਣੀ ਸਿਰਜਣਾਤਮਕਤਾ ਅਤੇ ਹੁਨਰ ਨੂੰ ਵਰਤਣਾ ਚਾਹੁੰਦੇ ਹਨ।

### ਸੋਸ਼ਲ ਮੀਡੀਆ ਦੀ ਰੁਜ਼ਗਾਰ ਵਿਚ ਭੂਮਿਕਾ

ਪਹਿਲਾਂ ਦੇ ਸਮੇਂ ਵਿਚ ਰੁਜ਼ਗਾਰ ਦਾ ਅਰਥ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਤੱਕ ਸੀਮਤ ਸੀ। ਲੋਕਾਂ ਦੀ ਜ਼ਿੰਦਗੀ ਦਾ ਮੁੱਖ ਟੀਚਾ ਸਥਿਰ ਨੌਕਰੀ ਪ੍ਰਾਪਤ ਕਰਨਾ ਹੁੰਦਾ ਸੀ। ਪਰ ਤਕਨੀਕੀ ਵਿਕਾਸ ਨੇ ਰੁਜ਼ਗਾਰ ਦੀ ਪਰਿਭਾਸ਼ਾ ਨੂੰ ਬਦਲ ਦਿੱਤਾ। ਸੋਸ਼ਲ ਮੀਡੀਆ ਨੇ ਉਨ੍ਹਾਂ ਨੌਜਵਾਨਾਂ ਲਈ ਨਵੇਂ ਰਾਹ ਖੋਲ੍ਹੇ ਜੋ ਆਪਣੇ ਵਿਚਾਰਾਂ, ਸਿਰਜਣਾਤਮਕਤਾ ਅਤੇ ਹੁਨਰ ਨਾਲ ਵੱਖਰੀ ਪਛਾਣ ਬਣਾਉਣਾ ਚਾਹੁੰਦੇ ਹਨ। ਇਹ ਪਲੇਟਫਾਰਮ ਉਨ੍ਹਾਂ ਲਈ ਵੀ ਵਰਦਾਨ ਸਾਬਤ ਹੋਏ ਜੋ ਘਰ ਬੈਠੇ ਕੰਮ ਕਰਨ ਦੇ ਇੱਛੁਕ ਹਨ ਜਾਂ ਜਿਨ੍ਹਾਂ ਕੋਲ ਰਵਾਇਤੀ ਨੌਕਰੀਆਂ ਦੇ ਮੌਕੇ ਨਹੀਂ ਹਨ। ਸੋਸ਼ਲ ਮੀਡੀਆ ਨੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਘਟਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਲੋਕਾਂ ਨੂੰ ਸਵੈ-ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਹਨ।

### ਕੰਟੈਂਟ ਕਰੀਏਟਰ - ਇੱਕ ਨਵਾਂ ਪੇਸ਼ਾ

ਸੋਸ਼ਲ ਮੀਡੀਆ ਨੇ 'ਕੰਟੈਂਟ ਕਰੀਏਟਰ' ਦੇ ਰੂਪ ਵਿਚ ਇੱਕ ਨਵੇਂ ਪੇਸ਼ੇ ਨੂੰ ਜਨਮ ਦਿੱਤਾ। ਅੱਜ ਦੇ ਸਮੇਂ ਵਿਚ ਲੋਕ ਵੀਡੀਓ, ਮੀਮ, ਬਲੌਗ, ਪੋਸਟ, ਜਾਂ ਲਾਈਵ ਸੈਸ਼ਨ ਰਾਹੀਂ ਵੱਡੀ ਗਿਣਤੀ ਵਿਚ ਦਰਸ਼ਕਾਂ ਨੂੰ ਆਕਰਸ਼ਿਤ ਕਰ ਰਹੇ ਹਨ। ਇਹ ਦਰਸ਼ਕ ਅੱਗੇ ਜਾ ਕੇ ਉਨ੍ਹਾਂ ਦੇ ਪਲੇਟਫਾਰਮਾਂ ਲਈ ਆਮਦਨ ਦਾ ਸਰੋਤ ਬਣਦੇ ਹਨ। ਕੰਟੈਂਟ ਕਰੀਏਟਰ ਆਪਣੀ ਸਿਰਜਣਾਤਮਕਤਾ ਨਾਲ ਨਾ ਸਿਰਫ਼ ਨਾਮ ਕਮਾਉਂਦੇ ਹਨ, ਸਗੋਂ ਵਿਗਿਆਪਨ, ਸਪਾਂਸਰਸ਼ਿਪ ਅਤੇ ਬ੍ਰਾਂਡ ਸਹਿਯੋਗ ਰਾਹੀਂ ਲੱਖਾਂ ਰੁਪਏ ਦੀ ਕਮਾਈ ਵੀ ਕਰਦੇ ਹਨ। ਉਦਾਹਰਣ ਵਜੋਂ, ਕਈ ਨੌਜਵਾਨ ਆਪਣੇ ਸ਼ੌਕ ਜਿਵੇਂ ਕਿ ਖਾਣਾ ਬਣਾਉਣਾ, ਯਾਤਰਾ ਕਰਨਾ, ਜਾਂ ਫੈਸ਼ਨ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਕੇ ਇਸ ਨੂੰ ਆਪਣੇ ਕਰੀਅਰ ਦਾ ਹਿੱਸਾ ਬਣਾਉਂਦੇ ਹਨ। ਇਹ ਪੇਸ਼ਾ ਨਾ ਸਿਰਫ਼ ਰੁਜ਼ਗਾਰ ਦਿੰਦਾ ਹੈ, ਸਗੋਂ ਵਿਅਕਤੀ ਨੂੰ ਆਪਣੀ ਪਸੰਦ ਦੇ ਕੰਮ ਨਾਲ ਜੋੜਦਾ ਹੈ।

### ਯੂਟਿਊਬ - ਘਰ ਬੈਠੇ ਆਮਦਨ ਦਾ ਸਰੋਤ

ਯੂਟਿਊਬ ਅੱਜ ਦੁਨੀਆ ਦਾ ਸਭ ਤੋਂ ਵੱਡਾ ਵੀਡੀਓ ਸ਼ੇਅਰਿੰਗ ਪਲੇਟਫਾਰਮ ਹੈ, ਜੋ ਮਨੋਰੰਜਨ ਦੇ ਨਾਲ-ਨਾਲ ਰੁਜ਼ਗਾਰ ਦਾ ਵੀ ਮੁੱਖ ਸਾਧਨ ਬਣ ਗਿਆ ਹੈ। ਯੂਟਿਊਬ 'ਤੇ ਚੈਨਲ ਸ਼ੁਰੂ ਕਰਕੇ ਲੋਕ ਵਿਗਿਆਪਨ, ਮੈਂਬਰਸ਼ਿਪ ਅਤੇ ਸਪਾਂਸਰਸ਼ਿਪ ਰਾਹੀਂ ਮਹੀਨੇ ਦੇ ਲੱਖਾਂ ਰੁਪਏ ਕਮਾ ਰਹੇ ਹਨ। ਖਾਸ ਕਰਕੇ ਨੌਜਵਾਨ, ਪੜ੍ਹੇ-ਲਿਖੇ ਵਿਅਕਤੀ, ਸੰਗੀਤਕਾਰ, ਅਧਿਆਪਕ, ਮੋਟੀਵੇਸ਼ਨਲ ਸਪੀਕਰ ਅਤੇ ਫੂਡ ਬਲੌਗਰ ਇਸ ਪਲੇਟਫਾਰਮ ਦਾ ਪੂਰਾ ਲਾਭ ਉਠਾ ਰਹੇ ਹਨ। ਯੂਟਿਊਬ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਹਰ ਕਿਸੇ ਲਈ ਖੁੱਲ੍ਹਾ ਹੈ। ਜੇਕਰ ਕੋਈ ਵਿਅਕਤੀ ਕਿਸੇ ਖੇਤਰ ਵਿਚ ਮਾਹਿਰ ਹੈ, ਤਾਂ ਉਹ ਆਪਣੀ ਜਾਣਕਾਰੀ ਨੂੰ ਵੀਡੀਓ ਦੇ ਰੂਪ ਵਿਚ ਸਾਂਝਾ ਕਰਕੇ ਆਮਦਨ ਕਮਾ ਸਕਦਾ ਹੈ।




ਉਦਾਹਰਣ ਵਜੋਂ, ਸਿੱਖਿਆ ਦੇ ਖੇਤਰ ਵਿਚ ਕਈ ਅਧਿਆਪਕ ਆਨਲਾਈਨ ਲੈਕਚਰ ਦੇ ਕੇ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ ਅਤੇ ਇਸ ਦੇ ਬਦਲੇ ਵਧੀਆ ਕਮਾਈ ਕਰਦੇ ਹਨ। ਇਸ ਤੋਂ ਇਲਾਵਾ, ਗੇਮਿੰਗ, ਟੈਕਨੋਲੋਜੀ, ਸਿਹਤ ਅਤੇ ਸੁੰਦਰਤਾ ਨਾਲ ਸਬੰਧਤ ਚੈਨਲ ਵੀ ਬਹੁਤ ਪ੍ਰਸਿੱਧ ਹਨ।

### ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਇਨਫਲੂਐਂਸਰ ਮਾਰਕੀਟਿੰਗ

ਇੰਸਟਾਗ੍ਰਾਮ ਅਤੇ ਫੇਸਬੁੱਕ ਵੀ ਰੁਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰ ਰਹੇ ਹਨ। ਇਨ੍ਹਾਂ ਪਲੇਟਫਾਰਮਾਂ 'ਤੇ ਪ੍ਰਸਿੱਧੀ ਹਾਸਲ ਕਰਨ ਵਾਲੇ ਲੋਕ 'ਇਨਫਲੂਐਂਸਰ' ਦੇ ਰੂਪ ਵਿਚ ਜਾਣੇ ਜਾਂਦੇ ਹਨ। ਇਹ ਇਨਫਲੂਐਂਸਰ ਬ੍ਰਾਂਡਸ ਅਤੇ ਕੰਪਨੀਆਂ ਨਾਲ ਸਹਿਯੋਗ ਕਰ ਕੇ ਉਨ੍ਹਾਂ ਦੇ ਉਤਪਾਦਾਂ ਦਾ ਪ੍ਰਚਾਰ ਕਰਦੇ ਹਨ। ਇਨਫਲੂਐਂਸਰ ਮਾਰਕੀਟਿੰਗ ਅੱਜ ਦੇ ਸਮੇਂ ਵਿਚ ਇੱਕ ਵੱਡਾ ਉਦਯੋਗ ਬਣ ਚੁੱਕੀ ਹੈ। ਇੰਸਟਾਗ੍ਰਾਮ 'ਤੇ ਰੀਲਸ, ਸਟੋਰੀਜ਼ ਅਤੇ ਪੋਸਟਸ ਰਾਹੀਂ ਲੋਕ ਆਪਣੇ ਫਾਲੋਅਰਸ ਵਧਾਉਂਦੇ ਹਨ ਅਤੇ ਬ੍ਰਾਂਡਸ ਦੇ ਪ੍ਰਮੋਸ਼ਨ ਲਈ ਭਾਰੀ ਰਕਮ ਵਸੂਲਦੇ ਹਨ। ਇਸੇ ਤਰ੍ਹਾਂ, ਫੇਸਬੁੱਕ 'ਤੇ ਪੇਜ ਅਤੇ ਗਰੁੱਪ ਬਣਾ ਕੇ ਵੀ ਲੋਕ ਆਮਦਨ ਕਮਾ ਰਹੇ ਹਨ। ਇਨਫਲੂਐਂਸਰ ਮਾਰਕੀਟਿੰਗ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਸ ਵਿਚ ਵਿਅਕਤੀ ਨੂੰ ਸਿਰਫ਼ ਆਪਣੀ ਪ੍ਰਸਿੱਧੀ ਅਤੇ ਸਮਗਰੀ ਦੀ ਗੁਣਵੱਤਾ 'ਤੇ ਧਿਆਨ ਦੇਣਾ ਹੁੰਦਾ ਹੈ।

### ਫ੍ਰੀਲਾਂਸਿੰਗ - ਦਫਤਰ ਤੋਂ ਬਿਨਾਂ ਕਮਾਈ

ਸੋਸ਼ਲ ਮੀਡੀਆ ਨੇ ਫ੍ਰੀਲਾਂਸਿੰਗ ਦੇ ਖੇਤਰ ਨੂੰ ਵੀ ਬਹੁਤ ਵਧਾਇਆ ਹੈ। ਅੱਜ ਲੋਕ ਆਪਣੀਆਂ ਸੇਵਾਵਾਂ ਨੂੰ ਆਨਲਾਈਨ ਪਲੇਟਫਾਰਮਾਂ ਜਿਵੇਂ ਕਿ ਫੀਵਰ, ਅਪਵਰਕ, ਫ੍ਰੀਲਾਂਸਰ ਅਤੇ ਗੁਰੂ 'ਤੇ ਵੇਚ ਰਹੇ ਹਨ। ਜਿਹੜੇ ਵਿਅਕਤੀ ਗ੍ਰਾਫਿਕ ਡਿਜ਼ਾਈਨ, ਕੰਟੈਂਟ ਰਾਈਟਿੰਗ, ਡਿਜ਼ੀਟਲ ਮਾਰਕੀਟਿੰਗ, ਵੀਡੀਓ ਐਡੀਟਿੰਗ, ਜਾਂ ਵੈਬ ਡਿਵੈਲਪਮੈਂਟ ਵਿਚ ਮਾਹਿਰ ਹਨ, ਉਹ ਬਿਨਾਂ ਕਿਸੇ ਦਫਤਰ ਜਾਂ ਨੌਕਰੀ ਦੀ ਲੋੜ ਤੋਂ ਘਰ ਬੈਠੇ ਲੱਖਾਂ ਰੁਪਏ ਕਮਾ ਰਹੇ ਹਨ। ਸੋਸ਼ਲ ਮੀਡੀਆ ਦੀ ਮਦਦ ਨਾਲ ਫ੍ਰੀਲਾਂਸਰ ਆਪਣੇ ਹੁਨਰ ਨੂੰ ਪ੍ਰਮੋਟ ਕਰ ਸਕਦੇ ਹਨ। ਉਦਾਹਰਣ ਵਜੋਂ, ਇੱਕ ਗ੍ਰਾਫਿਕ ਡਿਜ਼ਾਈਨਰ ਆਪਣੇ ਕੰਮ ਦੇ ਨਮੂਨੇ ਇੰਸਟਾਗ੍ਰਾਮ ਜਾਂ ਲਿੰਕਡਇਨ 'ਤੇ ਸਾਂਝੇ ਕਰਕੇ ਨਵੇਂ ਗਾਹਕ ਪ੍ਰਾਪਤ ਕਰ ਸਕਦਾ ਹੈ। ਇਸ ਤਰ੍ਹਾਂ, ਸੋਸ਼ਲ ਮੀਡੀਆ ਨੇ ਫ੍ਰੀਲਾਂਸਿੰਗ ਨੂੰ ਇੱਕ ਗਲੋਬਲ ਮਾਰਕੀਟ ਵਿਚ ਬਦਲ ਦਿੱਤਾ ਹੈ।

### ਈ-ਕਾਮਰਸ ਅਤੇ ਡਰੌਪਸ਼ਿਪਿੰਗ

ਸੋਸ਼ਲ ਮੀਡੀਆ ਨੇ ਈ-ਕਾਮਰਸ ਦੇ ਖੇਤਰ ਵਿਚ ਵੀ ਕ੍ਰਾਂਤੀ ਲਿਆਂਦੀ ਹੈ। ਅੱਜ ਲੋਕ ਆਪਣੇ ਛੋਟੇ-ਵੱਡੇ ਵਪਾਰ ਨੂੰ ਸੋਸ਼ਲ ਮੀਡੀਆ 'ਤੇ ਪ੍ਰਮੋਟ ਕਰਕੇ ਵਧੀਆ ਮੁਨਾਫਾ ਕਮਾ ਰਹੇ ਹਨ। ਹੱਥੋਂ ਬਣੀਆਂ ਵਸਤੂਆਂ, ਕੱਪੜੇ, ਗਹਿਣੇ ਅਤੇ ਹੋਰ ਉਤਪਾਦ ਸੋਸ਼ਲ ਮੀਡੀਆ 'ਤੇ ਆਸਾਨੀ ਨਾਲ ਵਿਕਦੇ ਹਨ। ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ 'ਸ਼ੌਪ' ਫੀਚਰ ਦੀ ਮਦਦ ਨਾਲ ਵਿਅਕਤੀ ਆਪਣੇ ਉਤਪਾਦ ਸਿੱਧੇ ਗਾਹਕਾਂ ਤੱਕ ਪਹੁੰਚਾਉਂਦੇ ਹਨ। ਇਸ ਤੋਂ ਇਲਾਵਾ, ਡਰੌਪਸ਼ਿਪਿੰਗ ਇੱਕ ਨਵਾਂ ਅਤੇ ਪ੍ਰਸਿੱਧ ਵਪਾਰਕ ਮਾਡਲ ਹੈ। ਇਸ ਵਿਚ ਵਿਅਕਤੀ ਨੂੰ ਆਪਣੇ ਕੋਲ ਸਟਾਕ ਰੱਖਣ ਦੀ ਲੋੜ ਨਹੀਂ ਹੁੰਦੀ। ਉਹ ਸੋਸ਼ਲ ਮੀਡੀਆ 'ਤੇ ਹੋਰ ਕੰਪਨੀਆਂ ਦੇ ਉਤਪਾਦ ਪ੍ਰਮੋਟ ਕਰਦਾ ਹੈ ਅਤੇ ਆਰਡਰ ਮਿਲਣ 'ਤੇ ਸਪਲਾਇਰ ਸਿੱਧੇ ਗਾਹਕ ਨੂੰ ਸਮਾਨ ਭੇਜਦਾ ਹੈ। ਇਸ ਤਰ੍ਹਾਂ, ਵਿਅਕਤੀ ਬਿਨਾਂ ਵੱਡੀ ਪੂੰਜੀ ਲਗਾਏ ਮੁਨਾਫਾ ਕਮਾ ਸਕਦਾ ਹੈ।

### ਸੋਸ਼ਲ ਮੀਡੀਆ ਮੈਨੇਜਮੈਂਟ - ਨਵਾਂ ਪੇਸ਼ਾਵਰ ਖੇਤਰ

ਅੱਜ ਦੇ ਸਮੇਂ ਵਿਚ ਹਰ ਕੰਪਨੀ ਸੋਸ਼ਲ ਮੀਡੀਆ 'ਤੇ ਮੌਜੂਦ ਹੈ ਅਤੇ ਆਪਣੇ ਬ੍ਰਾਂਡ ਨੂੰ ਪ੍ਰਮੋਟ ਕਰਨ ਲਈ ਪ੍ਰੋਫੈਸ਼ਨਲ ਸੋਸ਼ਲ ਮੀਡੀਆ ਮੈਨੇਜਰਾਂ ਦੀ ਲੋੜ ਹੈ। ਸੋਸ਼ਲ ਮੀਡੀਆ ਮੈਨੇਜਰ, ਡਿਜਿਟਲ ਮਾਰਕੀਟਰ ਅਤੇ ਵਿਗਿਆਪਨ ਮਾਹਿਰ ਅੱਜ ਵੱਡੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਇਹ ਮਾਹਿਰ ਕੰਪਨੀਆਂ ਦੇ ਸੋਸ਼ਲ ਮੀਡੀਆ ਅਕਾਊਂਟਸ ਨੂੰ ਸੰਭਾਲਦੇ ਹਨ, ਸਮਗਰੀ ਤਿਆਰ ਕਰਦੇ ਹਨ ਅਤੇ ਉਨ੍ਹਾਂ ਕੰਪਨੀਆਂ ਦੀ ਪ੍ਰਮੋਸ਼ਨ ਜਾਂ ਮਸ਼ਹੂਰੀ ਕਰਕੇ ਵਪਾਰ ਵਿਚ ਵਾਧਾ ਕਰਨ ਵਿਚ ਮਦਦ ਕਰਦੇ ਹਨ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਮੈਨੇਜਮੈਂਟ ਦੇ ਖੇਤਰ ਵਿਚ ਫ੍ਰੀਲਾਂਸਿੰਗ ਦੇ ਮੌਕੇ ਵੀ ਬਹੁਤ ਹਨ। ਕਈ ਵਿਅਕਤੀ ਇੱਕ ਸਮੇਂ 'ਤੇ ਕਈ ਕੰਪਨੀਆਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ।

### ਸੋਸ਼ਲ ਮੀਡੀਆ ਅਤੇ ਰੁਜ਼ਗਾਰ ਦਾ ਭਵਿੱਖ

ਸੋਸ਼ਲ ਮੀਡੀਆ ਨੇ ਰੁਜ਼ਗਾਰ ਦੀ ਪਰਿਭਾਸ਼ਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਹ ਨਾ ਸਿਰਫ਼ ਇੱਕ ਮਨੋਰੰਜਨ ਜਾਂ ਸੰਚਾਰ ਦਾ ਸਾਧਨ ਹੈ, ਸਗੋਂ ਇੱਕ ਸ਼ਕਤੀਸ਼ਾਲੀ ਆਰਥਿਕ ਸਾਧਨ ਵੀ ਹੈ, ਜੋ ਲੋਕਾਂ ਨੂੰ ਆਪਣੀ ਸਿਰਜਣਾਤਮਕਤਾ, ਹੁਨਰ ਅਤੇ ਮਿਹਨਤ ਨਾਲ ਆਮਦਨ ਕਮਾਉਣ ਦਾ ਮੌਕਾ ਦਿੰਦਾ ਹੈ। ਕੰਟੈਂਟ ਕਰੀਏਸ਼ਨ, ਇਨਫਲੂਐਂਸਰ ਮਾਰਕੀਟਿੰਗ, ਫ੍ਰੀਲਾਂਸਿੰਗ, ਈ-ਕਾਮਰਸ ਅਤੇ ਸੋਸ਼ਲ ਮੀਡੀਆ ਮੈਨੇਜਮੈਂਟ ਵਰਗੇ ਖੇਤਰਾਂ ਨੇ ਲੱਖਾਂ ਲੋਕਾਂ ਨੂੰ ਘਰ ਬੈਠੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਹਨ। ਭਵਿੱਖ ਵਿਚ, ਸੋਸ਼ਲ ਮੀਡੀਆ ਦਾ ਪ੍ਰਭਾਵ ਹੋਰ ਵੀ ਵਧੇਗਾ ਅਤੇ ਨਵੀਆਂ ਤਕਨੀਕਾਂ ਦੇ ਸੰਯੋਗ ਨਾਲ ਇਹ ਰੁਜ਼ਗਾਰ ਦੇ ਨਵੇਂ ਰੂਪ ਉਭਾਰੇਗਾ। ਜੇਕਰ ਵਿਅਕਤੀ ਆਪਣੇ ਹੁਨਰ ਨੂੰ ਸਹੀ ਦਿਸ਼ਾ ਵਿਚ ਵਰਤੇ ਅਤੇ ਸੋਸ਼ਲ ਮੀਡੀਆ ਦੀ ਸ਼ਕਤੀ ਨੂੰ ਸਮਝੇ, ਤਾਂ ਉਹ ਨਾ ਸਿਰਫ਼ ਆਰਥਿਕ ਤੌਰ 'ਤੇ ਸੁਤੰਤਰ ਹੋ ਸਕਦਾ ਹੈ, ਸਗੋਂ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਵੀ ਬਣਾ ਸਕਦਾ ਹੈ। ਸੋਸ਼ਲ ਮੀਡੀਆ ਸਾਨੂੰ ਸਿਖਾਉਂਦਾ ਹੈ ਕਿ ਜੇਕਰ ਹਿੰਮਤ, ਮਿਹਨਤ ਅਤੇ ਨਵੀਨਤਾ ਹੋਵੇ, ਤਾਂ ਕੋਈ ਵੀ ਵਿਅਕਤੀ ਘਰ ਬੈਠੇ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਦਾ ਹੈ।

## ਕਾਵਿ-ਕਿਆਰੀ

### ਤੂੰ ਵੀ 'ਪੀਐੱਚ. ਡੀ.' ਕਰ ਲੈ

ਮੈਨੂੰ ਕਹਿੰਦੀ ਤੂੰ ਵੀ ਪੰਜਾਬੀ ਦੀ
ਪੀਐੱਚ. ਡੀ. ਕਰ ਲੈ
ਆਪਣੇ ਨਾਂ ਅੱਗੇ 'ਡਾਕਟਰ' ਲਿਖਵਾ ਲੈ
ਕੁਰਸੀ ਤੇ ਬੈਠ ਕੇ ਕਰ ਲੈ
ਜਾਂ ਰਜਾਈ ਵਿਚ ਬੈਠ ਕੇ ਕਰ ਲੈ
ਮਿਸਟਰ ਤੋਂ ਡਾਕਟਰ ਸਾਹਿਬ ਬਣ ਜਾ
ਛੋਟੇ ਸਰਕਲ ਚੋਂ ਵੱਡੇ ਵਿਚ ਵੜ ਜਾ
ਕਿਸੇ ਸਹਿਤ ਸਭਾ ਦਾ ਪ੍ਰਧਾਨ ਬਣ ਜਾ
ਮੁੱਛਾਂ ਨੂੰ ਉਤਾਂਹ ਕਰਨ ਲੱਗ ਜਾ
ਦਾੜੀ ਨੂੰ ਫਿਕਸੋ ਲਾਉਣ ਲੱਗ ਜਾ
ਰੇਨਬੋ ਦੀਆਂ ਐਨਕਾਂ ਲਾਉਣ ਲੱਗ ਜਾ
ਸਕੂਟਰ ਨੂੰ ਛੱਡ ਕੇ ਕਾਰ ਤੇ ਚੜ੍ਹਨ ਲੱਗ ਜਾ
ਆਕੜ ਕੇ ਤੁਰਨ ਲੱਗ ਜਾ
ਮਾਸਟਰ ਤੋਂ ਪ੍ਰੋਫੈਸਰ ਬਣ ਜਾ
ਆਮ ਤੋਂ ਖਾਸ ਬਣ ਜਾ

ਮੈਂ ਕਿਹਾ!
ਪੜ੍ਹਾਈ ਲਿਖਾਈ ਵਿਚ
ਮੇਰੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਨਹੀਂ
ਇਹ ਕੰਮ ਮੇਰੇ ਤੋਂ ਨਹੀਂ ਹੋਣਾ
ਕਹਿੰਦੀ!
ਜਣਾ-ਖਣਾ 'ਪੰਜਾਬੀ' ਦੀ ਪੀਐੱਚ. ਡੀ.
ਕਰੀਂ ਜਾਂਦਾ ਹੈ
ਤੂੰ ਵੀ ਕਰ
ਕਿਸੇ 'ਸੰਨੀ ਡੇਅ' ਵਾਲੇ ਦਿਨ
ਇਕੱਲਾ ਬੈਠ ਕੇ ਸੋਚ
ਆਪਣਾ ਮਨ ਬਣਾ ਲੈ
ਕਿਸੇ ਨੂੰ ਗੁਰੂ ਧਾਰ ਲੈ
ਉਹਦੇ ਪੈਰੀਂ ਹੱਥ ਲਾ ਲੈ
ਚਰਨਾਂ ਵਿਚ ਕੁੱਲੀ ਪਾ ਲੈ
'ਸਾਹਿਬਾਂ' 'ਤੇ ਕਰ ਲੈ
'ਹੀਰ' 'ਤੇ ਕਰ ਲੈ
'ਸੋਹਣੀ' 'ਤੇ ਕਰ ਲੈ
'ਲੈਲਾ' 'ਤੇ ਕਰ ਲੈ
ਜਿਹੜੀ ਵੀ ਤੈਨੂੰ ਚੰਗੀ ਲੱਗਦੀ
ਜਿਹੜੀ ਵੀ ਤੈਨੂੰ ਪਿਆਰੀ ਲੱਗਦੀ
ਜਿਹੜੀ ਵੀ ਤੇਰਾ ਦਿਲ ਖੁਸ਼ ਕਰਦੀ
ਤੂੰ ਉਸ 'ਤੇ ਹੀ ਕਰ ਲੈ।

ਉਨ੍ਹਾਂ ਬਾਰੇ
ਬਹੁਤ ਕੁਝ ਲਿਖਿਆ ਗਿਆ ਹੈ
ਬਹੁਤ ਕੁਝ ਘੋਖਿਆ ਗਿਆ ਹੈ
ਬਹੁਤ ਕੁਝ ਲੱਭਿਆ ਗਿਆ ਹੈ
ਬਹੁਤ ਕੁਝ ਸਮਝਿਆ ਗਿਆ ਹੈ
ਬਹੁਤ ਕੁਝ ਸਮਝਾਇਆ ਗਿਆ ਹੈ
ਮੈਂ ਹੋਰ ਕੀ ਖੋਜਾਂ?
ਮੈਂ ਹੋਰ ਕੀ ਲਿਖਾਂ?
ਜੋ ਲਿਖਿਆ ਹੈ
ਉਸ ਨੂੰ ਧੋਅ ਲੈ
ਪ੍ਰੈੱਸ ਕਰ ਲੈ
ਹਵਾ ਲਵਾ ਦੇ
ਡਰਾਈਕਲੀਨ ਕਰਾ ਲੈ
ਤੋਪੇ ਲਾ ਲੈ
ਕੋਈ ਨਵਾਂ ਡਿਜ਼ਾਈਨ ਬਣਾ ਲੈ
ਫੋਟੋਸ਼ਾਪ ਕਰਵਾ ਲੈ
ਇੱਧਰੋ ਉੱਧਰੋਂ ਨਕਲ ਮਾਰ ਕੇ
ਵਰਕੇ ਇਕੱਠੇ ਕਰ ਲੈ
ਬਹੁਤਾ ਨਹੀਂ ਤਾਂ ਪੁੱਠਾ ਕਰਕੇ ਹੀ ਪਾ ਲੈ
ਟਾਕੀ-ਟੂਕੀ ਲਾ ਲੈ
ਸਾਰੀ ਦੁਨੀਆਂ ਹੀ ਪੀਐੱਚ. ਡੀ. ਕਰੀਂ ਜਾਂਦੀ ਹੈ
ਤੇਰੇ ਤੋਂ ਅਗਾਂਹ ਲੰਘੀ ਜਾਂਦੀ ਹੈ
ਮੌਜਾਂ ਕਰੀ ਜਾਂਦੀ ਹੈ
ਮਿਸਟਰ ਤੋਂ ਡਾਕਟਰ ਬਣੀ ਜਾਂਦੀ ਹੈ
ਵਧੀਆਂ ਤਨਖਾਹਾਂ ਤੇ ਪੈਨਸ਼ਨਾਂ ਲਈ ਜਾਂਦੀ ਹੈ।
ਮੈਨੂੰ ਕੁੱਝ ਸਮਝ ਨਹੀਂ ਆਉਂਦੀ

'ਸਾਹਿਬਾਂ' 'ਤੇ ਕਰ ਲੈ
ਭਰਾਵਾਂ ਦੀ ਗਿਣਤੀ ਬਦਲ ਦੇ
ਜੰਡ ਦਾ ਘੇਰਾ ਬਦਲ ਦੇ
ਕਾਲੇ ਘੋੜਿਆਂ ਦੀ ਥਾਂ ਚਿੱਟੇ ਕਰਦੇ
ਸਾਹਿਬਾਂ ਦੇ ਭਰਾਵਾਂ ਹੱਥ ਘਫੰ ਤੇ
ਏ. ਕੇ. ਸੰਤਾਲੀ ਫੜਾ ਦੇ
ਮਿਰਜ਼ੇ ਤੇ ਸਾਹਿਬਾਂ ਦੀ ਲੋਕੇਸ਼ਨ ਬਦਲ ਦੇ
ਗੂਗਲ ਮੈਪ ਤੇ ਚੜ੍ਹਾਂ ਦੇ
ਘੋੜਿਆਂ ਦੀ ਐਕਸ਼ਲਰੇਸ਼ਨ ਵਧਾ ਦੇ
ਗਰੈਵਿਟੀ ਨੂੰ ਜ਼ੀਰੋ ਕਰਕੇ ਉੱਡਣ ਲਾ ਦੇ
ਯਾਰ ਹੀ ਮਰਵਾਉਣਾ ਹੈ
ਜਿਸ ਤਰ੍ਹਾਂ ਵੀ ਮਰਦਾ
ਉਸੇ ਤਰ੍ਹਾਂ ਹੀ ਮਰਵਾ ਦੇ
ਮਿਰਜ਼ੇ ਨੂੰ ਸਿਗਰਟਾਂ ਪੀਂਦਾ ਦਿਖਾ ਦੇ
ਚਿੱਟੇ ਦੇ ਟੀਕੇ ਲਾਉਂਦਾ ਦਿਖਾ ਦੇ
'ਰਣਸੀਂਹ' ਪਿੰਡ ਵਾਲੇ ਜੰਡ ਥੱਲੇ ਮਰਵਾ ਦੇ।
ਨਹੀਂ ਮੈਂ ਇਹ ਨਹੀਂ ਕਰ ਸਕਦਾ

ਚੱਲ ਫਿਰ 'ਹੀਰ' 'ਤੇ ਕਰ ਲੈ
ਰਾਂਝੇ ਤੋਂ ਮੱਝਾਂ ਹੀ ਚਰਵਾਉਣੀਆਂ
ਕਾਲੀਆਂ ਦੀ ਥਾਂ ਬੂਰੀਆਂ ਕਰ ਦੇ
ਪੂਛਾਂ ਕੱਟ ਕੇ ਮੱਝਾਂ ਨੂੰ ਲੰਡੀਆਂ ਕਰਦੇ
ਸਾਰੀਆਂ ਨੂੰ ਇੱਕੋ ਦਿਨ ਪਰੈਗਨੈਂਟ ਕਰਵਾ ਦੇ
ਦੁੱਧ ਦੀ ਪ੍ਰੋਡਾਕਸ਼ਨ ਵਧਾ ਦੇ
ਰਾਂਝੇ ਨੂੰ ਚੂਰੀ ਦੀ ਥਾਂ ਮੱਕੀ ਦੀ ਰੋਟੀ ਤੇ ਸਾਗ ਖਵਾ ਦੇ
ਨਹੀਂ ਮੈਂ ਇਸ ਤਰ੍ਹਾਂ ਨਹੀਂ ਕਰ ਸਕਦਾ
ਚੱਲ ਫਿਰ 'ਸੋਹਣੀ' ਤੇ ਕਰ ਲੈ
ਤੂੰ ਲਿਖਦੇ ਕਿ ਸੋਹਣੀ ਘੱਗਰਾ ਨਹੀਂ
ਟੂ-ਪੀਸ ਸਵਿਮਿੰਗ ਸੂਟ ਪਾ ਕੇ ਜਾਂਦੀ ਸੀ
ਸਵਿਮਿੰਗ ਗੋਗਲਜ਼ ਲਾ ਕੇ ਜਾਂਦੀ ਸੀ
ਘਰਦਿਆਂ ਨੂੰ ਨੀਂਦ ਦੀਆਂ ਗੋਲੀਆਂ ਖਵਾ ਕੇ ਜਾਂਦੀ ਸੀ
ਤੂੰ ਲਿਖਦੇ ਕਿ ਉਹ 'ਟੱਲੇਵਾਲ' ਦੀ ਨਹਿਰ ਪਾਰ ਕਰਦੀ ਸੀ
ਘੜੇ ਦਾ ਵੌਲਿਊਮ ਬਦਲ ਦੇ
ਘੜੇ ਨੂੰ ਲੀਕ ਕਰਨ ਲਾ ਦੇ
ਸੋਹਣੀ ਅਤੇ ਮਹੀਵਾਂਲ ਨੂੰ 'ਕਿਸ' ਕਰਦਿਆਂ ਦੀਆਂ
ਵੀਡੀਓਜ਼ ਨੂੰ ਵ੍ਹਟ'ਸ ਅਪਪ ਤੇ ਸ਼ੇਅਰ ਕਰਦੇ
ਸੋਹਣੀ ਨੂੰ ਪਰੈਂਗਨੈਂਟ ਦਿਖਾ ਦੇ
ਮਹੀਂਵਾਲ ਨੂੰ ਓਿਧੰ ਦੀ ਬੀਮਾਰੀ ਲਾ ਦੇ
'ਸੋਭਾ ਸਿੰਘ ਆਰਟਿਸਟ' ਵਾਂਗੂੰ ਤੂੰ ਵੀ
ਲੋਕਾਂ ਨੂੰ ਦਿਨੇ ਹੀ ਬੇਵਕੂਫ਼ ਬਣਾ ਦੇ
ਲੋਕਾਂ ਨੂੰ ਭੰਬਲਭੂਸੇ ਵਿਚ ਪਾ ਦੇ
ਨਹੀਂ ਮੈਂ ਇਸ ਤਰ੍ਹਾਂ ਨਹੀਂ ਕਰ ਸਕਦਾ
ਜਾਹ ਦਫ਼ਾ ਹੋ ਫਿਰ
ਬੈਠਾ ਰਹਿ ਪੀ.ਐਚ. ਡੀ ਤੋਂ ਬਿਨਾਂ
ਛੁਣ-ਛਣਾ ਬਜਾ ਜਾਂ ਵਾਜਾ ਬਜਾ।

*-ਸੰਨੀ ਧਾਲੀਵਾਲ*

---

### ਆਓ ਪਿਆਰੇ ਬੱਚਿਓ ਸਕੂਲ ਆਓ

ਅਨਪੜ੍ਹ ਰਹਿ ਕੇ ਕਾਹਤੋਂ ਧੱਕੇ ਐਵੇਂ ਖਾਓ,
ਆਓ ਪਿਆਰੇ ਬੱਚਿਓ ਸਾਰੇ ਸਕੂਲ ਆਓ।

ਸਕੂਲ ਵਿਚ ਚੰਗੇ-ਚੰਗੇ ਪਾਠ ਪੜ੍ਹਾਵਾਂਗੇ,
ਜ਼ਿੰਦਗੀ ਨੂੰ ਸੋਹਣੀ ਅਤੇ ਆਸਾਨ ਬਣਾਵਾਂਗੇ,
ਜ਼ਿੰਦਗੀ ਦਾ ਗੀਤ ਸਕੂਨ ਨਾਲ ਗਾਓ,
ਆਓ ਪਿਆਰੇ ਬੱਚਿਓ ਸਾਰੇ ਸਕੂਲ ਆਓ।

ਪੜ੍ਹਾ ਕੇ ਥੋਨੂੰ ਚੰਗੇ ਇਨਸਾਨ ਬਣਾਉਣਾ,
ਸਾਰਿਆਂ ਨੂੰ ਤਰੱਕੀਆਂ ਦੇ ਰਾਹ ਉੱਤੇ ਪਾਉਣਾ,
ਦੇਖਦੇ ਜੋ ਸੁਪਨੇ ਓਹ ਜ਼ਿੰਦਗੀ 'ਚ ਪਾਓ,
ਆਓ ਪਿਆਰੇ ਬੱਚਿਓ ਸਾਰੇ ਸਕੂਲ ਆਓ।

ਖੇਡਾਂ ਵਿਚ ਮਾਰ ਮੱਲਾਂ, ਮਾਰੋ ਉਡਾਰੀਆਂ,
ਸ਼ੋਹਰਤਾਂ ਦੇ ਨਾਲੋਂ ਨਾ ਕੋਈ ਚੀਜ਼ਾਂ ਵੀ ਪਿਆਰੀਆਂ,
ਨਾਮ ਕਮਾ ਕੇ ਪੂਰੀ ਦੁਨੀਆਂ 'ਤੇ ਛਾਓ,
ਆਓ ਪਿਆਰੇ ਬੱਚਿਓ ਸਾਰੇ ਸਕੂਲ ਆਓ।

ਮਨਾਂ ਵਿੱਚੋਂ ਸਿੱਖਿਆ ਈਰਖਾ-ਸਾੜਾ ਘਟਾਵੰਦੀ,
ਸਮਾਜ ਵਿਚ ਭਾਈਚਾਰਕ ਸਾਂਝ ਵਧਾਵੰਦੀ,
ਦੇਸ਼ ਵਿੱਚ ਏਕਤਾ ਦੇ ਫੁੱਲ ਤੁਸੀਂ ਲਾਓ,
ਆਓ ਪਿਆਰੇ ਬੱਚਿਓ ਸਾਰੇ ਸਕੂਲ ਆਓ

*-ਕੁਲਵੰਤ ਕੁਠਾਲਾ*
*ਫੋਨ: 88723-91936*

# ਦੁਨੀਆ ਦੇ ਦਸ ਅਮੀਰਾਂ 'ਚੋਂ ਨੌਂ ਹਨ ਅਮਰੀਕੀ

## ਪਹਿਲੇ ਅਮੀਰ ਐਲਨ ਮਸਕ ਟਰੰਪ ਪ੍ਰਸ਼ਾਸਨ 'ਚ ਵੀ ਰਹੇ ਸਰਗਰਮ



ਐਸ ਅਸ਼ੋਕ ਭੌਰਾ
ਫੋਨ: 510-415-3315

ਦੱਖਣੀ ਅਫਰੀਕਾ ਦੇ ਪ੍ਰੀਟੋਰੀਆ 'ਚ 1971 ਨੂੰ ਜਨਮੇ ਮਸਕ ਦਾ ਬਚਪਨ ਦਰਮਿਆਨੇ ਬੱਚਿਆਂ ਵਰਗਾ ਹੀ ਸੀ ਪਰ ਉਸ ਨੇ 12 ਸਾਲ ਦੀ ਉਮਰ ਵਿਚ ਪਹਿਲਾ ਕੰਪਿਊਟਰ ਗੇਮ ਵਿਕਸਿਤ ਕਰ ਕੇ ਕਮਾਲ ਕਰ ਦਿੱਤਾ ਸੀ। ਹਾਲੇ ਕੱਲ੍ਹ ਦੀ ਗੱਲ ਹੈ ਕਿ ਦੁਨੀਆਂ ਦਾ ਇਹ ਅਮੀਰ ਵਿਅਕਤੀ ਪੈਂਨਸਲਵੇਂਨੀਆ ਤੋਂ 1997 'ਚ ਅਰਥ-ਸ਼ਾਸਤਰ ਤੇ ਭੌਤਿਕ ਵਿਗਿਆਨ ਦੀ ਡਿਗਰੀ ਲੈ ਕੇ ਫਿਰ ਸਟੈਨਫੋਰਟ ਪੜ੍ਹਿਆ। ਅਸਲ 'ਚ ਅਮੀਰ ਲੋਕਾਂ ਦੀਆਂ ਕਈ ਗੱਲਾਂ ਸਾਂਝੀਆਂ ਤੇ ਦਿਲਚਸਪ ਵੀ ਹਨ। ਇਨ੍ਹਾਂ ਅਰਬਪਤੀਆਂ ਨੇ ਸਖਤ ਮਿਹਨਤ, ਚੰਗੇ ਵਿਚਾਰਾਂ, ਨਿਮਰਤਾ, ਸਹਿਜਤਾ, ਸਿਆਣੇ ਵਿੱਤੀ ਸਲਾਹਕਾਰਾਂ ਨਾਲ ਮਿਲ ਕੇ ਤੇ ਸੁਚੇਤ ਹੋ ਕੇ ਯੋਜਨਾਬੰਦੀ ਕਰ ਕੇ ਹੀ ਉੱਚੀਆਂ ਪ੍ਰਾਪਤੀਆਂ ਕੀਤੀਆਂ ਹਨ।

ਐਲਨ ਮਸਕ ਕੋਲ ਇਸ ਵੇਲੇ 437 ਬਿਲੀਅਨ ਅਮਰੀਕੀ ਡਾਲਰ (ਇੱਕ ਬਿਲੀਅਨ ਡਾਲਰ 'ਚ ਕਰੀਬ 8400 ਕਰੋੜ ਰੁਪਏ ਹੁੰਦੇ ਹਨ) ਦੀ ਜਾਇਦਾਦ ਹੈ। ਇਹ ਰਕਮ ਉਂਝ ਬੈਂਕਾਂ 'ਚ ਨਹੀਂ ਪਈ ਹੁੰਦੀ। ਮੁੱਖ ਤੌਰ 'ਤੇ ਨਿਵੇਸ਼ ਹੁੰਦੇ ਹਨ ਆਮ ਤੌਰ 'ਤੇ ਸਭ ਵੱਡੀਆਂ ਵਪਾਰ ਕਰਨ ਵਾਲੀਆਂ ਕੰਪਨੀਆਂ ਦੇ, ਜਿਨ੍ਹਾਂ ਵਿਚ ਆਮ ਲੋਕ ਵੀ ਨਿਵੇਸ਼ ਕਰ ਸਕਦੇ ਹਨ। ਇਹ ਵੀ ਸੱਚ ਹੈ ਕਿ ਐਲਨ ਮਸਕ ਦੁਨੀਆਂ ਦੀਆਂ ਸਭ ਤੋਂ ਵਿਵਾਦਪੂਰਨ ਕਾਰੋਬਾਰੀ ਸ਼ਖ਼ਸੀਅਤਾਂ 'ਚੋਂ ਇੱਕ ਹੈ ਪਰ ਵਿਵਾਦ ਦੇ ਘੇਰੇ ਵਿਚ ਉਸ ਦੀ ਦੌਲਤ ਕਦੇ ਨਹੀਂ ਆਈ। ਉਸ ਨੇ 'ਟੇਸਲਾ' ਨੂੰ ਇਲੈਕਟ੍ਰਾਨਿਕ ਵਾਹਨਾਂ ਵਿਚੋਂ ਬਾਜ਼ਾਰ ਵਿਚ ਮੋਹਰੀ ਬਣਾ ਦਿੱਤਾ ਹੈ ਤੇ 2002 ਵਿਚ ਸ਼ੁਰੂ ਕੀਤੀ ਸਪੇਸ-ਐਕਸ ਨਾਲ ਪੁਲਾੜ ਯਾਤਰਾ ਨੂੰ ਅੱਗੇ ਲਿਜਾ ਰਿਹਾ ਹੈ। ਰਾਜਨੀਤਕ ਤੌਰ 'ਤੇ ਸਰਗਰਮ ਮਸਕ ਨੇ ਦਿਮਾਗੀ ਚਿੱਪ ਦਾ ਵਿਕਾਸ ਆਰੰਭਿਆ ਹੈ ਤੇ ਟਵਿੱਟਰ ਨੂੰ ਖਰੀਦ ਕੇ ਇਸ ਦਾ ਨਾਂ ਐਕਸ ਰੱਖਿਆ ਜੋ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਵੱਡਾ ਤੇ ਭਰੋਸੇਯੋਗ ਨਾਂ ਬਣ ਗਿਆ ਹੈ। ਮਸਕ ਦੇ ਦੋ ਵਿਆਹ ਨੇ ਤੀਜੀ ਕੈਨੇਡੀਅਨ ਸੰਗੀਤਕਾਰ ਮਿੱਤਰ ਹੈ ਤੇ ਤਿੰਨ ਹੀ ਬੱਚੇ ਨੇ ਦੋ ਬੇਟੇ, ਇੱਕ ਬੇਟੀ।

ਦੁਨੀਆਂ ਦਾ ਦੂਜਾ ਅਮੀਰ ਆਦਮੀ ਜੈਫ ਬੇਜੋਸ ਹੈ ਜੋ ਦੁਨੀਆ ਭਰ ਵਿਚ ਵੱਡਾ ਕਾਰੋਬਾਰ ਕਰਨ ਵਾਲੀ ਐਮਾਜਾਨ ਕੰਪਨੀ ਦਾ ਮਾਲਕ ਤੇ ਸੰਸਥਾਪਕ ਹੈ। ਉਸ ਕੋਲ 243 ਬਿਲੀਅਨ ਡਾਲਰ ਦੀ ਜਾਇਦਾਦ ਹੈ। ਸਾਲ 2008-09 'ਚ ਵਿਤੀ ਸੰਕਟ ਨਾਲ ਜੂਝਣ ਵਾਲਾ ਜੈਫ ਹੁਣ ਅਮੀਰਾਂ 'ਚ ਦਾਖਲ ਹੈ ਤੇ ਐਮਾਜਾਨ ਨੇ ਵੈੱਬ ਸੇਵਾਵਾਂ ਲੋਜਿਸਟਿਕ ਤੇ ਸ਼ਿਪਿੰਗ ਦੇ ਨਾਲ ਹੋਰ ਵੱਡਾ ਵਿਸਥਾਰ ਕੀਤਾ ਹੈ। ਸਾਲ 2013 ਵਿਚ ਉਸਨੇ ਪ੍ਰਿੰਟ ਮੀਡੀਆ 'ਚ ਸਥਾਪਿਤ ਨਾਂ 'ਵਾਸ਼ਿੰਗਟਨ ਪੋਸਟ' ਨੂੰ 250 ਮਿਲੀਅਨ ਡਾਲਰ 'ਚ ਖਰੀਦਿਆ ਸੀ। ਉਹਦੀ ਇੱਕ ਕੰਪਨੀ ਏਰੋਸਪੇਸ ਹੈ ਜੋ ਪੁਲਾੜ ਵਾਹਨ ਯਾਤਰਾ ਦਾ ਵਪਾਰੀਕਰਨ ਕਰ ਰਹੀ ਹੈ। ਬੇਜੋਸ ਦਾਨੀ ਵੀ ਵੱਡਾ ਹੈ, ਸਾਲ 2020 ਵਿਚ ਉਸਨੇ 10 ਬਿਲੀਅਨ ਡਾਲਰ ਦਾਨ ਨਾਲ ਬੇਜੋਸ ਅਰਥ ਫੰਡ ਦੀ ਸਥਾਪਨਾ ਕਰਦਿਆਂ ਕਿਹਾ ਸੀ ਕਿ ਉਹ ਆਪਣੀ ਬਾਕੀ ਜਾਇਦਾਦ ਵੀ ਦਾਨ ਕਰ ਦੇਵੇਗਾ। 1964 'ਚ ਜਨਮੇ ਬੋਜੇਸ ਦੀ ਪਤਨੀ ਦਾ ਨਾਂ ਮਕੈਂਜੀ ਸਕਾਟ ਹੈ ਪਰ ਪਹਿਲੀ ਪਤਨੀ ਤੋਂ ਉਸਦੇ ਤਿੰਨ ਬੇਟੇ ਹਨ ਤੇ ਚੀਨੀ ਮੂਲ ਦੀ ਇੱਕ ਬੱਚੀ ਨੂੰ ਉਸਨੇ ਗੋਦ ਲਿਆ ਹੈ। ਅਮਰੀਕਾ ਦੇ ਚਾਰ ਸ਼ਹਿਰਾਂ ਵਿਚ ਉਸਦੇ ਨਿਵਾਸ ਹਨ।

214 ਬਿਲੀਅਨ ਡਾਲਰ ਜਾਇਦਾਦ ਨਾਲ ਮਾਰਕ ਜ਼ੁਕਰਬਰਗ ਦੁਨੀਆਂ ਦਾ ਤੀਜਾ ਅਮੀਰ ਵਿਅਕਤੀ ਹੈ। ਉਹ ਮੇਟਾ ਪਲੇਟਫਾਰਮ ਦਾ ਸੰਸਥਾਪਕ ਹੈ ਜਿਸ ਨੂੰ ਪਹਿਲਾਂ 'ਫੇਸ ਬੁੱਕ' ਵਜੋਂ ਜਾਣਿਆ ਜਾਂਦਾ ਸੀ। ਇਸ ਦਾ ਹੈੱਡ ਕੁਆਰਟਰ ਮੈਨਲੋ ਪਾਰਕ ਕੈਲੀਫੋਰਨੀਆ 'ਚ ਹੈ। ਜ਼ੁਕਰਬਰਗ ਨੇ ਫੇਸਬੁਕ ਦੀ ਸ਼ੁਰੂਆਤ ਹਾਅਵਰਡ ਵਿਖੇ ਆਪਣੇ ਡੋਰਮ ਰੂਮ ਤੋਂ ਕੁਝ ਮਿੱਤਰਾਂ ਦੋਸਤਾਂ ਨਾਲ ਇੱਕ ਸੁੱਖ-ਸੁਨੇਹੇ ਭੇਜਣ ਵਜੋਂ ਕੀਤੀ ਸੀ ਤੇ ਫਿਰ ਮਿਹਨਤ ਨਾਲ ਇਸ ਨੂੰ ਫੈਲਾਇਆ। ਸੋਸ਼ਲ ਮੀਡੀਆ ਪਲੇਟਫਾਰਮ 'ਤੇ ਫੇਸ ਬੁੱਕ ਦੁਨੀਆ ਭਰ ਵਿਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਸਰੋਤ ਹੈ। ਮਈ 1984 ਵਿਚ ਨਿਊਯਾਰਕ ਜਨਮੇ ਜ਼ੁਕਰਬਰਗ ਦੇ ਤਿੰਨ ਬੱਚੇ ਹਨ ਤੇ ਉਸਦੀ ਪ੍ਰਿਸਕੀਲਾ ਚਨ ਪਤਨੀ ਹੈ। ਆਮ ਤੌਰ 'ਤੇ 'ਜ਼ੁੱਕ' ਨਾਲ ਜਾਣਿਆ ਜਾਂਦਾ ਜ਼ੁਕਰਬਰਗ ਕੈਲੀਫੋਰਨੀਆ ਦੇ ਬੇ-ਏਰੀਏ 'ਚ ਪੈਂਦੇ ਸ਼ਹਿਰ ਪਾਲੋ ਅਲਟੋ 'ਚ ਵੱਸਦਾ ਹੈ।

ਸਾਫਟਵੇਅਰ ਕੰਪਨੀ ਓਰੇਕਿਲ ਦੇ ਸਹਿ-ਸੰਸਥਾਪਕ ਰਹੇ ਤੇ ਇੱਥੇ ਹੀ ਤਕਨਾਲੌਜੀ ਅਧਿਕਾਰੀ ਫਿਰ ਕਾਰਜਕਾਰੀ ਚੇਅਰਮੈਨ ਬਣ ਕੇ ਦਹਾਕਿਆਂ ਤੱਕ ਇਸ ਨੂੰ ਚਲਾਉਣ ਵਾਲਾ ਚੌਥਾ ਅਮੀਰ ਲੈਰੀ ਐਲੀਸਨ ਦੁਨੀਆ ਦੀ ਮਸ਼ਹੂਰ ਅਮਰੀਕੀ ਸੈਰਗਾਹ ਹਵਾਈ ਦੇ ਕਰੀਬ ਸਾਰੇ ਟਾਪੂਆਂ ਦਾ ਮਾਲਕ ਹੈ। ਉਸ ਕੋਲ 192 ਬਿਲੀਅਨ ਡਾਲਰ ਦੀ ਇਸ ਵੇਲੇ ਜਾਇਦਾਦ ਹੈ। ਕਰੀਬ 81 ਵਰ੍ਹਿਆਂ ਦਾ ਲੈਰੀ ਨਿਊਯਾਰਕ ਜਨਮਿਆ, ਸ਼ਿਕਾਗੋ ਪੜ੍ਹਿਆ ਤੇ ਉਸਨੇ ਚਾਰ ਵਿਆਹ ਕਰਵਾਏ ਪਰ ਸਿਰੇ ਕੋਈ ਵੀ ਨਹੀਂ ਚੜ੍ਹਿਆ।

52 ਸਾਲਾ ਲੈਰੀ ਪੇਜ ਲਾਂਸਿੰਗ, ਮਿਸ਼ੀਗਨ 'ਚ ਜਨਮਿਆ ਤੇ ਇਸ ਵਕਤ 170 ਬਿਲੀਅਨ ਡਾਲਰ ਦੀ ਜਾਇਦਾਦ ਨਾਲ ਅਮੀਰਾਂ 'ਚੋਂ ਪੰਜਵੇਂ ਨੰਬਰ 'ਤੇ ਹੈ। ਉਹ ਗੂਗਲ ਦਾ ਸਹਿ-ਸੰਸਥਾਪਕ ਹੈ ਜਿਸ ਦਾ ਨਾਂ ਬਾਅਦ ਵਿਚ ਬਦਲ ਕੇ ਅਲਫਾਬੇਟ ਰੱਖਿਆ ਗਿਆ। ਲੈਰੀ ਨੇ 1997 ਤੋਂ 2001 ਅਤੇ 2011 ਤੋਂ 2019 ਤੱਕ ਕੰਪਨੀ ਦੀ ਅਗਵਾਈ ਕੀਤੀ। ਉਸ ਨੂੰ ਕੰਪਿਊਟਰ ਇੰਜੀਨੀਅਰ ਤੇ ਵਿਗਿਆਨੀ ਕਰ ਕੇ ਵੀ ਜਾਣਿਆ ਜਾਂਦਾ ਹੈ। ਯੂਨੀਵਰਸਿਟੀ ਆਫ ਮਿਸ਼ੀਗਨ ਤੋਂ ਪੜ੍ਹੇ ਲੈਰੀ ਪੇਜ ਦੇ ਦੋ ਬੱਚੇ ਹਨ ਤੇ ਲੁਸੀਂਡਾ ਸਾਊਥ ਵਰਥ ਉਸ ਦੀ ਪਤਨੀ ਹੈ।

ਫਰਾਂਸ ਦੀ ਲੂਇਸ ਵਿਟਨ ਮੋਇਟ ਹੈਂਸੀ (ਐਲ ਵੀ ਐਮ ਐਚ) ਮਲਟੀ ਨੈਸ਼ਨਲ ਲਗਜ਼ਰੀ ਗੁਡ ਕੰਪਨੀ ਹੈ ਤੇ ਇਸ ਦੇ ਲੱਖਾਂ ਲੋਕ ਦਿਵਾਨੇ ਹਨ। ਇਸ ਕੰਪਨੀ ਨੇ ਕ੍ਰਿਸਚੀਅਨ ਡਾਇਰ, ਲੂਈਸ, ਵਿਟਨ ਤੇ ਹੈਂਸੀ ਵਰਗੇ ਕਈ ਫ੍ਰੈਂਚ ਫੈਸ਼ਨ ਬਰਾਂਡ ਨੂੰ ਹਾਸਲ ਕੀਤਾ ਹੈ। ਦੁਨੀਆਂ ਦੇ ਅਮੀਰਾਂ 'ਚ 181 ਬਿਲੀਅਨ ਡਾਲਰ ਜਾਇਦਾਦ ਦੇ ਮਾਲਕ ਬਰਨਾਡ ਅਰਨੋਲਟ ਇਸ ਕੰਪਨੀ ਦਾ ਜਨਮ ਦਾਤਾ ਹੈ। ਇਸ ਲਗਜ਼ਰੀ ਸਮੂਹ ਨੇ ਹਾਲ ਹੀ ਵਿਚ ਟਿਫਨੀ ਨੂੰ ਹਾਸਲ ਕੀਤਾ ਹੈ ਤੇ ਮਾਰਕੀਟ ਪੂੰਜੀਕਰਨ ਦੇ ਮਾਮਲੇ ਵਿਚ ਇਹ ਯੂਰਪ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ 'ਚੋਂ ਇੱਕ ਹੈ। ਦੁਨੀਆਂ ਦਾ 76 ਵਰ੍ਹਿਆਂ ਦਾ ਇਹ ਅਮੀਰ ਪੈਰਿਸ ਵੱਸਦਾ ਹੈ।

ਕੈਲੀਫੋਰਨੀਆ ਦੀ ਸਿਲੀਕਾਨ ਵੈਲੀ ਦੇ ਇੱਕ ਗਿਰਾਜ ਵਿਚ ਗੂਗਲ ਨੂੰ ਵਿਕਸਿਤ ਕਰਨ ਵਾਲਿਆਂ ਵਿਚ ਸ਼ਾਮਿਲ ਸੀ ਸਰਗੇਈ ਬ੍ਰਿਨ ਜੋ ਇਸ ਵੇਲੇ 160 ਬਿਲੀਅਨ ਡਾਲਰ ਅਮਰੀਕੀ ਡਾਲਰ ਦੀ ਜਾਇਦਾਦ ਦਾ ਮਾਲਕ ਹੈ, ਦੁਨੀਆਂ ਦੇ ਅਮੀਰਾਂ 'ਚੋਂ 7ਵੇਂ ਨੰਬਰ 'ਤੇ ਹੈ। ਬ੍ਰਿਨ ਤੇ ਲੈਰੀ ਪੇਜ ਸ਼ਾਬਦਿਕ ਤੌਰ 'ਤੇ ਗੂਗਲ ਨੂੰ ਵਿਕਸਿਤ ਕਰਨ ਵਾਲੇ ਪਹਿਲਿਆਂ 'ਚੋਂ ਦੋ ਖਾਸ ਨਾਂ ਹਨ। ਕਰੀਬ 51 ਵਰ੍ਹਿਆਂ ਦਾ ਬ੍ਰਿਨ ਮਾਸਕੋ 'ਚ ਜੰਮਿਆ ਤੇ ਉਸਨੇ ਸਟੈਨਫੋਰਟ ਤੇ ਮੈਰੀਲੈਂਡ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕੀਤੀ ਤੇ ਇਸ ਵੇਲੇ ਉਸ ਕੋਲ ਅਮਰੀਕਾ ਤੇ ਰੂਸ ਦੀ ਦੋਹਰੀ ਨਾਗਰਿਕਤਾ ਹੈ।

ਨੰਬਰ ਭਾਵੇਂ ਅੱਗੇ ਪਿੱਛੇ ਹੁੰਦੇ ਰਹੇ ਹੋਣ ਪਰ ਮਾਈਕਰੋਸਾਫਟ ਦਾ ਬਾਨੀ ਬਿਲ ਗੇਟਸ ਰਿਹਾ ਹਮੇਸ਼ਾ ਦੁਨੀਆਂ ਦੇ ਅਮੀਰਾਂ ਦੀ ਗਿਣਤੀ 'ਚ ਹੈ। ਇਸ ਸਮੇਂ ਭਾਵੇਂ ਉਹ ਅੱਠਵੇਂ ਸਥਾਨ 'ਤੇ ਚਲੇ ਗਿਆ ਹੈ ਪਰ 70 ਵਰ੍ਹਿਆਂ ਦੇ ਬਿਲ ਗੇਟਸ ਦੀ ਸੋਫਟਵੇਅਰ ਕੰਪਨੀ ਦਾ ਵਿਕਾਸ ਲਗਾਤਾਰ ਫੈਲਦਾ ਰਿਹਾ ਹੈ। 158 ਬਿਲੀਅਨ ਡਾਲਰ ਜਾਇਦਾਦ ਦੇ ਮਾਲਕ ਗੇਟਸ ਆਪਣੇ ਪਰਉਪਕਾਰੀ ਸੁਭਾਅ ਕਰਕੇ ਵੀ ਜਾਣੇ ਜਾਂਦੇ ਹਨ 'ਬਿਲ ਐਂਡ ਮੈਲਿੰਡਾ ਗੇਟਸ' ਫਾਊਂਡੇਸ਼ਨ ਅਧੀਨ ਉਸ ਨੇ ਬਹੁਤ ਚੈਰੀਟੇਬਲ ਕਾਰਜ ਕੀਤੇ ਹਨ।

ਦੁਨੀਆਂ ਦੇ ਅਮੀਰਾਂ 'ਚੋਂ ਨੌਵਾਂ ਸਥਾਨ ਹੈ ਸਟੀਵ ਬਾਲਮਰ ਦਾ, ਜਿਸ ਕੋਲ 147 ਬਿਲੀਅਨ ਡਾਲਰ ਦੀ ਜਾਇਦਾਦ ਤੇ ਕਿਸਮਤ ਹੈ। ਇਹ ਮਾਈਕਰੋਸਾਫਟ ਰਾਹੀਂ ਹੀ ਬਣਾਈ ਹੈ ਤੇ ਸਟੀਵ ਨੇ 2000 ਤੋਂ 2014 ਤੱਕ ਕੰਪਨੀ ਦੀ ਅਗਵਾਈ ਕੀਤੀ। ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ ਦੀ ਇੱਕ ਪ੍ਰੋ ਬਾਸਕਟਬਾਲ ਫਰੈਂਚਆਈਜ਼ ਲਾਸ ਏਂਜਲਸ ਕਲਿਪਰ ਨੂੰ ਖਰੀਦਣ ਵਾਲਿਆਂ 'ਚੋਂ ਮੁੱਖ ਸਹਿਯੋਗੀ ਸਟੀਵ ਬਾਲਮ ਰਹੀ ਸੀ। ਡੈਟਰੋਇਟ,ਮਿਸ਼ੀਗਨ ਵਸਦਾ ਬਾਲਮਰ ਭਾਵੇਂ ਅਮੀਰਾਂ ਦੀ ਗਿਣਤੀ 'ਚ ਨੌਵੇਂ ਸਥਾਨ 'ਤੇ ਹੋਵੇ ਪਰ ਆਪਣੇ ਸਾਢੇ ਛੇ ਫੁੱਟ ਲੰਬੇ ਕੱਦ ਨਾਲ ਇਨ੍ਹਾਂ 'ਚੋਂ ਨੰਬਰ ਇੱਕ 'ਤੇ ਵੀ ਹੈ।

ਵਾਰਨ ਬਫਿਟ ਦਾ ਦੁਨੀਆਂ ਦੇ ਅਮੀਰਾਂ 'ਚ ਦਸਵਾਂ ਸਥਾਨ ਹੈ। ਵਾਰਨ ਆਪਣੀ ਭਵਿੱਖਬਾਣੀ ਨਿਵੇਸ਼ ਸੂਝ-ਬੂਝ ਲਈ ਲੰਬੇ ਅਰਸੇ ਤੋਂ ਉਮਾਹਾ ਤੇ ਓਰੀਕਲ ਵਜੋਂ ਜਾਣਿਆ ਜਾਂਦਾ ਹੈ। 142 ਬਿਲੀਅਨ ਡਾਲਰ ਜਾਇਦਾਦ ਦਾ ਮਾਲਕ ਪਿਛਲੇ 60 ਸਾਲਾਂ ਤੋਂ ਬਰਕਸ਼ਾਇਰ ਹੈਥਵੇਅ, ਉਸ ਨਿਵੇਸ਼ ਸਮੂਹ ਦਾ ਮੁਖੀ ਹੈ, ਜਿਸ ਦੀ ਅਨੇਕਾਂ ਅਮਰੀਕਨ ਕਾਰੋਬਾਰਾਂ 'ਚ ਵੱਡੀ ਹਿੱਸੇਦਾਰੀ ਹੈ ਤੇ ਇਹਦੇ 'ਚ ਐਪਲ, ਕੋਕਾ-ਕੋਲਾ ਸਮੇਤ ਅਨੇਕਾਂ ਸ਼ਾਮਿਲ ਹਨ। ਵਾਰਨ ਦੀ ਕੰਪਨੀ ਬਰਕਸ਼ਾਇਰ ਦੀ ਸਾਲਾਨਾ ਮੀਟਿੰਗ ਹਜ਼ਾਰਾਂ ਨਿਵੇਸ਼ਕਾਂ ਨੂੰ ਆਪਣੇ ਵੱਲ ਖਿੱਚਦੀ ਹੈ ਜਿਸ ਨੂੰ ਪੂੰਜੀਵਾਦ ਦੀ ਵੁੱਡ-ਸਟਾਕ ਵੀ ਕਿਹਾ ਜਾਂਦਾ ਹੈ। ਕੋਲੰਬੀਆ, ਲਿੰਕਨ ਯੂਨੀਵਰਸਿਟੀ ਤੋਂ ਪੜ੍ਹੇ ਵਾਰਨ ਅਮਰੀਕਾ ਦੇ ਦਸਵੇਂ ਸਥਾਨ 'ਤੇ ਹਨ ਪਰ 94 ਸਾਲਾਂ ਦੀ ਉਮਰ 'ਚ ਸਭ ਤੋਂ ਅੱਵਲ।

ਕਮਾਲ ਦੇਖੋ ਕਿ ਦੁਨੀਆਂ 'ਚ ਦਸ ਅਮੀਰਾਂ 'ਚੋਂ ਨੌਂ ਅਮਰੀਕਾ ਨਾਲ ਹੀ ਸੰਬੰਧਿਤ ਹਨ ਤੇ ਅਮਰੀਕਾ ਨੂੰ ਮਹਾਂ ਸ਼ਕਤੀ ਕਹਿਣਾ ਹੋਰ ਵੀ ਸਾਰਥਕ ਹੋ ਜਾਂਦਾ ਹੈ।



ਐਲਨ ਮਸਕ


ਜੈਫ ਬੇਜੋਸ


ਮਾਰਕ ਜ਼ੁਕਰਬਰਗ


ਲੈਰੀ ਐਲੀਸਨ


ਲੈਰੀ ਪੇਜ


ਬਰਨਾਰਡ ਅਰਨੌਲਟ


ਸਰਗੇਈ ਬ੍ਰਿਨ


ਬਿਲ ਗੇਟਸ


ਸਟੀਵ ਬਾਲਮਰ


ਵਾਰਨ ਬਫੇਟ

# ਬਾਬਾ ਬੰਦਾ ਸਿੰਘ ਬਹਾਦਰ ਦੀ ਸਿੱਖ ਰਾਜ ਨੂੰ ਦੇਣ

ਪ੍ਰੋ: ਅਜੈਪਾਲ ਸਿੰਘ ਚਵਿੰਡਾ
ਫੋਨ: 94642-65464

ਬਾਬਾ ਬੰਦਾ ਸਿੰਘ ਬਹਾਦਰ ਇਕ ਲਾਸਾਨੀ ਕਮਾਲ ਸਨ ਜੋ ਕੋਈ ਅਫਸਾਨਾ ਨਹੀਂ ਬਲਕਿ ਹੱਡਮਾਸ ਦਾ ਇਕ ਸੱਚਮੁਚ ਦਾ ਇਨਸਾਨ ਹੈ ਜੋ ਇਸ ਧਰਤੀ 'ਤੇ ਜੀਵਿਆ, ਵਿਚਰਿਆ ਤੇ ਸ਼ਹੀਦ ਹੋਇਆ। ਪਹਿਲੀ ਵਾਰ ਅਤੇ ਅਸਲ ਖਾਲਸਾ ਰਾਜ ਕਾਇਮ ਕਰਨ ਦਾ ਮਾਣ ਇਸ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦਾ ਬਣਦਾ ਹੈ।

**ਜਨਮ:** ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 16 ਅਕਤੂਬਰ 1670 ਈ. ਨੂੰ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਜੌਰੀ ਵਿਚ ਬਾਬਾ ਰਾਮਦੇਵ ਦੇ ਘਰ ਹੋਇਆ ਸੀ। ਆਪ ਦੇ ਮਾਪਿਆਂ ਨੇ ਉਸਦਾ ਨਾਮ ਲਛਮਣ ਦਾਸ ਰੱਖਿਆ। ਆਪ ਦਾ ਪਰਿਵਾਰ ਰਾਜਪੂਤ ਬਰਾਦਰੀ ਨਾਲ ਸੰਬੰਧ ਰੱਖਦਾ ਸੀ।

**ਵਿਦਿਆ:** ਬਾਬਾ ਰਾਮਦੇਵ ਨੇ ਆਪਣੇ ਪੁੱਤਰ ਲਛਮਣ ਦਾਸ ਨੂੰ ਰਾਜਪੂਤੀ ਰਵਾਇਤਾਂ ਮੁਤਾਬਿਕ ਘੋੜ-ਸਵਾਰੀ, ਕੁਸ਼ਤੀ, ਤਲਵਾਰ ਚਲਾਉਣਾ, ਤੀਰ ਅੰਦਾਜ਼ੀ ਅਤੇ ਹੋਰ ਮਾਰਸ਼ਲ ਖੇਡਾਂ ਸਿਖਾਈਆਂ। ਉਹ ਨਿੱਕੀ ਉਮਰ ਵਿਚ ਹੀ ਸ਼ਿਕਾਰ ਖੇਡਣ ਲੱਗ ਪਿਆ ਸੀ। ਇਕ ਵਾਰ ਉਸਨੇ ਹਿਰਨੀ ਦਾ ਸ਼ਿਕਾਰ ਕੀਤਾ। ਜਦੋਂ ਉਸਨੇ ਇਸ ਹਿਰਨੀ ਨੂੰ ਕੱਟਿਆ ਤਾਂ ਉਸਨੂੰ ਪਤਾ ਲੱਗਾ ਕਿ ਉਹ ਹਿਰਨੀ ਗਰਭਵਤੀ ਸੀ। ਉਸਦੇ ਪੇਟ ਵਿਚਲੇ ਦੋ ਬੱਚੇ ਉਸ ਦੇ ਸਾਹਮਣੇ ਤੜਫ-ਤੜਫ ਕੇ ਮਰ ਗਏ। ਇਸ ਘਟਨਾ ਨੇ ਉਸ ਉੱਪਰ ਡੂੰਘਾ ਪ੍ਰਭਾਵ ਪਾਇਆ। ਉਸ ਨੇ ਸ਼ਿਕਾਰ ਕਰਨਾ ਛੱਡ ਦਿੱਤਾ ਤੇ ਸਾਧੂਆਂ ਦੀ ਸੰਗਤ ਕਰਨ ਲੱਗ ਪਿਆ ਅਤੇ ਬੈਰਾਗੀ ਸਾਧੂ ਬਣ ਗਿਆ। ਉਸਦੇ ਗੁਰੂ ਜਾਨਕੀ ਦਾਸ ਨੇ ਉਸਦਾ ਨਾਮ ਮਾਧੋ ਦਾਸ ਰੱਖ ਦਿੱਤਾ।

**ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ:** ਨੰਦੇੜ ਪਹੁੰਚਣ ਤੋਂ ਪਹਿਲਾਂ ਗੁਰੂ ਸਾਹਿਬ ਮਾਧੋਦਾਸ ਤੇ ਉਸ ਦੀਆਂ ਸਰਗਰਮੀਆਂ ਤੋਂ ਜਾਣੂ ਸਨ। 3 ਸਤੰਬਰ 1708 ਈ. ਨੂੰ ਗੁਰੂ ਸਾਹਿਬ ਮਾਧੋਦਾਸ ਨੂੰ ਉਸਦੇ ਡੇਰੇ ਨੰਦੇੜ ਵਿਖੇ ਮਿਲੇ। ਵਾਰਤਾਲਾਪ ਦੌਰਾਨ ਮਾਧੋਦਾਸ ਨੇ ਬੁੱਝ ਲਿਆ ਸੀ ਕਿ ਉਸਦੇ ਡੇਰੇ 'ਤੇ ਪਹੁੰਚਿਆ ਵਿਅਕਤੀ ਕੋਈ ਆਮ ਨਹੀਂ ਬਲਕਿ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਹਨ। ਗੁਰੂ ਸਾਹਿਬ ਦੇ ਇਕ ਸਵਾਲ ਦੇ ਜਵਾਬ ਵਿਚ ਮਾਧੋਦਾਸ ਨੇ ਬੜੇ ਚਾਅ ਅਤੇ ਸਤਿਕਾਰ ਨਾਲ ਕਿਹਾ ਸੀ ਮੈਂ ਤਾਂ ਆਪ ਦਾ ਬੰਦਾ ਹਾਂ। ਇਸ ਤੋਂ ਮਗਰੋਂ ਮਾਧੋਦਾਸ ਨੂੰ ਬੰਦਾ ਕਿਹਾ ਜਾਣ ਲੱਗਾ।

**ਅੰਮ੍ਰਿਤ ਛਕਣਾ:** ਗੁਰੂ ਸਾਹਿਬ ਨੇ ਮਾਧੋਦਾਸ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਮ ਅਤੇ ਬਹਾਦਰ ਦਾ ਖਿਤਾਬ ਬਖਸ਼ਿਆ। ਸਤਿਗੁਰਾਂ ਨੇ ਆਪਣੇ ਦਸਤ-ਮੁਬਾਰਕ ਨਾਲ ਉਸਨੂੰ ਕੰਘਾ ਕਿਰਪਾਨ ਕੜਾ ਕਛਹਿਰਾ ਭੇਟ ਕੀਤੇ। ਸਿਰ 'ਤੇ ਦਸਤਾਰ ਸਜਾ ਕੇ ਬੈਰਾਗੀ ਤੋਂ ਸਿੰਘ ਰੂਪ ਵਿਚ ਲੈ ਆਂਦਾ।



**ਪੰਜਾਬ ਵੱਲ ਕੂਚ:** ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਤੋਂ ਪਹਿਲਾਂ ਮੁਗ਼ਲ ਹਕੂਮਤ ਨਾਲ ਟੱਕਰ ਲੈਣ ਲਈ ਮਾਨਸਿਕ ਤੌਰ 'ਤੇ ਤਿਆਰ ਕੀਤਾ। ਜਦੋਂ ਉਹ ਹਰ ਪੱਖੋਂ ਤਿਆਰ ਹੋ ਗਿਆ ਤਾਂ ਗੁਰੂ ਸਾਹਿਬ ਨੇ ਖਾਲਸੇ ਦਾ ਜਥੇਦਾਰ ਥਾਪ ਕੇ ਪੰਜਾਬ ਲਈ ਰਵਾਨਾ ਕੀਤਾ। ਗੁਰੂ ਸਾਹਿਬ ਨੇ ਬੰਦਾ ਬਹਾਦਰ ਨੂੰ ਸੰਸਾਰਕ ਸੱਤਾ ਦੀ ਨਿਸ਼ਾਨੀ ਵਜੋਂ ਇਕ ਨਗਾਰਾ ਤੇ ਇਕ ਝੰਡਾ ਪ੍ਰਦਾਨ ਕੀਤਾ ਅਤੇ ਨਾਲ ਹੀ ਆਪਣੇ ਭੱਥੇ ਵਿਚੋਂ ਵਿਜੇ ਦੇ ਇਕਰਾਰ ਵਜੋਂ ਪੰਜ ਤੀਰ ਅਤੇ ਕੁਝ ਹੋਰ ਹਥਿਆਰ ਵੀ ਬਖਸ਼ੇ। ਪੰਜ ਪਿਆਰਿਆਂ ਦੇ ਰੂਪ ਵਿਚ ਪੰਜ ਸਿੰਘ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ਼ ਸਿੰਘ, ਭਾਈ ਦਇਆ ਸਿੰਘ ਅਤੇ ਭਾਈ ਰਣ ਸਿੰਘ ਉਸਦੀ ਸਹਾਇਤਾ ਲਈ ਅਤੇ ਉਸਦੇ ਸਲਾਹਕਾਰਾਂ ਦੇ ਰੂਪ ਵਿਚ ਉਸਦੇ ਨਾਲ ਭੇਜੇ ਗਏ। ਇਸ ਤਰ੍ਹਾਂ ਮੁੱਠੀ-ਭਰ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਅਕਤੂਰ 1708 ਦੇ ਆਸ-ਪਾਸ ਪੰਜਾਬ ਲਈ ਰਵਾਨਾ ਹੋਇਆ।

**ਬਾਬਾ ਬੰਦਾ ਸਿੰਘ ਬਹਾਦਰ ਦੇ ਯੁੱਧ ਤੇ ਜਿੱਤਾਂ:** ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਜਿਹੜੀਆਂ ਲੜਾਈਆਂ ਲੜੀਆਂ ਗਈਆਂ ਅਤੇ ਜਿਨ੍ਹਾਂ ਇਲਾਕਿਆਂ 'ਤੇ ਜਿੱਤ ਪ੍ਰਾਪਤ ਕੀਤੀ ਉਹ ਹਨ:

1. ਸਮਾਣਾ ਦੀ ਲੜਾਈ
2. ਘੁੜਾਮ 'ਤੇ ਕਬਜ਼ਾ
3. ਠਸਕੇ 'ਤੇ ਹਮਲਾ
4. ਥਾਨੇਸਰ ਅਤੇ ਸ਼ਾਹਬਾਦ 'ਤੇ ਕਬਜ਼ਾ
5. ਮੁਸਤਫਾਬਾਦ 'ਤੇ ਕਬਜ਼ਾ
6. ਕੁੰਜਪੁਰਾ 'ਤੇ ਕਬਜ਼ਾ
7. ਕਪੂਰੀ ਦੀ ਜਿੱਤ
8. ਸਢੌਰਾ ਦੀ ਫਤਹਿ
9. ਮੁਖਲਿਸਗੜ੍ਹ 'ਤੇ ਕਬਜ਼ਾ
10. ਚੱਪੜ-ਚਿੜੀ ਦੀ ਲੜਾਈ
11. ਸਰਹੰਦ 'ਤੇ ਕਬਜ਼ਾ ਆਦਿ

**ਸਿੱਖ ਸਿੱਕਾ ਜਾਰੀ ਕਰਨਾ:** ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸਾ ਰਾਜ ਦਾ ਨਵਾਂ ਸਿੱਕਾ ਵੀ ਜਾਰੀ ਕੀਤਾ। ਇਸਦੇ ਇਕ ਪਾਸੇ ਲਿਖਿਆ ਸੀ-

ਸਿੱਕਾ ਜ਼ਦ ਬਰ ਹਰਦੋ ਆਲਿਮ, ਤੇਗ਼ਿ ਨਾਨਕ ਵਾਹਿਬ ਅਸਤ

ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਂ ਫ਼ਜ਼ਲਿ ਸੱਚਾ ਸਾਹਿਬ ਅਸਤ।

ਸਿੱਕੇ ਦੇ ਦੂਜੇ ਪਾਸੇ ਲਿਖਿਆ ਸੀ:

ਜ਼ਰਬ ਬ ਅਮਾਨੁਲ ਦਹਰ ਮਸੌਵਰਤ ਸ਼ਹਿਰ

ਜ਼ੀਨਤੁੱਲ ਬਖ਼ਤ ਮੁਬਾਰਕ ਬਖ਼ਤ।

ਸਿੱਖ ਰਾਜ ਦੀ ਮੋਹਰ ਜਾਰੀ ਕਰਨਾ: ਖਾਲਸਾਈ ਸਿੱਕਾ ਜਾਰੀ ਕਰਨ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਖਾਲਸਾ ਰਾਜ ਦੀ ਮੋਹਰ ਵੀ ਜਾਰੀ ਕੀਤੀ ਗਈ ਜਿਸ 'ਤੇ ਲਿਖਿਆ ਸੀ-

ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਨ ਅਸਤ॥

ਪਾਦਸ਼ਾਹ ਦੀਨੋ-ਦੁਨੀਆਂ ਆਪ ਸੱਚਾ ਸਾਹਿਬ ਅਸਤ॥

ਮਗਰੋਂ ਇਸਦੀ ਥਾਂ ਹੇਠ ਲਿਖੀ ਮੋਹਰ ਜਾਰੀ ਕੀਤੀ ਗਈ:

ਦੇਗ਼ੋ-ਤੇਗ਼ੋ ਫ਼ਤਿਹ-ਓ-ਨੁਸਰਤ ਬੇਦਿਰੰਗ ਯਾਫ਼ਤ ਅਜ਼ ਨਾਨਕ-ਗੁਰੂ ਗੋਬਿੰਦ ਸਿੰਘ

**ਸ਼ਹੀਦੀ:** ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ 9 ਜੂਨ 1716 ਈ. ਨੂੰ ਹੋਈ।

# ਮੈਂ ਕਿ ਜੋ ਅਮਿਤੋਜ ਨਹੀਂ ਹਾਂ

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

ਤੂੰ ਕਾਲੇ ਚਸ਼ਮੇ ਨ ਲਾਹੇ ਤੇ ਮੇਰੀ ਰੀਝ ਰਹੀ
ਮੈਂ ਤੇਰੇ ਨੈਣ ਤਾਂ ਕੀ, ਤੇਰੇ ਖ਼ਾਬ ਤੱਕ ਦੇਖਾਂ

ਅਮਿਤੋਜ ਦੇ ਕਾਲੇ ਚਸ਼ਮਿਆਂ ਹੇਠ ਹੁਣ ਇਕ ਡੁੱਬਿਆ ਸੂਰਜ ਹੈ, ਇਕ ਉਦਾਸ ਚੰਦਰਮਾ, ਜਿਸ ਦੀ ਲੋਏ ਸਿਰਫ ਕੀਤੇ ਹੋਏ ਪੈਂਡੇ ਦਿਸਦੇ ਹਨ, ਉਹ ਵੀ ਬਹੁਤ ਧੁੰਦਲੇ। ਬਹੁਤ ਸਾਲਾਂ ਬਾਅਦ ਕੱਲ੍ਹ ਅਮਿਤੋਜ ਨੂੰ ਮਿਲਿਆ। ਲੱਗਿਆ ਕੋਈ ਨਾਟਕ ਦੇਖ ਰਿਹਾ ਹਾਂ, ਜਿਸ ਵਿਚ ਅਮਿਤੋਜ ਕੋਈ ਦੁਖਾਂਤਕ ਰੋਲ ਕਰ ਰਿਹਾ ਹੈ। ਜਾਣਦਾ ਸਾਂ ਇਹ ਨਾਟਕ ਨਹੀਂ, ਜ਼ਿੰਦਗੀ ਹੈ, ਫਿਰ ਵੀ ਲੱਗਦਾ ਸੀ ਜਿਵੇਂ ਹੁਣੇ ਅਮਿਤੋਜ ਆਪਣਾ ਬਦਨਸੀਬ ਮੇਕ-ਅੱਪ ਉਤਾਰੇਗਾ ਤੇ ਸਾਰਾ ਦ੍ਰਿਸ਼ ਬਦਲ ਜਾਵੇਗਾ। ਉਸ ਦੀ ਪਤਨੀ ਅੰਮ੍ਰਿਤ ਵੀ ਹੋਰ ਦੀ ਹੋਰ ਹੋ ਜਾਵੇਗੀ। ਉਸ ਦੀ ਬੇਟੀ ਲੋਰੀ ਲੋਰੀ ਹੀ ਰਹੇਗੀ, ਸਿਰਫ ਉਸ ਦੀ ਖੱਬੀ ਗੱਲ੍ਹ'ਤੇ ਅਮਿਤੋਜ ਦਾ ਤਿਲ ਮੁਸਕਰਾ ਉਠੇਗਾ

**ਸੁਰਜੀਤ ਪਾਤਰ**


ਤੇ ਉਹ ਬੁਝੀ ਜਿਹੀ ਚੁੱਪ ਤੇ ਮਸੋਸੇ ਓਪਰੇਪਨ ਤੋਂ ਚੁਲਬੁਲੇ ਚਸ਼ਮੇ ਦੀ ਕਲਕਲ ਬਣ ਜਾਵੇਗੀ ਤੇ ਕਹੇਗੀ: ਤੁਸੀਂ ਪਾਤਰ ਅੰਕਲ ਓ ਨਾ? ਅੰਕਲ ਮੈਂ ਤੁਹਾਡੀ ਪੁਲ ਕਵਿਤਾ ਪੂਰਨਮਾਸ਼ੀ ਵਾਲੇ ਦਿਨ ਤਾਜ ਮਹੱਲ ਦੇਖਣ ਗਏ ਸੀ ਨਾ? ਅੰਕਲ ਮੈਂ ਸਕੂਲ ਪਾਪਾ ਦੀ ਕਵਿਤਾ ਪੜ੍ਹੀ ਸੀ, ਮੈਨੂੰ ਫਸਟ ਪ੍ਰਾਈਜ਼ ਮਿਲਿਆ, ਤੁਹਾਨੂੰ ਵੀ ਸਣਾਉਂਦੀ ਆਂ-

ਕਵਿਤਾ ਦਾ ਨਾਮ ਹੈ ਡਿਕਲੀਗਰਾਮਾ-
ਜੇ ਤੈਨੂੰ ਬਹੁਤ ਹੀ ਬੁਰਾ ਲਗਦਾ ਏ ਨਾ
ਤਾਂ ਤੂੰ ਬਈ ਜਾ
ਮੈਨੂੰ ਤਾਂ ਚੰਗਾ ਲਗਦਾ ਏ
ਪਵਿੱਤਰ ਲੋਕਾਂ ਨੂੰ ਹੁੱਜਤਾਂ ਕਰਨੀਆਂ
ਤੇ ਉਨ੍ਹਾਂ ਦੀਆਂ ਬੋਦੀਆਂ ਦੇ ਪਰਛਾਵਿਆਂ'ਚੋਂ
'ਟੈਮ' ਲੱਭਣੇ
ਜੇ ਤੂੰ ਪੰਚਮ ਤੋਂ ਪਾਟਕ ਦੇਣੀ
ਭੁੰਜੇ ਨਹੀਂ ਡਿੱਗ ਸਕਦੀ
ਤਾਂ ਤੂੰ ਬਈ ਜਾ,
ਮੈਨੂੰ ਤਾਂ ਚੰਗਾ ਲਗਦਾ ਏ...

ਅਮਿਤੋਜ ਕਹੇਗਾ: 'ਲੋਰੀ ਪਲੀਜ਼, ਹੁਣ ਸਾਨੂੰ ਵੀ ਟੈਮ ਦੇ। ਪਾਪਾ ਟੈਮ ਨਹੀਂ ਟਾਈਮ ਹੁੰਦਾ ਏ। ਤੁਸੀਂ ਕਵਿਤਾ ਵਿਚ ਵੀ ਟੈਮ ਹੀ ਲਿਖਿਆ, ਪਾਪਾ ਤੁਸੀਂ ਬੜੇ ਦੇਸੀ ਓਂ। ਹੈ ਨਾ, ਪਾਪਾ?' ਤੇ ਸਾਰੇ ਹੱਸ ਪੈਣਗੇ।

ਪਰ ਕੁਝ ਵੀ ਨਾ ਹੋਇਆ। ਦ੍ਰਿਸ਼ ਨਾ ਬਦਲਿਆ। ਉਸੇ ਦ੍ਰਿਸ਼ ਵਿਚ ਅੰਮ੍ਰਿਤ ਨੇ ਕਿਹਾ: ਇਹ ਤੁਹਾਨੂੰ ਬਹੁਤ ਯਾਦ ਕਰਦੇ ਨੇ। ਕਦੀ ਵਾਜਾਂ ਮਾਰਨ ਲੱਗ ਪੈਣਗੇ। ਕਦੀ ਕਹਿਣਗੇ ਗੇਟ ਖੋਲ੍ਹ, ਬਾਹਰ ਪਾਤਰ ਆਇਆ। ਨੂਰ ਸਾਹਿਬ ਆਏ ਨੇ।

ਅਮਿਤੋਜ ਤੇ ਮੈਂ ਇਕ ਦੂਜੇ ਨੂੰ 62-63 ਤੋਂ ਜਾਣਦੇ ਹਾਂ। ਉਦੋਂ ਅਜੇ ਉਹ ਅਮਿਤੋਜ ਵੀ ਨਹੀਂ ਹੁੰਦਾ ਸੀ। ਕਦੀ ਕ੍ਰਿਸ਼ਨ ਕੰਵਲ ਬਣ ਜਾਂਦਾ ਸੀ। ਕਦੀ ਕੰਵਲ ਸ਼ਮੀਮ। ਉਸ ਦਾ ਨਾਮ ਅਮਿਤੋਜ ਮੈਂ ਹੀ ਰੱਖਿਆ ਸੀ। ਜਾਪੁ ਸਾਹਿਬ ਵਿਚ ਇਕ ਤੁਕ ਆਉਂਦੀ ਹੈ: 'ਅਚਲ ਮੂਰਤ ਅਨਭਉ ਪ੍ਰਕਾਸ਼ ਅਮਿਤੋਜ ਕਹਿਜੈ' ਅਮਿਤੋਜ ਦਾ ਅਰਥ ਉਹ ਓਜ ਹੈ ਜੋ ਮਿਣਿਆਂ ਨਾ ਜਾ ਸਕੇ। ਉਸ ਨੂੰ ਇਹ ਨਾਮ ਬਹੁਤ ਫੱਬਿਆ ਸੀ। ਕਿਸੇ ਹੋਰ ਲਈ ਇਹ ਨਾਮ ਸ਼ਾਇਦ ਬਹੁਤ ਭਾਰਾ ਹੁੰਦਾ। ਪਰ ਉਹ ਇਸ ਨਾਮ ਦਾ ਹਾਣੀ ਸੀ। ਅਮਿਤੋਜ ਰਸਾਲਿਆਂ, ਮਹਿਫ਼ਲਾਂ, ਕਵੀ ਦਰਬਾਰਾਂ ਵਿਚ ਉਦੈ ਹੋਇਆ। ਇਕ-ਦੋ ਸਾਲਾਂ ਵਿਚ ਹੀ ਕਵਿਤਾ ਦੇ ਦ੍ਰਿਸ਼'ਤੇ ਛਾ ਗਿਆ। ਉਹ ਕਵਿਤਾ ਇਸ ਤਰ੍ਹਾਂ ਲਿਖਦਾ ਸੀ, ਜਿਵੇਂ ਕੋਈ ਫ਼ਿਲਮ ਬਣਾਉਂਦਾ ਹੈ। ਇਕ-ਇਕ ਸ਼ਬਦ ਨੂੰ



ਬੀੜਦਾ, ਇਕ-ਇਕ ਸਤਰ'ਤੇ ਕੰਮ ਕਰਦਾ। ਉਨ੍ਹਾਂ ਪਿੱਛੇ ਮਿੰਨਾਂ ਜਿਹਾ ਵਿਅੰਗ ਛੁਪਾ ਕੇ ਖੁਸ਼ ਹੁੰਦਾ। ਤੇ ਫਿਰ ਇਕ ਦਿਨ ਅਚਾਨਕ ਆਪਣੀਆਂ ਨਿੱਕੀਆਂ-ਨਿੱਕੀਆਂ ਚਮਕਦੀਆਂ ਅੱਖਾਂ ਨੂੰ ਹੋਰ ਵੀ ਨਿੱਕੀਆਂ ਕਰਕੇ, ਆਪਣਾ ਮੋਟਾ ਗੁਦਗੁਦਾ ਹੱਥ ਉਠਾ ਕੇ, ਆਪਣੇ ਰਸੀਲੇ ਹੋਠਾਂ ਨਾਲ ਕਵਿਤਾ ਰਿਲੀਜ਼ ਕਰ ਦਿੰਦਾ:

ਕੰਧ'ਤੇ ਟੰਗਿਆ ਖ਼ਾਲੀ ਤਰਕਸ਼ ਹੱਸ ਰਿਹਾ ਹੈ
ਕੰਧ'ਤੇ ਟੰਗਿਆ ਖ਼ਾਲੀ ਤਰਕਸ਼ ਕੀ ਕੀ ਦੱਸ ਰਿਹਾ ਹੈ

ਪਹਿਲੀ ਕਾਨੀ ਮਾਂ ਨੇ ਭੰਨ੍ਹੀ ਘੋਲ਼ ਕੇ ਦੁੱਧ ਵਿਚ ਲੋਰੀ
ਦੂਜੀ ਕਾਨੀ ਬਣ ਗਈ ਬੁੱਢੇ ਬਾਪ ਲਈ ਡੰਗੋਰੀ

ਸੋਲਾਂ ਤੀਰ ਤੋੜੇ ਮਦਰੱਸੇ ਬਾਕੀ ਤੋੜੇ ਯਾਰਾਂ
ਸਾਹਿਬਾਂ ਦੇ ਹੱਥ ਇਕ ਨਾ ਆਇਆ ਮਿਰਜ਼ਾ ਕਰੇ ਵਿਚਾਰਾਂ

ਉਸ ਦੀਆਂ ਕਵਿਤਾਵਾਂ ਦੀ ਨਾਟਕੀਅਤਾ, ਲੋਕਧਾਰਾਈ ਪਿਛੋਕੜ, ਗੱਲ-ਬਾਤੀ ਅੰਦਾਜ਼, ਸ਼ਬਦ-ਸ਼ਿਲਪ, ਕਲਪਨਾ ਅਤੇ ਸੁਣਾਉਣ ਦਾ ਸਲੀਕਾ ਸਭ-ਕੁਝ ਮਨ-ਮੋਹ ਲੈਣ ਵਾਲਾ ਸੀ। ਉਹ ਕਿੰਨੀਆਂ ਸੁਹਣੀਆਂ ਅੱਖਾਂ ਦਾ ਪਹਿਲਾਂ ਸੁਪਨਾ ਤੇ ਫਿਰ ਅੱਥਰੂ ਬਣਿਆਂ, ਕਿੰਨੀਆਂ ਝੀਲਾਂ ਵਿਚ ਚੰਨ ਬਣ ਕੇ ਉਤਰਿਆ। ਉਹ ਨਵੀਂ ਪੰਜਾਬੀ ਕਵਿਤਾ ਦੇ ਸੁਪਰ ਸਟਾਰਾਂ ਵਿਚ ਸ਼ਾਮਲ ਹੋ ਗਿਆ। ਲਾਹੌਰ ਦੇ ਨਾਂ ਖਤ, ਬੁੱਢਾ ਬੌਲਦ, ਖ਼ਾਲੀ ਤਰਕਸ਼, ਗਰੀਟਿੰਗ ਕਾਰਡ ਉਸ ਨੇ ਅਨੇਕਾਂ ਖ਼ੂਬਸੂਰਤ ਕਵਿਤਾਵਾਂ ਲਿਖੀਆਂ। ਬ੍ਰੈਖ਼ਤ ਦੇ ਨਾਟਕ ਕਾਕੇਸ਼ੀਅਨ ਚਾਕ ਸਰਕਲ ਦਾ ਪੰਜਾਬੀ ਰੂਪ 'ਪਰਾਈ ਕੁੱਖ' ਅਮਿਤੋਜ ਦੇ ਗੀਤਾਂ ਸਦਕਾ ਬੜਾ ਮਸ਼ਹੂਰ ਹੋਇਆ।

ਉਸ ਦੀ ਸ਼ਾਇਰੀ ਵਾਂਗ ਹੀ ਚਰਚਿਤ ਸੀ, ਸ਼ਾਇਰਾ ਨਾਲ ਉਸ ਦੀ ਆਸ਼ਨਾਈ। ਉਹ ਇਕ ਦੂਸਰੇ ਦੇ ਸੁਪਨਿਆਂ, ਖ਼ਿਆਲਾਂ, ਜੁੱਸਿਆਂ ਤੇ ਕਵਿਤਾਵਾਂ ਵਿਚ ਬੁਣੇ ਗਏ ਸਨ। ਪਰ ਫਿਰ ਪਤਾ ਨਹੀਂ ਕੀ ਹੋਇਆ ਕਿ ਇਹ ਰਿਸ਼ਤਾ ਉਧੜਨ ਲੱਗਾ। ਉਧੜਦੀਆਂ ਆਂਦਰਾਂ'ਚੋਂ ਲਹੂ ਰਿਸਣ ਲੱਗਾ। ਉਹ ਇਕ ਦੂਸਰੇ ਤੋਂ ਦੂਰ ਹੋਣ ਲੱਗੇ। ਉਹ ਦੋਵੇਂ ਆਹਤ ਸਨ ਇਕ ਦੂਜੇ ਦੀ ਬੇਵਫ਼ਾਈ ਹੱਥੋਂ। ਇਕ ਦੂਜੇ ਤੋਂ ਅਚੇਤ ਬਦਲਾ ਲੈ ਰਹੇ ਸਨ। ਲੋਕ ਕਹਿੰਦੇ- ਦੋਵੇਂ ਬਰਾਬਰ ਦੀ ਚੋਟ ਨੇ, ਜ਼ਹਿਰ ਕਿਸ ਨੂੰ ਚੜ੍ਹਵਨਾ? ਪਰ ਉਹ ਦੋਵੇਂ ਬਿਖਰ ਗਏ ਸਨ, ਟੁੱਟ ਗਏ ਸਨ। ਮੈਂ ਉਨ੍ਹਾਂ ਦੋਹਾਂ ਨੂੰ ਰੱਤ ਦੇ ਅੱਥਰੂ ਰੋਂਦਿਆਂ ਦੇਖਿਆ। ਸ਼ਾਇਰਾ ਤਾਂ ਟੁੱਟ ਕੇ ਰੌਕ ਗਾਰਡਨ ਦੀਆਂ ਮੂਰਤੀਆਂ ਵਾਂਗ ਜੁੜਨ ਲੱਗ ਪਈ। ਆਪਣੇ ਸ਼ਬਦਾਂ ਦੀ ਛਾਵੇਂ ਤੁਰੀ ਗਈ। ਨਵੀਆਂ ਰਚਨਾਵਾਂ, ਇਨਾਮ-ਸਨਮਾਨ, ਉਸ ਨੇ ਦਿਲਾਸਾ ਬਣਾ ਲਏ। ਪਰ ਅਮਿਤੋਜ ਦੀ ਪੁਰਖ-ਹਉਂ ਨੂੰ ਇਕ ਡੂੰਘਾ ਸੱਲ ਲੱਗਾ। ਉਹ ਆਪਣੇ ਟੁੱਟਣ'ਤੇ ਹੈਰਾਨ-ਪ੍ਰੇਸ਼ਾਨ, ਖ਼ਫਾ-ਖ਼ੂਨ ਹੁੰਦਾ ਰਿਹਾ। ਸ਼ਾਇਰਾ ਨੇ ਸ਼ਾਇਰੀ ਦੀ ਪਨਾਹ ਲੈ ਲਈ। ਪਰ ਅਮਿਤੋਜ ਨੇ ਜ਼ਖ਼ਮਾਂ ਨੂੰ ਕਵਿਤਾ ਦੀ ਦਰਗਾਹ'ਤੇ ਨਾ ਚੜ੍ਹਾਇਆ। ਉਹ ਉਨ੍ਹਾਂ ਜ਼ਖ਼ਮਾਂ ਦੇ ਇਲਾਜ ਦੀ ਥਾਂ ਇਨ੍ਹਾਂ ਦੀ ਹੋਂਦ'ਤੇ ਹੀ ਹੈਰਾਨ ਤੇ ਦੁਖੀ ਹੁੰਦਾ ਰਿਹਾ। ਉਸ ਨੇ ਆਪਣੇ ਸਾਜ਼ ਦੀਆਂ ਜਿਵੇਂ ਤਾਰਾਂ ਹੀ ਤੋੜ ਲਈਆਂ...

ਉਹ ਬਹੁਤ ਦੇਰ ਗੁੰਮ ਰਿਹਾ, ਫਿਰ ਜਲੰਧਰ ਦੂਰਦਰਸ਼ਨ ਤੇ 'ਕੱਚ ਦੀਆਂ ਮੁੰਦਰਾਂ' ਲੈ ਕੇ ਉਭਰਿਆ। ਉਸ ਦੀ ਪੇਸ਼ਕਾਰੀ ਕਮਾਲ ਸੀ। ਉਸ ਦੇ ਸ਼ਬਦ, ਉਸ ਦੇ ਵਾਕ, ਉਸ ਦੀ ਆਵਾਜ਼ ਤੇ ਅੰਦਾਜ਼ ਅਨੂਠਾ ਸੀ...ਪਰ ਉਸ ਦੇ ਅੰਦਰ ਜ਼ਰੂਰ ਕੋਈ ਦਰਦ ਪਲ ਰਿਹਾ ਸੀ। ਉਹ ਅਚਾਨਕ ਬਹੁਤ ਬਿਮਾਰ ਹੋ ਗਿਆ। ਹਾਈਪਰਟੈਨਸ਼ਨ, ਬੀ.ਪੀ., ਸ਼ੂਗਰ ਪਤਾ ਨਹੀਂ ਕਿਹੜੇ-ਕਿਹੜੇ ਤੀਰਾਂ ਨਾਲ ਵਿੰਨ੍ਹਿਆਂ ਗਿਆ ਸੀ ਉਹ ਟੀ.ਵੀ. ਦੇ ਅਸਮਾਨ ਦਾ ਚੰਦਰਮਾ। ਫਿਰ ਉਹ ਟੁੱਟੇ ਤਾਰੇ ਵਾਂਗ ਲੋਪ ਹੋ ਗਿਆ। ਇਕ ਦਿਨ ਨਕੋਦਰ ਬੱਸ ਸਟੈਂਡ'ਤੇ ਮਿਲਿਆ ਕਾਨੇ ਵਾਂਗ ਪਤਲਾ ਪਰ ਅਜੇ ਵੀ ਸਜਿਆ-ਬਣਿਆ ਕਹਿਣ ਲੱਗਾ: 'ਮੇਰਾ ਤਾਂ ਖ਼ਿਆਲ ਸੀ ਹੁਣ ਅਗਲੇ ਜਨਮ ਹੀ ਮਿਲਾਂਗੇ...'

ਫਿਰ ਖ਼ਬਰ ਆਈ ਕਿ ਅਮਿਤੋਜ ਦਾ ਵਿਆਹ ਹੋ ਗਿਆ। ਅਮਿਤੋਜ ਜਿਹੇ ਛਬੀਲੇ ਦਿਲਕਸ਼ ਸਟਾਰ ਦਾ ਵਿਆਹੇ ਜਾਣਾ ਕੋਈ ਛੋਟੀ ਗੱਲ ਨਹੀਂ ਸੀ, ਪਰ ਇਹ ਗੱਲ ਹੋ ਗਈ ਸੀ। ਉਹ ਵਿਆਹਿਆ ਗਿਆ ਸੀ। ਉਸ ਖ਼ਬਰ ਤੋਂ ਕਈ ਸਾਲਾਂ ਬਾਅਦ ਮੈਂ ਉਸਨੂੰ ਕੱਲ੍ਹ ਸੁੰਨਤਾ ਦੇ ਹਨ੍ਹੇਰੇ ਵਿਚ ਡੁੱਬਿਆ ਮਿਲਿਆ। ਮੈਂ ਕਦੀ ਨਹੀਂ ਸੀ ਸੋਚਿਆ ਉਹ ਇਸ ਤਰ੍ਹਾਂ ਸੁੰਨ ਹਨ੍ਹੇਰੇ'ਚੋਂ ਬੋਲੇਗਾ, ਕਦੀ ਦੋਸਤ ਉਸ ਦੀ ਉਦਾਸੀ ਨੂੰ ਵੀ ਉਸ ਦੀ ਐਕਟਿੰਗ ਕਹਿੰਦੇ ਹੁੰਦੇ ਸੀ। ਪਰ ਅੱਜ ਤਾਂ ਫੋਟੋ ਖਿਚਾਉਣ ਵੇਲੇ ਜੋਤ-ਹੀਣ ਅੱਖ ਨੂੰ ਛੁਪਾਉਣ ਲਈ ਕਾਲੇ ਚਸ਼ਮੇ ਵੀ ਉਸ ਨੂੰ ਅੰਮ੍ਰਿਤ ਨੇ ਹੀ ਦਿੱਤੇ, ਉਹ ਵੀ ਆਪਣੇ ਉਤਾਰ ਕੇ। ਅਮਿਤੋਜ ਨੂੰ ਆਪ ਤਾਂ ਏਨਾ ਵੀ ਧਿਆਨ ਨਾ ਆਇਆ। ਹੁਣ ਉਹਨੂੰ ਕੋਈ ਐਕਟਿੰਗ ਵੀ ਨਹੀਂ ਆਉਂਦੀ। ਕਦੀ ਬਹੁਤ ਆਉਂਦੀ ਸੀ। ਕਾਸ਼ ਇਹ ਵੀ ਉਸਦੀ ਐਕਟਿੰਗ ਹੋਵੇ, ਉਹ ਆਪਣਾ ਬਦਨਸੀਬ ਮੁਖੌਟਾ ਉਤਾਰ ਕੇ ਕਹੇ:

ਮੈਂ ਹੁਣੇ ਆਪਣੇ ਮਨ ਨਾਲ ਸਲਾਹਾਂ ਪਿਆ ਕਰਦਾ ਸਾਂ
ਕਿ ਮੈਂ ਹੁਣੇ ਉਡ ਕੇ ਤੁਹਾਡੇ ਕੋਲ ਪਹੁੰਚਾਂ
ਤੁਹਾਡੇ ਸਾਹਮਣੇ ਤੁਹਾਡੇ ਵਿਚਕਾਰ
ਇਕ ਹੰਗਾਮੇ ਵਾਂਗ ਫੈਲ ਜਾਵਾਂ

ਅਮਿਤੋਜ ਦੀ ਇਕ ਖ਼ੂਬਸੂਰਤ ਦੰਤ-ਕਥਾ ਮੈਨੂੰ ਯਾਦ ਹੈ। ਅਸੀਂ ਦੋਹਾਂ ਨੇ ਅਜੀਤ ਰਾਹੀ ਨਾਲ ਮਿਲ ਕੇ ਕੂਪਰਥਲੇ ਕਾਲਜ ਵਿਚ ਪੜ੍ਹਦਿਆਂ 'ਰੂਪਰੇਖਾ' ਨਾਮ ਦਾ ਰਸਾਲਾ ਕੱਢਿਆ ਸੀ। ਅਮਿਤੋਜ ਰੂਪਰੇਖਾ ਵਾਸਤੇ ਮੀਸ਼ੇ ਕੋਲ ਕਵਿਤਾ ਲੈਣ ਗਿਆ। ਮੀਸ਼ੇ ਨੂੰ ਇਸ ਰਸਾਲੇ ਦੇ ਨਿਕਲਣ'ਤੇ ਕੋਈ ਯਕੀਨ ਨਹੀਂ ਸੀ। ਮੀਸ਼ੇ ਨੇ ਇਨਕਾਰ ਕਰ ਦਿੱਤਾ ਪਰ ਅਮਿਤੋਜ ਦੇ ਅਭਿਨੈ-ਅੱਥਰੂਆਂ ਵਿਚ ਉਸ ਦਾ ਇਨਕਾਰ ਖੁਰ ਗਿਆ।

ਪਰ ਇਸ ਵਾਰ ਤਕਦੀਰ ਪ੍ਰਵੇਸ਼ ਕਰ ਗਈ ਸੀ, ਉਸ ਮੰਚ ਤੇ ਜਿਸ'ਤੇ ਉਹ ਐਕਟਿੰਗ ਕਰ ਰਿਹਾ ਸੀ। ਉਹ ਬੁਰੀ ਤਕਦੀਰ ਨਾਲ ਖ਼ੂਬਸੂਰਤ ਭਾਸ਼ਾ ਵਿਚ ਵਾਰਤਾਲਾਪ ਕਰਦਾ ਰਿਹਾ। ਉਸ ਨੇ ਸੋਚਿਆ ਸੀ ਕਿ ਇਹ ਦ੍ਰਿਸ਼ ਬਦਲ ਜਾਵੇਗਾ। ਉਹ ਤਕਦੀਰ ਨੂੰ ਇਕ ਬੀਤਿਆ ਹੋਇਆ ਪ੍ਰਸੰਗ ਬਣਾ ਦੇਵੇਗਾ। ਪਰ ਇਉਂ ਹੋਇਆ ਨਹੀਂ। ਹੁਣ ਉਸ ਨੂੰ ਆਪਣੇ ਖ਼ੂਬਸੂਰਤ ਵਾਰਤਾਲਾਪਾਂ ਤੇ ਅਭਿਨੈ ਨਾਲ ਵੀ ਪਿਆਰ ਨਹੀਂ ਰਿਹਾ। ਅਮਿਤੋਜ ਨੂੰ ਉਸ ਦੇ ਆਪਣਿਆਂ ਨੇ ਵੀ ਕੁਝ ਜ਼ਖ਼ਮ ਦਿੱਤੇ। ਉਸ ਦੇ ਉਨ੍ਹਾਂ ਆਪਣਿਆਂ ਵਿਚ ਮੈਂ ਵੀ ਸ਼ਾਮਲ ਹਾਂ। ਸ਼ਾਇਦ ਤਾਂ ਹੀ ਮੇਰੀ ਸ਼ਾਇਰੀ ਵਿਚ ਮੇਰੇ ਸਿਰਫ ਇਕ ਦੋਸਤ ਦਾ ਨਾਮ ਆਉਂਦਾ ਹੈ, ਅਮਿਤੋਜ ਦਾ:

ਉਸ ਦੀ ਨੀਂਦ'ਚੋਂ ਚੀਰ ਕੇ ਵਰਕਾ ਸੂਹੇ ਖ਼ਾਬ ਦਾ
ਖ਼ਤ ਲਿਖਿਆ ਅਮਿਤੋਜ ਨੂੰ, ਲਿਖਿਆ ਹੰਝੂਆਂ ਨਾਲ
ਆਪਣਾ ਜਿਗਰੀ ਯਾਰ ਸੀ, ਲਿਖਣਾ ਅਤਿ ਦਰਕਾਰ ਸੀ
ਉਸ ਦੀ ਹਿੱਕ'ਤੇ ਆਪਣਾ ਨਾਂ ਨਸ਼ਤਰ ਦੇ ਨਾਲ

ਦੁਆ ਕਰਦਾ ਹਾਂ ਉਸ ਦੇ ਸਾਰੇ ਜ਼ਖ਼ਮ ਉਸ ਦੀਆਂ ਕਵਿਤਾਵਾਂ ਵਿਚ ਅਨੁਵਾਦ ਹੋ ਜਾਣ। ਪਰ ਉਹ ਤਾਂ ਆਪਣੇ ਕਵਿਤਾ ਦੇ ਮੰਦਰਾਂ ਵਿਚ ਹਨ੍ਹੇਰਾ ਕਰੀ ਬੈਠਾ ਹੈ। ਉਸ ਹਨ੍ਹੇਰੇ'ਚ ਦੀਵਾ ਬਾਲਣ'ਚ ਕੋਈ ਉਸ ਦੀ ਮਦਦ ਕਿਉਂ ਨਹੀਂ ਕਰਦਾ? ਕੋਈ ਆ ਕੇ ਕਿਉਂ ਨਹੀਂ ਕਹਿੰਦਾ-ਅਮਿਤੋਜ ਭੁੱਲ ਗਿਆ ਏਂ, ਤੂੰ ਕਦੀ ਲਿਖਿਆ ਸੀ ਕਿ ਲਫ਼ਜ਼ ਮੂੰਹ ਲਟਕਾਈ ਮੇਰੇ ਕੋਲ ਆਉਂਦੇ ਨੇ ਤੇ ਮੈਂ ਉਨ੍ਹਾਂ ਨੂੰ ਕਬੂਤਰ ਬਣਾ ਦੇਨਾਂ। ਪਰ ਅਮਿਤੋਜ ਤਾਂ ਏਸ ਗੱਲ ਹੀ ਮੁਨਕਰ ਹੋਈ ਬੈਠਾ ਕਿ ਉਹ ਅਮਿਤੋਜ ਹੈ।

# ਜ਼ਿੰਦਾਬਾਦ ਮੁਰਦਾਬਾਦ ਬਗੈਰ ਨੀਂ ਸਰਦਾ...ਓਥੇ ਕਰ ਲੈਂਦੇ ਤਾਂ ਸ਼ਾਇਦ ਐਥੇ ਨਾ ਕਰਨਾ ਪੈਂਦਾ !

### -ਕਥਾ ਨਰਕ ਤੇ ਸੁਰਗ ਦੀ -

ਜਿੰਨੇ ਕੁ ਸੁਆਸਾਂ ਦੀ ਪੂੰਜੀ ਉਹਨੂੰ ਬਖਸ਼ਿਸ਼ 'ਚ ਮਿਲੀ ਹੋਈ ਸੀ, ਪੂਰੀ ਕਰ ਕੇ ਅਤੇ ਹਰ ਸਰਕਾਰੇ-ਦਰਬਾਰੇ ਆਪਣੀ ਹਾਜ਼ਿਰੀ ਲੁਆਉਣ ਤੋ ਬਾਅਦ, ਓਹ ਆਖਿਰ ਉਸ ਪਰਮ-ਪਿਤਾ ਦੇ ਦਰਬਾਰ ਹਾਜ਼ਿਰੀ ਲੁਆਉਣ ਵੀ ਪਹੁੰਚ ਹੀ ਗਿਆ। ਉਹਨੂੰ ਦੱਸਿਆ ਗਿਆ ਸੀ ਕਿ ਨੇਕ ਕੰਮ ਕਰਨ ਵਾਲਿਆਂ ਨੂੰ ਸੁਰਗ ਮਿਲਦਾ ਹੈ, ਤੇ ਮਾੜੇ ਕੰਮਾਂ ਵਾਲਿਆਂ ਨੂੰ ਨਰਕ! ਸੋ ਬਿਨਾਂ ਦੇਰੀ ਓਹ ਸੁਰਗ ਦੇ ਰਾਹੇ ਜਾ ਚੜਿਆ। ਰਾਹ 'ਚ ਵੇਖਿਆ ਕਿ ਇੱਕ ਵੱਡੇ ਸਾਰੇ ਪਿੱਪਲ ਥੱਲੇ ਕੁਝ ਲੋਕ ਇੱਕਠੇ ਹੋਏ ਬੈਠੇ ਸਨ, ਜਿਹੜੇ ਉਹਨੂੰ ਵੇਖਦੇ ਸਾਰ ਰੌਲਾ ਪਾਉਣ ਲੱਗੇ,

**ਸੁਭਾਸ਼ ਰਾਬੜਾ**

'ਆਜਾ ਬਾਈ ਆਜਾ...ਐਧਰ ਈ ਆਜਾ!' ਉਸ ਸੋਚਿਆ ਐਵੈ ਸੀਪ ਕੁੱਟੀ ਜਾਂਦੇ ਐ, ਨਾਲੇ ਰੌਲਾ ਪਾਈ ਜਾਂਦੇ ਐ...ਭਲਿਆ ਮਾਣਸਾ ਤੂੰ ਕੀ ਲੈਣਾਂ ਇਨ੍ਹਾਂ ਤੋਂ...ਤੂੰ ਵਗਿਆ ਚੱਲ 'ਤੇ ਸੁਰਗ 'ਚ ਜਾ ਆਪਣੀ ਸੀਟ ਮੱਲ...ਨਹੀਂ ਤਾਂ ਬਾਅਦ 'ਚ ਸਵਰਗ ਦੇ ਮਾਲਿਕਾਂ ਨੇ ਕਹਿਣਾ ਕਿ ਬਈ ਹੁਣ ਤਾਂ ਹਾਉਸ ਫੁੱਲ ਹੈ। ਵਾਹੋ-ਦਾਹੀ ਭੱਜਦਾ-ਭਜਾਉਂਦਾ ਓਹ ਸੁਰਗ ਦੇ ਬੂਹੇ ਜਾ ਪੁੱਜਾ। ਚਿਤਰਗੁਪਤ ਆਪਣੇ ਵਹੀ ਖਾਤਿਆਂ 'ਚ ਮਸਰੂਫ ਸੀ। ਫਿਰ ਵੀ ਉਸ ਜੇਰਾ ਕੀਤਾ ਤੇ ਪੁਛ ਹੀ ਲਿਆ, 'ਮਾਰਾਜ! ਮੈਂ ਫਲਾਣਾਂ ਵਲਦ ਫਲਾਣਾਂ...ਜਾਤ ਫਲਾਣੀ...ਪਿੰਡ ਤੇ ਡਾਖਾਨਾਂ ਫਲਾਣਾ...ਤਸੀਲ ਜ਼ਿਲਾ ਤੇ ਰਾਜ ਫਲਾਣਾ-ਫਲਾਣਾ, ਫਲਾਣੇ ਹਿੰਦੁਸਤਾਨੋਂ ਆਇਆ ਹਾਂ... ਕਿੱਥੇ ਡੇਰੇ ਲਾਵਾਂ?' ਚਿਤਰਗੁਪਤ ਨੇ ਕਾਗਜਾਂ ਦੀ ਫਰੋਲਾ-ਫਰਾਲੀ ਕੀਤੀ...ਨੈੱਟ 'ਤੇ ਸਟੇਟਸ ਚੈੱਕ ਕੀਤਾ ਅਤੇ ਬਚਨ ਉਚਾਰੇ, 'ਸੁਰਗ ਦੀ ਲਿਸਟ 'ਚ ਤਾਂ ਕਿਤੇ ਤੁਹਾਡਾ ਨਾਂ ਹੈ ਹੀ ਨਹੀਂ...ਓਧਰੋਂ ਨਰਕ਼ ਆਲੇ ਦਫਤਰੋਂ ਪੁਛ ਲਓ।'

ਇਹ ਬਚਨ ਸੁਣ ਓਹ ਨਰਕ਼ ਦੇ ਰਾਹੇ ਪੈ ਗਿਆ। ਤੁਰਦਾ-ਤੁਰਦ ਉਹ ਸੋਚੀ ਜਾਵੇ, 'ਐਵੈਂ ਭੁਲੇਖਾ ਹੀ ਨਾ ਪਿਆ ਹੋਵੇ ਚਿਤਰਗੁਪਤ ਜੀ ਨੂੰ...ਪਰ ਆਪਣਾ ਪਤਾ ਟਿਕਾਣਾ ਤਾਂ ਮੈਂ ਬਿਲਕੁਲ ਠੀਕ ਦੱਸਿਆ ਸੀ...ਜਾਤ ਬਰਾਦਰੀ ਵੀ ਠੀਕ...ਹਾਂ ਆਧਾਰ ਕਾਰਡ ਨਹੀਂ ਬਣਵਾਇਆ...ਨਹੀਂ ਤਾਂ ਸ਼ਾਇਦ ਰੌਲਾ ਹੀ ਨਾ ਪੈਂਦਾ...ਬਾਕੀ ਹੋ ਸਕਦੈ, ਡਾਕ ਲੇਟ-ਸ਼ੇਟ ਹੋ ਗਈ ਹੋਵੇ...ਉੱਥੇ ਤਾਂ ਨਾਲ ਦੇ ਪਿੰਡ ਵੀ ਚਿੱਠੀ ਹਫਤੇ-ਦਸਾਂ ਦਿਨਾਂ ਬਾਅਦ ਪੁੱਜਦੀ ਐ...ਕੀ ਪਤਾ ਐਥੇ ਵੀ ਕੁਝ ਐਹੋ ਜਿਹਾ ਹੀ ਚੱਲਦਾ ਹੋਵੇ।...ਬਾਕੀ ਭਾਈ ਮੈਂ ਕੋਈ ਮਾੜਾ ਕੰਮ ਤਾਂ ਕਦੇ ਕੀਤਾ ਨਹੀਂ...ਜਿੰਨਾ ਚਿਰ ਵਿਆਹਿਆ ਨਹੀਂ ਗਿਆ, ਮਾਂ-ਪਿਓ ਦੀ ਸੇਵਾ ਕੀਤੀ...ਬਾਅਦ 'ਚ ਘਰ ਵਾਲੀ 'ਤੇ ਨਿਆਣਿਆਂ ਦੀ...ਜਿਸ ਧਰਮ 'ਚ ਮੇਰੇ ਮਾਲਿਕ ਨੇ ਮੈਨੂੰ ਜਨਮ ਦਿੱਤਾ, ਓਸੇ ਦੇ ਲੜ ਲੱਗਿਆ ਰਿਹਾ...ਬਿਨਾ ਕੋਈ ਰੌਲਾ-ਰੱਪਾ ਪਾਇਆਂ...ਜਿਹੜਾ ਧਰਮ ਮੇਰੇ ਲੇਖੇ ਆਇਆ, ਓਸੇ ਦੀਆਂ ਰਵਾਇਤਾਂ ਮੰਨਦਾ ਰਿਹਾ...ਜਿੰਨਾ ਸਰਿਆ ਪੂਜਿਆ...ਦੂਜੇ ਧਰਮਾਂ ਵਾਲਿਆਂ ਦੀ ਅਹੀ-ਤਹੀ ਵੀ ਫੇਰੀ...ਹੋਰ ਭਾਵੇਂ ਸਾਰਾ ਦਿਨ ਡੱਕਾ ਵੀ ਦੂਹਰਾ ਕੀਤਾ ਹੋਵੇ ਜਾਂ ਨਾ...ਪਰ ਤੜਕੇ ਪਹਿਰੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਮਾਲਿਕ ਦਾ ਨਾਮ ਜਪਣ 'ਚ ਕੋਈ ਘੇਸਲ ਨਹੀਂ ਵੱਟੀ...ਸੜਕ ਦੇ ਖੱਬੇ ਬੰਨੇ ਹੀ ਚਲਦਾ ਰਿਹਾ...ਬਿਜਲੀ ਪਾਣੀ ਦਾ ਬਿਲ ਵੀ ਟੈਮ ਸਿਰ ਭਰਦਾ ਰਿਹਾਂ...ਜਲਸਿਆਂ-ਮੁਜ਼ਾਹਰਿਆਂ ਤੋਂ ਤਾਂ ਮੈਂ ਰਾਹ ਬਦਲ ਕੇ ਲੰਘਦਾ ਰਿਹਾਂ...ਪੰਦਰਾਂ ਅਗਸਤ, ਛੱਬੀ ਜਨਵਰੀ ਅਤੇ ਦੋ ਅਕਤੂਬਰ ਨੂੰ ਅੱਡੀਆਂ ਖੜਕਾ ਕੇ ਝੰਡੇ ਨੂੰ ਸਲਾਮੀ ਵੀ ਦਿੱਤੀ ਤੇ ਜਨ ਗਣ ਮਨ ਵੀ ਗਾਇਆ...ਵਾਹ ਲੱਗਦੀ ਕਿਸੇ ਦੀ ਧੀ ਭੈਣ ਨੂੰ ਬੁਰੀ ਨਜ਼ਰ ਨਾਲ ਨਹੀਂ ਵੇਖਿਆ...ਲੋੜੋਂ ਵਧ ਕਿਸੇ ਕੋਲੋਂ ਰਿਸ਼ਵਤ ਵੀ ਨਹੀਂ ਲਈ...ਪਿਆਜ਼ ਵੀ ਸਠ ਰੁਪੈ ਕਿਲੋ ਲੈ ਕੇ ਖਾਧੇ ਤੇ ਹੋਰ ਵੀ ਐਹੋ ਜਿਹਾ ਕੁੱਤ-ਖਾਨਾ ਬਥੇਰਾ ਝਲਿਆ...ਪਰ ਫੇਰ ਵੀ ਇਹ ਕਹਿੰਦੇ ਆ ਕਿ ਸੁਰਗ ਆਲਿਆਂ 'ਚ ਤਾਂ ਤੇਰਾ ਨਾਂ ਹੀ ਨਹੀਂ...ਮਰਜ਼ੀ ਤੇਰੀ ਮੇਰਿਆ ਮਾਲਕਾ!...ਹਮਾਤੜ ਦੀ ਤਾਂ ਕਦੇ ਉਥੇ ਨੀਂ ਸੀ ਚਲੀ, ਫੇਰ ਭਲਾ ਐਥੇ ਕਿਥੋਂ ਚੱਲ ਜੂ...ਸੋ ਵੇਖ ਮਰਦਾਨਿਆਂ ਤੂੰ ਰੰਗ ਕਰਤਾਰ ਦੇ!

ਪਿੱਪਲ ਥੱਲੇ ਵਾਲੀ ਢਾਣੀ ਹਾਲੀ ਵੀ ਰੌਲਾ ਪਾਈ ਜਾਂਦੀ ਸੀ...ਨਾਲੇ ਜ਼ਿੰਦਾਬਾਦ ਮੁਰਦਾਬਾਦ ਵੀ ਕਰੀ ਜਾਂਦੀ ਸੀ। ਜਦੋਂ ਓਹ ਨੇੜਿਓਂ ਲੰਘਿਆ ਤਾਂ ਬਾਹਾਂ ਉਲਾਰ-ਉਲਾਰ ਕੇ ਫਿਰ ਓਹੋ ਆਵਾਜ਼ਾਂ ਦੇਣ ਲੱਗੇ, 'ਆਜਾ ਬਾਈ ਆਜਾ। ਐਧਰ ਈ ਆਜਾ!' ਉਨ੍ਹੇਂ ਸੋਚਿਆ, ਇਹ ਤਾਂ ਹੁਣ ਸੀਪ ਕੁੱਟਣ ਦੇ ਨਾਲ-ਨਾਲ ਜ਼ਿੰਦਾਬਾਦ ਮੁਰਦਾਬਾਦ ਦਾ ਝੱਲ ਵੀ ਕੁੱਟੀ ਜਾਂਦੇ ਐ...ਤੂੰ ਕੀ ਲੈਣੈਂ ਢੱਗਿਆਂ ਤੋਂ? ਚੱਲ ਮਨਾਂ ਤੂੰ ਨਰਕ 'ਚ ਈ ਕੋਈ ਠੋਰ-ਠਿਕਾਣਾ ਲੱਭ ਲੈ ।

ਨਰਕ ਬੂਹੇ ਪਹੁੰਚ ਉਸ ਤੱਕਿਆ, ਚਿਤਰ ਗੁਪਤ ਵਰਗਾ ਇੱਕ ਹੋਰ ਬੈਠਾ ਸੀ...ਥੋੜਾ ਜਿਹਾ ਪੱਕੇ ਰੰਗ ਵਾਲਾ। ਓਹਦੇ ਕੋਲ ਜਾ ਕੇ ਵੀ ਉਸ ਓਹੀਓ ਮੁਹਾਰਨੀ ਦੁਹਰਾਈ, 'ਮਹਾਰਾਜ ਮੈਂ ਫਲਾਣਾ ਫਲਾਣਾ ਵਲਦ ਫਲਾਣਾ...ਹਿੰਦੁਸਤਾਨੋਂ ਆਇਆਂ...ਮੇਰੀ ਕੋਈ ਪਹੁੰਚੀ ਪਰਚੀ? ਮੈਂ ਤਾਂ ਸਾਰੀ ਉਮਰ ਚੰਗੇ ਕੰਮ ਈ ਕਰਦਾ ਰਿਹਾ...ਫਿਰ ਵੀ ਸੁਰਗ ਆਲੇ ਕਹਿੰਦੇ ਸਾਡੇ ਆਲੇ ਪਾਸੇ ਤੁਹਾਡਾ ਨੰਬਰ ਈ ਨਹੀਂ ਲੱਗਿਆ...ਫਾਈਲ ਹੀ ਨਹੀਂ ਪਹੁੰਚੀ...ਕਹਿਣ ਲੱਗੇ ਨਰਕ ਆਲੇ ਮਹਿਕਮੇ 'ਚ ਪੁਛ ਲਓ। ਮੈਂ ਇਧਰ ਆ ਗਿਆ। ਐਧਰ ਵਾਲੇ ਚਿਤਰ ਗੁਪਤ ਨੇ ਵੀ ਐਧਰ-ਉਧਰ ਫਾਈਲਾਂ ਵੇਖੀਆਂ...ਨੈਟ ਉੱਤੇ ਸਟੇਟਸ ਚੈਕ ਕੀਤਾ ਤੇ ਸਿਰ ਹਿਲਾ ਦਿੱਤਾ...'ਨਹੀਂ ਸਾਡੇ ਕੋਲ ਤੁਹਾਡੀ ਕੋਈ ਫਾਈਲ ਨਹੀਂ ਪਹੁੰਚੀ ਹਾਲੀ ਤੱਕ ਤਾਂ...ਸ਼ੈਤ ਹੁਣ ਤੱਕ ਸੁਰਗ ਵਾਲੇ ਮਹਿਕਮੇਂ 'ਚ ਪਹੁੰਚ ਗਈ ਹੋਵੇ, ਪਰ ਚਾਹ-ਪਾਣੀ ਦੀ ਝਾਕ 'ਚ ਉਹ ਐਵੇਂ ਦੱਸਦੇ ਨਾ ਹੋਣ...ਇੱਕ ਵਾਰ ਫਿਰ ਗੇੜਾ ਮਾਰ ਕੇ ਦੇਖ ਲਓ।'

ਨਿਮੋਝੂਣਾ ਜਿਹਾ ਹੋ ਕੇ ਓਹ ਫਿਰ ਸੁਰਗ ਆਲੇ ਮਹਿਕਮੇ ਵੱਲ ਨੂੰ ਤੁਰ ਪਿਆ। ਪਿੱਪਲ ਥੱਲੇ ਇੱਕਠ ਥੋੜਾ ਵਧ ਗਿਆ ਸੀ...ਰੌਲਾ-ਰੱਪਾ ਵੀ ਵਧ ਗਿਆ ਸੀ...ਜ਼ਿੰਦਾਬਾਦ ਮੁਰਦਾਬਾਦ ਵੀ ਤਿੱਖੀ ਹੋ ਗਈ ਸੀ। ਕੋਲੋਂ ਦੀ ਲੰਘਣ ਲੱਗਾ ਤਾਂ ਹਥ ਹਿਲਾ-ਹਿਲਾ ਕੇ ਫਿਰ ਓਹੋ ਆਵਾਜ਼ਾਂ- 'ਆਜਾ ਬਾਈ ਆ ਜਾ...ਐਧਰ ਆਜਾ!' ਉਸ ਸੋਚਿਆ ਮਨਾਂ ਇਨ੍ਹਾਂ ਦੀ ਵੀ ਸੁਣ ਈ ਲੈਣੀ ਚਾਹੀਦੀ ਐ।...ਸੋ ਪੈਰ ਓਨ੍ਹਾਂ ਵੱਲ ਮੋੜ ਲਏ।

'ਲਓ ਭਾਈ ਇੱਕ ਹੋਰ ਆ ਗਿਆ!' ਇੱਕ ਨੇ ਕਿਹਾ

'ਨਹੀਂ ਮਿਲੀ ਕਿਤੇ ਸੀਟ?' ਦੂਜੇ ਨੇ ਪੁੱਛਿਆ।

'ਨਹੀਂ' ਉਸ ਜੁਆਬ ਦਿੱਤਾ।

'ਫਾਇਲ ਨਹੀਂ ਪਹੁੰਚੀ ਹੋਣੀ?' ਫਿਰ ਸੁਆਲ ਆਇਆ।

'ਹਾਹੋ' ਉਸ ਫਿਰ ਜੁਆਬ ਦਿੱਤਾ।

'ਹਿੰਦੁਸਤਾਨੋਂ ਆਇਆ ਐਂ?'

' ਹਾਂ!! ਪਰ ਥੋਨੂੰ ਕਿਵੇਂ ਪਤਾ?' ਉਸ ਜੁਆਬ ਵੀ ਦਿੱਤਾ ਅਤੇ ਸੁਆਲ ਵੀ ਕੀਤਾ।

'ਅਸੀਂ ਵੀ ਸਾਰੇ ਹਿੰਦੁਸਤਾਨੋਂ ਆਏ ਆਂ...ਟੈਮ ਤੋਂ ਪਹਿਲਾਂ ਆ ਗਏ...ਫਾਈਲਾਂ ਹਾਲੇ ਪੁੱਜੀਆਂ ਈ ਨੀਂ।' ਸਾਰੇ ਜਿਵੇਂ ਇੱਕਠੇ ਈ ਹੱਸੇ। ਰੋਕਦਿਆਂ-ਰੋਕਦਿਆਂ ਓਹਦਾ ਵੀ ਹਾਸਾ ਨਿੱਕਲ ਗਿਆ।

'ਪਰ ਆਹ ਜ਼ਿੰਦਾਬਾਦ-ਮੁਰਦਾਬਾਦ ਕਾਹਦੀ?' ਓਹਨੇ ਹੱਸਦਿਆਂ-ਹੱਸਦਿਆਂ ਪੁਛਿਆ।

'ਇਹਦੇ ਬਗੈਰ ਤਾਂ ਸਰਨਾ ਹੀ ਨਹੀਂ ਸੀ...ਜੇ ਓਥੇ ਕਰ ਲੈਂਦੇ ਤਾਂ ਸ਼ੈਤ ਐਥੇ ਨਾ ਕਰਨੀ ਪੈਂਦੀ...ਖਸਮਾਂ ਨੂੰ ਖਾਵੇ ਸੁਰਗ ਨਰਕ...ਫਾਈਲਾਂ ਆਈਆਂ, ਆਈਆਂ...ਨਾ ਆਈਆਂ ਨਾ ਆਈਆਂ।...ਚਾਰ ਭਰਾ ਮਿਲ-ਮਿਲਾ ਕੇ ਆਪਾਂ ਐਥੇ ਹੀ ਸੁਰਗ ਬਣਾ ਲਵਾਂਗੇ!'

ਹੁਣ ਉਹ ਵੀ ਦੱਬ ਕੇ ਖਿੜ ਖਿੜਾਇਆ ਤੇ ਪਿੱਪਲ ਵਾਲ਼ਿਆਂ ਦੇ ਜੁੱਟ 'ਚ ਸ਼ਾਮਲ ਹੋ ਗਿਆ।

# ਆਪੇ ਨੂੰ ਮਿਲਦਿਆਂ....

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਚਿਰਾਂ ਬਾਅਦ ਸੂਰਜ ਨੇ ਦਸਤਕ ਦਿੱਤੀ, ਰਾਤ ਦੀ ਉਦਾਸੀ ਦੂਰ ਹੋ ਗਈ।
ਸਵੇਰ ਦੀ ਧੁੱਪ ਨੇ ਕੋਰੇ ਨੂੰ ਪਲੋਸਿਆ, ਫਸਲਾਂ 'ਤੇ ਨਵਾਂ ਰੂਪ ਚੜ੍ਹ ਗਿਆ।
ਬਿਰਖ਼ 'ਤੇ ਲੱਗਰਾਂ ਫੁੱਟੀਆਂ, ਰੁੰਡ-ਮਰੁੰਡ ਰੁੱਖ ਜਿਉਣ ਜੋਗਾ ਹੋ ਗਿਆ।
ਟਾਹਣੀ 'ਤੇ ਇਕ ਕਰੂੰਬਲ ਫੁੱਟੀ, ਪਰਿੰਦੇ ਨੇ ਆਲ੍ਹਣਾ ਪਾ ਲਿਆ।
ਤਣੇ 'ਤੇ ਪੱਤਿਆਂ ਦਾ ਹਾਰ ਲਹਿਰਾਇਆ, ਬਹਾਰ ਨੇ ਬਿਰਖ਼ ਨੂੰ ਕਲਾਵੇ 'ਚ ਲੈ ਲਿਆ।
ਡੋਡੀ ਨੇ ਅੰਗੜਾਈ ਲਈ, ਫੁੱਲ-ਪੱਤੀਆਂ ਖਿੜ-ਖਿੜ ਹੱਸੀਆਂ।
ਟਾਹਣੀ ਦੀ ਹਿੱਕ 'ਤੇ ਡੋਡੀ ਖਿੜ੍ਹਨ ਲੱਗੀ, ਚਮਨ 'ਚ ਪੱਤੀਆਂ ਦੇ ਰੰਗ ਬਿਖਰ ਗਏ।
ਫੁੱਲ ਨੇ ਆਪਣੀ ਸੁਗੰਧ ਫੈਲਾਈ, ਹੁੱਸੜੀ ਫ਼ਿਜ਼ਾ ਮਹਿਕੀਲੀ ਹੋ ਗਈ।
ਬਿਰਖ ਦੇ ਪਿੰਡੇ 'ਤੇ ਬਹਾਰ ਨੇ ਕਿੱਕਲੀ ਪਾਈ, ਆਲ੍ਹਣਾ ਧੜਕਣ ਲੱਗ ਗਿਆ।
ਵੱਤਰ ਜ਼ਮੀਂ 'ਚ ਬੀਜ ਪੁੰਗਰਿਆ, ਧਰਤ ਬਾਗੋ-ਬਾਗ ਹੋ ਗਈ।
ਸੰਨਵੇਂ ਖੇਤ ਨੂੰ ਪਾੜ ਪਾਈ, ਮਿੱਟੀ ਗਰਭ ਧਾਰਨ ਲਈ ਕਾਹਲੀ ਹੋ ਗਈ।
ਬਾਪ ਨੇ ਖ਼ੇਤ ਨੂੰ ਪਾਣੀ ਲਾਇਆ, ਫਸਲਾਂ ਝੂਮਣ ਲੱਗ ਪਈਆਂ।
ਸਰਘੀ ਵੇਲੇ ਗੁਰਦੁਆਰੇ ਦਾ ਸਪੀਕਰ ਬੋਲਿਆ, ਫ਼ਿਜ਼ਾ ਵਿਚ ਅੰਮ੍ਰਿਤ ਬੋਲ ਘੁਲ ਗਏ।
ਮਹਿਕਾਂ ਦੀ ਬਗੀਚੇ ਵਿਚ ਆਮਦ ਹੋਈ, ਫੁੱਲਾਂ ਦੀਆਂ ਮਹਿਫ਼ਲਾਂ ਸਜ ਗਈਆਂ।
ਪੱਬਾਂ ਨੇ ਕੱਚੇ ਰਾਹਾਂ 'ਤੇ ਪੱਗਡੰਡੀ ਉਕਰੀ, ਪੈੜਾਂ ਤਵਾਰੀਖ਼ ਬਣ ਗਈਆਂ।
ਪ੍ਰਛਾਵਾਂ ਨਿੱਕਾ ਨਿੱਕਾ ਹੋਣ ਲੱਗਾ, ਜੀਵਨੀ ਦੁਪਹਿਰ ਦਾ ਰੂਪ ਨਿਖਰ ਗਿਆ।
ਸਮੇਂ ਦੇ ਵਿਹੜੇ ਸਰੋਕਾਰਾਂ ਨੇ ਧਮਾਲ ਪਾਈ, ਵਕਤ ਸਾਜ਼ਗਾਰ ਹੋ ਗਿਆ।
ਗਲੀ 'ਚ ਫ਼ੱਕਰ ਨੇ ਫੇਰੀ ਪਾਈ, ਹਰ ਦਰ ਤੇਲ 'ਚ ਗੜੁੱਚਿਆ ਗਿਆ।
ਪੱਛੋਂ ਦੀਆਂ ਕਣੀਆਂ ਦੀ ਫੁਹਾਰ ਆਈ, ਰੱਕੜ ਭੌਂ ਬੰਦੇ ਜੰਮਣ ਲੱਗ ਪਈ।
ਪੂਰੇ ਦਾ ਮਰੋੜਾ ਲੱਗਿਆ, ਬੰਦੇ ਦੀ ਆਕੜ ਅਤੇ ਔਕਾਤ ਪਰਖੀ ਗਈ।
ਪੂਰਬ ਵਿਚੋਂ ਸੂਰਜ ਨੇ ਦਸਤਕ ਦਿੱਤੀ, ਰਾਤ ਦਾ ਮਖੌਟਾ ਲਹਿ ਗਿਆ।
ਸਰਗੀ ਨੇ ਅੱਖ ਪੁੱਟੀ, ਚਾਨਣ-ਕਣੀਆਂ ਨੇ ਫੁੱਲ-ਪੱਤੀਆਂ ਚੁੰਮੀਆਂ।
ਸਵੇਰ ਨੇ ਪੋਲੇ ਪੈਰੀਂ ਪੱਬ ਟਿਕਾਏ, ਪੈਂਡਿਆਂ ਵਿਚਲੇ ਪ੍ਰਛਾਵੇਂ ਲੰਮੇ ਹੋ ਗਏ।
ਸੂਰਜ ਸਿਖਰ 'ਤੇ ਆਇਆ, ਪ੍ਰਛਾਵੇਂ ਸੁੰਗੜ ਕੇ ਖੁਦ ਵਿਚ ਹੀ ਸਿਮਟਣ ਲੱਗੇ।
ਮਨੋ-ਭਾਵਾਂ ਨੇ ਉਬਾਲ ਖਾਧਾ, ਕਰਮ-ਕਦਮ ਜੋਸ਼ੀਲੇ ਹੋ ਗਏ।
ਪਾਣੀ ਨੇ ਬਰੇਤੇ ਨੂੰ ਗਲ ਨਾਲ ਲਾਇਆ, ਬਰੇਤਾ ਦਰਿਆ ਬਣ ਗਿਆ।
ਕਣੀ ਸਮੁੰਦਰ ਨੂੰ ਧਾਅ ਕੇ ਮਿਲੀ, ਉਹ ਵੀ ਸਮੁੰਦਰ ਹੋ ਗਈ।
ਸੱਜਣ ਨੇ ਅੱਖਾਂ ਭਰ ਕੇ ਦੇਖਿਆ, ਦੂਰ ਜਾਂਦੀਆਂ ਪੈੜਾਂ ਸਲਾਬੀਆਂ ਗਈਆਂ।
ਜਾਣ ਵੇਲੇ ਮਾਂ ਨੇ ਬਲਾਵਾਂ ਉਤਾਰੀਆਂ, ਪੈਰਾਂ ਨੇ ਨਿਵੇਕਲੀਆਂ ਪੈੜਾਂ ਸਿਰਜੀਆਂ।
ਮਾਂ ਨੇ ਜੀਅ ਭਰ ਕੇ ਨਿਹਾਰਿਆ, ਯੁੱਗ ਜਿਊਣ ਦਾ ਵਰਦਾਨ ਮਿਲ ਗਿਆ।
ਮੈਂ ਬਾਪ ਦੀਆਂ ਪੈੜਾਂ 'ਚ ਫੇਰ ਧਰਿਆ, ਮੰਜ਼ਲਾਂ ਨਤਮਸਤਕ ਹੋ ਗਈਆਂ।
ਬਾਹਰ ਜਾਣ ਵੇਲੇ ਮੈਂ ਘਰ ਵੰਨੀਂ ਦੇਖਿਆ, ਘਰ ਦੀ ਅੱਖ ਭਰ ਆਈ।
ਭੈਣ ਨੇ ਕੈਲੰਡਰ ਦੀਆਂ ਤਰੀਕਾਂ 'ਤੇ ਲੀਕ ਵਾਹੀ, ਰੱਖੜੀ ਰੋਣ ਲੱਗ ਪਈ।
ਕਲਮ ਉਦਾਸੀ ਨੂੰ ਮੁਖ਼ਾਤਬ ਹੋਈ, ਵਰਕਿਆਂ 'ਤੇ ਸਿਸਕੀਆਂ ਉਗ ਆਈਆਂ।
ਅੰਦਰਲੀ ਚੁੱਪ ਸੁੰਨ-ਸਮਾਧੀ 'ਚ ਚਲੇ ਗਈ, ਹਰਫ਼ ਮੇਰੇ ਆੜੀ ਬਣ ਗਏ।
ਬੋਲ ਅਕਾਰਥ ਹੋ ਗਏ, ਵੇਦਨਾ ਤੇ ਚੇਤਨਾ ਮੈਂ ਸ਼ਬਦਾਂ ਦੇ ਹਵਾਲੇ ਕਰ ਦਿਤੀ।
ਸਫ਼ੇ ਨੇ ਕਲਮ ਨੂੰ ਚੁੰਮਿਆ, ਸ਼ਬਦਾਂ ਦੇ ਮੋਤੀਹਾਰ ਬਣ ਗਏ।
ਸ਼ਬਦਾਂ ਦੀ ਹਿੱਕ 'ਤੇ ਜੁਗਨੂੰ ਬਹਿ ਗਿਆ, ਅਰਥਾਂ ਦੇ ਦੀਵੇ ਜਗਣ ਲੱਗ ਗਏ।
ਸ਼ਬਦਾਂ ਦੀ ਅਹਿਮੀਅਤ ਦੀ ਸੋਝੀ ਆਈ, ਓਟੇ 'ਤੇ ਚਿੜੀਆਂ ਬਹਿ ਗਈਆਂ।
ਪਾਠਕ ਨੇ ਕਿਤਾਬ ਦੇ ਵਰਕੇ ਪਰਤੇ, ਅੱਖਰਕਾਰੀ ਜਿਊਣ ਜੋਗੀ ਹੋ ਗਈ।
ਆਪਣਿਆਂ ਨੇ ਗ਼ਲੇ ਲਗਾਇਆ, ਰੂਹੀ ਰਿਸ਼ਤੇ ਸੁਖਨ 'ਚ ਪਿਘਲ ਗਏ।
ਚਿਰਾਂ ਬਾਅਦ ਸੱਜਣ ਦਾ ਖ਼ਤ ਆਇਆ, ਚੇਤਿਆਂ 'ਚ ਬਚਪਨ ਨੇ ਗੇੜੀ ਲਾਈ।
ਮਿੱਤਰ ਦੀ ਸੁੱਖਸਾਂਦ ਦਾ ਪਤਾ ਲੱਗਿਆ, ਮਨ ਦੀ ਚਿੱਤਵਣੀ ਗਾਇਬ ਹੋ ਗਈ।
ਪੁਰਾਣੀ ਕਾਪੀ ਫਰੋਲਦਿਆਂ ਮੋਰ ਪੰਖ ਲੱਭਾ, ਪੁਰਾਣੀਆਂ ਯਾਦਾਂ ਨੱਚਣ ਲੱਗੀਆਂ।
ਬੰਦ ਡਾਇਰੀ ਨੂੰ ਫਰੋਲਿਆਂ, ਧੂੜ ਦੀ ਪਰਤ 'ਚੋਂ ਬੀਤੇ ਦੇ ਨਕਸ਼ ਨਜ਼ਰ ਆਏ।
ਘੱਟੇ ਲੱਧੀਆਂ ਕਿਤਾਬਾਂ ਨੂੰ ਕਾਹਦਾ ਮਿਲਿਆ, ਰੋਂਦੀਆਂ ਨੂੰ ਵਰਾਉਣਾ ਔਖਾ ਹੋ ਗਿਆ।
ਮੰਡ ਨੂੰ ਜਾਂਦੇ ਰਾਹਾਂ ਨੂੰ ਮਿਲਿਆ, 'ਬਖਸ਼ੀ' ਵਾਗੀ ਨੇ ਹਾਕ ਮਾਰ ਕੇ ਬੁਲਾਇਆ।
ਮੰਡ ਵਿਚਲੇ ਖੇਤਾਂ ਦੀ ਗੇੜੀ ਲਾਈ, ਜਾਪਿਆ ਘਾਹ ਦੀ ਪੰਡ ਸਿਰ 'ਤੇ ਹੋਵੇ।
ਬਾਪ ਦੇ ਹੱਥੀਂ ਲਾਏ ਅੰਬ ਨੂੰ ਜੱਫ਼ੀ ਪਾਈ, ਬਾਪ ਦੀ ਬੁੱਕਲ ਦਾ ਨਿੱਘ ਮਿਲ ਗਿਆ।
ਚਿਰਾਂ ਬਾਅਦ ਕਾਲਜ 'ਚ ਪੈਰ ਧਰਿਆ, ਫੇਲ੍ਹ ਹੋਣਾ ਮੈਨੂੰ ਦੇਖ ਕੇ ਮੁਸਕਰਾਇਆ।
ਗ਼ੈਰਾਂ ਦੀਆਂ ਪੁੱਟੀਆਂ ਖਾਈਆਂ, ਸਿਰੜ-ਸਾਧਨਾ ਸਾਹਵੇਂ ਪੂਰੀਆਂ ਗਈਆਂ।
ਆਪਣਿਆਂ ਨੇ ਅੜਚਣਾਂ ਪਾਈਆਂ, ਮੇਰਾ ਰਾਹ ਮੈਨੂੰ ਧਾਅ ਕੇ ਮਿਲਿਆ।
ਹੋਠਾਂ 'ਤੇ ਸਿੱਕਰੀ ਜੰਮ ਗਈ, ਬੋਲ ਆਪਣੀ ਹੂਕ 'ਵਾਵਾਂ ਨੂੰ ਸੁਣਾਉਣ ਲੱਗ ਪਏ।
ਬਾਹਰੀ ਸਫ਼ਰ 'ਤੇ ਜਾਣ 'ਤੇ ਰੋਕ ਲੱਗ ਗਈ, ਮੈਂ ਅੰਦਰਲੇ ਸਫ਼ਰ 'ਤੇ ਨਿਕਲ ਪਿਆ।
ਗੈਰਾਂ ਨੇ ਮੈਨੂੰ ਤੁਰਦਿਆਂ ਦੇਖ ਲਿਆ, ਉਨ੍ਹਾਂ ਦੀ ਚਾਲ ਹੀ ਠਠੰਬਰ ਗਈ।
ਪਿਆਰਾ ਪੌਣਾਂ 'ਤੇ ਪੈਗ਼ਾਮ ਲਿਖਦਾ ਰਿਹਾ, ਮੈਂ 'ਵਾਵਾਂ ਹੱਥ ਹੁੰਗਾਰਾ ਭਰਦਾ ਰਿਹਾ।
ਕਦੇ ਕਦਾਈਂ ਯਾਰ ਦਾ ਫ਼ੋਨ ਆਉਂਦਾ, ਕਮਰਾ ਵਜਦ ਵਿਚ ਆ ਜਾਂਦਾ।
ਮਨ ਦੀ ਵੱਤਰ ਜ਼ਮੀਨ ਨੂੰ ਗੁੱਡਿਆ, ਕਲਮਾਂ ਖੁਦ-ਬ-ਖੁਦ ਪੁੰਗਰ ਆਈਆਂ।
ਰੂਹ ਦੀਆਂ ਰਮਜ਼ਾਂ ਨੂੰ ਪਲੋਸਿਆ, ਸ਼ੁਕਰਗੁਜ਼ਾਰੀ ਮੇਰੀ ਹਮਰਾਜ਼ ਬਣ ਗਈ।
ਮਨ ਦੀ ਵਹਿੰਗੀ ਵਿਚ ਫੁੱਲ ਟਿਕਾਏ, ਹਰ ਦਿਲ ਨੇ ਕਵਾੜ ਖੋਲ੍ਹ ਦਿਤੇ।
ਮੈਂ ਧੁੰਧਲ ਭਰੇ ਰਾਹਾਂ ਦਾ ਮਾਰਗੀ ਬਣਿਆ, ਪੈਰਾਂ ਨੂੰ ਮਿੱਟੀ ਦੀ ਮਹਿੰਦੀ ਲੱਗ ਗਈ।
ਦਿਲ ਨੇ ਦਿਮਾਗ ਨੂੰ ਉਲਾਂਭਾ ਦਿੱਤਾ, ਦਿਮਾਗ, ਦਿਲ ਦੀਆਂ ਰਮਜ਼ਾਂ ਜਾਣ ਗਿਆ।
ਮਨ, ਰੂਹ ਦਾ ਹਮਰਾਜ਼ ਬਣਿਆ, ਅਨਾਦੀ ਰਾਗ 'ਚ ਅੰਦਰ ਨਸ਼ਿਆ ਗਿਆ।
ਸਮਾਂ ਆਪਣੀ ਤੋਰੇ ਤੁਰਦਾ ਰਿਹਾ, ਤਕਦੀਰ ਨੇ ਆਪਣੀਆਂ ਤਰਜੀਹਾਂ ਮਿੱਥ ਲਈਆਂ।
ਤਦਬੀਰਾਂ ਨੇ ਕਿਰਤਕਾਰੀ ਨੂੰ ਅਪਣਾਇਆ, ਮੱਥੇ 'ਤੇ ਕਿਸਮਤ ਲਕੀਰਾਂ ਉਗ ਆਈਆਂ।
ਉਹ ਸਮੇਂ ਦੀ ਚਾਲ ਮਿਣਦੇ ਰਹੇ, ਮੈਂ ਸੁਪਨਿਆਂ ਦੀ ਸੇਧੇ ਤੁਰਦਾ ਰਿਹਾ।
ਉਹ ਆਏ ਤੇ ਗਏ ਹੋ ਗਏ, ਮੈਂ ਲਗਾਤਾਰੀ-ਸਥਿਰਤਾ ਨਾਲ ਜੁੜਿਆ ਰਿਹਾ।
ਉਹ 'ਤੂੰ' ਤੋਂ 'ਮੈਂ' ਹੋ ਗਏ, ਮੈਂ, 'ਮੈਂ' ਤੋਂ 'ਅਸੀਂ' ਹੋਣ ਦਾ ਰਾਹ ਮਲਿਆ।
ਉਹ ਇਕ ਸੂਤਰ 'ਚ ਬੱਝੇ ਰਹੇ ਗਏ, ਮੈਂ ਖੁੱਲ੍ਹੇ ਅਸਮਾਨੀਂ ਪ੍ਰਵਾਜ਼ ਭਰਦਾ ਰਿਹਾ।
ਉਨ੍ਹਾਂ ਜ਼ਮੀਰਾਂ ਤੇ ਜਾਇਦਾਦਾਂ ਦੇ ਸੌਦੇ ਕੀਤੇ, ਮੈਂ ਜ਼ਮੀਰ ਨੂੰ ਹਮਜੋਲੀ ਬਣਾਇਆ।
ਉਹ ਪੈਸਿਆਂ ਦੀ ਟੁਣਕਾਰ ਵਿਚ ਮਸਤ ਰਹੇ, ਮੈਂ ਪੱਲੇ 'ਚ ਫ਼ਕੀਰੀ ਬੰਨ੍ਹ ਲਈ।
ਉਹ ਨੰਗੇ ਪੈਰੀਂ ਤੁਰਨਾ ਹੀ ਭੁੱਲ ਗਏ, ਮੈਂ ਮਿੱਟੀ ਘੱਟੇ ਨੂੰ ਮੱਥੇ ਨਾਲ ਛੁਹਾਈ ਰੱਖਿਆ।
ਮੈਂ ਮਨ ਦੀ ਮਿੱਟੀ ਨੂੰ ਗੁੰਨਿਆ, ਕਿਰਦਾਰ-ਪਿਆਲਾ ਮੇਰੇ ਹੋਠੀਂ ਲੱਗਿਆ।
ਮੈਂ ਆਪਣੇ ਹਿੱਸੇ ਦਾ ਅੰਬਰ ਭਾਲਣ ਨਿਕਲਿਆ, ਅੰਬਰ ਖੁਦ ਮੇਰਾ ਗਰਾਈਂ ਹੋ ਗਿਆ।
ਮੈਂ ਝੀਲ ਵਿਚ ਆਪਣਾ ਅਕਸ ਦੇਖਿਆ, ਸਾਰੀ ਝੀਲ ਹੀ ਮੇਰਾ ਰੂਪ ਹੋ ਹਈ।
ਮੈਂ ਧੁੱਪ 'ਚ ਆਪਣੇ ਪ੍ਰਛਾਵੇਂ ਦੀ ਸਾਰ ਲਈ, ਪ੍ਰਛਾਵਾਂ ਮੇਰਾ ਨਸੀਬ ਬਣ ਗਿਆ।
ਮੈਂ ਪਿੰਡ ਦੀ ਮਿੱਟੀ ਨੂੰ ਚੁੰਮਿਆ, ਮੇਰਾ ਨਸੀਬਾ ਬਿਆਈਆਂ 'ਤੇ ਖੁੱਣਿਆ।
ਢਲਦੀ ਸ਼ਾਮ ਉਤਰ ਆਈ, ਉਮਰਾਂ ਦੇ ਪ੍ਰਛਾਵੇਂ ਗਾਇਬ ਹੋਣੇ ਸ਼ੁਰੂ ਹੋ ਗਏ।
ਅਲਵਿਦਾ ਕਹਿੰਦਿਆਂ ਸੂਰਜ ਰਾਤ 'ਚ ਛੁਪਿਆ, ਰਾਤ ਕਲੋਲਾਂ ਕਰਨ ਲੱਗੀ।
ਅੰਬਰ ਦਾ ਵਿਹੜਾ ਮੋਕਲਾ ਹੋਇਆ, ਤਾਰਿਆਂ ਨੇ ਝੂਮਰ ਪਾ ਕੇ ਰਾਤ ਜਗਾਈ।
ਹੁੱਸੜੀਆਂ ਹਵਾਵਾਂ ਰੁਮਕੀਆਂ, ਅਲਸਾਏ ਜਿਸਮ ਆਪਸ 'ਚ ਲਿਪਟ ਗਏ।
ਹਨੇਰੀ ਰਾਤ ਡਰਾਉਂਦੀ ਰਹੀ, ਚਾਨਣ ਨੇ ਆਪਣੀ ਯਾਤਰਾ ਜਾਰੀ ਰੱਖੀ।
ਕਾਲੀਆਂ ਰਾਤਾਂ ਨੇ ਖ਼ੌਰੂ ਪਾਇਆ, ਜੁਗਨੂੰਆਂ ਨੇ ਮੁਕਾਮੀ ਜੰਗ ਜਿੱਤ ਲਈ।
ਆਸਮਾਨ ਦੇ ਪਿੰਡੇ 'ਤੇ ਤਾਰੇ ਉਗ ਆਏ, ਅੰਬਰ ਚਾਨਣ-ਹਾਰ ਬਣ ਗਿਆ।
ਪੁੰਨਿਆਂ ਦੇ ਚੰਨ ਨੇ ਅੱਖ ਖੋਲ੍ਹੀ, ਮੱਸਿਆ ਗਰਭਵਤੀ ਹੋ ਗਈ
ਚੰਨ ਨੇ ਰਾਤ ਨੂੰ ਬੁੱਕਲ 'ਚ ਲਿਆ, ਫ਼ਿਜ਼ਾ ਚਾਨਣ ਚਾਨਣ ਹੋ ਗਈ।
ਚਾਨਣ ਨੇ ਪਾਣੀ 'ਚ ਡੁੱਬਕੀ ਲਾਈ, ਝੀਲ ਦੁਧੀਆ ਦੁਧੀਆ ਹੋ ਗਈ।
ਰਾਤ ਦੀ ਚੁੱਪ ਨੂੰ ਸੱਜਣ ਦੇ ਬੋਲਾਂ ਤੋੜਿਆ, ਕਮਰਾ ਗੁਣਗੁਣਾਉਣ ਲੱਗਾ
ਅਲਸਾਏ ਅਹਿਸਾਸਾਂ ਨੇ ਅੰਗੜਾਈ ਭਰੀ, ਚਾਅ ਮਚਲਣ ਲੱਗ ਪਏ।
ਅੰਬਰ ਜੂਹੇ ਇਕ ਤਾਰਾ ਉਗਿਆ, ਅੰਬਰ ਚਾਨਣ ਦੀ ਛੱਤ ਹੋ ਗਿਆ।
ਮੈਂ ਛੱਤ 'ਤੇ ਲੇਟਿਆਂ ਮਾਪਿਆਂ ਨੂੰ ਸਿਜਦਾ ਕੀਤਾ, ਖ਼ੁਦਾ ਨੇ ਮੇਰੀਆਂ ਬਲਾਵਾਂ ਉਤਾਰੀਆਂ।
ਮੈਂ ਆਪੇ ਨੂੰ ਧਾਅ ਕੇ ਮਿਲਿਆ, ਕਿਸੇ ਹੋਰ ਨੂੰ ਮਿਲਣ ਦੀ ਤਮੰਨਾ ਹੀ ਨਾ ਰਹੀ।

# ਮਨੁੱਖੀ ਰਿਸ਼ਤਿਆਂ ਵਿਚ ਬੇਭਰੋਸਗੀ ਦਾ ਮਾਧਿਅਮ ਬਣਿਆ ਸੋਸ਼ਲ ਮੀਡੀਆ

ਆਧੁਨਿਕ ਯੁੱਗ ਵਿਚ ਸੋਸ਼ਲ ਮੀਡੀਆ ਮਨੁੱਖੀ ਜੀਵਨ ਦਾ ਅਟੁੱਟ ਅੰਗ ਬਣ ਗਿਆ ਹੈ ਜੋ ਨਾ ਕੇਵਲ ਜਾਣਕਾਰੀ, ਮਨੋਰੰਜਨ ਅਤੇ ਸੰਚਾਰ ਦਾ ਅਹਿਮ ਸਾਧਨ ਹੈ, ਬਲਕਿ ਇਸ ਨੇ ਮਨੁੱਖੀ ਰਿਸ਼ਤਿਆਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਜੇ ਸੋਸ਼ਲ ਮੀਡੀਆ ਨੂੰ ਸਹੀ ਤਰੀਕੇ ਨਾਲ ਵਰਤਿਆ ਜਾਵੇ ਤਾਂ ਇਹ ਮਨੁੱਖੀ ਰਿਸ਼ਤਿਆਂ ਨੂੰ ਮਜ਼ਬੂਤ ਕਰ ਸਕਦਾ ਹੈ ਅਤੇ ਭਾਵਨਾਤਮਕ ਨਜ਼ਦੀਕੀਆਂ ਨੂੰ ਕਾਇਮ ਰੱਖਣ ਵਿਚ ਮਦਦਗਾਰ ਸਾਬਤ ਹੋ ਸਕਦਾ ਹੈ। ਇਸ ਦੀ ਸਾਰਥਕ ਅਤੇ ਸਕਾਰਾਤਮਕ ਵਰਤੋਂ ਸਦਕਾ ਮਾਪੇ ਵਿਦੇਸ਼ਾਂ ਵਿਚ ਵੱਸਦੇ ਆਪਣੇ ਬੱਚਿਆਂ ਨਾਲ ਜੁੜੇ ਰਹਿੰਦੇ ਹਨ, ਦੋਸਤਾਂ ਅਤੇ ਰਿਸ਼ਤੇਦਾਰਾਂ ਵਿਚ ਗੱਲਬਾਤ ਦੇ ਨਵੇਂ ਰਾਹ ਖੁੱਲ੍ਹਦੇ ਹਨ ਅਤੇ ਪੁਰਾਣੇ ਸਹਿਪਾਠੀ ਤੇ ਸਹਿਕਰਮੀ ਇਕ ਦੂਸਰੇ ਨਾਲ ਸੰਪਰਕ ਵਿਚ ਬਣੇ ਰਹਿੰਦੇ ਹਨ।



ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੈਟਫ਼ਾਰਮ ਜਿੱਥੇ ਵੱਧ ਤੋਂ ਵੱਧ ਲੋਕਾਂ ਨਾਲ ਜੁੜਨ ਦਾ ਆਸਾਨ ਮਾਧਿਅਮ ਹਨ, ਉਥੇ ਨਾਲ ਹੀ ਇਹ ਮਨੁੱਖੀ ਰਿਸ਼ਤਿਆਂ ਵਿਚ ਨਵੀਂ ਕਿਸਮ ਦੀ ਬੇਭਰੋਸਗੀ, ਦੂਰੀਆਂ ਅਤੇ ਗ਼ਲਤਫ਼ਹਿਮੀਆਂ ਨੂੰ ਵੀ ਜਨਮ ਦੇ ਰਹੇ ਹਨ। ਸੋਸ਼ਲ ਮੀਡੀਆ ਦੀ ਚਮਕਦਾਰ ਦੁਨੀਆਂ ਅਕਸਰ ਹਕੀਕਤ ਤੋਂ ਕੋਹਾਂ ਦੂਰ ਹੁੰਦੀ ਹੈ। ਲਾਈਕਸ, ਲਾਸਟ ਸੀਨ, ਸਟੋਰੀ ਅਤੇ ਸਟੇਟਸ ਆਦਿ ਚੀਜ਼ਾਂ ਅੱਜ ਦੀ ਪੀੜ੍ਹੀ ਲਈ ਰਿਸ਼ਤਿਆਂ ਦੀ ਸੱਚਾਈ ਜਾਂ ਝੂਠ ਦੀ ਨਿਸ਼ਾਨੀ ਬਣ ਗਈਆਂ ਹਨ। ਇਥੋਂ ਤੱਕ ਕਿ ਘਰ ਦੇ ਮੈਂਬਰ ਇੱਕ ਹੀ ਛੱਤ ਹੇਠ ਬੈਠੇ ਹੋਣ ਦੇ ਬਾਵਜੂਦ ਵੀ ਆਪਣੇ-ਆਪਣੇ ਮੋਬਾਈਲਾਂ 'ਚ ਵਿਅਸਤ ਰਹਿੰਦੇ ਹਨ। ਫਿਲਟਰਾਂ, ਐਡਿਟ ਕੀਤੀਆਂ ਤਸਵੀਰਾਂ ਅਤੇ ਬਣਾਵਟੀ ਲਾਈਫ਼ ਸਟਾਈਲ ਨੇ ਲੋਕਾਂ ਵਿਚ ਆਪਣੇ ਰਿਸ਼ਤਿਆਂ ਨੂੰ ਲੈ ਕੇ ਸ਼ੱਕ ਅਤੇ ਅਸੁਰੱਖਿਆ ਪੈਦਾ ਕਰ ਦਿੱਤੀ ਹੈ। ਉਦਾਹਰਣ ਵਜੋਂ ਜਦੋਂ ਇਕ ਪਤੀ ਜਾਂ ਪਤਨੀ ਵੱਲੋਂ ਕਿਸੇ ਹੋਰ ਮਹਿਲਾ ਜਾਂ ਪੁਰਸ਼ ਦੀਆਂ ਪੋਸਟਾਂ 'ਤੇ ਲਗਾਤਾਰ ਲਾਈਕ ਜਾਂ ਕਮੈਂਟ ਕੀਤਾ ਜਾਂਦਾ ਹੈ ਜਾਂ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੀ ਇਕ ਦੂਸਰੇ ਤੋਂ ਗੁਪਤਤਾ ਰੱਖੀ ਜਾਂਦੀ ਹੈ, ਤਾਂ ਪਤੀ-ਪਤਨੀ ਦੇ ਮਨ ਵਿਚ ਨਿਸ਼ਚਿਤ ਤੌਰ 'ਤੇ ਬੇਭਰੋਸਗੀ ਜਨਮ ਲੈਂਦੀ ਹੈ, ਜੋ ਰਿਸ਼ਤੇ ਵਿਚਲੇ ਪਿਆਰ, ਸਤਿਕਾਰ ਅਤੇ ਵਿਸ਼ਵਾਸ ਦੀ ਮਜ਼ਬੂਤ ਬੁਨਿਆਦ ਨੂੰ ਕਮਜ਼ੋਰ ਕਰ ਦਿੰਦੀ ਹੈ।

ਸੋਸ਼ਲ ਮੀਡੀਆ ਨੇ ਅਨੇਕਾਂ ਵਿਅਕਤੀਆਂ ਨੂੰ ਬਹੁਤ ਥੋੜ੍ਹੇ ਸਮੇਂ ਵਿਚ ਹੀ ਮਸ਼ਹੂਰ ਕਰ ਦਿੱਤਾ ਹੈ। ਹਰ ਦੂਸਰਾ ਵਿਅਕਤੀ ਬਿਨਾਂ ਕਿਸੇ ਸੰਘਰਸ਼ ਜਾਂ ਪ੍ਰਾਪਤੀ ਤੋਂ ਇਨਫਲੂਐਂਸਰ ਬਣਿਆ ਹੋਇਆ ਹੈ। ਕਿਸੇ ਨੇ ਆਪਣਾ ਯੂਟਿਊਬ ਚੈਨਲ ਸ਼ੁਰੂ ਕੀਤਾ ਹੋਇਆ ਹੈ, ਕੋਈ ਪੌਡਕਾਸਟ ਰਾਹੀਂ ਆਪਣੇ ਵਿਚਾਰ ਸਾਂਝੇ ਕਰ ਰਿਹਾ ਹੈ ਅਤੇ ਕੋਈ ਇੰਸਟਾਗ੍ਰਾਮ 'ਤੇ ਰੀਲਾਂ ਰਾਹੀਂ ਪ੍ਰਸਿੱਧੀ ਹਾਸਲ ਕਰ ਰਿਹਾ ਹੈ। ਭਾਵੇਂ ਸੋਸ਼ਲ ਮੀਡੀਆ ਦੀਆਂ ਇਨ੍ਹਾਂ ਗਤੀਵਿਧੀਆਂ ਨੇ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹੇ ਹਨ ਅਤੇ ਕੰਟੈਂਟ ਕ੍ਰਿਏਟਰਾਂ ਨਾਲ ਲੱਖਾਂ-ਕਰੋੜਾਂ ਲੋਕ ਬਹੁਤ ਘੱਟ ਸਮੇਂ ਅੰਦਰ ਜੁੜ ਗਏ ਹਨ, ਪਰ ਵੱਧ ਵਿਊਅਰਜ਼, ਫਾਲੋਅਰਜ਼ ਅਤੇ ਸਬਸਕ੍ਰਾਈਬਰਜ਼ ਦੀ ਦੌੜ ਵਿਚ ਕਈ ਵਾਰ ਅਸਲ ਜੀਵਨ ਦੇ ਰਿਸ਼ਤੇ, ਅੰਦਰੂਨੀ ਖੁਸ਼ੀ, ਮਾਨਸਿਕ ਸ਼ਾਂਤੀ ਅਤੇ ਨੈਤਿਕ ਕਦਰਾਂ-ਕੀਮਤਾਂ ਪਿੱਛੇ ਰਹਿ ਜਾਂਦੀਆਂ ਹਨ। ਅਸੀਂ ਸੋਚ ਵੀ ਨਹੀਂ ਸਕਦੇ ਕਿ ਇਹ ਵਰਚੁਅਲ ਜਗਤ ਕਿਵੇਂ ਸਾਨੂੰ ਹਕੀਕੀ ਜੀਵਨ ਤੋਂ ਦੂਰ ਕਰ ਰਿਹਾ ਹੈ।

ਸਾਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਜੀਵਨ ਦੇ ਚੁਣੌਤੀਪੂਰਨ ਅਤੇ ਸੰਘਰਸ਼ ਭਰੇ ਸਮਿਆਂ ਵਿਚ ਸਾਡੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਨਜ਼ਦੀਕੀ ਦੋਸਤਾਂ ਦੀ ਹਾਜ਼ਰੀ, ਹੌਂਸਲਾ ਅਫਜ਼ਾਈ ਅਤੇ ਸਾਥ ਹੀ ਉਹ ਮਜ਼ਬੂਤ ਕੰਧ ਬਣਦਾ ਹੈ ਜਿਸ ਉੱਪਰ ਅਸੀਂ ਆਪਣਾ ਦੁਖ-ਦਰਦ ਟਿਕਾ ਸਕਦੇ ਹਾਂ, ਜਦਕਿ ਸੋਸ਼ਲ ਮੀਡੀਆ 'ਤੇ ਮਿਲਣ ਵਾਲੀ ਹਮਦਰਦੀ ਸਿਰਫ਼ ਕਮੈਂਟਾਂ, ਲਾਈਕਾਂ ਜਾਂ ਇਮੋਜੀਆਂ ਤੱਕ ਹੀ ਸੀਮਤ ਰਹਿ ਜਾਂਦੀ ਹੈ। ਸੋਸ਼ਲ ਮੀਡੀਆ 'ਤੇ ਬਣੇ ਰਿਸ਼ਤੇ ਕਈ ਵਾਰ ਬਹੁਤ ਮੁਸ਼ਕਿਲਾਂ ਦਾ ਕਾਰਨ ਬਣ ਸਕਦੇ ਹਨ ਜੇਕਰ ਉਨ੍ਹਾਂ ਨੂੰ ਸਮਝਦਾਰੀ ਨਾਲ ਨਾ ਨਿਭਾਇਆ ਜਾਵੇ।

ਅਕਸਰ ਅਜਿਹੀਆਂ ਖ਼ਬਰਾਂ ਸਾਡੇ ਸਾਹਮਣੇ ਆਉਂਦੀਆਂ ਹਨ ਜਿੱਥੇ ਸੋਸ਼ਲ ਮੀਡੀਆ ਰਾਹੀਂ ਬਣੀ ਨੇੜਤਾ ਕਾਰਨ, ਵਿਆਹ ਤੋਂ ਇਨਕਾਰ ਹੋਣ 'ਤੇ ਲੜਕੇ ਜਾਂ ਲੜਕੀ ਨੇ ਆਤਮਦਾਹ ਕਰਕੇ ਜਾਂ ਇਕ ਦੂਸਰੇ ਦਾ ਕਤਲ ਕਰਕੇ ਆਪਣੀ ਜੀਵਨ ਲੀਲਾ ਹੀ ਸਮਾਪਤ ਕਰ ਦਿੱਤੀ। ਅਜਿਹੇ ਗੰਭੀਰ ਹਾਲਾਤ ਸਮਾਜ ਵਿਚ ਵੱਧ ਰਹੀ ਜਜ਼ਬਾਤੀ ਅਸਥਿਰਤਾ ਅਤੇ ਸੋਸ਼ਲ ਮੀਡੀਆ ਦੀ ਅਯੋਗ ਵਰਤੋਂ ਵੱਲ ਸੰਕੇਤ ਕਰਦੇ ਹਨ। ਸੋਸ਼ਲ ਮੀਡੀਆ ਦੀ ਬਣਤਰ-ਬਣਾਵਟ ਹੀ ਕੁਝ ਅਜਿਹੀ ਹੈ ਕਿ ਅਸੀਂ ਭਾਵੇਂ ਇਸ ਦੀ ਵਰਤੋਂ ਪ੍ਰਤੀ ਕਿੰਨੇ ਵੀ ਸੁਚੇਤ ਕਿਉਂ ਨਾ ਹੋਈਏ, ਇਹ ਹੌਲੀ-ਹੌਲੀ ਬੁਰੀ ਆਦਤ ਬਣ ਜਾਂਦਾ ਹੈ ਜੋ ਨਾ ਕੇਵਲ ਸਾਡਾ ਕੀਮਤੀ ਸਮਾਂ ਬਰਬਾਦ ਕਰ ਦਿੰਦੀ ਹੈ, ਬਲਕਿ ਸਾਡੇ ਸਰੀਰਕ ਅਤੇ ਮਾਨਸਿਕ ਗਤੀਵਿਧੀਆਂ 'ਤੇ ਨਕਾਰਾਤਮਕ ਪ੍ਰਭਾਵ ਵੀ ਪਾਉਂਦੀ ਹੈ। ਸਾਨੂੰ ਲੱਗਦਾ ਇਹ ਹੁੰਦਾ ਹੈ ਕਿ ਇਸ ਦੀ ਵਰਤੋਂ ਦੁਆਰਾ ਅਸੀਂ ਦੁਨੀਆ ਨਾਲ ਵਧੇਰੇ ਜੁੜ ਰਹੇ ਹਾਂ ਪਰ ਅਸਲੀਅਤ ਵਿਚ ਅਸੀਂ ਦੁਨੀਆ ਤੋਂ ਟੁੱਟ ਰਹੇ ਹੁੰਦੇ ਹਾਂ। ਇਹ ਇੱਕ ਅਜਿਹਾ ਭਰਮ ਪੈਦਾ ਕਰਦਾ ਹੈ ਜੋ ਨਾ ਕੇਵਲ ਸਾਡੇ ਰਿਸ਼ਤਿਆਂ ਨੂੰ ਖੋਖਲਾ ਕਰਦਾ ਹੈ, ਬਲਕਿ ਮਨੁੱਖ ਵਿਚ ਇਕੱਲਪੁਣਾ, ਝੂਠੀ ਮੁਕਾਬਲੇਬਾਜ਼ੀ ਅਤੇ ਮਨੋਵਿਗਿਆਨਕ ਤਣਾਅ ਵੀ ਪੈਦਾ ਕਰਦਾ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਰਿਸ਼ਤੇ-ਨਾਤੇ ਟੈਕਨਾਲੋਜੀ ਨਾਲ ਨਹੀਂ, ਬਲਕਿ ਸਾਡੀਆਂ ਭਾਵਨਾਵਾਂ, ਇਮਾਨਦਾਰੀ ਅਤੇ ਸਮਝਦਾਰੀ ਨਾਲ ਬਣਦੇ ਹਨ। ਇਸ ਲਈ ਅਸਲ ਰਿਸ਼ਤਿਆਂ ਨੂੰ ਮਜ਼ਬੂਤ ਬਣਾਈ ਰੱਖਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਵਿਚ ਸੰਤੁਲਨ ਲਿਆਉਣਾ ਬਹੁਤ ਜ਼ਰੂਰੀ ਹੈ। ਆਪਣੇ ਰੁਝੇਵਿਆਂ ਭਰੇ ਸਮੇਂ ਵਿਚੋਂ ਕੁਝ ਸਮਾਂ ਆਪਣੇ ਅਸਲ ਰਿਸ਼ਤਿਆਂ ਲਈ ਨਿਰਧਾਰਤ ਕਰਨਾ ਅਤੇ ਫ਼ੋਕੀ ਦਿਖਾਵੇਬਾਜ਼ੀ ਤੋਂ ਪਰਹੇਜ਼ ਕਰਨਾ, ਅੱਜ ਦੇ ਦੌਰ ਦੀ ਸਭ ਤੋਂ ਵੱਡੀ ਲੋੜ ਹੈ। ਜੀਵਨ ਦੀ ਸਫ਼ਲਤਾ ਇਸ ਗੱਲ ਵਿਚ ਨਹੀਂ ਕਿ ਸਾਡੇ ਕੋਲ ਕਿੰਨੇ ਡਿਜੀਟਲ ਫਾਲੋਅਰਜ਼ ਹਨ, ਸਗੋਂ ਇਸ ਵਿਚ ਹੈ ਕਿ ਅਸਲ ਜੀਵਨ ਵਿਚ ਸਾਡਾ ਸਾਥ ਦੇਣ ਵਾਲੇ ਕਿੰਨੇ ਲੋਕ ਹਨ।

*-ਡਾ. ਹਰਗੁਣਪ੍ਰੀਤ ਸਿੰਘ*
*ਫੋਨ: 94636-19353*

# ਤੀਰ ਜਾਂ ਤੁੱਕਾ



**ਸ਼ਿਵਚਰਨ ਜੱਗੀ ਕੁੱਸਾ**
**ਫੋਨ: +44-78533-17891**

ਸਵੇਰ ਦਾ ਹੀ ਮੌਕਾ ਸੀ। ਸਰਦੀ ਸੀ। ਦਰਬਾਰੇ ਅਮਲੀ ਦਾ ਦਰਵਾਜਾ ਬੰਦ ਸੀ। ਅੰਦਰੋਂ ਧੂੰਆਂ ਉਠ ਰਿਹਾ ਸੀ। ਕੁੱਤੀ ਭੌਂਕ ਰਹੀ ਸੀ। ਅਮਲੀ ਸਵੇਰੇ-ਸਵੇਰੀ ਇਕ ਧੁੰਨ ਗਾ ਰਿਹਾ ਸੀ:

'ਚਿੱਟਿਆਂ ਰੁਮਾਲਾਂ ਨੂੰ- ਅੱਜ ਲਾ'ਦੇ ਨੀ ਚੰਦ ਕੁਰੇ ਗੋਟਾ...!' ਅਵਾਜ਼ ਘੱਗੀ ਸੀ। ਪਰ ਫਿਰ ਵੀ ਅਵਾਜ਼ ਵਿਚੋਂ ਟਾਂਕੇ 'ਮਾਵੇ' ਦੀ ਝਲਕ ਪੈਂਦੀ ਸੀ। ਬੌਣਾਂ ਅੰਦਰੋਂ ਆਉਂਦੀ ਅਵਾਜ਼ ਸੁਣ ਕੇ ਰੁਕ ਗਿਆ।

'ਉਏ ਅਮਲੀਆ...!' ਉਸ ਨੇ ਹੋਕਰਾ ਮਾਰਿਆ।

'.....।' ਅੰਦਰੋਂ ਕੋਈ ਅਵਾਜ਼ ਨਾ ਆਈ। ਪਰ ਗੁਣਗੁਣਾਹਟ ਬੰਦ ਹੋ ਗਈ ਅਤੇ ਭੂਸਲੀ ਕੁੱਤੀ ਨੇ ਬੰਦ ਦਰਵਾਜੇ ਨਾਲ ਪੌਂਡੇ ਆ ਲਾਏ। ਭੌਂਕ-ਭੌਂਕ ਕੇ ਉਹ ਬੁਰਾ ਹਾਲ ਕਰ ਰਹੀ ਸੀ।

'ਅਮਲੀਆ ਕਦੇ ਪਹਿਲੇ ਬੋਲ ਵੀ ਬੋਲ ਪਿਆ ਕਰ-ਕੰਜਰ ਦਿਆ-ਹੱਟ ਕਤੀੜ੍ਹੇ...!' ਬੌਣੇ ਨੇ ਤਖ਼ਤੇ ਨਾਲ ਸੋਟੀ ਖੜਕਾਈ। ਪਰ ਕੁੱਤੀ ਹੋਰ ਭੜਕ ਪਈ।

'ਕੁੱਤੀ ਵੀ ਅਮਲੀ ਕੀ ਬੁੜ੍ਹੀ ਅਰਗੀ ਕੌੜ ਐ ਸਾਲੀ।' ਗੁੱਝੀ ਗੱਲ ਕਰਕੇ ਬੌਣਾਂ ਹੱਸ ਪਿਆ।

'ਕੌਣ ਐਂ...?' ਅੰਦਰੋਂ ਅਮਲੀ ਨੇ ਕੁੱਤੀ ਨੂੰ ਬੁਸ਼ਕਾਰਿਆ, 'ਹੱਟ ਜਾਹ ਰਾਣੋਂ! ਹੱਟ ਜਾਹ ਮੇਰੀ ਬੁਗਨੋਂ..! ਕੁੱਤਿਆਂ ਬਿੱਲਿਆਂ ਨੂੰ ਦੇਖ ਕੇ ਨਾ ਭੌਂਕਣ ਲੱਗ ਜਿਆ ਕਰ, ਹੱਟ ਜਾਹ ਮੇਰੀ ਨਖਰੋ...!'

'ਮੈਂ ਆਂ ਪਿਸ਼ੌਰਾ ਸਿਉਂ।' ਉਸ ਨੇ ਬੜੇ ਮਾਣ ਨਾਲ ਦੱਸਿਆ।

'ਕੌਣ...?'

'ਪਿਸ਼ੌਰਾ ਸਿਉਂ...!'

'ਕੁੱਤੀ ਜਾਤ ਦੁਪਿਹਰੇ ਗਿੱਧਾ-ਸਾਲਾ ਪਿਸ਼ੌਰਾ ਸਿਉਂ ਦਾ! ਸਿੱਧੇ ਗੇੜੇ ਦੇਹ ਖਾਂ ਬਈ ਮੈਂ ਬੌਣਾਂ ਨੰਗ ਐਂ!' ਕੁੱਤੀ ਨੂੰ ਸੰਗਲੀ ਪਾ ਕੇ ਅਮਲੀ ਨੇ ਦਰਵਾਜਾ ਖੋਲ੍ਹ ਦਿੱਤਾ।

ਬੌਣਾਂ ਅੰਦਰ ਲੰਘ ਆਇਆ।

ਅਮਲੀ ਨਹਾ ਰਿਹਾ ਸੀ। ਉਸ ਦੇ ਪਿੰਜਰ ਸਰੀਰ ਤੋਂ ਗਰਮ ਪਾਣੀ ਦੀ ਭਾਫ਼ ਥਰਮਲ ਪਲਾਂਟ ਦੇ ਧੂੰਏਂ ਵਾਂਗ ਉਠ ਰਹੀ ਸੀ।

'ਤੜਕੋ-ਤੜਕੀ ਨ੍ਹਾਈ ਜਾਨੈਂ ਅਮਲੀਆ, ਮਰਨੈਂ?'

'ਯਾਰ ਲੋਕ ਪਤਾ ਨ੍ਹੀ ਮ੍ਹੀਨਾਂ-ਮ੍ਹੀਨਾਂ ਕਿਮੇਂ ਨ੍ਹੀ ਨ੍ਹਾਉਂਦੇ, ਸਾਡੇ ਸਾਲੀ ਅਣੱਤੀਵੇਂ ਦਿਨ ਖੁਰਕ ਲੜਨ ਲੱਗ ਪੈਂਦੀ ਐ।' ਅਮਲੀ ਖ਼ੀਂ-ਖ਼ੀਂ ਕਰਕੇ ਹੱਸਿਆ।

'ਜਾੜ੍ਹਾਂ ਜੀਆਂ ਕੱਢੀ ਜਾਨੈਂ, ਜੇ ਜੁੜ ਗਿਆ ਤਾਂ ਤੇਰਾ ਕਿਸੇ ਨੇ 'ਲਾਜ ਵੀ ਨ੍ਹੀ ਕਰਵਾਉਣਾ, ਮਰੀਂ ਕੁੱਤੇ ਦੀ ਮੌਤ!'

'ਜਿੰਨਾ ਚਿਰ ਕਾਲੀ ਨਾਗਣੀ ਦੀ ਛਤਰ ਛਾਇਆ ਸਿਰ 'ਤੇ ਐ, ਜਮਾਂ ਨ੍ਹੀ ਜੁੜਦੇ, ਬੱਦਲ ਗੱਜਦਾ ਨ੍ਹੀ ਸੁਣਦਾ!' ਅਮਲੀ ਦੀ ਬੋਤੇ ਦੇ ਲੇਡੇ ਜਿੰਨੀ ਖਾਧੀ ਲੱਗਦੀ ਸੀ।

ਬੌਣਾਂ ਚੁੱਲ੍ਹੇ ਮੂਹਰੇ ਬੈਠ ਗਰਨ੍ਹੇਂ ਦੀਆਂ ਸੀਖਣੀਆਂ ਡਾਹੁੰਣ ਲੱਗ ਪਿਆ। ਅੱਗ ਛੱਤਣੀਂ ਚੜ੍ਹ ਗਈ ਸੀ।

'ਕਿਮੇਂ ਆਇਐਂ..?'

'ਕਾਹਦਾ ਆਇਐਂ ਯਾਰ! ਜਰਾਬਰਾ ਜਿਆ ਹੋਇਆ ਪਿਐ, ਸਿਰ ਘਾਊਂ ਮਾਊਂ ਜਿਆ ਹੋਈ ਜਾਂਦੈ, ਕੰਨਾਂ 'ਚ ਜਾਣੀਂ ਦੀ ਸੀਟੀਆਂ ਵੱਜੀ ਜਾਂਦੀਐਂ, ਹੱਡ ਕੜੱਚ-ਕੜੱਚ ਕਰੀ ਜਾਂਦੇ ਐ, ਕੰਡਾ ਦੇ ਈ ਦੇਹ ਯਾਰ!'

'ਕਿਉਂ ਮੁਖਤੀ ਦੀ ਆਈ ਐ? ਤੇਰੀ ਮਾਂ ਸੱਤਾਂ 'ਤੇ ਬੀਹਾਂ ਦੀ ਤੋਲਾ ਹੋਗੀ!' ਅਮਲੀ ਨੇ ਭਾਅ ਦੱਸਿਆ।

'ਕਰ ਲਿਆ ਕਰ ਕਿਤੇ ਹੈਦਿਆ ਭਰਾਵਾਂ 'ਤੇ! ਨਾ ਕਾਰੂੰ ਬਾਦਸ਼ਾਹ ਮਾਂਗੂੰ ਮੁਰਦੇ ਦੇ ਮੂੰਹ 'ਚੋਂ ਪੈਸਾ ਖਿੱਚਿਆ ਕਰ, ਕੁਛ ਨ੍ਹੀ ਕਿਸੇ ਨੇ ਹਿੱਕ 'ਤੇ ਧਰ ਕੇ ਲੈ ਜਾਣਾਂ!'

ਪਿੰਡਾ ਪੂੰਝ ਕੇ ਅਮਲੀ ਨੇ ਚੁੱਲ੍ਹੇ 'ਤੇ ਚਾਹ ਧਰ ਦਿੱਤੀ। ਠੰਢ ਨਾਲ ਉਸ ਦੇ ਲੂੰ-ਕੰਡੇ ਕਰਚਿਆਂ ਵਾਂਗ ਖੜ੍ਹੇ ਸਨ। ਜੁਲਾਹੇ ਦੀ ਤਾਣੀਂ ਵਾਂਗ ਸਾਰਾ ਸਰੀਰ ਕੰਬ ਰਿਹਾ ਸੀ। ਦੰਦ ਛਾਪੇਖਾਨੇ ਦੀ ਮਸ਼ੀਨ ਵਾਂਗ ਵੱਜ ਰਹੇ ਸਨ।

'ਆ ਜਾ...! ਅੱਗ ਸੇਕ ਲੈ! ਕੰਬਦਾ-ਕੰਬਦਾ ਕਿਤੇ ਮੇਰੇ ਉਤੇ ਈ ਨਾ ਡਿੱਗ ਪਈਂ।' ਬੌਣੇ ਨੇ ਵਿਅੰਗ ਕਸਿਆ।

'ਸਾਲਾ ਕੀ ਲੱਛਣ ਕਰੀ ਜਾਂਦੈ! ਮੈਂ ਮੱਝ ਤਾਂ ਨ੍ਹੀ ਬਈ ਉਤੇ ਡਿੱਗ ਕੇ ਤੇਰਾ ਅੰਗ ਪੈਰ ਤੋੜ ਦਿਊਂ...?' ਉਬਲਦੀ ਚਾਹ ਲਾਹ ਕੇ ਅਮਲੀ ਨੇ ਫ਼ੌਜੀ ਕੱਪਾਂ ਵਿਚ ਪਾਉਣੀਂ ਸ਼ੁਰੂ ਕਰ ਦਿੱਤੀ। ਗੁੜ ਦੀ ਗਾਹੜੀ ਚਾਹ ਸ਼ਹਿਦ ਵਰਗੀ ਬਣ ਗਈ ਸੀ।

'ਅੱਜ ਪੰਚੈਤ ਕਦੋਂ 'ਕੱਠੀ ਹੋਣੀ ਐਂ...?' ਅਮਲੀ ਚਾਹ ਦੇ ਡੱਕੇ ਚੂਸ ਰਿਹਾ ਸੀ।

'ਅੱਠ ਵਜੇ..!'

'ਬੌਣਿਆਂ..! ਜਦੋਂ ਦੀ ਗੱਲ ਸੁਣੀਂ ਐਂ, ਮੇਰਾ ਤਾਂ ਸਰੀਰ ਮੱਚੀ ਜਾਂਦੈ, ਚਿੱਤ ਕਰਦੈ ਪੋਪਲ਼ ਜਿਹੇ ਜੱਟ ਦੇ ਗੋਲੀ ਮਾਰਾਂ।' ਅਮਲੀ ਦੀਆਂ ਨਾੜਾਂ ਡੰਡ ਬੈਠਕਾਂ ਕੱਢਣ ਲੱਗ ਪਈਆਂ।

'ਕੀ ਕਰੀਏ ਅਮਲੀਆ..? ਮੈਨੂੰ ਤਾਂ ਗੋਹਲ ਅਰਗੀ ਕੁੜੀ 'ਤੇ ਬੜਾ ਤਰਸ ਆਉਂਦੈ।' ਬੌਣੇਂ ਨੇ ਵਿਚਾਰਾ ਜਿਹਾ ਮੂੰਹ ਬਣਾ ਕੇ ਆਖਿਆ, 'ਕੁੜੀ ਕਾਹਦੀ ਐ? ਨਿਰੀ ਈ ਗਊ ਐ..!'

'ਮੈਨੂੰ ਕੰਡਾ ਸਿੱਟ ਲੈਣ ਦੇ ਅੰਦਰ, ਅੱਜ ਸੁਣਾਊਂ ਖਰੀਆਂ, ਚਾਹੇ ਕੁਛ ਹੋਜੇ!' ਅਮਲੀ ਨੇ ਡੱਬੀ ਕੱਢ ਕੇ ਬੌਣੇਂ ਵੱਲ ਕੀਤੀ ਅਤੇ ਆਪ ਵੀ ਇਕ ਡਲੀ ਨਿਘਾਰ ਲਈ।

ਅਸਲ ਵਿਚ ਪਿੰਡ ਵਿਚ ਇਕ ਅਜੀਬ ਘਟਨਾ ਵਾਪਰ ਗਈ ਸੀ। ਜਿਸ ਨੇ ਸਾਰੇ ਪਿੰਡ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਸਾਰੇ ਪਿੰਡ ਦੀ ਇੱਜ਼ਤ ਦਾ ਸੁਆਲ ਸੀ। ਪਿੰਡ ਦੀ ਇੱਕ ਕੁੜੀ, ਜਿਸ ਨੂੰ ਵਿਆਹੀ ਨੂੰ ਤਕਰੀਬਨ ਸੱਤ ਸਾਲ ਹੋ ਗਏ ਸਨ। ਉਸ ਦੇ ਘਰਵਾਲਾ ਜਰਮਨ ਵਿਚ ਸੀ। ਇੱਕ ਮਹੀਨੇ ਦੀ ਛੁੱਟੀ ਆਇਆ, ਵਿਆਹ ਕਰਵਾ ਗਿਆ। ਮੁੜ ਸੱਤ ਸਾਲ ਨਾ ਬਹੁੜਿਆ ਅਤੇ ਨਾ ਹੀ ਕੁੜੀ ਨੂੰ ਮੰਗਵਾਇਆ। ਕਈ ਸ਼ੱਕ ਕਰਨ ਲੱਗ ਪਏ ਸਨ ਕਿ ਜਾਂ ਤਾਂ ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ ਅਤੇ ਜਾਂ 'ਸੈੱਟ' ਨਹੀਂ ਸੀ। ਪਹਿਲਾਂ ਤਾਂ ਉਹ ਘਰੋਂ 'ਘਾਹ-ਖੋਤ' ਹੀ ਸੀ। ਪਰ ਫਿਰ ਜਿਹੜੇ ਦੋ ਕਿੱਲੇ ਉਸ ਨੂੰ ਆਉਂਦੇ ਸਨ, ਉਨ੍ਹਾਂ ਨੂੰ ਬੈਅ ਕਰ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਜਰਮਨ ਪਹੁੰਚ ਗਿਆ ਸੀ। ਤਿੰਨ ਸਾਲ ਬਾਅਦ ਜਰਮਨ ਤੋਂ ਪਰਤੇ ਨੂੰ ਦਸ ਪੜ੍ਹੀ ਕੁੜੀ ਦਾ ਰਿਸ਼ਤਾ ਹੋ ਗਿਆ।

ਹੁਣ ਸੱਤ ਸਾਲਾਂ ਵਿਚ ਉਸ ਨੇ ਕਾਫ਼ੀ ਨਾਵਾਂ ਕਮਾਇਆ ਹੋਣ ਕਰ ਕੇ ਉਸ ਦੀ ਮੱਤ ਹੀ ਮਾਰੀ ਗਈ। ਦਸ ਪੜ੍ਹੀ ਸੁਨੱਖੀ, ਭਖ਼ਦੇ ਅੰਗਿਆਰ ਵਰਗੀ ਕੁੜੀ ਉਸ ਨੂੰ ਅਨਪੜ੍ਹ ਅਤੇ ਬਦਸੂਰਤ ਦਿਸਣ ਲੱਗ ਪਈ ਸੀ। ਜਿਸ ਕਰਕੇ ਉਸ ਨੇ ਕੁੜੀ ਨੂੰ ਛੱਡਣ ਦਾ ਫ਼ੈਸਲਾ ਕਰ ਲਿਆ।

ਕੁੜੀ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਨੇ ਪ੍ਰਾਹੁਣੇ ਦੀਆਂ ਬਥੇਰੀਆਂ ਮਿੰਨਤਾਂ ਕੀਤੀਆਂ। ਪਰ ਉਸ ਨੇ ਲੱਤ ਨਾ ਲਾਈ। ਪੰਚਾਇਤਾਂ ਜੁੜੀਆਂ। ਪਰ ਗੱਲ ਨਾ ਬਣੀ। ਇਕ ਸਿੱਧਰੀ, ਦੂਜੀ ਪੈ ਗਈ ਸਿਵਿਆਂ ਦੇ ਰਾਹ, ਵਾਂਗ ਇਕ ਬੂਝੜ ਜੱਟ, ਦੂਜਾ ਜਰਮਨ ਵਿਚ ਅਤੇ ਤੀਜਾ ਪੈਸਾ ਆਮ, ਕਾਫ਼ੀ ਗੱਲਾਂ ਰਲਣ ਕਰਕੇ ਗੱਲ ਵਿਤੋਂ ਬਾਹਰ ਹੋ ਗਈ।

ਅਖੀਰ ਦਾਜ ਵਿਚ ਦਿੱਤਾ ਸਮਾਨ ਮੋੜ-ਮੁੜਾਈ ਕਰਨ ਦਾ ਫ਼ੈਸਲਾ ਹੋ ਗਿਆ। ਪਿੰਡ ਦੀ ਪੰਚਾਇਤ ਨੇ ਆਖਰੀ ਫ਼ੈਸਲਾ ਸੁਣਾਇਆ ਕਿ ਸਮਾਨ ਜਿਸ ਤਰ੍ਹਾਂ ਲੈ ਕੇ ਗਏ ਸੀ, ਉਸੀ ਤਰ੍ਹਾਂ ਛੱਡ ਕੇ ਜਾਉ!

ਖ਼ੈਰ! ਮੁੰਡੇ ਵਾਲੇ ਮੰਨ ਗਏ ਸਨ।

ਅੱਜ ਮੁੰਡੇ ਵਾਲਿਆਂ ਨੇ ਪੰਚਾਇਤ ਦੀ ਮੌਜੂਦਗੀ ਵਿਚ ਸਾਰਾ ਸਮਾਨ ਵਾਪਿਸ ਕਰਨ ਆਉਣਾ ਸੀ। ਪਿੰਡ ਦੇ ਗਰਮ-ਖ਼ਿਆਲੀ ਮੁੰਡੇ 'ਸਾਣ' 'ਤੇ ਲੱਗੇ ਫਿਰਦੇ ਸਨ। ਪਰ ਪੰਚਾਇਤ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾਣ ਦਿੰਦੀ ਸੀ। ਖ਼ੂਨ-ਖ਼ਰਾਬੇ ਤੋਂ ਸਾਰਾ ਪਿੰਡ ਹੀ ਡਰਦਾ ਸੀ।

ਖ਼ੈਰ! ਬੌਣਾਂ ਅਤੇ ਅਮਲੀ ਪੌਣੇ ਕੁ ਅੱਠ ਵਜੇ ਸੱਥ ਨੂੰ ਸਿੱਧੇ ਹੋ ਗਏ। ਉਨ੍ਹਾਂ ਦੇ ਨਸ਼ੇ ਦੀ ਸੂਈ ਆਨੇ ਵਾਲੀ ਥਾਂ 'ਤੇ ਸੀ। ਅਮਲੀ ਦਾ ਮੂੰਹ ਧੁੱਪ ਵਿਚ ਲਿਸ਼ਕ ਰਿਹਾ ਸੀ। ਪੱਗ ਦੀ ਤੁਰਲ੍ਹੀ ਗਿੱਧਾ ਪਾ ਰਹੀ ਸੀ।

ਸੱਥ ਵਿਚ ਸਾਰਾ ਪਿੰਡ ਇਕੱਠਾ ਹੋਇਆ ਬੈਠਾ ਸੀ। ਸਮਾਨ ਦੀ ਉਡੀਕ ਹੋ ਰਹੀ ਸੀ। ਚਾਰੇ ਪਾਸੇ ਸੰਨਾਟਾ ਛਾਇਆ ਹੋਇਆ ਸੀ। ਕੋਈ ਗੱਲ ਨਹੀਂ ਕਰ ਰਿਹਾ ਸੀ।

ਤਕਰੀਬਨ ਸਾਢੇ ਕੁ ਅੱਠ ਵਜੇ ਅਗਲੇ ਸਮਾਨ ਲੈ ਕੇ ਪਹੁੰਚ ਗਏ। ਸਾਰੀ ਲਿਸਟ ਤਿਆਰ ਸੀ। ਸਮਾਨ ਗਿਣਿਆਂ, ਦੇਖਿਆ, ਪਰਖਿਆ ਗਿਆ। ਸਮਾਨ ਪੂਰਾ ਸੀ। ਉਸ ਤੋਂ ਬਾਅਦ ਮੁੰਡੇ ਦੇ ਬਾਪ ਨੇ ਸਰਪੰਚ ਹੱਥ ਨੋਟਾਂ ਦੀ ਗੁੱਟੀ ਦਿੱਤੀ।

'ਇਹ ਕੀ?' ਸਰਪੰਚ ਨੇ ਪੁੱਛਿਆ।

'ਪੂਰਾ ਦਸ ਹਜਾਰ ਰੁਪਈਐ!' ਮੁੰਡੇ ਦੇ ਬਾਪ ਨੇ ਬੜੀ ਆਕੜ ਨਾਲ ਦੱਸਿਆ।

'ਇਹ ਕਾਹਦੇ ਵਾਸਤੇ ਐ?' ਸਰਪੰਚ ਸਮੇਤ ਸਾਰਾ ਪਿੰਡ ਦੰਗ ਸੀ।

'ਸਾਡੇ ਵੱਲੋਂ ਕੁੜੀ ਨੂੰ ਮੁਆਵਜ਼ਾ!' ਆਖ ਕੇ ਉਸ ਨੇ ਸਾਰੇ ਪਿੰਡ ਦੇ ਫ਼ੱਟ 'ਤੇ ਲੂਣ ਛਿੜਕ ਦਿੱਤਾ।

ਕੁਰਬਲ-ਕੁਰਬਲ ਹੋਣ ਲੱਗ ਪਈ। ਜੱਟ ਸ਼ਰੇਆਮ ਸਾਰੇ ਪਿੰਡ ਦੀ ਦਾਹੜੀ ਵਿਚ ਮੂਤ ਗਿਆ ਸੀ!

ਅਮਲੀ ਭੂਸਰ ਗਿਆ। ਜਿਵੇਂ ਕਿਸੇ ਨੇ ਉਸ ਦੇ ਜ਼ਖਮ ਦਾ ਖਰੀਂਢ ਉਚੇੜ ਦਿੱਤਾ ਸੀ। ਬਲਦੀ 'ਤੇ ਤੇਲ ਪਾ ਦਿੱਤਾ ਸੀ। ਉਸ ਅੰਦਰੋਂ ਅੱਗ ਫੁੱਟੀ।

'ਸਰਪੰਚ ਸਾਅਬ! ਇਕ ਬੇਨਤੀ ਕਰ ਲਵਾਂ?' ਅਮਲੀ



ਨੇ ਗਲ ਵਿਚ ਪੱਲੂ ਪਾ ਲਿਆ। ਉਸ ਦੀਆਂ ਅੱਖਾਂ ਗੈਸ ਵਾਂਗ ਜਗ ਰਹੀਆਂ ਸਨ। ਗੁੱਸਾ ਕੋਲੇ ਵਾਂਗ ਭਖ਼ ਰਿਹਾ ਸੀ। ਪਰ ਫਿਰ ਵੀ ਮਾਨਸਿਕ ਸਥਿਤੀ 'ਤੇ ਕਾਬੂ ਪਾਉਂਦਾ ਹੋਇਆ ਉਹ ਸੰਜੀਦਾ ਸੀ।

'ਜਰੂਰ ਕਰ!' ਸਰਪੰਚ ਨੇ ਇਜਾਜ਼ਤ ਦੇ ਦਿੱਤੀ। ਅਮਲੀ ਚਾਹੇ ਅਫ਼ੀਮਚੀ-ਭੰਗੀ ਸੀ। ਪਰ ਅਜਿਹੇ ਮੌਕਿਆਂ 'ਤੇ ਉਹ ਗੱਲ ਬੜੀ ਟਿਕਾਣੇ ਦੀ ਕਰਦਾ ਸੀ।

'ਕਿਉਂ ਪਿੰਡਾ 'ਜਾਜਤ ਐ?' ਅਮਲੀ ਨੇ ਬੇਥਵਾ ਸੁਆਲ ਮਾਰਿਆ।

'ਹਾਂ ਇਜਾਜ਼ਤ ਐ!' ਅੱਧਾ ਪਿੰਡ ਬੋਲਿਆ।

'ਸਾਡੀ ਧੀ-ਸਾਡੀ ਭੈਣ ਇਨ੍ਹਾਂ ਦੇ ਘਰੇ ਪੂਰੇ ਸੱਤ ਸਾਲ ਰਹੀ ਐ-ਤੇ ਸਰਦਾਰ ਜੀ ਦਸ ਹਜਾਰ ਰੁਪਏ ਮੁਆਵਜਾ ਦੇ ਰਹੇ ਐ-ਦੇ ਰਹੇ ਐ ਨਾ?' ਉਸ ਨੇ ਸਾਰਿਆਂ ਨੂੰ ਪੁੱਛਿਆ।

'ਹਾਂ!' ਦੀਆਂ ਅਵਾਜਾਂ ਆਈਆਂ।

'ਤੇ ਮੈਂ ਸਰਦਾਰ ਜੀ ਨੂੰ ਇਕ ਹੋਰ ਅਰਜ ਕਰੂੰਗਾ-ਜੇ ਮੰਨਣ ਤਾਂ!'

'ਦੱਸ?' ਸਰਦਾਰ ਬਾਂਹਾਂ ਦੀ ਕਲੰਘੜੀ ਪਾਈ ਖੜਾ ਸੀ।

'ਮੇਰੀ ਅਰਜ ਤਾਂ ਇੱਕੋ ਈ ਐ ਬਈ ਜੇ ਸਰਦਾਰ ਜੀ ਆਬਦੀ ਕੁੜੀ ਸਿਰਫ਼ ਇਕ ਰਾਤ ਮੇਰੇ ਕੋਲ ਛੱਡ ਦੇਣ-ਤਾਂ ਮੈਂ ਆਬਦੀ ਸਾਰੀ ਜਮੀਨ ਇਨ੍ਹਾਂ ਦੀ ਕੁੜੀ ਦੇ ਨਾਂ ਲੁਆਉਨੈਂ-ਮਨਜੂਰ ਐ?' ਅਮਲੀ ਨੇ ਕਿਸੇ ਚੰਗੇ ਬੁਲਾਰੇ ਵਾਂਗ ਕਿਹਾ।

'ਸੁਆਦ ਆ ਗਿਆ! ਜਿਉਂਦਾ ਰਹਿ ਅਮਲੀਆ!' ਮੁਡੀਹਰ ਨੇ ਅਮਲੀ ਦੀ ਗੱਲ ਦਾ ਸੁਆਗਤ ਕੀਤਾ।

'ਮੂੰਹ ਸੰਭਾਲ ਕੇ ਗੱਲ ਕਰ ਉਏ!' ਸਰਦਾਰ ਇੰਜਣ ਵਾਂਗ ਭਖ਼ ਉਠਿਆ।

'ਕਿਉਂ ਸਰਦਾਰ ਜੀ? ਕਿੰਨਾਂ ਕੁ ਦੁਖ ਲੱਗਿਆ? ਮਾੜੀ ਜੀ ਗੱਲ ਤੋਂ ਈ ਚੀਕ ਉਠੇ ਓਂ? ਧਿਆਂ-ਭੈਣਾਂ ਦਾ ਦੁੱਖ ਸਭ ਨੂੰ ਈ ਇਕੋ ਜਿਆ ਹੁੰਦੈ-ਥੋਨੂੰ ਕੀ ਪਤੈ ਬਈ ਕਿਵੇਂ ਸਾਡੇ ਸਾਰੇ ਪਿੰਡ ਦਾ ਕਾਲਜਾ ਵੱਢੀਦੈ? ਜਿਸ ਦਿਨ ਦੀ ਇਹ ਗੱਲ ਤੁਰੀ ਐ-ਲੋਕਾਂ ਨੇ ਚੁੱਲ੍ਹੇ ਅੱਗ ਨ੍ਹੀ ਪਾਈ!'

'.....।' ਸਰਦਾਰ ਬੱਗਾ ਹੋਇਆ ਸੱਥ ਵਿਚਕਾਰ ਖੜ੍ਹਾ ਸੀ।

'ਸਰਦਾਰ ਜੀ! ਇਕ ਗੱਲ ਹੋਰ ਕਰੂੰਗਾ-ਕਿਸੇ ਦਾ ਦਿਲ ਦੁਖਾਉਣਾਂ ਚੰਗੀ ਗੱਲ ਨ੍ਹੀ ਹੁੰਦੀ-ਕੰਨਿਆਂ ਦੇ ਹੌਕੇ-ਕੰਨਿਆਂ ਦੀਆਂ ਦੁਰਸੀਸਾਂ-ਕੰਨਿਆਂ ਦੀਆਂ ਆਹਾਂ ਥੋਡਾ ਪਰਿਵਾਰ ਗਰਕ ਕਰ ਦੇਣਗੀਆਂ-ਸਰਦਾਰ ਜੀ ਮਾਇਆ ਨਾਗਣੀ ਦੇ ਨਸ਼ੇ ਵਿਚ ਥੋਨੂੰ ਕੁਛ ਪਤਾ ਨ੍ਹੀ ਲੱਗ ਰਿਹਾ-ਜੇ ਤੁਸੀਂ ਸਾਰਾ ਟੱਬਰ ਅੱਖਾਂ 'ਚ ਘਸੁੰਨ ਦੇ-ਦੇ ਨਾ ਰੋਏ ਤਾਂ ਮੇਰੀ ਦਾਹੜੀ ਮੂਤ ਨਾਲ ਮੁੰਨ ਦਿਓ-ਅਜੇ ਵੀ ਮੌਕਾ ਐ-ਡੁੱਲ੍ਹਿਆਂ ਬੇਰਾਂ ਦਾ ਕੁਛ ਨ੍ਹੀ ਵਿਗੜਿਆ-ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ ਪਿੱਛੋਂ ਪਤਾ ਲੱਗਦੈ-ਮੈਂ ਬੇਨਤੀ ਕਰਦੈਂ-ਸੰਭਲ ਜਾਵੋ।'

'ਚੱਲ ਆ ਬੌਣਿਆਂ ਚੱਲੀਏ! ਪੰਚੈਤੇ ਗੁਸਤਾਖੀ ਮਾਫ-ਪਰ ਕਹਿਣੋਂ ਰਿਹਾ ਨ੍ਹੀ ਗਿਆ।' ਉਹ ਤੁਰਿਆ ਜਾਂਦਾ ਕਹਿ ਰਿਹਾ ਸੀ।

ਅਗਲੇ ਦਿਨ ਚਾਹਾਂ ਕੁ ਵੇਲੇ ਪਿੰਡ ਵਿਚ ਗੱਲ ਉਡੀ ਕਿ ਉਸੇ ਹੀ ਕੁੜੀ ਦੇ ਸਹੁਰੇ ਕੁੜੀ ਨੂੰ ਲੈਣ ਆਏ ਸਨ! ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਿੰਡ ਦੀ ਪੰਚਾਇਤ ਸੀ। ਚਾਹ ਪੀ ਕੇ, ਨਸ਼ਾ ਪੱਤਾ ਕਰਕੇ ਅਮਲੀ ਵੀ ਕਨਸੋਅ ਲੈਣ ਲਈ ਸੱਥ ਵਿਚ ਪਹੁੰਚ ਗਿਆ। ਸਾਰਾ ਪਿੰਡ ਹੈਰਾਨ ਸੀ।

ਗੱਲ ਵਾਕਿਆ ਹੀ ਸੱਚੀ ਨਿਕਲੀ!

'ਧੰਨਭਾਗ ਜੀ! ਧੰਨਭਾਗ!! ਸਵੇਰ ਦਾ ਭੁੱਲਿਆ ਆਥਣ ਨੂੰ ਘਰੇ ਆਜੇ ਤਾਂ ਕੀਹਦੇ ਲੈਣ ਦੇ ਆਂ? ਲਿਆਓ ਸਰਦਾਰ ਜੀ ਥੋਡੇ ਗੋਡੀਂ ਹੱਥ ਲਾਈਏ-ਸ਼ੁਕਰ ਐ ਥੋਡੀ ਅਕਲ ਵਾਪਿਸ ਆਈ ਐ।' ਗੱਲੀਂ ਬਾਤੀਂ ਅਮਲੀ ਨੇ ਸਰਦਾਰ ਜੀ ਦੇ 'ਫੁੱਲ ਪਾਉਣੇ' ਸ਼ੁਰੂ ਕਰ ਦਿੱਤੇ।

'ਤੂੰ ਤਾਂ ਮੇਰੇ ਕਪਾਟ ਖੋਲ੍ਹਤੇ ਬਾਈ ਸਿਆਂ!' ਸਰਦਾਰ ਨੇ ਅਮਲੀ ਨੂੰ ਜੱਫ਼ੀ ਵਿਚ ਲੈ ਲਿਆ।

ਜਦ ਸਾਰੇ ਪੰਚ-ਸਰਪੰਚ ਸੱਥ ਵਿਚ ਪਹੁੰਚ ਗਏ ਤਾਂ ਸਰਦਾਰ ਜੀ ਗਲ ਵਿਚ ਸਾਫ਼ਾ ਪਾ ਕੇ ਖੜ੍ਹੇ ਹੋ ਗਏ।

'ਲੈ ਬਈ ਪੰਚੈਤੇ! ਮੈਂ ਤੁਹਾਡੇ ਸਾਰੇ ਪਿੰਡ ਕੋਲੋਂ ਮੁਆਫ਼ੀ ਮੰਗਦਾ ਹਾਂ ਅਤੇ ਲੜਕੀ ਨੂੰ ਆਪਣੀ ਧੀ ਬਣਾ ਕੇ ਲੈ ਕੇ ਚੱਲਿਐਂ-ਜੋ ਸਾਥੋਂ ਗੁਸਤਾਖੀਆਂ ਹੋਈਆਂ-ਉਸ ਦਾ ਮੈਂ ਦੇਣਦਾਰ ਹਾਂ-ਪੰਚੈਤ ਰੱਬ ਵਰਗੀ ਹੁੰਦੀ ਐ-ਜੋ ਚਾਹੇ ਸਜਾ ਦੇਵੇ!' ਸਰਦਾਰ ਜੀ ਨੇ ਕਿਹਾ। ਲੱਗਦਾ ਸੀ ਅਮਲੀ ਦੀਆਂ ਕੱਲ੍ਹ ਵਾਲੀਆਂ ਤਰਕ ਭਰਪੂਰ ਗੱਲਾਂ ਦਾ ਉਸ ਦੇ ਮਨ 'ਤੇ ਕਾਫ਼ੀ ਡੂੰਘਾ ਪ੍ਰਭਾਵ ਪਿਆ ਸੀ।

'ਸ਼ਾਬਾਸ਼ੇ ਭਾਈ! ਸ਼ਾਬਾਸ਼ੇ!' ਹੋਣ ਲੱਗ ਪਈ।

ਖ਼ੈਰ! ਸਭ ਕੁਝ ਭੁੱਲ-ਭੁਲਾ ਕੇ ਕਾਰਜ ਦੁਬਾਰਾ ਰਾਸ ਆ ਗਿਆ। ਸਹੁਰੇ ਕੁੜੀ ਨੂੰ ਲੈ ਗਏ। ਉਜੜਦੇ ਘਰ ਵਸ ਗਏ।

ਸਾਰਾ ਪਿੰਡ ਅਮਲੀ ਦੀਆਂ ਸਿਫ਼ਤਾਂ ਕਰ ਰਿਹਾ ਸੀ।

ਸ਼ਾਮ ਨੂੰ ਕਾਫ਼ੀ ਮੁਡੀਹਰ ਭੱਠੀ 'ਤੇ ਇਕੱਠੀ ਹੋਈ ਦਮਗਾੜੇ ਮਾਰ ਰਹੀ ਸੀ। ਅਚਾਨਕ ਅਮਲੀ ਪਹੁੰਚ ਗਿਆ।

'ਅਮਲੀ ਆ ਗਿਆ-ਅਮਲੀ ਆ ਗਿਆ!' ਮੁਡੀਹਰ ਚਹੇਡਾਂ ਕਰਨ ਲੱਗ ਪਈ।

'ਕਿਉਂ ਸਾਲਿਓ ਅਮਲੀ ਹਲਕਿਆ ਵਿਐ? ਚੀਕਾਂ ਮਾਰਨ ਲੱਗਪੇ ਸਾਲੇ ਜਿਮੇਂ ਮੈਂ ਦਿਓ ਹੁੰਨੈਂ।' ਬੈਠਦਾ ਅਮਲੀ ਬੋਲਿਆ।

'ਅਮਲੀਆ! ਇਕ ਗੱਲ ਦੱਸ?' ਕਿਸੇ ਦੀ ਛਿੱਟ ਲਾਈ ਹੋਈ ਸੀ।

'ਬੋਲ! ਇਕ ਨ੍ਹੀ ਬਾਈ ਸੌ ਪੁੱਛ! ਜੇ ਮੱਲਾ ਮੈਂ ਵਕੀਲ ਹੁੰਦਾ-ਮਾੜੇ ਧੀੜੇ ਜੱਜ ਨੂੰ ਤਾਂ ਥਾਂ 'ਤੇ ਈ ਖਿਲਾਰ ਦਿੰਦਾ-ਲੋਕੀ ਗੱਲਾਂ ਕਰਿਆ ਕਰਦੇ ਬਈ ਹਾਂ ਕਿਸੇ ਪਿੰਡ ਦਾ ਕੋਈ ਘੈਂਟ ਵਕੀਲ ਹੈ!' ਅੱਗੋਂ ਅਮਲੀ ਵੀ ਘੱਟ ਨਹੀਂ ਸੀ।

'ਭਲਾਂ ਅਮਲੀਆ! ਕੱਲ੍ਹ ਮੂੰਹ ਪਾੜ ਕੇ ਕਹਿਤਾ ਸੀ-ਅਖੇ ਸਰਦਾਰ ਜੀ ਕੁੜੀ ਇਕ ਰਾਤ ਮੇਰੇ ਕੋਲੇ ਛੱਡ ਦਿਓ-ਮੈਂ ਆਬਦੀ ਸਾਰੀ ਜਮੀਨ ਕੁੜੀ ਦੇ ਨਾਂ ਲੁਆਉਨੈਂ-ਜੇ ਭਲਾਂ ਸਰਦਾਰ ਇਕ ਰਾਤ ਕੁੜੀ ਤੇਰੇ ਕੋਲੇ ਛੱਡ ਵੀ ਦਿੰਦਾ ਤਾਂ ਤੂੰ ਕਿਹੜੇ ਪਿਉ ਆਲੀ ਜਮੀਨ ਕੁੜੀ ਦੇ ਨਾਂ ਲੁਆ ਦਿੰਦਾ ਉਏ? ਕੋਲੇ ਤਾਂ ਤੇਰੇ ਓਰਾ ਨ੍ਹੀ!'

'ਉਏ ਗਭਰੀਟਾ! ਇਉਂ ਈ ਤਾਂ ਥੋਨੂੰ ਅਕਲ ਨ੍ਹੀ! ਤੁਸੀਂ ਪੜ੍ਹ-ਪੜ੍ਹ ਕੇ ਪਏ ਓਂ ਕੜ੍ਹੇ! ਅਕਲ ਥੋਡੀ ਮਾਹਟਰਾਂ ਨੇ ਛਿੱਤਰ ਮਾਰ-ਮਾਰ ਕੇ ਡੱਕਰਤੀ...ਡਮਾਕ ਥੋਡਾ ਨੰਗ ਦੇ ਭੜ੍ਹੋਲੇ ਮਾਂਗੂੰ ਖਾਲੀ...ਸਿਆਣੇ ਕਹਿੰਦੇ ਐ...ਚੱਲ ਗਿਆ ਤਾਂ ਤੀਰ ਤੇ ਨਹੀਂ ਤੁੱਕਾ...ਤੁਸੀਂ ਤਾਂ ਗੱਲ ਕਰਦੇ ਐਂ ਓਹੋ...ਅਖੇ ਘਰ ਨ੍ਹੀ ਖਾਣ ਨੂੰ ਦਾਣੇ ਤੇ ਅੰਮਾਂ ਫਿਰੇ ਲੁੱਧਿਆਣੇ।'

'ਨਹੀਂ ਰੀਸਾਂ ਅਮਲੀ ਦੀਆਂ!' ਇਕ ਹੋਰ ਮੁੰਡੇ ਨੇ ਅਮਲੀ ਨੂੰ ਕੁੱਕੜ ਵਾਂਗ ਚੁੱਕ ਕੇ ਘੁਮਾਉਣਾ ਸ਼ੁਰੂ ਕਰ ਦਿੱਤਾ।

'ਬਚ ਕੇ ਮੋੜ ਤੋਂ...!'

'ਸਿੱਟ ਨਾ ਦੇਈਂ ਬਈ! ਅਜੇ ਬਿਆਹ ਕਰਵਾਉਣੈਂ!' ਅਮਲੀ ਬੋਲਿਆ, ਹਾਸਾ ਪੈ ਗਿਆ।

ਟਿਕੀ ਰਾਤ ਵਿਚ ਘੜਮੱਸ ਪੈ ਰਹੀ ਸੀ!

## ਸੰਪਾਦਕ ਦੀ ਡਾਕ

***ਸਤਿਕਾਰ ਯੋਗ ਸੰਪਾਦਕ ਜੀ,***

ਪੰਜਾਬ ਟਾਈਮਜ਼, 28 ਜੂਨ 2025 (ਅੰਕ 26) ਵਿੱਚ ਛਪੇ ਲੇਖ, 'ਗੁਰੂ ਪਰਿਵਾਰਾਂ ਦੀਆਂ ਬੀਬੀਆਂ' (ਪੰਨਾ 13) ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ ਜੀ ਲਿਖਦੇ ਹਨ, 'ਗੁਰੂ ਨਾਨਕ ਸਾਹਿਬ ਦਾ ਜਨਮ 20 ਅਕਤੂਬਰ 1469 ਦੇ ਦਿਨ ਹੋਇਆ ਸੀ। ਗੁਰੂ ਨਾਨਕ ਸਾਹਿਬ ਦੇ ਜਨਮ ਬਾਰੇ ਇਕ ਹੋਰ ਤਾਰੀਖ 15 ਅਪਰੈਲ 1469 ਵੀ ਲਿਖੀ ਜਾਂਦੀ ਹੈ। ਇਹ ਭੁਲੇਖਾ ਜਨਮ ਸਾਖੀਆਂ ਵਿਚ ਵੱਖ-ਵੱਖ ਤਾਰੀਖਾਂ ਲਿਖਣ ਕਰਕੇ ਹੋਇਆ ਹੋਵੇਗਾ। ਵਿਸਾਖ (ਅਪਰੈਲ) ਵਾਲੀ ਗ਼ਲਤ ਤਾਰੀਖ ਸਭ ਤੋਂ ਪਹਿਲਾ ਪ੍ਰਿਥੀ ਚੰਦ ਮੀਣਾ ਦੇ ਪੁੱਤਰ ਮਿਹਰਬਾਨ ਨੇ ਲਿਖੀ ਸੀ। ਉਹ ਸਿੱਖ ਹਿਸਟਰੀ ਵਿਗਾੜਨ ਵਾਲਾ ਪਹਿਲਾ ਸਿੱਖ ਦੋਖੀ ਸੀ।'

ਇਹ ਠੀਕ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਤਾਰੀਖ ਸਬੰਧੀ ਵਾਦ-ਵਿਵਾਦ ਹੈ। ਪਰ ਵਿਦਵਾਨ ਲੇਖਕ ਨੇ ਬਿਨਾ ਕੋਈ ਠੋਸ ਸਬੂਤ ਦਿੱਤੇ, 20 ਅਕਤੂਬਰ 1469 ਈ: ਨੂੰ ਸਹੀ ਅਤੇ 15 ਅਪ੍ਰੈਲ 1469 ਈ: ਨੂੰ ਗ਼ਲਤ ਕਰਾਰ ਦੇ ਦਿੱਤਾ ਹੈ। ਡਾ. ਦਿਲਗੀਰ ਦਾ ਇਹ ਲਿਖਣਾ ਤਾਂ ਠੀਕ ਹੈ ਪ੍ਰਿਥੀ ਚੰਦ ਮੀਣਾ, ਗੁਰੂ ਘਰ ਦਾ ਵਿਰੋਧੀ ਸੀ। ਪਰ ਇਹ ਲਿਖਣਾ ਕਿ ਉਸ ਦਾ ਪੁੱਤਰ ਮਿਹਰਬਾਨ, 'ਸਿੱਖ ਹਿਸਟਰੀ ਵਿਗਾੜਨ ਵਾਲਾ ਪਹਿਲਾ ਸਿੱਖ ਦੋਖੀ ਸੀ', ਸਹੀ ਨਹੀਂ ਜਾਪਦਾ। ਮਿਹਰਬਾਨ ਵਾਲੀ ਜਨਮ ਸਾਖੀ 'ਪੋਥੀ ਸਚੁ ਖੰਡ' ਬਾਰੇ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ 1619 ਈ: ਵਿਚ ਲਿਖੀ ਗਈ ਸੀ। ਜਦੋਂ ਕਿ ਦੋ ਹੋਰ ਜਨਮ ਸਾਖੀਆਂ ਇਸ ਤੋਂ ਪਹਿਲਾਂ ਲਿਖੀਆਂ ਜਾ ਚੁੱਕੀਆਂ ਸਨ। ਸੀਹਾਂ ਉਪਲ ਦੀ 'ਸਾਖੀ ਮਹੁਲ ਪਹਿਲੇ ਕੀ' ਦਾ ਲਿਖਣ ਸਮਾਂ 1570-74 ਈ: ਮੰਨਿਆ ਜਾਂਦਾ ਹੈ ਅਤੇ ਭਾਈ ਬਾਲਾ ਵਾਲੀ ਜਨਮ ਸਾਖੀ 'ਜਨਮ ਪਤ੍ਰੀ ਬਾਬੇ ਜੀ ਕੀ' ਦੇ ਲਿਖਣ ਦਾ ਸਮਾਂ 1597-1600 ਈ: ਮੰਨਿਆ ਜਾਂਦਾ ਹੈ। ਇਨ੍ਹਾਂ ਦੋਵਾਂ ਜਨਮ ਸਾਖੀਆਂ ਵਿਚ ਗੁਰੂ ਜੀ ਦਾ ਜਨਮ ਵੈਸਾਖ ਦਾ ਹੀ ਲਿਖਿਆ ਹੋਇਆ ਹੈ। ਮਿਹਰਬਾਨ, ਪਹਿਲਾ ਨਹੀਂ ਸਗੋਂ ਤੀਜਾ ਵਿਅਕਤੀ ਸੀ ਜਿਸ ਨੇ ਵੈਸਾਖ ਲਿਖਿਆ ਸੀ।

ਗੁਰੂ ਜੀ ਦੇ ਜਨਮ ਦੀ ਤਾਰੀਖ, ਕੱਤਕ ਦੀ ਪੂੰਨਿਆ ਸੰਮਤ 1526 ਬਿ: (20 ਅਕਤੂਬਰ 1469 ਈ:) ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਵਿਚ ਦਰਜ ਹੈ। ਇਸ ਜਨਮ ਸਾਖੀ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿਚ ਲਿਖੀ ਗਈ ਸੀ। ਜੇ ਇਹ ਸੱਚ ਹੈ ਤਾਂ ਇਹ ਜਨਮਸਾਖੀ ਸੰਮਤ 1596 ਬਿਕ੍ਰਮੀ ਦੇ ਅਖੀਰ (1540 ਈ: ਦਾ ਆਰੰਭ) ਤੀਕ ਲਿਖੀ ਜਾ ਚੁੱਕੀ ਹੋਵੇਗੀ। ਇਸ ਹਿਸਾਬ ਨਾਲ ਇਹ ਜਨਮਸਾਖੀ ਸਭ ਤੋਂ ਵੱਧ ਭਰੋਸੇ ਯੋਗ ਲਿਖਤ ਹੋਣੀ ਚਾਹੀਦੀ ਹੈ, ਪਰ ਅਜੇਹਾ ਨਹੀਂ ਹੈ। ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਦੀ ਸਭ ਤੋਂ ਪੁਰਾਣੀ ਹੱਥ ਲਿਖਤ ਸੰਮਤ 1715 ਬਿਕ੍ਰਮੀ (1658 ਈ:) ਵਿਚ ਲਿਖੀ ਹੋਈ ਮਿਲਦੀ ਹੈ। ਇਹ ਹੰਦਾਲੀਆਂ ਵੱਲੋਂ ਲਿਖਵਾਈ ਗਈ ਸੀ।

ਡਾ. ਹਰਜਿੰਦਰ ਸਿੰਘ ਦਿਲਗੀਰ ਨੂੰ ਬੇਨਤੀ ਹੈ ਕਿ, ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿਚ ਲਿਖੀ ਗਈ ਭਾਈ ਬਾਲੇ ਵਾਲੀ ਹੱਥ ਲਿਖਤ ਜਨਮਸਾਖੀ (ਸੰਮਤ 1596 ਬਿਕ੍ਰਮੀ) ਇਨ੍ਹਾਂ ਪਾਸ ਹੈ ਜਾਂ ਇਨ੍ਹਾਂ ਨੇ ਕਿਸੇ ਲਾਇਬਰੇਰੀ ਵਿਚ ਵੇਖੀ ਹੈ ਤਾਂ ਇਹ ਜਾਣਕਾਰੀ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀ ਕਰਨ। ਜੇ ਅਜੇਹੀ ਕੋਈ ਜਨਮ ਸਾਖੀ ਨਹੀਂ ਹੈ ਤਾਂ ਗੁਰੂ ਜੀ ਦਾ ਜਨਮ ਦਿਹਾੜਾ 'ਕੱਤਕ ਦੀ ਪੂੰਨਿਆ' ਮੰਨਣ ਦਾ ਕੀ ਅਧਾਰ ਹੈ?

ਆਸ ਕਰਦੇ ਹਾਂ ਕਿ ਡਾ. ਦਿਲਗੀਰ ਜੀ, ਬੇਨਤੀ ਪ੍ਰਵਾਨ ਕਰਨਗੇ। ਧੰਨਵਾਦ

***-ਸਰਵਜੀਤ ਸਿੰਘ ਸੈਕਰਾਮੈਂਟੋ***

# ਆਖ਼ਦਾ ਹੈ ਪੰਜਾਬ–'ਕੋਈ ਲੌਟਾ ਦੇ ਮੇਰੇ ਬੀਤੇ ਹੂਏ ਦਿਨ'

ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ: 97816-46008

ਪੰਜਾਬ ਦੀ ਅਜੋਕੀ ਹਾਲਤ ਵੇਖ਼ ਕੇ ਪੰਜਾਬ ਨਾਲ ਮੋਹ ਰੱਖਣ ਵਾਲੇ ਹਰੇਕ ਪੰਜਾਬੀ ਦਾ ਮਨ ਦੁਖੀ ਤੇ ਉਦਾਸ ਹੋ ਜਾਂਦਾ ਹੈ। ਵਰਤਮਾਨ ਨੂੰ ਛੱਡ ਕੇ ਅਤੀਤ ਦੇ ਪੰਨ੍ਹਿਆਂ ਨੂੰ ਫ਼ਰੋਲਣ 'ਤੇ ਪਤਾ ਲੱਗਦਾ ਹੈ ਕਿ ਕੁਝ ਕੁ ਸਾਲ ਪਹਿਲਾਂ ਇਥੇ ਉਹ ਵੀ ਸਮਾਂ ਸੀ ਜਦੋਂ ਪੰਜਾਬ ਖ਼ੁਸ਼ਹਾਲੀ ਅਤੇ ਸਰਦਾਰੀ ਮਾਣਦਾ ਹੋਇਆ ਪੂਰੇ ਭਾਰਤ ਦਾ ਸਭ ਤੋਂ ਮੋਢੀ ਸੂਬਾ ਸੀ। ਇਥੇ ਖੇਤੀਬਾੜੀ ਦੇ ਨਾਲ-ਨਾਲ ਉਦਯੋਗ ਵੀ ਚੜ੍ਹਦੀ ਕਲਾ ਵਿਚ ਸਨ। ਪੰਜਾਬੀ ਲੋਕ ਹੱਥੀਂ ਖੇਤੀ ਕਰਦੇ ਸਨ ਅਤੇ ਪੂਰਾ ਪਰਿਵਾਰ ਮਿੱਟੀ ਨਾਲ ਮਿੱਟੀ ਹੋਇਆ ਕਰਦਾ ਸੀ। ਪੰਜਾਬ ਤੋਂ ਪਰਵਾਸ ਕਰ ਕੇ ਅਮਰੀਕਾ, ਇੰਗਲੈਂਡ, ਕੈਨੇਡਾ, ਫ਼ਰਾਂਸ, ਜਰਮਨੀ ਅਤੇ ਹੋਰ ਮੁਲਕਾਂ ਵਿਚ ਗਏ ਪੰਜਾਬੀ ਲੋਕ ਉੱਥੇ ਹੱਡ-ਭੰਨ੍ਹਵੀਂ ਮਿਹਨਤ ਕਰ ਕੇ ਕਮਾਈਆਂ ਕਰਦੇ ਸਨ ਤੇ ਫਿਰ ਆਪਣੀ ਕਮਾਈ ਦਾ ਵੱਡਾ ਹਿੱਸਾ ਪਿੱਛੇ ਪੰਜਾਬ 'ਚ ਰਹਿੰਦੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਭੇਜਦੇ ਸਨ। ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਸਿਆਣੇ ਸਨ ਤੇ ਉਹ ਵੀ ਰੁਪਏ-ਪੈਸੇ ਦਾ ਥੋਥਾ ਲੋਕ ਵਿਖ਼ਾਵਾ ਕਰਨ ਦੀ ਥਾਂ ਵਾਹੀਯੋਗ ਜ਼ਮੀਨਾਂ, ਰਹਿਣਯੋਗ ਪਲਾਟ ਜਾਂ ਸੋਨਾ ਆਦਿ ਖ਼ਰੀਦ ਲੈਂਦੇ ਸਨ ਤੇ ਇਸ ਤਰ੍ਹਾਂ ਬਾਹਰੋਂ ਆਇਆ ਪੈਸਾ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੰਦਾ ਸੀ ਪਰ ਹੁਣ ਬਦ ਤੋਂ ਬਦਤਰ ਹਾਲਤ ਵੱਲ ਨੂੰ ਵਧਦੇ ਜਾਂਦੇ ਪੰਜਾਬ ਨੂੰ ਵੇਖ਼ ਕੇ ਬੀਤੇ ਜ਼ਮਾਨੇ ਦਾ ਇਕ ਮਸ਼ਹੂਰ ਹਿੰਦੀ ਗੀਤ ਕੰਨਾਂ ਵਿਚ ਗੂੰਜਣ ਲੱਗ ਜਾਂਦਾ ਹੈ। ਇਸ ਗੀਤ ਦੇ ਬੋਲ ਹਨ, 'ਕੋਈ ਲੌਟਾ ਦੇ ਮੇਰੇ ਬੀਤੇ ਹੂਏ ਦਿਨ, ਬੀਤੇ ਹੂਏ ਦਿਨ ਵੋ ਮੇਰੇ ਪਿਆਰੇ ਪਲ-ਛਿਨ।' ਸੰਨ 1964 ਵਿਚ ਬਣੀ ਹਿੰਦੀ ਫ਼ਿਲਮ 'ਦੂਰ ਗਗਨ ਕੀ ਛਾਂਵ ਮੇਂ' ਲਈ ਇਹ ਗੀਤ ਗਾਇਕ ਅਤੇ ਅਦਾਕਾਰ ਕਿਸ਼ੋਰ ਕੁਮਾਰ ਨੇ ਗਾਇਆ ਸੀ।

ਅਤੀਤ ਵੱਲ ਝਾਤੀ ਮਾਰਦਿਆਂ ਜਦੋਂ ਅਸੀਂ ਅੱਜ ਤੋਂ 44 ਕੁ ਸਾਲ ਪਿੱਛੇ ਭਾਵ ਸੰਨ 1981 ਵਿਚ ਪੁੱਜਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਜਿਹੜਾ ਪੰਜਾਬ ਅੱਜ ਪ੍ਰਤੀ ਵਿਅਕਤੀ ਆਮਦਨੀ ਪੱਖੋਂ ਦੇਸ਼ ਵਿਚ 16ਵੇਂ ਸਥਾਨ 'ਤੇ ਹੈ, ਉਸ ਵੇਲੇ ਦੇਸ਼ ਵਿਚੋਂ ਸਭ ਤੋਂ ਪਹਿਲੇ ਸਥਾਨ 'ਤੇ ਸੀ। ਸੰਨ 2001 ਵਿਚ ਪੰਜਾਬ ਪ੍ਰਤੀ ਵਿਅਕਤੀ ਆਮਦਨੀ ਪੱਖੋਂ ਖਿਸਕ ਕੇ ਚੌਥੇ ਸਥਾਨ 'ਤੇ ਆ ਗਿਆ ਸੀ। ਸਾਲ 2000 ਤੋਂ 2010 ਦੇ ਦਹਾਕੇ ਦੌਰਾਨ ਹਾਲਤ ਇਹ ਸੀ ਕਿ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨੀ ਵਾਧਾ ਦਰ ਪੂਰੇ ਦੇਸ਼ ਵਿਚੋਂ ਸਭ ਤੋਂ ਘੱਟ ਦਰ ਰੱਖਣ ਵਾਲੇ ਰਾਜ ਮਣੀਪੁਰ ਤੋਂ ਬਾਅਦ ਦੂਜੇ ਨੰਬਰ 'ਤੇ ਸੀ। ਪੰਜਾਬ ਵਿਚ ਫ਼ੈਲੇ ਅਤਿਵਾਦ ਨੇ ਇਥੋਂ ਦੇ ਉਦਯੋਗ ਜਗਤ ਨੂੰ ਤਬਾਹ ਕਰ ਕੇ ਰੱਖ ਦਿੱਤਾ ਸੀ। ਕਈ ਵੱਡੇ ਉਦਯੋਗ ਪੰਜਾਬ ਤੋਂ ਬਾਹਰ ਪਲਾਇਨ ਕਰ ਗਏ ਤੇ ਮੱਧਮ ਅਤੇ ਛੋਟੇ ਦਰਜੇ ਦੇ ਉਦਯੋਗ ਗ਼ਲਤ ਸਰਕਾਰੀ ਨੀਤੀਆਂ ਕਰਕੇ ਅਤੇ ਔਖੀ ਘੜੀ ਵਿਚ ਸਰਕਾਰਾਂ ਵੱਲੋਂ ਬਾਂਹ ਨਾ ਫ਼ੜੇ ਜਾਣ ਕਰਕੇ ਹੌਲੀ-ਹੌਲੀ ਸਹਿਕਦੇ ਹੋਏ ਦਮ ਤੋੜਨ ਲੱਗ ਪਏ ਸਨ। ਬਟਾਲਾ ਜਿਸਨੂੰ ਕਿ ਕਿਸੇ ਵਕਤ 'ਲੋਹੇ ਦਾ ਸ਼ਹਿਰ' ਕਿਹਾ ਜਾਂਦਾ ਸੀ, ਦੀ ਹਰ ਗਲੀ ਵਿਚ ਖ਼ਰਾਦ ਦੇ ਅਤੇ ਹੋਰ ਮਸ਼ੀਨੀ ਪੁਰਜ਼ੇ ਬਣਾਉਣ ਦੇ ਛੋਟੇ-ਛੋਟੇ ਕਾਰਖ਼ਾਨੇ ਚੱਲਦੇ ਸਨ ਤੇ ਦੇਗ਼ੀ ਲੋਹਾ ਢਾਲਣ ਦੀਆਂ ਕਈ ਫ਼ਾਊਂਡਰੀਆਂ ਇਥੇ ਚੰਗਾ ਕਾਰੋਬਾਰ ਕਰ ਰਹੀਆਂ ਸਨ। ਹਜ਼ਾਰਾਂ ਲੋਕਾਂ ਨੂੰ ਇਥੇ ਰੁਜ਼ਗਾਰ ਮਿਲਿਆ ਹੋਇਆ ਸੀ ਤੇ ਬਟਾਲਾ, ਲੁਧਿਆਣਾ, ਜਲੰਧਰ ਅਤੇ ਮੰਡੀ ਗੋਬਿੰਦਗੜ੍ਹ ਦੀਆਂ ਸਨਅਤਾਂ ਕਰਕੇ ਸਮੁੱਚਾ ਸੂਬਾ ਵੀ ਛਾਲਾਂ ਮਾਰਦਾ ਹੋਇਆ ਤਰੱਕੀ ਕਰ ਰਿਹਾ ਸੀ ਪਰ ਫਿਰ ਉਪਰੋਕਤ ਵਰਣਿਤ ਅਤਿਵਾਦ ਅਤੇ ਗ਼ਲਤ ਸਰਕਾਰੀ ਨੀਤੀਆਂ ਪੰਜਾਬ ਦੇ ਉਦਯੋਗਾਂ ਨੂੰ ਲੈ ਬੈਠੀਆਂ ਤੇ ਇਕ-ਇਕ ਕਰ ਕੇ ਇਥੇ ਮੌਜੂਦ ਸਭ ਵੱਡੇ-ਛੋਟੇ ਕਾਰਖ਼ਾਨੇ ਬੰਦ ਹੋਣੇ ਸ਼ੁਰੂ ਹੋ ਗਏ। ਆਲਮ ਤਾਂ ਇਹ ਵੀ ਆ ਗਿਆ ਕਿ ਆਰਥਿਕ ਤੰਗੀ ਦੇ ਚਲਦਿਆਂ ਕਾਰਖ਼ਾਨਿਆਂ ਦੇ ਮਾਲਕਾਂ ਨੂੰ ਨਾ ਕੇਵਲ ਆਪਣੇ ਕਾਰਖ਼ਾਨਿਆਂ ਦੀਆਂ ਜ਼ਮੀਨਾਂ ਤੱਕ ਵੇਚਣੀਆਂ ਪੈ ਗਈਆਂ ਸਗੋਂ ਬਚੇ-ਖੁਚੇ ਕਾਰਖ਼ਾਨਿਆਂ 'ਚ ਜਾ ਕੇ ਆਪ ਵੀ ਬਤੌਰ ਮਜ਼ਦੂਰ ਕੰਮ ਵੀ ਕਰਨਾ ਪੈ ਗਿਆ। ਉਦਯੋਗਾਂ ਦਾ ਲੱਕ ਐਸਾ ਟੁੱਟਾ ਕਿ ਮੁੜ ਕਦੇ ਜੁੜ ਨਹੀਂ ਸਕਿਆ। ਬਟਾਲਾ, ਲੁਧਿਆਣਾ ਅਤੇ ਜਲੰਧਰ ਦੇ ਉਦਯੋਗ ਜਗਤ ਨਾਲ ਜੁੜੇ ਕਾਰਖ਼ਾਨੇਦਾਰ ਅਤੇ ਮਜ਼ਦੂਰ ਅੱਜ ਵੀ ਉਨ੍ਹਾਂ ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਅੱਖਾਂ ਭਰ ਲੈਂਦੇ ਹਨ ਤੇ ਮੱਲੋ-ਮੱਲੀ ਉਨ੍ਹਾਂ ਦੇ ਬੁੱਲਾਂ 'ਤੇ ਇਹ ਬੋਲ ਆ ਜਾਂਦੇ ਹਨ, ''ਕੋਈ ਲੌਟਾ ਦੇ ਮੇਰੇ ਬੀਤੇ ਹੂਏ ਦਿਨ।''

ਕੋਈ ਵੇਲਾ ਸੀ ਜਦੋਂ ਪੰਜਾਬ ਦੇ ਹਰ ਘਰ ਵਿਚ ਛਾਂਦਾਰ ਜਾਂ ਫ਼ਲਦਾਰ ਰੁੱਖ ਅਤੇ ਦੁਧਾਰੂ ਡੰਗਰ ਹੋਇਆ ਕਰਦੇ ਸਨ। ਵਾਹੀਯੋਗ ਜ਼ਮੀਨ ਭਾਵੇਂ ਥੋੜ੍ਹੀ ਹੋਵੇ ਤੇ ਭਾਵੇਂ ਬਹੁਤੀ ਹਰੇਕ ਜ਼ਿਮੀਂਦਾਰ ਹੱਥੀਂ ਖੇਤੀ ਕਰਿਆ ਕਰਦਾ ਸੀ। ਉਹ ਆਪਣੇ ਸਰੀਰਕ ਬਲ ਅਤੇ ਦਿਮਾਗੀ ਸੂਝ 'ਤੇ ਵੱਧ ਟੇਕ ਰੱਖਦਾ ਸੀ। ਸਾਰਾ-ਸਾਰਾ ਪਰਿਵਾਰ ਖੇਤਾਂ ਵਿਚ ਬੀਜ ਬੀਜਣ ਤੋਂ ਲੈ ਕੇ ਫ਼ਸਲ ਵੱਢਣ ਤੱਕ ਹੱਡ-ਭੰਨ੍ਹਵੀਂ ਮਿਹਨਤ ਕਰਿਆ ਕਰਦਾ ਸੀ। ਜ਼ਮੀਨ ਅਤੇ ਉਪਜ ਚਾਹੇ ਘੱਟ ਵੀ ਸੀ ਪਰ ਕੋਈ ਵੀ ਕਿਸਾਨ ਕਰਜ਼ੇ ਦੀ ਪੰਡ ਹੇਠ ਦੱਬੇ ਹੋਣ ਦੀ ਆੜ ਵਿਚ ਆਪਣੇ ਸਾਫ਼ੇ ਨਾਲ ਆਪਣੇ ਹੀ ਖੇਤ ਵਿਚ ਫ਼ਾਹਾ ਨਹੀਂ ਲੈਂਦਾ ਸੀ। ਉਂਜ ਇਹ ਕਿੰਨੀ ਅਜੀਬ ਗੱਲ ਹੈ ਕਿ ਕਿਸਾਨਾਂ ਦੇ ਖੇਤਾਂ ਵਿਚ ਕੰਮ ਕਰ ਕੇ ਆਪਣੇ ਪਰਿਵਾਰ ਪਾਲਣ ਵਾਲੇ ਬੇਜ਼ਮੀਨੇ ਦਿਹਾੜੀਦਾਰ ਮਜ਼ਦੂਰ ਅੱਜ ਵੀ ਵਿੱਤੀ ਕਾਰਨਾਂ ਕਰਕੇ ਖ਼ੁਦਕੁਸ਼ੀ ਨਹੀਂ ਕਰਦੇ ਪਰ ਦੋ ਕਿੱਲਿਆਂ ਤੋਂ ਲੈ ਕੇ ਦਸ ਕਿੱਲਿਆਂ ਤੱਕ ਦੇ ਮਾਲਕ ਕਿਸਾਨ ਸਲਫ਼ਾਸ ਖਾ ਕੇ ਆਪਣੀ ਜਾਨ ਦੇ ਰਹੇ ਹਨ। ਉਹ ਵੀ ਸਮਾਂ ਸੀ ਜਦੋਂ ਕੱਚੇ ਘਰਾਂ ਵਿਚ ਪੱਕੇ ਇਰਾਦਿਆਂ ਵਾਲੇ ਕਿਸਾਨ ਰਿਹਾ ਕਰਦੇ ਸਨ ਪਰ ਹੁਣ ਤਾਂ ਪੱਕੇ ਘਰਾਂ ਵਿਚ ਕੱਚੇ ਇਰਾਦਿਆਂ ਵਾਲੇ ਕਿਸਾਨ ਆਮ ਹੀ ਮਿਲ ਜਾਂਦੇ ਹਨ। ਕਾਸ਼ ਕਿਧਰੇ ਪੰਜਾਬ 'ਚ ਉਹ ਦਿਨ ਮੁੜ ਕੇ ਪਰਤ ਆਉਣ ਜਦੋਂ ਕਿਸਾਨ ਆਪਣੀ ਜ਼ਮੀਨ ਅਤੇ ਆਪਣੀ ਵਿੱਤੀ ਹੈਸੀਅਤ ਮੁਤਾਬਿਕ ਆਪਣੇ ਖ਼ਰਚੇ ਕਰਦਾ ਸੀ। ਇਹ ਗੱਲ ਵੀ ਓਨੀ ਹੀ ਸੱਚ ਹੈ ਕਿ ਸਿਆਸਤਦਾਨ, ਅਫ਼ਸਰਸ਼ਾਹੀ ਅਤੇ ਉਦਯੋਗਪਤੀਆਂ ਜਾਂ ਵਪਾਰੀਆਂ ਦੇ ਚੰਦਰੇ ਗੱਠਜੋੜ ਕਰਕੇ ਖੇਤੀ ਸੰਦਾਂ, ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਦੀਆਂ ਕੀਮਤਾਂ ਵਿਚ ਹੋਣ ਵਾਲੇ ਵਾਧੇ ਦੀ ਬਨਿਸਪਤ ਫ਼ਸਲਾਂ ਦੇ ਮੁੱਲ ਵਿਚ ਲੋੜੀਂਦਾ ਵਾਧਾ ਨਹੀਂ ਹੋ ਰਿਹਾ ਹੈ ਜਿਸ ਕਰਕੇ ਖੇਤੀਬਾੜੀ ਲਾਹੇਵੰਦਾ ਕਿੱਤਾ ਨਹੀਂ ਰਹੀ ਹੈ ਤੇ ਕਿਸਾਨਾਂ ਨੂੰ ਵਿੱਤੀ ਔਕੜਾਂ ਦਾ ਨਿਰੰਤਰ ਸਾਹਮਣਾ ਕਰਨਾ ਪੈ ਰਿਹਾ ਹੈ। ਹਕੀਕਤ ਤਾਂ ਇਹ ਵੀ ਹੈ ਕਿ ਅਧਿਕਤਰ ਕਿਸਾਨਾਂ ਨੂੰ ਵਿੱਤੀ ਪੱਖੋਂ ਲਾਭਕਾਰੀ ਫ਼ਸਲਾਂ ਦੀ ਕਾਸ਼ਤ ਕਰਨ ਲਈ ਅਤੇ ਸਹਾਇਕ ਧੰਦਿਆਂ ਰਾਹੀਂ ਆਪਣੀ ਆਮਦਨ ਵਧਾਉਣ ਲਈ ਸਰਕਾਰ ਅਜੇ ਤੱਕ ਤਿਆਰ ਹੀ ਨਹੀਂ ਕਰ ਸਕੀ ਹੈ। ਇਹ ਇਕ ਵੱਡੀ ਤ੍ਰਾਸਦੀ ਹੈ ਕਿ ਸਾਧਨਾਂ ਅਤੇ ਜਾਣਕਾਰੀ ਦੀ ਬਹੁਤਾਤ ਦੇ ਬਾਵਜੂਦ ਕਿਸਾਨ ਅਜੇ ਵੀ ਰੁਲ ਰਿਹਾ ਹੈ। ਅੱਜ ਉਹ ਦਿਨ ਮੋੜ ਲਿਆਉਣ ਦੀ ਲੋੜ ਹੈ ਜਦੋਂ ਕਿਸਾਨ ਆਪਣੀ ਜ਼ਮੀਨ ਨੂੰ, ਆਪਣੀ ਮਿੱਟੀ ਨੂੰ ਆਪਣੀ ਮਾਂ ਦਾ ਦਰਜਾ ਦਿੰਦਾ ਸੀ ਤੇ ਜ਼ਮੀਨ ਅਤੇ ਪਾਣੀ ਨੂੰ ਬਰਬਾਦ ਕਰਨ ਬਾਰੇ ਸੁਫ਼ਨੇ ਵਿਚ ਵੀ ਨਹੀਂ ਸੋਚਦਾ ਸੀ। ਉਹ ਬੇਤਹਾਸ਼ਾ ਕੀਟਨਾਸ਼ਕ ਵਰਤ ਕੇ ਜ਼ਮੀਨ, ਹਵਾ ਅਤੇ ਪਾਣੀ ਨੂੰ ਜ਼ਹਿਰੀਲਾ ਨਹੀਂ ਬਣਾਉਂਦਾ ਸੀ। ਪੰਜਾਬ ਵਿਚ ਤੇ ਖ਼ਾਸ ਕਰਕੇ ਮਾਲਵਾ ਖਿੱਤੇ ਵਿਚ ਕੈਂਸਰ ਦੇ ਵਧਦੇ ਮਾਮਲੇ ਕਿਸਾਨ ਵੀਰਾਂ, ਉਦਯੋਗਪਤੀਆਂ, ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਮੇਂ ਦੀਆਂ ਸਰਕਾਰਾਂ ਦੀ ਅਣਗਹਿਲੀ ਅਤੇ ਗ਼ੈਰ-ਜ਼ਿੰਮੇਦਾਰਾਨਾ ਰਵੱਈਏ ਦਾ ਸਦਕਾ ਹੀ ਹਨ। ਬੀਤੇ ਸਮੇਂ ਦਾ ਕਿਸਾਨ ਫ਼ਸਲੀ ਰਹਿੰਦ-ਖੂੰਹਦ ਨੂੰ ਸਾੜ ਕੇ ਬਨਸਪਤੀ, ਪਸ਼ੂ-ਪੰਛੀਆਂ ਅਤੇ ਵਾਤਾਵਰਣ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਸੀ ਤੇ ਉਸ ਵਕਤ ਦਾ ਉਦਯੋਗਪਤੀ ਵੀ ਕਾਰਖ਼ਾਨੇ ਦਾ ਜ਼ਹਿਰੀਲਾ ਪਾਣੀ ਕਿਸੇ ਵਗ਼ਦੇ ਨਦੀ-ਨਾਲੇ ਵਿਚ ਜਾਂ ਜ਼ਮੀਨ ਹੇਠਾਂ ਬੋਰ ਕਰ ਕੇ ਜ਼ਮੀਨਦੋਜ਼ ਸਾਫ਼ ਪਾਣੀ ਵਿਚ ਨਾ ਸੁੱਟ ਕੇ ਧਰਤੀ ਹੇਠਲੇ ਅਤੇ ਧਰਤੀ ਉੱਪਰਲੇ ਪੀਣਯੋਗ ਸਾਫ਼ ਪਾਣੀ ਨੂੰ ਨਸ਼ਟ ਨਹੀਂ ਕਰਦਾ ਸੀ। ਪੰਜਾਬ ਦਾ ਕਿਸਾਨ ਤਾਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਵਾਲੀ ਸੋਚ ਦਾ ਧਾਰਨੀ ਸੀ ਤੇ ਉਹ ਮੁਸ਼ਕਿਲਾਂ ਅੱਗੇ ਕਾਇਰਾਂ ਵਾਂਗ ਗੋਡੇ ਟੇਕ ਕੇ ਖ਼ੁਦਕੁਸ਼ੀ ਕਰਨ ਦੀ ਥਾਂ ਮੁਸ਼ਕਿਲਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਉਨ੍ਹਾ ਨਾਲ ਜੂਝਦਾ ਸੀ ਤੇ ਜੇਤੂ ਹੋ ਕੇ ਨਿੱਬੜਦਾ ਸੀ।



ਪੰਜਾਬ ਨੇ ਉਹ ਸਮਾਂ ਵੀ ਵੇਖਿਆ ਹੈ ਜਦੋਂ ਪਿੰਡਾਂ ਦੀਆਂ ਸੱਥਾਂ ਵਿਚ ਲੋਕ ਵੱਡੇ ਇਕੱਠ ਕਰਕੇ ਬੈਠਿਆ ਕਰਦੇ ਸਨ। ਪਿੰਡਾਂ ਅਤੇ ਸ਼ਹਿਰਾਂ ਵਿਚ ਲੱਗਦੇ ਮੇਲਿਆਂ ਵਿਚ ਵੱਡੇ-ਵੱਡੇ ਦੀਵਾਨ ਅਤੇ ਢਾਡੀ ਦਰਬਾਰ ਸੱਜਿਆ ਕਰਦੇ ਸਨ ਤੇ ਉੱਥੇ ਤਿਲ ਸੁੱਟਣ ਨੂੰ ਵੀ ਥਾਂ ਨਹੀਂ ਹੁੰਦੀ ਸੀ। ਲੋਕ ਗੀਤ, ਲੋਕ ਸਾਜ਼ ਅਤੇ ਲੋਕ ਗਾਇਕ ਤਾਂ ਮੇਲਿਆਂ ਦੀ ਸ਼ਾਨ ਹੋਇਆ ਕਰਦੇ ਸਨ। ਸੁਰੀਲੀ ਤੇ ਮਿੱਠੀ ਆਵਾਜ਼ ਵਾਲੇ ਗਾਇਕ ਅਤੇ ਗਾਇਕਾਵਾਂ ਵੱਲੋਂ ਕੰਨ 'ਤੇ ਹੱਥ ਧਰ ਕੇ ਉੱਚੀ ਸਾਰੀ ਹੇਕ ਨਾਲ ਹੀਰ, ਮਿਰਜ਼ਾ, ਸੱਸੀ ਅਤੇ ਜੱਗਾ ਆਦਿ ਲੋਕ ਕਾਵਿ ਗਾਏ ਜਾਂਦੇ ਸਨ। ਦੂਰ-ਦੁਰਾਡਿਉਂ ਮੇਲੇ ਵਿਚ ਪੁੱਜੇ ਨਾਮਵਰ ਸ਼ਾਇਰ 'ਮੁਸ਼ਾਇਰੇ' ਵਿਚ ਆਪਣਾ ਜਜ਼ਬਾਤਪੂਰਨ ਅਤੇ ਭਾਵਪੂਰਤ ਕਲਾਮ ਪੜ੍ਹਿਆ ਕਰਦੇ ਸਨ। ਰਾਸਾਂ ਪੈਂਦੀਆਂ ਸਨ, ਗਿੱਧੇ ਅਤੇ ਭੰਗੜੇ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ ਜਾਂਦੀਆਂ ਸਨ ਪਰ ਹੁਣ ਸਭ ਕੁਝ ਨੀਰਸ ਜਿਹਾ ਹੋ ਗਿਆ ਹੈ। ਹੁਣ ਡੀ.ਜੇ. ਸਾਊਂਡ ਵਾਲੇ ਕੰਨ-ਪਾੜ੍ਹਵੇਂ ਸਪੀਕਰਾਂ 'ਤੇ ਘਟੀਆ ਗੀਤਕਾਰੀ ਵਾਲੇ ਅਤੇ ਬਿਨਾ ਸੰਗੀਤ ਦੀ ਤਾਲੀਮ ਹਾਸਿਲ ਕੀਤਿਆਂ ਹੀ ਗਾਇਕੀ ਦੇ ਪਿੜ ਵਿਚ ਉਤਰਣ ਵਾਲੇ ਗਾਇਕਾਂ ਦੇ ਭੱਦੇ ਗੀਤ ਮੇਲਿਆਂ ਵਿਚ ਵਜਾਏ ਜਾਂਦੇ ਹਨ। ਹੁਣ ਸੁਆਦੀ ਪਕੌੜਿਆਂ ਤੇ ਜਲੇਬੀਆਂ ਦੀ ਥਾਂ ਅਜੋਕੇ ਜ਼ਮਾਨੇ ਦੇ ਪੂਰੀ ਤਰ੍ਹਾਂ ਸਿਹਤਨਾਸ਼ਕ ਪਦਾਰਥ ਖੁੱਲ੍ਹੇਆਮ ਵੇਚੇ ਅਤੇ ਖਾਧੇ ਜਾਂਦੇ ਹਨ। ਬੀਤੇ ਸਮੇਂ ਵਿਚ ਲੰਗਰ ਧਾਤੂ ਦੀਆਂ ਥਾਲੀਆਂ ਤੇ ਪਲੇਟਾਂ ਵਿਚ ਵਰਤਾਇਆ ਜਾਂਦਾ ਸੀ ਤੇ ਹੁਣ ਥਾਂ-ਥਾਂ ਲੱਗੇ ਲੰਗਰਾਂ ਦੀ ਸਮਾਪਤੀ ਤੋਂ ਬਾਅਦ ਉਥੇ ਪਲਾਸਟਿਕ ਦੀਆਂ ਪਲੇਟਾਂ, ਗਿਲਾਸਾਂ, ਡੂਨਿਆਂ ਅਤੇ ਬੋਤਲਾਂ ਦੇ ਢੇਰ ਲੱਗੇ ਹੁੰਦੇ ਹਨ। ਸਭ ਜਾਣਦੇ ਹਨ ਕਿ ਇਹ ਪਲਾਸਟਿਕ ਦੇ ਬਣੇ ਬਰਤਨ ਵਾਤਾਵਰਣ ਦਾ ਸੱਤਿਆਨਾਸ ਹੀ ਕਰਦੇ ਹਨ। ਉਹ ਸਾਦੇ ਲੰਗਰਾਂ ਵਾਲਾ ਸਮਾਂ ਅਤੇ ਧਾਤੂ ਦੇ ਬਰਤਨਾਂ ਦੀ ਵਰਤੋਂ ਦੇ ਪ੍ਰਚਲਨ ਨੂੰ ਮੁੜ ਵਾਪਸ ਲਿਆਉਣ ਦੀ ਅੱਜ ਬਸੜੀ ਭਾਰੀ ਲੋੜ ਹੈ।


ਅੱਜ ਜਦੋਂ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਤੇ ਨਿੱਜੀ ਮੁਫ਼ਾਦਾਂ ਲਈ ਪੰਜਾਬ ਦੇ ਸਿਆਸਤਦਾਨਾਂ ਵੱਲੋਂ ਕੇਂਦਰ ਸਰਕਾਰ ਅੱਗੇ ਪੰਜਾਬ ਦੇ ਹੱਕ ਵੇਚ ਦੇਣ ਦੀ ਸਮੁੱਚੀ 'ਖੇਡ' ਨੂੰ ਪੰਜਾਬ ਵੇਖ਼ਦਾ ਹੈ ਤਾਂ ਉਸਨੂੰ ਉਹ ਸਿਆਸਤਦਾਨ ਯਾਦ ਆਉਂਦੇ ਹਨ ਜੋ ਪੰਜਾਬ ਦੇ ਹਿੱਤਾਂ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਣ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਅੱਜ ਹਾਲਾਤ ਇਹ ਹਨ ਕਿ ਜਿਸ ਵੀ ਸਿਆਸਤਦਾਨ ਦੀ ਆਪਣੀ ਪਾਰਟੀ ਨਾਲ ਅਣਬਣ ਹੋ ਜਾਂਦੀ ਹੈ, ਉਹ ਝੱਟ ਦੇਣੀ ਉਸ ਵਿਰੋਧੀ ਪਾਰਟੀ ਦਾ ਪਰਨਾ ਗਲ 'ਚ ਪਾ ਲੈਂਦਾ ਹੈ ਜਿਸ ਵਿਰੋਧੀ ਪਾਰਟੀ 'ਤੇ ਉਹ ਪੰਜਾਬ ਦੇ ਹਿੱਤ ਵੇਚਣ ਦੇ ਇਲਜ਼ਾਮ ਬੜੇ ਜ਼ੋਰ-ਸ਼ੋਰ ਨਾਲ ਲਗਾਇਆ ਕਰਦਾ ਸੀ। ਕੇਂਦਰ ਵਿਚ ਉਸ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਵੀ ਉਹ ਆਗੂ ਆਪਣੀ ਇਸ ਨਵੀਂ ਜੁਆਇਨ ਕੀਤੀ ਪਾਰਟੀ ਤੋਂ ਪੰਜਾਬ ਨੂੰ ਪੰਜਾਬ ਦੇ ਬਣਦੇ ਹੱਕ ਦਿਵਾ ਨਹੀਂ ਪਾਉਂਦਾ ਤੇ ਕੇਂਦਰ ਵੱਲੋਂ ਪੰਜਾਬ ਨਾਲ ਕੀਤੇ ਜਾਣ ਵਾਲੇ ਧੱਕੇ ਬਾਰੇ ਇਕ ਲਫ਼ਜ਼ ਵੀ ਇਸ ਸਿਆਸਤਦਾਨ ਦੇ ਮੂੰਹੋਂ ਨਹੀਂ ਫੁੱਟਦਾ ਹੈ। ਲੋਕ ਸਭਾ, ਰਾਜ ਸਭਾ ਜਾਂ ਵਿਧਾਨ ਸਭਾ ਮੈਂਬਰ ਬਣਨ ਲਈ ਕੋਈ ਵੀ ਹਰਬਾ ਵਰਤਣ ਵਾਲੇ ਅਤੇ ਕਿਸੇ ਵੀ ਵਿਚਾਰਧਾਰਾ ਦੇ ਦਲ ਵਿਚ ਸ਼ਾਮਿਲ ਹੋਣ ਲਈ ਤਿਆਰ ਰਹਿਣ ਵਾਲੇ ਬੇਈਮਾਨ ਸਿਆਸਤਦਾਨਾਂ ਨੂੰ ਵੇਖ਼ ਕੇ ਵਿਚਾਰਾ ਪੰਜਾਬ ਅੱਜ ਜ਼ਾਰ-ਜ਼ਾਰ ਰੋਂਦਾ ਹੈ ਤੇ ਉਨ੍ਹਾਂ ਬੀਤੇ ਦਿਨਾਂ ਦੇ ਪਰਤਣ ਦੀ ਉਡੀਕ ਕਰਦਾ ਹੈ ਜਦੋਂ ਸਿਆਸਤਦਾਨਾਂ ਲਈ ਆਪਣੇ ਹਿੱਤਾਂ ਨਾਲੋਂ ਸੂਬੇ ਦੇ ਹਿੱਤ ਵੱਧ ਪਿਆਰੇ ਸਨ।

ਪੰਜਾਬ ਅੱਜ ਉਨ੍ਹਾਂ ਬੀਤੇ ਹੋਏ ਦਿਨਾਂ ਦੇ ਵਾਪਸ ਆਉਣ ਦੀ ਵੀ ਉਡੀਕ ਕਰ ਰਿਹਾ ਹੈ ਜਦੋਂ ਘਰਾਂ, ਪਰਿਵਾਰਾਂ ਅਤੇ ਦਿਲਾਂ ਵਿਚ ਬਜ਼ੁਰਗਾਂ ਦਾ ਸਤਿਕਾਰ ਹੁੰਦਾ ਸੀ। ਕੋਈ ਵੀ ਪੁੱਤ ਜਾਂ ਧੀ ਆਪਣੇ ਬਾਪ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਜਾਂ ਉੱਚੀ ਆਵਾਜ਼ ਵਿਚ ਗੱਲ ਨਹੀਂ ਕਰ ਸਕਦਾ ਸੀ। ਅੱਜ ਹਾਲਾਤ ਇਹ ਹਨ ਕਿ ਆਪਣੀ ਗੱਲ ਜਾਂ ਜਾਇਜ਼-ਨਾਜਾਇਜ਼ ਮੰਗ ਮਨਵਾਉਣ ਲਈ ਪੁੱਤਰ ਜਾਂ ਧੀਆਂ ਆਪਣੇ ਮਾਪਿਆਂ ਨੂੰ ਜਾਨੋਂ ਮਾਰਨ ਤੱਕ ਵੀ ਚਲੇ ਜਾਂਦੇ ਹਨ। ਸਾਂਝੇ ਪਰਿਵਾਰਾਂ ਵਿਚ ਬੜੀਆਂ ਬਰਕਤਾਂ ਹੁੰਦੀਆਂ ਸਨ ਅਤੇ ਭਰਾ ਸਚਮੁੱਚ ਹੀ ਭਰਾਵਾਂ ਦੀਆਂ ਬਾਂਹਵਾਂ ਹੋਇਆ ਕਰਦੇ ਸਨ। ਉਹ ਵੀ ਕੋਈ ਵੇਲਾ ਸੀ ਜਦੋਂ ਪੰਜਾਬ ਦਾ ਨੌਜਵਾਨ ਪੰਜਾਬ ਦੇ ਹੱਕਾਂ ਅਤੇ ਹਿੱਤਾਂ ਲਈ ਫ਼ਿਕਰਮੰਦ ਹੁੰਦਾ ਸੀ। ਉਹ ਪੰਜਾਬ ਨੂੰ ਹੋਰ ਬਿਹਤਰ ਬਣਾਉਣ ਦੇ ਮਨਸੂਬੇ ਬਣਾਇਆ ਕਰਦਾ ਸੀ ਪਰ ਅੱਜ ਦੇ ਵਧੇਰੇ ਨੌਜਵਾਨ ਨਸ਼ਿਆਂ ਦੀ ਦਲਦਲ 'ਚ ਫਸੇ ਪਏ ਹਨ। ਕਿੰਨੇ ਦੁੱਖ ਦੀ ਗੱਲ ਹੈ ਕਿ ਵਤਨ ਦੀ ਅਜ਼ਮਤ ਦੀ ਖ਼ਾਤਿਰ ਫ਼ਾਂਸੀ ਦੇ ਫ਼ੰਦਿਆਂ 'ਤੇ ਝੂਲ ਜਾਣ ਵਾਲੇ ਸ਼ਹੀਦ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਜਿਹੇ ਨੌਜਵਾਨਾਂ ਦੇ ਇਹ 'ਅਜੋਕੇ ਵਾਰਿਸ' ਨਸ਼ਿਆਂ ਦੀ 'ਓਵਰਡੋਜ਼' ਨਾਲ ਮਰ ਰਹੇ ਹਨ। ਉਹ ਵੀ ਦਿਨ ਸਨ ਜਦੋਂ ਦਾਜ ਦੀ ਖ਼ਾਤਿਰ ਲੋਕ ਆਪਣੀਆਂ ਬਹੂਆਂ ਨੂੰ ਤਸੀਹੇ ਦੇ ਕੇ ਨਹੀਂ ਮਾਰਿਆ ਕਰਦੇ ਸਨ। ਛੋਟੀ ਉਮਰ ਦੀ ਬੱਚੀ ਤੋਂ ਲੈ ਕੇ ਵਡੇਰੀ ਉਮਰ ਦੀ ਬਜ਼ੁਰਗ ਇਸਤਰੀ ਵੀ ਆਪਣੇ ਘਰ ਦੇ ਅੰਦਰ ਤੇ ਬਾਹਰ ਮਹਿਫ਼ੂਜ਼ ਹੋਇਆ ਕਰਦੀ ਸੀ। ਵਿਦਿਆਰਥੀ ਤਾਂ ਅਧਿਆਪਕ ਤੋਂ ਕੁੱਟ ਖਾ ਕੇ ਵੀ ਉਸਦਾ ਪੂਰਾ ਸਤਿਕਾਰ ਕਰਦੇ ਸਨ ਤੇ ਅੱਜ ਵਾਂਗ ਅਧਿਆਪਕਾਂ ਦੇ ਹੱਥੀਂ ਨਹੀਂ ਪੈਂਦੇ ਸਨ। ਉਹ ਅਧਿਆਪਕ ਨੂੰ ਮਾਤਾ-ਪਿਤਾ ਤੋਂ ਵੀ ਉੱਚੇ ਆਖੇ ਜਾਂਦੇ 'ਗੁਰੂ' ਦਾ ਦਰਜਾ ਦਿਆ ਕਰਦੇ ਸਨ। ਉਹ ਵੀ ਦਿਨ ਸਨ ਜਦੋਂ ਪੰਜਾਬ ਦਾ ਹਰ ਅਧਿਆਪਕ ਆਪਣੇ ਕੋਲ ਪੜ੍ਹਨ ਆਈ ਹਰੇਕ ਬੱਚੀ ਨੂੰ ਆਪਣੀ ਧੀ ਅਤੇ ਆਪਣੀ ਸਹਿਕਰਮੀ ਇਸਤਰੀ ਨੂੰ ਆਪਣੀ ਭੈਣ ਮੰਨਦਾ ਹੁੰਦਾ ਸੀ। ਸਕੂਲਾਂ ਵਿਚ ਤਾਂ ਮਹਿਲਾ ਅਧਿਆਪਕਾ ਨੂੰ ਕਿਹਾ ਹੀ 'ਭੈਣ ਜੀ' ਜਾਂਦਾ ਸੀ। ਅਧਿਆਪਕ ਟਿਊਸ਼ਨਾਂ ਦੇ ਲਾਲਚੀ ਨਹੀਂ ਸਨ ਤੇ ਲੋੜਵੰਦ ਵਿਦਿਆਰਥੀਆਂ ਨੂੰ ਸਕੂਲ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿਚ ਪੂਰੀ ਮਿਹਨਤ ਨਾਲ ਪੜ੍ਹਾਇਆ ਕਰਦੇ ਸਨ। ਵੱਡੇ-ਵੱਡੇ ਸਰਕਾਰੀ ਅਫ਼ਸਰ ਵੀ ਬੜੇ ਹੀ ਈਮਾਨਦਾਰ ਅਤੇ ਫ਼ਰਜ਼ਪਸੰਦ ਹੋਇਆ ਕਰਦੇ ਸਨ। ਉਹ ਸਰਕਾਰੀ ਗੱਡੀ ਅਤੇ ਸਰਕਾਰੀ ਫ਼ੰਡਾਂ ਦੀ ਵਰਤੋਂ ਕੇਵਲ ਤੇ ਕੇਵਲ ਸਰਕਾਰੀ ਕੰਮਾਂ ਲਈ ਹੀ ਕਰਿਆ ਕਰਦੇ ਸਨ। ਪੰਜਾਬ ਨੇ ਇਹ ਸਾਰਾ ਕੁਝ ਆਪਣੀ ਅੱਖੀਂ ਵੇਖਿਆ ਹੈ ਤੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਅਜੋਕਾ ਪੰਜਾਬ ਹੁਣ ਬੜੀ ਹੀ ਬੇਸਬਰੀ ਨਾਲ ਉਨ੍ਹਾਂ 'ਅੱਛੇ ਦਿਨਾਂ' ਦੇ ਪਰਤ ਆਉਣ ਦੀ ਉਡੀਕ ਕਰ ਰਿਹਾ ਹੈ। ਇੰਜ ਜਾਪਦਾ ਹੈ ਜਿਵੇਂ ਪੰਜਾਬ ਪੁਕਾਰ-ਪੁਕਾਰ ਕੇ ਆਖ਼ ਰਿਹਾ ਹੋਵੇ, 'ਕੋਈ ਲੌਟਾ ਦੇ ਮੇਰੇ ਬੀਤੇ ਹੂਏ ਦਿਨ, ਬੀਤੇ ਹੂਏ ਦਿਨ ਵੋ ਮੇਰੇ ਪਿਆਰੇ ਪਲ-ਛਿਨ।'

---


## ਮਜੀਠੀਆ ਪਰਿਵਾਰ ਅੰਗਰੇਜ਼ਾਂ ਦਾ ਖੁਸ਼ਾਮਦੀ!'–ਪ੍ਰੋਫੈਸਰ ਪੂਰਨ ਸਿੰਘ


ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 1-408-915-1268



ਅੰਗਰੇਜ਼ਾਂ ਦੇ ਰਾਜ ਸਮੇਂ ਜਪਾਨ ਤੋਂ ਉੱਚ-ਵਿੱਦਿਆ ਪ੍ਰਾਪਤ ਕਰ ਕੇ ਆਏ ਪ੍ਰੋਫੈਸਰ ਪੂਰਨ ਸਿੰਘ ਤੋਂ ਪ੍ਰਭਾਵਿਤ ਹੁੰਦਿਆਂ 'ਸਰ' ਸੁੰਦਰ ਸਿੰਘ ਮਜੀਠੀਆ (ਪੜ੍ਹਦਾਦਾ ਜੀ ਮੌਜੂਦਾ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ) ਉਸਨੂੰ ਆਪਣੇ ਫਾਰਮ ਹਾਊਸ ਸਰਦਾਰ ਨਗਰ (ਯੂ.ਪੀ) ਵਿਖੇ ਲੈ ਗਏ।

ਉੱਥੇ ਮਜੀਠੀਆਂ ਦੀ ਰਿਹਾਇਸ਼ ਵਿਖੇ ਜਿਹੜਾ ਕਮਰਾ ਪ੍ਰੋਫੈਸਰ ਪੂਰਨ ਸਿੰਘ ਨੂੰ ਰਹਿਣ ਵਾਸਤੇ ਦਿੱਤਾ ਗਿਆ, ਕੁੱਝ ਚਿਰ ਬਾਅਦ ਉਹ ਕਮਰਾ ਪ੍ਰੋਫੈਸਰ ਸਾਹਿਬ ਨੂੰ ਪੁੱਛਿਆਂ ਬਗੈਰ ਉਨ੍ਹਾਂ ਅੰਗਰੇਜ਼ ਮੇਮਾਂ ਨੂੰ ਦੇ ਦਿੱਤਾ ਗਿਆ, ਜੋ ਉੱਥੇ ਅੰਗਰੇਜ਼ੀ ਪੜ੍ਹਾਉਣ ਲਈ ਨੀਯਤ ਕੀਤੀਆਂ ਗਈਆਂ ਸਨ! ਆਜ਼ਾਦ ਖਿਆਲ ਪ੍ਰੋਫੈਸਰ ਸਾਹਿਬ ਨੂੰ ਇਹ ਗੱਲ ਬਹੁਤ ਬੁਰੀ ਲੱਗੀ।





ਉਨ੍ਹਾਂ ਇਸ ਨੂੰ ਗੁਲਾਮੀ ਦਾ ਅਹਿਸਾਸ ਕਰਾਉਣਾ ਮੰਨਿਆ!

ਉਹ ਤੈਸ਼ 'ਚ ਆ ਕੇ ਉੱਥੋਂ ਸਿੱਧੇ ਆਪਣੇ ਘਰ ਡੇਹਰਾਦੂਨ ਮੁੜ ਆਏ ਤੇ ਆਪਣੀ ਪਤਨੀ ਮਾਇਆ ਨੂੰ ਦੱਸਣ ਲੱਗੇ- 'ਦੇਖ ਮਾਇਆ! ਮੇਰੇ ਵਾਲਾ ਕਮਰਾ ਉਨ੍ਹਾਂ ਮੇਮਣੀਆਂ ਨੂੰ ਦੇ ਦਿੱਤਾ ਜਿਹੜਾ ਮੂੰਹ ਵਿੰਗਾ ਕਰ ਕੇ ਬੱਚਿਆਂ ਨੂੰ ਗੁਲਾਮੀ ਦਾ ਸਬਕ ਸਿਖਾਉਂਦੀਆਂ ਤੇ ਮੈਨੂੰ ਪੌੜੀਆਂ ਕੋਲ਼ ਦਾ ਕਮਰਾ ਦੇ ਦਿੱਤਾ, ਜਿੱਥੇ ਆਉਂਦਿਆਂ ਜਾਂਦਿਆਂ ਦੀਆਂ ਜੁੱਤੀਆਂ ਦਾ ਖੜਾਕ ਹੀ ਨਹੀਂ ਸੀ ਮਾਣ। ਉੱਥੇ ਬੰਦਾ ਕਿਵੇਂ ਲਿਖ-ਪੜ੍ਹ ਸਕਦਾ ਸੀ। ਮੈਨੂੰ ਨਹੀਂ ਸੀ ਪਤਾ ਕਿ ਮੈਂ ਅੰਗਰੇਜ਼ਾਂ ਦੇ ਖੁਸ਼ਾਮਦੀਆਂ ਕੋਲ ਚਲਾ ਗਿਆ ਸਾਂ।'

ਬਾਅਦ ਵਿਚ ਸਰ ਜੋਗਿੰਦਰ ਸਿੰਘ ਨੇ ਪ੍ਰੋਫੈਸਰ ਪੂਰਨ ਸਿੰਘ ਹੁਰਾਂ ਨੂੰ ਪੇਸ਼ਕਸ਼ ਕੀਤੀ ਕਿ ਉਹ ਮਜੀਠੀਆ ਸਾਹਿਬ ਨਾਲ (ਪ੍ਰੋਫੈਸਰ ਸਾਹਿਬ ਦਾ) ਸਮਝੌਤਾ ਕਰਾ ਦੇਣਗੇ ਪਰ ਪ੍ਰੋਫੈਸਰ ਸਾਹਿਬ ਨੇ ਬੜੇ ਰੋਹ ਨਾਲ ਜੋਗਿੰਦਰ ਸਿੰਘ ਨੂੰ ਲੰਮੀਆਂ-ਲੰਮੀਆਂ ਚਿੱਠੀਆਂ ਲਿਖੀਆਂ! ਇਨ੍ਹਾਂ ਚਿੱਠੀਆਂ ਵਿਚ ਵੀ ਅਲਬੇਲੇ ਸ਼ਾਇਰ ਪ੍ਰੋਫੈਸਰ ਪੂਰਨ ਸਿੰਘ ਹੁਰਾਂ ਨੇ 'ਅੰਗਰੇਜ਼ਾਂ ਦੇ ਖੁਸ਼ਾਮਦੀਆਂ' ਨੂੰ ਕੀ ਕਿਹਾ ਹੋਵੇਗਾ, ਪਾਠਕ ਆਪੇ ਅੰਦਾਜ਼ਾ ਲਾ ਲੈਣ!

(ਪ੍ਰੋਫ਼ੈਸਰ ਪੂਰਨ ਸਿੰਘ ਦੀ ਜੀਵਨੀ ਵਾਲੀ ਕਿਤਾਬ 'ਰਾਜ ਹੰਸ' ਦਾ ਸਫਾ 190-191)

# ਕੰਪਿਊਟਰ ਦੇ ਧਨੰਤਰ ਕਿਰਪਾਲ ਸਿੰਘ ਪੰਨੂੰ ਨੂੰ ਕੈਨੇਡੀਅਨ ਅਵਾਰਡ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਕਿਰਪਾਲ ਸਿੰਘ ਪੰਨੂੰ ਦਾ ਜਨਮ 25 ਮਾਰਚ 1936 ਨੂੰ ਰਾੜਾ ਸਾਹਿਬ ਨੇੜੇ ਪਿੰਡ ਕਟਾਹਰੀ ਵਿਚ ਹੋਇਆ ਸੀ। ਬਰੈਂਪਟਨ ਰਹਿੰਦੇ ਪੰਜਾਬ ਬਿਜਲੀ ਬੋਰਡ ਦੇ ਰਿਟਾਇਰ ਚੀਫ ਇੰਜਨੀਅਰ ਈਸ਼ਰ ਸਿੰਘ ਨੇ ਉਸ ਦੀ ਨਿਸ਼ਕਾਮ ਸੇਵਾ ਦਾ ਵੇਰਵਾ ਅੰਗਰੇਜ਼ੀ ਵਿਚ ਡਰਾਫਟ ਕਰ ਕੇ ਓਨਟਾਰੀਓ ਸਰਕਾਰ ਦੇ ਧਿਆਨ ਵਿਚ ਲਿਆਂਦਾ ਤਾਂ ਸਰਕਾਰ ਨੇ ਪੰਨੂੰ ਨੂੰ 'ਓਨਟਾਰੀਓ ਸੀਨੀਅਰਜ਼ ਅਚੀਵਮੈਂਟ ਅਵਾਰਡ' ਦੇਣ ਦਾ ਐਲਾਨ ਕੀਤਾ। ਪੰਜਾਬੀ ਪਿਆਰਿਆਂ ਨੂੰ ਖੁਸ਼ੀ ਹੈ ਕਿ ਪੰਜਾਬੀ ਦੇ ਕੰਪਿਊਟਰੀਕਰਨ ਵਿਚ ਪ੍ਰਦਾਨ ਕੀਤੀਆਂ ਸੇਵਾਵਾਂ ਲਈ 25 ਜੂਨ 2025 ਨੂੰ ਓਨਟਾਰੀਓ ਸਰਕਾਰ ਵੱਲੋਂ ਕਿਰਪਾਲ ਸਿੰਘ ਪੰਨੂੰ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨ ਦੇਣ ਦੀ ਰਸਮ ਗਵਰਨਰ ਹਾਊਸ ਵਿਚ ਓਨਟਾਰੀਓ ਦੀ ਮਾਣਯੋਗ ਗਵਰਨਰ ਨੇ ਨਿਭਾਈ।

ਪੰਜਾਬੀ ਭਾਈਚਾਰੇ ਵਿਚ ਪੰਨੂੰ ਨੂੰ ਕੋਈ 'ਕੰਪਿਊਟਰ ਦਾ ਭਾਈ ਘਨੱਈਆ' ਕਹਿੰਦਾ ਹੈ ਤੇ ਕੋਈ 'ਕੰਪਿਊਟਰ ਦਾ ਧੰਨਾ ਜੱਟ'। ਉਸ ਨੇ ਹਲ਼ ਤੋਂ ਹਾਕੀ ਤੇ ਕਾਰਬਾਈਨ ਤੋਂ ਕੰਪਿਊਟਰ ਤਕ ਦਾ ਸਫ਼ਰ ਤੈਅ ਕੀਤਾ ਹੈ। ਉਹਦੀ ਉਮਰ ਬੇਸ਼ਕ ਨੱਬਿਆਂ ਨੂੰ ਢੁੱਕ ਚੁੱਕੀ ਹੈ ਪਰ ਉਹਦੇ ਵਾਲੰਟੀਅਰੀ ਕੰਪਿਊਟਰੀ ਕਾਰਜਾਂ ਵਿਚ ਕੋਈ ਕਮੀ ਨਹੀਂ ਆਈ। ਖੂੰਡੀ ਫੜ ਕੇ ਅਜੇ ਵੀ ਉਹ ਮਸਤ ਚਾਲੇ ਪਿਆ ਹੋਇਐ। 2011 'ਚ ਉਸ ਦੇ 75ਵੇਂ ਜਨਮ ਦਿਵਸ 'ਤੇ ਉਸ ਨੂੰ ਅਭਿਨੰਦਨ ਗ੍ਰੰਥ 'ਕੰਪਿਊਟਰ ਦਾ ਧਨੰਤਰ' ਭੇਟ ਕੀਤਾ ਗਿਆ ਤਾਂ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਉਹ ਕੈਨੇਡਾ ਦੀ ਓਨਟਾਰੀਓ ਸਰਕਾਰ ਵੱਲੋਂ ਵੀ ਨਿਵਾਜਿਆ ਜਾਵੇਗਾ।

ਪੰਨੂੰ ਨੇ ਬਚਪਨ ਵਿਚ ਆਮ ਕਿਸਾਨ ਬੱਚਿਆਂ ਵਾਂਗ ਡੰਗਰ ਚਾਰੇ ਤੇ ਪੱਠਾ ਦੱਥਾ ਕੀਤਾ। 1947 ਦੀ ਵੱਢ-ਟੁੱਕ ਆਪਣੀ ਅੱਖੀਂ ਵੇਖੀ। ਉਸ ਬਾਰੇ ਬਾਅਦ ਵਿਚ ਕਹਾਣੀਆਂ ਲਿਖੀਆਂ। ਉਸ ਨੇ ਮੁੱਢਲੀ ਪੜ੍ਹਾਈ ਕਟਾਹਰੀ ਤੋਂ ਤੇ ਹਾਈ ਸਕੂਲ ਦੀ ਪੜ੍ਹਾਈ ਕਰਮਸਰ ਰਾੜਾ ਸਾਹਿਬ ਤੋਂ ਕੀਤੀ। ਉਹ ਸਕੂਲ ਦੀ ਹਾਕੀ ਟੀਮ ਦਾ ਵਧੀਆ ਖਿਡਾਰੀ ਸੀ ਤੇ ਕੁਝ ਸਾਲ ਗੁਜਰਾਂਵਾਲਾ ਗੁਰੂ ਨਾਨਕ ਕਾਲਜ ਲੁਧਿਆਣੇ ਵੱਲੋਂ ਹਾਕੀ ਖੇਡਿਆ। ਹਾਕੀ ਦੀ ਖੇਡ ਦੇ ਸਿਰ 'ਤੇ ਉਹ ਪਟਿਆਲਾ ਪੁਲਿਸ ਵਿਚ ਭਰਤੀ ਹੋ ਗਿਆ ਤੇ ਤਰੱਕੀਆਂ ਪਾਉਣ ਲੱਗਾ। ਉਹ ਗੋਲਡਨ ਹੈਟਟ੍ਰਿਕ ਮਾਰਨ ਵਾਲੇ ਹਾਕੀ ਦੇ ਆਈਕੋਨਕ ਓਲੰਪੀਅਨ ਬਲਬੀਰ ਸਿੰਘ ਨਾਲ ਵੀ ਹਾਕੀ ਖੇਡਦਾ ਰਿਹਾ। ਰਿਟਾਇਰ ਹੋਣ ਵੇਲੇ ਉਹ ਬੀਐਸਐਫ 'ਚ ਡਿਪਟੀ ਕਮਾਂਡੈਂਟ ਸੀ।

1988 ਵਿਚ ਨੌਕਰੀ ਤੋਂ ਅਗਾਊਂ ਰਿਟਾਇਰਮੈਂਟ ਲੈ ਕੇ, ਟੋਰਾਂਟੋ ਆਪਣੇ ਬੱਚਿਆਂ ਪਾਸ ਪਹੁੰਚ ਕੇ, ਉਸ ਨੇ ਕੁਝ ਸਮਾਂ ਏਅਰਪੋਰਟ 'ਤੇ ਸਕਿਉਰਿਟੀ ਅਫਸਰ ਦੀ ਡਿਊਟੀ ਵੀ ਕੀਤੀ ਸੀ। ਉਸ ਦੇ ਪੁੱਤਰਾਂ ਨੇ ਕੰਪਿਊਟਰ ਦੀ ਉੱਚ ਸਿੱਖਿਆ ਪ੍ਰਾਪਤ ਕੀਤੀ ਹੋਈ ਸੀ ਜਿਸ ਕਰਕੇ ਘਰ ਵਿਚ ਹੀ ਕੰਪਿਊਟਰ ਮੌਜੂਦ ਸਨ। ਉਹ ਆਪ ਗਿਆਨੀ ਪਾਸ ਗ੍ਰੈਜੂਏਟ ਸੀ। ਘਰੋਂ ਹੀ ਉਸ ਨੂੰ ਕੰਪਿਊਟਰ ਸਿੱਖਣ ਦੀ ਜਾਗ ਲੱਗ ਗਈ। ਉਸ ਨੂੰ ਮੁੱਢਲੀ ਜਾਣਕਾਰੀ ਆਪਣੇ ਬੱਚਿਆਂ ਤੋਂ ਮਿਲੀ ਜਿਨ੍ਹਾਂ ਨੇ ਦੱਸ ਦਿੱਤਾ ਕਿ ਕੰਪਿਊਟਰ ਨਾਲ ਜਿੰਨੀ ਮਰਜ਼ੀ ਛੇੜ-ਛਾੜ ਕਰੀ ਚੱਲੋ ਇਹਦਾ ਕੁਝ ਨਹੀਂ ਵਿਗੜਦਾ। ਫਿਰ ਉਸ ਨੇ ਆਪਣੀ ਸਾਰੀ ਵਿਹਲ ਤੇ ਪ੍ਰਤਿਭਾ ਕੰਪਿਊਟਰ ਦੀ ਕਾਰੀਗਰੀ ਕਰਨ ਵਿਚ ਝੋਕ ਦਿੱਤੀ ਜਿਸ ਦੇ ਸਿੱਟੇ ਸਾਹਮਣੇ ਹਨ।

ਉਹ ਕੰਪਿਊਟਰ ਦੇ ਪੰਜਾਬੀਕਰਨ ਦਾ ਛੁਪਿਆ ਰੁਸਤਮ ਨਿਕਲਿਆ। ਉਸ ਨੇ ਪੰਜਾਬੀ ਭਾਸ਼ਾ ਲਈ ਕੰਪਿਊਟਰ ਦੀ ਵਰਤੋਂ ਬੜੀ ਸੁਖੈਣ ਬਣਾ ਦਿੱਤੀ। ਮੇਰੇ ਵਰਗੇ ਸੈਂਕੜੇ ਸੀਨੀਅਰਜ਼ ਨੇ ਉਸ ਤੋਂ ਕੰਪਿਊਟਰ ਦੀ ਮੁਫ਼ਤ ਸਿੱਖਿਆ ਲਈ। ਇਸ ਵਾਲੰਟੀਅਰ ਕਾਰਜ ਵਿਚ ਉਸ ਨੇ ਦੋ ਦਹਾਕੇ ਨਿਸ਼ਕਾਮ ਸੇਵਾ ਨਿਭਾਈ। ਨਾ 'ਨੇਰ੍ਹਾ ਵੇਖਿਆ, ਨਾ ਸਵੇਰਾ। ਬਾਰਾਂ ਮਹੀਨੇ ਤੀਹ ਦਿਨ ਇਸੇ ਕਾਰਜ ਵਿਚ ਲੱਗਾ ਰਿਹਾ। ਇਹ ਉਸ ਦੀ ਭਗਤੀ ਤੇ ਤਪੱਸਿਆ ਹੈ ਜੋ ਸਾਧੂ ਸੁਭਾਅ ਪੰਨੂੰ ਪਿਛਲੇ ਪੱਚੀ ਤੀਹ ਸਾਲਾਂ ਤੋਂ ਕਰਦਾ ਆ ਰਿਹੈ। ਜੋ ਨਹੀਂ ਸੋ ਕਰ ਵਿਖਾਇਆ ਪਰ ਉਸ ਦੀ ਪ੍ਰਤਿਭਾ ਤੇ ਘਾਲਣਾ ਨੂੰ ਅਜੇ ਵੀ ਪੂਰਾ ਗੌਲ਼ਿਆ ਨਹੀਂ ਗਿਆ।

ਸਾਡੇ ਪੰਜਾਬੀਆਂ ਕੋਲ ਪ੍ਰਤਿਭਾ ਦੀ ਘਾਟ ਨਹੀਂ ਪਰ ਅਸੀਂ ਉਸ ਦੀ ਸਮੇਂ ਸਿਰ ਪਛਾਣ ਨਹੀਂ ਕਰਦੇ ਤੇ ਉਸ ਦੀ ਕਦਰ ਨਹੀਂ ਪਾਉਂਦੇ। ਕਈ ਵਾਰ ਬੜੇ ਪ੍ਰਤਿਭਾਵਾਨ ਵਿਅਕਤੀ ਅਣਗੌਲ਼ੇ ਰਹਿ ਜਾਂਦੇ ਹਨ ਜਦ ਕਿ ਉਨ੍ਹਾਂ ਅੰਦਰ ਬਹੁਤ ਕੁਝ ਕਰਨ ਦੀਆਂ ਸੰਭਾਵਨਾਵਾਂ ਛੁਪੀਆਂ ਹੁੰਦੀਆਂ ਹਨ। ਉਨ੍ਹਾਂ ਦੇ ਨਿੱਜੀ ਤੌਰ 'ਤੇ ਕੀਤੇ ਯਤਨ ਫਿਰ ਸੀਮਤ ਪੱਧਰ ਤਕ ਹੀ ਰਹਿ ਜਾਂਦੇ ਹਨ। ਬਾਅਦ ਵਿਚ ਪਛਤਾਵਾ ਹੁੰਦਾ ਹੈ ਕਿ ਅਜਿਹੇ ਸੱਜਣਾਂ ਤੋਂ ਹੋਰ ਵੀ ਵੱਧ ਕਾਰਜ ਕਰਾਉਣ ਲਈ ਉਨ੍ਹਾਂ ਨੂੰ ਸੰਭਾਲਿਆ ਕਿਉਂ ਨਾ ਗਿਆ ਤੇ ਲੋੜੀਂਦਾ ਸਹਿਯੋਗ ਕਿਉਂ ਨਾ ਦਿੱਤਾ ਗਿਆ?

1900 ਦੇ ਆਸ-ਪਾਸ ਪੰਜਾਬ ਦੀ ਕਿਸੇ ਵਿਦਿਅਕ, ਭਾਸ਼ਾ ਜਾਂ ਤਕਨੀਕੀ ਸੰਸਥਾ ਵੱਲੋਂ ਕਿਰਪਾਲ ਸਿੰਘ ਪੰਨੂੰ ਨੂੰ ਕੰਪਿਊਟਰ ਦੇ ਪੰਜਾਬੀਕਰਨ ਦਾ ਕੋਈ ਅਹਿਮ ਪ੍ਰੋਜੈਕਟ ਦਿੱਤਾ ਜਾਂਦਾ ਤਾਂ ਹੁਣ ਤਕ ਹੋਰ ਵੀ ਬਹੁਤ ਕੁਛ ਚੰਗਾ ਹੋ ਗਿਆ ਹੁੰਦਾ। ਹੁਣ ਵੀ ਅਜਿਹਾ ਕਰ ਲਿਆ ਜਾਵੇ ਤਾਂ ਚੰਗਾ ਹੀ ਹੋਵੇਗਾ।


ਕਿਰਪਾਲ ਸਿੰਘ ਪੰਨੂੰ ਸਾਡੇ ਦਰਮਿਆਨ ਕੰਪਿਊਟਰ ਦਾ ਐਸਾ ਆਸ਼ਕ ਹੈ ਜਿਸ ਨੂੰ ਕੰਪਿਊਟਰ ਦੇ ਪੰਜਾਬੀਕਰਨ ਦਾ ਫਰਿਹਾਦ ਕਿਹਾ ਜਾ ਸਕਦੈ। ਪਰ ਉਹ ਆਪਣੇ ਹੀ ਤੇਸੇ ਨਾਲ ਪਹਾੜ ਕੱਟਣ ਡਿਹੈ। ਧੰਨ ਹੈ ਉਸ ਦੀ ਲਗਨ ਤੇ ਸਲਾਮ ਹੈ ਉਸ ਦੇ ਸਿਰੜ ਨੂੰ ਕਿ 'ਕੱਲਾ ਹੀ ਰਾਹ ਬਣਾਈ ਤੁਰਿਆ ਜਾ ਰਿਹੈ। ਉਂਜ ਡਰ ਹੈ ਕਿ ਉਹ ਅਧਵਾਟੇ ਨਾ ਰਹਿ ਜਾਵੇ। ਇਸ ਲਈ ਲੋੜ ਹੈ ਉਸ ਨੂੰ ਸੰਭਾਲਣ ਦੀ ਤੇ ਉਸ ਤੋਂ ਹੋਰ ਵੀ ਯਾਦਗਾਰੀ ਕਾਰਜ ਕਰਵਾਉਣ ਦੀ।

ਕਈ ਵਾਰ ਇਹ ਸੋਚ ਕੇ ਸ਼ਰਮਿੰਦਗੀ ਹੁੰਦੀ ਹੈ ਕਿ ਸਾਡੀਆਂ ਪੰਜਾਬ ਸਰਕਾਰਾਂ ਤੇ ਪੰਜਾਬੀ ਸੰਸਥਾਵਾਂ ਪੰਜਾਬੀ ਹੀਰਿਆਂ ਦੀ ਓਨੀ ਕਦਰ ਨਹੀਂ ਪਾਉਂਦੀਆਂ ਜੋ ਕਦਰ ਕੈਨੇਡਾ ਜਾਂ ਕੁਝ ਹੋਰ ਮੁਲਕਾਂ ਦੀਆਂ ਸਰਕਾਰਾਂ ਤੇ ਸੰਸਥਾਵਾਂ ਪਾ ਰਹੀਆਂ ਹਨ। ਪੰਜਾਬੀ ਪਿਆਰੇ ਕੈਨੇਡਾ ਦੀ ਓਨਟਾਰੀਓ ਸਰਕਾਰ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਸਾਡੇ ਭੁੱਲੇ ਵਿਸਰੇ ਕੰਪਿਊਟਰ ਦੇ ਧਨੰਤਰ ਵਲੰਟੀਅਰ ਪੰਨੂੰ ਦੀ ਕਦਰ ਪਾਈ।

ਪੰਨੂੰ ਨਿਸ਼ਕਾਮ ਸੇਵਕ ਹੈ। ਡੀਆਰ ਚਾਤ੍ਰਿਕ ਫੌਂਟ ਦਾ ਉਸ ਨੇ ਲੰਗਰ ਲਾ ਰੱਖਿਆ ਹੈ। ਉਹਦੀ ਸੇਵਾ ਭਾਈ ਘਨੱਈਏ ਵਰਗੀ ਹੈ। ਜੋ ਜੀਅ ਆਵੇ ਸੋ ਰਾਜ਼ੀ ਜਾਵੇ। ਜੇ ਉਹ ਚਾਹੁੰਦਾ ਤਾਂ ਗੁਰਮੁਖੀ-ਸ਼ਾਹਮੁਖੀ ਦੇ ਸਭ ਤੋਂ ਪਹਿਲਾਂ ਤਿਆਰ ਕੀਤੇ ਕਨਵਰਸ਼ਨ ਟੂਲ ਨਾਲ ਜੇਬਾਂ ਭਰ ਸਕਦਾ ਸੀ ਜਿਵੇਂ ਕਿ ਉਹਦੀ ਹੀ ਨਕਲ ਕਰ ਕੇ ਕਈ ਯੂਨੀਵਰਸਿਟੀਏ 'ਵਿਦਵਾਨ' ਭਰਨ ਲੱਗ ਪਏ ਸਨ! ਪੰਨੂੰ ਪੈਸੇ ਕਮਾਉਣ ਦੀ ਜਿੱਲ੍ਹਣ ਵਿਚ ਨਹੀਂ ਖੁੱਭਾ ਤੇ ਇਹੋ ਕਾਰਨ ਹੈ ਕਿ ਉਹ ਕੰਪਿਊਟਰ ਦਾ ਭਾਈ ਘਨੱਈਆ ਵੱਜਦਾ ਹੈ।

ਹੁਣ ਕਿਸੇ ਦਾ ਕੰਪਿਊਟਰ ਬਿਮਾਰ ਹੋ ਜਾਵੇ ਤਾਂ ਉਹ ਵੈਦ ਰੋਗੀਆਂ ਦਾ ਬਣ ਕੇ ਬਹੁੜਦਾ ਹੈ। ਕਿਸੇ ਨੇ ਕੰਪਿਊਟਰ ਦੀ ਜਾਚ ਸਿੱਖਣੀ ਹੋਵੇ ਤਾਂ ਉਹ ਹਰ ਵੇਲੇ ਹਾਜ਼ਰ ਹੁੰਦਾ ਹੈ। ਕਿਤਾਬਾਂ ਦੇ ਖਰੜੇ ਛਪਾਈ ਲਈ ਤਿਆਰ ਕਰ ਦਿੰਦਾ ਹੈ। ਇੰਜ ਪੰਜਾਬੀ ਦੀਆਂ ਸੈਂਕੜੇ ਕਿਤਾਬਾਂ ਉਸ ਦੀ ਨਿਸ਼ਕਾਮ ਸੇਵਾ ਨਾਲ ਛਪੀਆਂ ਹਨ। ਵੀਹ ਪੱਚੀ ਕਿਤਾਬਾਂ ਤਾਂ ਮੇਰੀਆਂ ਹੀ ਹੋਣਗੀਆਂ। ਵੱਡਾ ਛੋਟਾ ਕੋਈ ਵੀ ਸਵਾਲੀ ਹੋਵੇ ਉਹਦੇ ਮਸਲੇ ਦਾ ਹੱਲ ਕਰਨ ਲਈ ਉਹ ਹਮੇਸ਼ਾਂ ਤਤਪਰ ਰਹਿੰਦਾ ਹੈ। ਸਾਡੀ ਦੁਆ ਹੈ ਉਹ ਸਿਹਤਯਾਬ ਰਹੇ, ਸੌ ਸਾਲ ਜੀਵੇ ਤੇ ਆਪਣੀ ਸਵੈ-ਜੀਵਨੀ ਲਿਖਣ ਲਈ ਵੀ ਕੁਝ ਸਮਾਂ ਕੱਢੇ। ਸਾਨੂੰ ਯਕੀਨ ਹੈ ਉਸ ਦੀ ਸਵੈ-ਜੀਵਨੀ ਹੋਰਨਾਂ ਲਈ ਚਾਨਣ ਮੁਨਾਰਾ ਸਾਬਤ ਹੋਵੇਗੀ।







---

# ਮੇਰੇ ਮਾਸੜ ਮਾਸੀ

**ਸਵੈ ਜੀਵਨੀ 'ਚੋਂ ਕੁਝ ਹਿੱਸਾ**

**ਨਿੰਦਰ ਘੁਗਿਆਣਵੀ**

ਸਾਡੇ ਸੇਠਾਂ (ਮਹਾਜਨਾਂ) ਦੇ ਤਿੰਨ ਘਰ ਤੇ ਵੱਡੀਆਂ ਖੁੱਲ੍ਹੀਆਂ ਹਵੇਲੀਆਂ ਬਿਲਕੁਲ ਨਾਲ-ਨਾਲ ਸਨ, ਤੇ ਇੱਕ ਘਰ ਸਾਡੇ ਤੋਂ ਕੁਝ ਹਟਵਾਂ ਸੀ, ਕੁਲ ਛੇ ਘਰ ਸਨ ਸਾਰੇ ਪਿੰਡ ਵਿਚ ਸਾਡੇ।

ਮੇਰਾ ਬਚਪਨ ਮੇਰੇ ਮਾਸੜ ਮਾਸੀ ਕੋਲ ਤੇ ਸਾਡੇ ਸਾਂਝੇ ਪਰਿਵਾਰਾਂ ਵਿਚ ਬੀਤਿਆ। ਨਾਲ-ਨਾਲ ਘਰ ਹੋਣ ਕਰਕੇ ਇਹ ਪਤਾ ਹੀ ਨਹੀਂ ਸੀ ਹੁੰਦਾ ਕਿ ਕਿੱਥੇ ਰੋਟੀ ਖਾਧੀ ਤੇ ਕਿਥੇ ਸੌਂ ਗਏ। ਖੇਤ ਵੀ ਨਾਲ-ਨਾਲ ਸਨ। ਪਾਣੀਆਂ ਤੇ ਠੀਕਰੀ ਪਹਿਰੇ ਦੀਆਂ ਵਾਰੀਆਂ ਇਕੱਠੀਆਂ ਸਨ। ਖੇਤਾਂ ਤੇ ਖੱਡਾਂ ਦੀਆਂ ਜਮ੍ਹਾਂਬੰਦੀਆਂ ਤੇ ਗਰਦੌਰੀਆਂ ਇਕੱਠੀਆਂ ਸਨ।

ਅਸੀਂ ਵੱਡੇ ਹੋਏ। ਸਮੇਂ ਨੇ ਰੰਗ ਬਦਲੇ। ਪਰ ਦਿਲ ਭੋਰਾ ਨਾ ਬਦਲੇ। ਕਿਸੇ ਦਿਲ ਦਾ ਮੈਨੂੰ ਨਹੀਂ ਪਤਾ ਪਰ ਮੇਰੇ ਦਿਲ ਨੂੰ ਖੋਹ ਜਿਹੀ ਪੈਂਦੀ ਰਹਿੰਦੀ ਸੀ ਕਿ ਛੇਤੀ-ਛੇਤੀ ਮਾਸੜ ਮਾਸੀ ਕੋਲ ਭੱਜਿਆ ਜਾਵਾਂ। ਦਿਨ ਵਿਚ ਦੋ-ਦੋ ਵਾਰੀ ਮੈਂ ਆਪਣੇ ਮਾਸੜ ਮਾਸੀ ਕੋਲ ਭੱਜਿਆ ਜਾਂਦਾ, ਸਵੇਰੇ ਵੀ ਤੇ ਆਥਣੇ ਵੀ ਕਦੇ ਦੁਪਹਿਰੇ ਵੀ। ਜੇ ਕਿਤੇ ਦੋ ਦਿਨ ਨਾ ਵੀ ਜਾਇਆ ਜਾਣਾ, ਤਾਂ ਮਾਸੀ ਨੇ ਮੋਹ ਭਰਿਆ ਸ਼ਿਕਵਾ ਜਿਹਾ ਜ਼ਾਹਿਰ ਕਰਨਾ, ਤੇ ਆਖਣਾ, "ਤੂੰ ਆਇਆ ਨਾ, ਕਿਥੇ ਗਿਆ ਸੀ? ਮੈਂ ਰਾਹ ਵੇਖਦੀ ਰਹੀ ਸੀ, ਸ਼ੁਕਰ ਐ ਮੇਰਾ ਪੁੱਤ ਆ ਗਿਐ, ਬਹਿਜਾ ਹੈਥੇ ਮੇਰੇ ਕੋਲ।"

ਮੈਂ ਮਾਸੀ ਦੇ ਗੋਡੇ ਉਤੇ ਸਿਰ ਧਰ ਲੈਣਾ।(ਹੁਣ ਮਾਸੀ ਨੂੰ ਆਂਟੀ ਤੇ ਮਾਸੜ ਨੂੰ ਅੰਕਲ ਆਖਣ ਵਾਲਿਓ, ਤੁਸੀਂ ਕੀ ਜਾਣਨਾ ਹੈ ਉਨ੍ਹਾਂ ਵੇਲਿਆਂ ਨੂੰ? ਜਿਸ ਨੇ ਆਪਣੇ ਮਾਸੜ-ਮਾਸੀ ਦੇ ਗੋਡੇ ਦਾ ਨਿਘ ਨਹੀਂ ਮਾਣਿਆ)

ਮਾਸੀ-ਮਾਸੜ ਨਾਲ ਵਾਹਵਾ ਹੱਸੀ ਖੇਡੀ ਜਾਣਾ। ਨਾਲ-ਨਾਲ ਹਲਕੇ ਫੁਲਕੇ ਮਜ਼ਾਕ ਵੀ ਕਰੀ ਜਾਣੇ। ਉਨ੍ਹਾਂ ਕੋਲ ਬੈਠ ਕੇ ਚਾਹ ਪੀਣੀ ਤੇ ਅਨੰਦ ਲੈਣਾ। ਮੇਰਾ ਪਿਓ ਤੇ ਮੇਰਾ ਮਾਸੜ ਸਕੇ ਤਾਏ ਚਾਚੇ ਦੇ ਪੁੱਤ ਸਨ। ਮੇਰੇ ਮਾਂ ਪਿਓ ਦਾ ਵਿਚੋਲਾ ਤੇ ਵਿਚੋਲਣ ਮੇਰੇ ਮਾਸੀ ਮਾਸੜ ਹੀ ਸਨ, ਇਓਂ ਸਾਡੀ ਦੂਹਰੀ ਸਕੀਰੀ ਸੀ। ਮੈਨੂੰ ਮੇਰੀ ਮਾਂ ਤੇ ਮਾਸੀ ਨੇ ਹੀ ਦੱਸਿਆ ਸੀ ਕਿ ਮਾਸੀ ਨੇ ਮੈਨੂੰ ਸੁੱਖਣਾ ਸੁਖ-ਸੁਖ ਕੇ ਤੇ ਬਾਬੇ ਦੇ ਨਾਂ ਦੀਆਂ ਕੜਾਹੀਆਂ ਕਰ-ਕਰ ਕੇ ਲਿਆ ਸੀ, ਮੇਰੇ ਤੋਂ ਪਹਿਲਾਂ ਬੀਬੀ ਨੂੰ ਦੋ ਮੁੰਡੇ ਹੋ ਕੇ ਗੁਜ਼ਰ ਗਏ ਸਨ, ਮਾਸੀ ਨੂੰ ਚਿੰਤਾ ਸੀ ਕਿ ਉਹਦੀ ਛੋਟੀ ਭੈਣ ਦੀ ਜੜ ਲਗ ਜਾਵੇ, ਤੇ ਉਹ ਸੁਖੀ ਵਸੇ। ਮੇਰੇ ਜੰਮਣ ਬਾਅਦ ਭਰਾ ਸ਼ਿੰਦਰ ਪੈਦਾ ਹੋਇਆ ਫਿਰ ਭੈਣ ਜਿੰਦਰ ਪੈਦਾ ਹੋਈ ਸੀ।

****

ਮੈਂ ਦੇਖਿਆ ਕਿ ਮਾਸੜ ਮਾਸੀ ਦਾ ਆਪਸ ਵਿਚ ਮੋਹ ਬਹੁਤ ਸੀ। ਮੇਰਾ ਮਾਸੜ ਸੁਭਾਓ ਦਾ ਬਹੁਤ ਠੰਢਾ ਸੀ ਪਰ ਜੇ ਉਹਦੀ 'ਸੂਈ' ਚੱਕੀ ਜਾਂਦੀ ਸੀ, ਫਿਰ ਕੋਈ ਹਿਸਾਬ-ਕਿਤਾਬ ਹੀ ਨਾ ਰਹਿੰਦਾ, ਵੈਸੇ ਮੈਂ ਆਪਣੀ ਉਮਰ ਵਿਚ ਮਾਸੜ ਨੂੰ ਸਿਰਫ ਤਿੰਨ ਕੁ ਵਾਰੀ ਤੱਤੇ ਹੋਏ ਦੇਖਿਆ ਸੀ। ਮਾਸੜ ਦੀ ਮਾਂ ਬੇਬੇ ਸੁਹਾਗਵੰਤੀ ਦੀ ਉਮਰ ਸੌ ਸਾਲ ਤੋਂ ਉਤੇ ਹੋ ਗਈ ਸੀ, ਮਾਸੜ ਮਾਸੀ ਆਪਣੀ ਮਾਂ ਜੀ ਨੂੰ ਫੁੱਲਾਂ ਵਾਂਗ ਸਾਂਭਦੇ ਰਹੇ ਸਨ। ਮਾਂ ਜੀ ਆਪਣੀ ਉਮਰ ਦੇ ਆਖਰੀ ਵੇਲੇ ਤੀਕ ਚਰਖਾ ਕੱਤਦੀ ਰਹੀ ਸੀ।

ਮੇਰੀ ਮਾਂ ਤੇ ਮਾਸੀ ਆਪੋ ਵਿਚ ਕਈ ਕਈ ਦਿਨ ਮੂੰਹ ਵੱਟੀ ਰੱਖਦੀਆਂ ਸਨ, ਤੇ ਫਿਰ ਆਪੇ ਹੀ ਨੌਰਮਲ ਹੋ ਜਾਂਦੀਆਂ ਪਰ ਮੇਰੇ ਪਿਓ ਤੇ ਮਾਸੜ ਨੇ ਕਦੀ ਆਪਸ ਵਿਚ ਮੱਥੇ ਵੱਟ ਨਹੀਂ ਸੀ ਪਾਇਆ ਤੇ ਨਾ ਹੀ ਕਦੀ ਕੋਈ ਇਕ ਦੂਜੇ ਨੂੰ ਗਿਲਾ ਸ਼ਿਕਵਾ ਹੀ ਕਰਿਆ ਸੀ। ਛੋਟਾ ਦਿਓਰ ਹੋਣ ਕਰਕੇ ਮੇਰਾ ਪਿਓ ਮੇਰੀ ਮਾਸੀ ਨੂੰ ਮਖੌਲਾਂ ਕਰਦਾ ਰਹਿੰਦਾ, ਤੇ ਉਹਦੀ ਰੀਸ ਵੀ ਲਾਹੁੰਦਾ, ਅਸੀਂ ਨਿਆਣੇ ਬੜਾ ਹਸਦੇ ਸੀ। ਜਦ ਮੇਰਾ ਪਿਓ ਕੈਂਸਰ ਦਾ ਮਰੀਜ਼ ਹੋ ਕੇ ਮੰਜੇ ਨਾਲ ਚਿੰਬੜ ਗਿਆ, ਤਾਂ ਮਾਸੀ ਬੜਾ ਰੋਈ, "ਵੇ ਬਿੱਲੂ, ਮੈਂ ਤਾਂ ਆਪਣੇ ਹੱਥੀਂ ਤੈਨੂੰ ਵਿਆਹਿਆ ਵਰਿਆ, ਰੱਬ ਰਾਜ਼ੀ ਰੱਖੂਗਾ, ਕੁਛ ਨੀ ਹੁੰਦਾ ਤੈਨੂੰ, ਹਾਲੇ ਕੇਹੜੀ ਉਮਰ ਐ, ਰਬ ਆਪਣੇ ਨਾਲ ਐ, ਹੌਸਲਾ ਨਾ ਢਾਹ।"



ਮਾਸੀ ਨੇ ਮੇਰੇ ਪਿਓ ਦੇ ਮੱਥੇ ਉਤੇ ਹੱਥ ਧਰ ਕੇ ਧਰਵਾਸਾ ਦੇਣਾ, ਤਾਂ ਪਿਤਾ ਦੀਆਂ ਅੱਖਾਂ ਵਹਿ ਪੈਣੀਆਂ। ਉਸਨੇ ਏਨਾ ਹੀ ਆਖਣਾ, "ਹਾਂ ਭਰਜਾਈ—।" ਤੇ ਫਿਰ ਮੂੰਹ ਦੂਜੇ ਪਾਸੇ ਫੇਰ ਲੈਣਾ, ਤਾਂ ਕਿ ਹੰਝੂ ਨਾ ਦਿਸ ਪੈਣ।

***

ਮੈਂ ਬਚਪਨ ਵਿਚ ਦੇਖਦਾ ਆਇਆ ਸਾਂ ਕਿ ਉਹ ਬੜੇ ਨੇਕ ਤੇ ਸਾਦੇ ਸਮੇਂ ਸਨ, ਹਰ ਘਰ ਵਿੱਚੋਂ ਹਾਸਿਆਂ ਦੀ ਚਹਿਕਾਰ ਸੁਣਦੀ ਸੀ। ਪਰਿਵਾਰ ਵਿਹੜੇ ਵਿਚ ਮੰਜੇ ਡਾਹ ਕੇ ਤੇ ਇੱਕਠੇ ਹੋ ਕੇ ਬੜੇ ਮੋਹ ਨਾਲ ਬਹਿੰਦੇ ਸਨ ਤੇ ਦੁਖ ਸੁਖ ਕਰਦੇ ਸਨ। ਇਕ ਘਰ ਤੰਦੂਰ ਤਪਿਆ ਹੋਣਾ, ਤਾਂ ਬੁੜੀਆਂ ਇਕ ਦੂਜੀ ਨਾਲ ਹੱਥ-ਪੜੱਥੀ ਕਰਵਾਉਂਦੀਆਂ ਰੋਟੀਆਂ ਥੱਪੀ ਜਾਂਦੀਆਂ। ਕੋਈ ਪੇੜੇ ਕਰਦੀ। ਕੋਈ ਰੋਟੀ ਲਾਉਂਦੀ ਤੇ ਕੋਈ ਲਾਹੀ ਜਾਂਦੀ, ਕੋਈ ਕੋਲ ਬੈਠੀ ਘਿਓ ਵਾਲੇ ਭਾਂਡੇ 'ਚੋਂ ਲੀਰ ਭਿਉਂ ਕੇ ਰੋਟੀਆਂ ਚੋਪੜੀ ਜਾਂਦੀ। ਤੱਤੀਆਂ ਤੱਤੀਆਂ ਤੇ ਰੜੀਆਂ ਰੜੀਆਂ ਰੋਟੀਆਂ ਦੀ ਖੁਸ਼ਬੂ ਆਸੇ-ਪਾਸੇ ਫੈਲਰਦੀ ਤੇ ਮੱਲੋ-ਮੱਲੀ ਭੁੱਖ ਜਾਗ ਜਾਂਦੀ। ਹਾਰੇ ਵਿਚ ਭਖਦੇ ਗੋਹਿਆਂ ਉਤੇ ਮੂੰਗੀ ਤੇ ਛੋਲਿਆਂ ਦੀ ਦਾਲ ਦਾ ਕੁੱਜਾ ਉਬਲਦਾ ਹੁੰਦਾ। ਸਲਾਦ ਵਜੋਂ ਵੀ ਗੰਢਾ ਹੀ ਭੰਨਿਆ ਜਾਂਦਾ, ਜਾਂ ਅੰਬ ਦਾ ਅਚਾਰ ਹੁੰਦਾ। ਕੂੰਡੇ ਵਿਚ ਚਟਣੀ ਰਗੜੀ ਜਾਂਦੀ, ਅੱਧੇ ਪਿੰਡ 'ਚ ਸੁਣਦਾ ਸੀ ਕੂੰਡਾ ਘੋਟਣਾ ਖੜਕਦਾ।

***

ਮਾਸੜ ਦੀ ਹੱਟੀ ਸਾਡੇ ਬੂਹੇ ਮੂਹਰੇ ਸੀ। ਅਸੀਂ ਮਾਸੜ ਤੋਂ ਵੰਨ ਸੁਵੰਨੀਆਂ ਚੀਜੀਆਂ ਲੈ ਲੈ ਖਾਂਦੇ। ਮਿੱਠੀਆਂ ਤੇ ਸਲੂਣੀਆਂ ਪਕੌੜੀਆਂ ਦਾ ਸੁਆਦ ਹਾਲੇ ਵੀ ਮਰਿਆ ਨਹੀਂ, ਕਿਥੇ ਰੀਸ ਕਰਨਗੇ ਕੁਰਕੇ ਤੇ ਚਿਪਸਾਂ ਕਰਾਰੀਆਂ ਸਲੂਣੀਆਂ ਪਕੌੜੀਆਂ ਦੀ। ਮਾਸੜ ਤੋਂ ਉਂਗਲਾਂ ਜਿਡੇ ਪਕੌੜੇ ਲੈ ਕੇ ਮੇਰੀ ਦਾਦੀ ਸਬਜ਼ੀ ਧਰਦੀ, ਸ਼ੁੱਧ ਵੇਸਣ ਦੇ ਬਣੇ ਪਕੌੜੇ ਤੇ ਆਲੂਆਂ ਦੀ ਸਬਜ਼ੀ ਅਸੀਂ ਕੌਲੀਆਂ ਭਰ-ਭਰ ਖਾਂਦੇ।

ਮਾਸੜ ਦਾ ਪੱਕਾ ਨਾਂ ਲੇਖ ਰਾਜ ਸੀ ਪਰ ਸਾਰੇ ਲੇਖੂ ਸੇਠ ਜਾਂ ਲੇਖੂ ਸ਼ਾਹ ਆਖਦੇ। ਮਾਸੜ ਲੰਡਿਆਂ ਦੀ ਲਿਖਤ ਕਰਦਾ। ਉਰਦੂ ਵੀ ਲਿਖ ਪੜ੍ਹ ਲੈਂਦਾ। ਸੌਦੇ ਪੱਤੇ ਦਾ ਹਿਸਾਬ-ਕਿਤਾਬ ਤੇ ਵਹੀ ਖਾਤੇ ਉਤੇ ਲੰਡੇ ਲਿਖਦਾ। ਮਾਸੜ ਸਾਰੇ ਪਿੰਡ ਦੀ ਲਿਖਤ ਕਰਦਾ, ਕਿਸੇ ਨੇ ਕਿਸੇ ਨਾਲ ਸੌਦਾ ਕੀਤਾ, ਵਹੀ ਲੈ ਕੇ ਮਾਸੜ ਕੋਲ ਆਉਂਦੇ ਤੇ ਲਿਖਤ ਕਰਵਾਉਂਦੇ। ਬੜਾ ਪੱਕਾ ਵਿਸ਼ਵਾਸ ਸੀ ਲੋਕਾਂ ਨੂੰ ਮਾਸੜ ਦੀ ਲਿਖਤ ਉਤੇ। ਮਾਸੜ ਕੋਲ ਜੰਤਰੀ ਪਈ ਹੁੰਦੀ, ਲੋਕੀ ਤਿੱਥ ਤਿਉਹਾਰ, ਦਿਨ ਵਾਰ ਤੇ ਪੁੰਨਿਆ, ਮੱਸਿਆ, ਪੈਚਕਾਂ, ਨਰਾਤੇ ਤੇ ਕਈ ਕੁਝ ਪੁਛਣ ਤੁਰੇ ਆਉਂਦੇ। ਮਾਸੜ ਦੀ ਹੱਟੀ ਬੜੀ ਮਸ਼ਹੂਰ ਸੀ ਤੇ ਕੰਮ ਵੀ ਬੜਾ ਸੀ। ਬੀੜ ਵਿਚ ਬੈਠੀ ਫੌਜ ਵੀ ਸੌਦਾ ਪੱਤਾ ਲਿਜਾਂਦੀ। ਬੀੜ ਵਿਚ ਚਾਂਦਮਾਰੀ ਹੁੰਦੀ, ਡਿਗਦੇ ਬੰਬਾਂ ਦਾ ਲੋਹਾ ਚੁਗਣ ਲਈ ਆਸੇ-ਪਾਸੇ ਦੇ ਪਿੰਡਾਂ ਦੇ ਲੋਕ ਬਹੁਤ ਜਾਂਦੇ। ਲੋਹੇ ਤੋਂ ਇਲਾਵਾ ਤਾਂਬਾ, ਜਿਸਤ, ਪਿੱਤਲ ਤੇ ਸਿਲਵਰ ਵੀ ਨਿਕਲਦਾ ਸੀ ਤੇ ਖੂਬ ਪੈਸੇ ਵੱਟੇ ਜਾਂਦੇ। ਫਿਰ ਕੁਝ ਦਿਨਾਂ ਬਾਅਦ ਲੋਹੇ ਦੇ ਵਪਾਰੀਆਂ ਦਾ ਟਰੱਕ ਆਉਂਦਾ, ਮਾਸੜ ਸਾਰਾ ਲੋਹਾ ਚੁਕਵਾ ਦਿੰਦਾ। ਮਾਸੜ ਦੇ ਮੁੰਡੇ ਦਿਆਲ ਤੇ ਦੀਪਾ ਖੇਤ ਦਾ ਕੰਮ ਸਾਂਭਦੇ ਸਨ ਤੇ ਬੜਾ ਖੂਬਸੂਰਤ ਵੇਲਾ ਲੰਘ ਰਿਹਾ ਸੀ।

ਵਿਅੰਗ

# ਅੱਜ ਦੇ ਯੁੱਗ 'ਚ ਗੱਬਰ ਸਿੰਘ ਦਾ ਪਾਤਰ ਚਿਤਰਨ ਕਰਦਿਆਂ...



ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਅੱਜ ਜਦੋਂ ਸੋਸ਼ਲ ਮੀਡੀਆ 'ਤੇ ਗੱਬਰ ਸਿੰਘ ਨਾਲ ਸੰਬੰਧਿਤ ਇੱਕ ਪੋਸਟ ਪੜ੍ਹੀ ਤਾਂ ਬਚਪਨ ਦੇ ਦਿਨਾਂ ਦੀ ਇੱਕ ਧੁੰਦਲੀ ਜਿਹੀ ਸੋਚ ਚੇਤੇ ਆ ਗਈ। ਇਹ ਕਿ ਸਕੂਲੀ ਜੀਵਨ ਵਿਚ ਅਕਸਰ ਜਦੋਂ ਅਸੀਂ ਕਦੇ ਵਾਰਤਕ 'ਚ ਕੋਈ ਕਹਾਣੀ ਜਾਂ ਇਕਾਂਗੀ ਪੜ੍ਹਨੀ ਤਾਂ ਅਧਿਆਪਕ ਨੇ ਉਸ ਕਹਾਣੀ ਜਾਂ ਇਕਾਂਗੀ 'ਚ ਆਏ ਵੱਖ ਵੱਖ ਕਿਰਦਾਰਾਂ/ਪਾਤਰਾਂ ਦਾ ਪਾਤਰ ਚਿਤਰਨ ਕਰਨ ਲਈ ਆਖ ਦੇਣਾ। ਫਿਰ ਅਸੀਂ ਵਿਦਿਆਰਥੀਆਂ ਨੇ ਵੱਖ ਵੱਖ ਕਿਰਦਾਰਾਂ ਦਾ ਜਦੋਂ ਪਾਤਰ ਚਿਤਰਨ ਕਰਨ ਲਈ ਬੈਠਣਾ ਤਾਂ ਸਾਡੀ ਕੋਸ਼ਿਸ਼ ਹੁੰਦੀ ਕਿ ਪਾਤਰਾਂ ਦੀ ਛੋਟੀ ਤੋਂ ਛੋਟੀ ਖ਼ੂਬੀ ਨੂੰ ਵੀ ਵਧਾ ਚੜ੍ਹਾ ਕੇ ਬਿਆਨ ਕੀਤਾ ਜਾਵੇ ਤਾਂ ਕਿ ਪਾਤਰ ਚਿਤਰਨ ਦਾ ਇੱਕ ਜਾਂ ਡੇਢ ਪੇਜ ਭਰਿਆ ਜਾਵੇ।

ਇਹ ਕਿ ਜਦੋਂ ਅਸੀਂ ਆਪਣੇ ਵਿਦਿਆਰਥੀ ਜੀਵਨ 'ਚ ਪਹਿਲੀ ਵਾਰ ਫ਼ਿਲਮ ਸ਼ੋਅਲੇ ਵੇਖੀ ਸੀ ਤਾਂ ਇਸ ਫ਼ਿਲਮ ਦੇ ਗੱਬਰ ਸਿੰਘ ਦਾ ਕਿਰਦਾਰ ਜਿਵੇਂ ਉਨ੍ਹੀਂ ਦਿਨੀਂ ਵਿਦਿਆਰਥੀਆਂ ਦੇ ਸਿਰ ਚੜ੍ਹ ਕੇ ਬੋਲਦਾ ਸੀ।

ਮੈਂ ਸੋਚਦਾ ਹਾਂ ਕਿ ਜੇਕਰ ਉਨ੍ਹਾਂ ਦਿਨਾਂ ਵਿਚ ਸਾਨੂੰ ਕਿਤੇ ਗੱਬਰ ਸਿੰਘ ਦਾ ਪਾਤਰ ਚਿਤਰਨ ਕਰਨ ਦਾ ਮੌਕਾ ਮਿਲਿਆ ਹੁੰਦਾ ਤਾਂ ਅਸੀਂ ਵਿਦਿਆਰਥੀਆਂ ਨੇ ਉਸ ਦਾ ਚਿਤਰਨ ਕੁੱਝ ਇਸ ਤਰ੍ਹਾਂ ਕਰਨਾ ਸੀ।

**ਸਾਧਾਰਨ ਜੀਵਨ:** ਗੱਬਰ ਸਿੰਘ ਦੀ ਜ਼ਿੰਦਗੀ ਬਹੁਤ ਸਧਾਰਣ ਸੀ। ਸ਼ਹਿਰੀ ਚਮਕ-ਦਮਕ ਤੋਂ ਦੂਰ, ਉਹ ਜੰਗਲ ਵਿਚ ਕੁਦਰਤ ਦੇ ਨੇੜੇ ਰਹਿਣਾ ਪਸੰਦ ਕਰਦਾ ਸੀ। ਕੱਪੜਿਆਂ ਦੇ ਮਾਮਲੇ ਵਿਚ ਵੀ ਉਹ ਕਫਾਇਤ-ਪਸੰਦ ਸੀ ਭਾਵ ਬਹੁਤੇ ਪਹਿਰਾਵੇ ਪਹਿਨਣ 'ਚ ਵਿਸ਼ਵਾਸ ਨਹੀਂ ਸੀ ਰੱਖਦਾ, ਇਹੋ ਵਜ੍ਹਾ ਹੈ ਕਿ ਉਹ ਕਈ ਕਈ ਦਿਨ ਇਕੋ ਹੀ ਘਸਮੈਲੀ ਜਿਹੀ ਪੈਂਟ ਸ਼ਰਟ ਪਾਈ ਫਿਰੀ ਜਾਂਦਾ ਸੀ। ਅਜੋਕੇ ਸਮੇਂ ਦੇ ਲੁਟੇਰਿਆਂ ਵਾਂਗੂ ਸੂਟ-ਬੂਟ ਪਾ ਕੇ ਨਹੀਂ ਸੀ ਘੁੰਮਦਾ ਤੇ ਨਾ ਹੀ ਅਜੋਕੇ ਸਮੇਂ ਦੇ ਨਾਮੀ ਠੱਗਾਂ ਵਾਂਗੂ ਕਈ ਕਈ ਵਾਰ ਕਪੜੇ ਬਦਲਦਾ ਸੀ।

**ਅਨੁਸ਼ਾਸਨ ਪਸੰਦ:** ਅਨੁਸ਼ਾਸਨ ਉਹ ਦੇ ਜੀਵਨ ਦਾ ਅਨਿਖੜਵਾਂ ਅੰਗ ਸੀ ਭਾਵ ਇਹ ਉਸ ਦੇ ਸੁਭਾਉ ਦਾ ਇੱਕ ਅਹਿਮ ਹਿੱਸਾ ਸੀ। ਜਦੋਂ ਕਾਲ਼ੀਆ ਅਤੇ ਉਸ ਦੇ ਸਾਥੀਆਂ ਨੇ ਆਪਣਾ ਕੰਮ ਠੀਕ ਤਰੀਕੇ ਨਾਲ ਨਹੀਂ ਕੀਤਾ, ਤਾਂ ਉਸ ਨੇ ਸਿੱਧੀ ਅਨੁਸ਼ਾਸਨੀ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਮੌਕੇ 'ਤੇ ਹੀ ਤਾੜ ਤਾੜ ਗੋਲ਼ੀਆਂ ਮਾਰ ਕੇ ਮੰਨੋ ਇੱਕ ਉੱਚੀ ਮਿਸਾਲ ਕਾਇਮ ਕੀਤੀ।

**ਦਿਆਲੂ ਬਿਰਤੀ ਵਾਲਾ:** ਉਂਝ ਉਹ ਦਿਆਲੂ ਦਿਲ ਦਾ ਮਾਲਕ ਸੀ ਇਸ ਸੰਦਰਭ ਵਿਚ ਉਹਦਾ ਕੋਈ ਸਾਨੀ ਨਹੀਂ ਸੀ। ਠਾਕੁਰ ਨੂੰ ਫੜਨ ਤੋਂ ਬਾਅਦ ਸਿਰਫ਼ ਉਸ ਨੇ ਉਹਦੇ ਹੱਥ ਕੱਟੇ ਸਨ ਜੇਕਰ ਉਹ ਚਾਹੁੰਦਾ ਤਾਂ ਉਸਨੂੰ ਜਾਨੋਂ ਵੀ ਮਾਰ ਸਕਦਾ ਸੀ, ਪਰ ਉਸਨੇ ਅਜਿਹਾ ਕਦਾਚਿਤ ਕਰਨਾ ਗਵਾਰਾ ਨਹੀਂ ਸਮਝਿਆ ਸੀ।

**ਕਲਾ ਦਾ ਕਦਰਦਾਨ:** ਉਹ ਕਲਾ ਦਾ ਵੱਡਾ ਕਦਰਦਾਨ ਸੀ। ਉਸ ਦੇ ਅੱਡੇ 'ਤੇ ਸੰਗੀਤ ਅਤੇ ਨਾਚ ਦੀਆਂ ਮਹਫ਼ਿਲਾਂ ਲੱਗਦੀਆਂ ਹੀ ਰਹਿੰਦੀਆਂ ਸਨ ਦਰਅਸਲ ਉਹ ਸਭ ਨੂੰ ਖੁਸ਼ ਦੇਖਣਾ ਚਾਹੁੰਦਾ ਸੀ। ਬਸੰਤੀ ਨੂੰ ਸਿਰਫ਼ ਇੱਕ ਵਾਰ ਵੇਖ ਕੇ ਹੀ ਉਸ ਨੇ ਉਸ ਦੀ ਨ੍ਰਿਤਕ ਕਲਾ ਨੂੰ ਪਹਿਚਾਣ ਲਿਆ ਸੀ।

**ਮਜ਼ਾਕੀਆ ਸੁਭਾਅ ਦੇ ਮਾਲਕ:** ਗੱਬਰ ਸਿੰਘ ਮਜ਼ਾਕ ਅਤੇ ਹੱਸਣ ਖੇਡਣ ਦਾ ਵੀ ਸ਼ੌਕੀਨ ਸੀ। ਇਸ ਦੀ ਉਦਾਹਰਣ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਉਹ ਕਾਲ਼ੀਆ ਅਤੇ ਉਸ ਦੇ ਸਾਥੀਆਂ ਨੂੰ ਹਸਾ-ਹਸਾ ਕੇ ਗੋਲ਼ੀਆਂ ਨਾਲ ਭੁੰਨ ਭੁੰਨ ਮਾਰਦਾ ਹੈ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਗੱਬਰ ਸਿੰਘ ਵਿੱਚ ਬੰਦਿਆਂ ਨੂੰ ਮਾਰਨ ਦੀ ਜੋ ਅਨੌਖੀ ਕਲਾ ਸੀ, ਉਹ ਸ਼ਾਇਦ ਹੀ ਕਿਸੇ ਹੋਰ ਨੂੰ ਆਉਂਦੀ ਹੋਵੇ। ਉਹ ਨਿਸ਼ਚਿਤ ਤੌਰ 'ਤੇ ਆਪਣੇ ਸਮੇਂ ਦੇ "ਲਾਫ਼ਿੰਗ ਬੁੱਧਾ" ਸੀ।



**ਔਰਤ ਜ਼ਾਤੀ ਦੀ ਇੱਜ਼ਤ ਕਰਨ ਵਾਲਾ:** ਉਹ ਔਰਤਾਂ ਦੇ ਨਾਲ ਇੱਜ਼ਤ ਨਾਲ ਪੇਸ਼ ਆਉਂਦਾ ਸੀ ਉਸ ਦੇ ਸਿਧਾਂਤ ਵਿਚ ਔਰਤ ਨਾਲ ਕੋਈ ਜ਼ੋਰ ਜ਼ਬਰਦਸਤੀ ਕਰਨਾ ਨਹੀਂ ਸੀ। ਇਸ ਦੀ ਮਿਸਾਲ ਉਦੋਂ ਖੁਲ੍ਹ ਕੇ ਸਾਹਮਣੇ ਆਈ ਜਦੋਂ ਉਹ ਨੇ ਬਸੰਤੀ ਨੂੰ ਅਗਵਾ ਤਾਂ ਕੀਤਾ, ਪਰ ਉਸਨੂੰ ਸਿਰਫ਼ ਨੱਚਣ ਦੀ ਬੇਨਤੀ ਕੀਤੀ, ਕੋਈ ਗੈਰ-ਅਖ਼ਲਾਕੀ ਮੰਗ ਨਹੀਂ ਰੱਖੀ।

**ਸਾਦਾ ਸੁਭਾਅ ਦਾ ਮਾਲਕ:** ਸਾਦਗੀ ਜਿਵੇਂ ਉਸ ਦੇ ਸੁਭਾਅ ਵਿੱਚ ਕੁੱਟ ਕੁੱਟ ਭਰੀ ਹੋਈ ਸੀ। ਉਸ ਦੇ ਸਾਥੀ ਖਾਣ ਲਈ ਸਿਰਫ਼ ਸੁੱਕਾ ਅਨਾਜ ਹੀ ਮੰਗਦੇ ਸਨ, ਕਦੇ ਬਿਰਯਾਨੀ ਕੋਰਮਾ ਜਾਂ ਨਿਹਾਰੀ ਜਾਂ ਪੀਜ਼ਾ ਬਰਗਰ ਜਾਂ ਬੜੇ ਪਾਅ ਦੀ ਮੰਗ ਨਹੀਂ ਸਨ ਕਰਦੇ।

**ਗਾਲ਼ਾਂ ਨੂੰ ਹੱਸ ਕੇ ਟਾਲਣ ਵਾਲਾ:** ਜਦੋਂ ਗੱਬਰ ਨੇ ਆਪਣੇ ਅੱਡੇ 'ਤੇ ਬਸੰਤੀ ਨੂੰ ਨੱਚਣ ਲਈ ਆਖਿਆ ਤਾਂ ਇਸ ਤੇ ਵੀਰੂ ਨੇ ਗੱਬਰ ਤੇ ਉਸ ਦੇ ਸਾਥੀਆਂ ਕੁੱਤੇ ਜਿਹੇ ਪ੍ਰਵਚਨਾ ਨਾਲ ਨਿਵਾਜ਼ਿਆ ਤਾਂ ਗੱਬਰ ਨੇ ਉਸ ਦੀ ਅਭੱਦਰ ਭਾਸ਼ਾ ਉੱਤੇ ਕੋਈ ਵਿਸ਼ੇਸ਼ ਪ੍ਰਤੀਕਿਰਿਆ ਦੇਣ ਦੀ ਥਾਂ ਉਸ ਨੂੰ ਮਹਿਜ਼ ਹਾਸੇ ਵਿੱਚ ਟਾਲ ਦਿੱਤਾ।

**ਜੀਪਾਂ ਦੀ ਥਾਂ ਘੋੜਿਆਂ ਦੀ ਵਰਤੋਂ:** ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਹੈ ਕਿ ਗੱਬਰ ਸਿੰਘ ਦਾ ਜੀਵਨ ਬਹੁਤ ਸਾਧਾਰਨ ਸੀ ਉਹ ਜੀਪਾਂ ਦੇ ਸਮੇਂ ਵਿੱਚ ਵੀ ਬਾਹਰ ਅੰਦਰ ਆਉਣ ਜਾਣ ਲਈ ਘੋੜਿਆਂ ਦੀ ਵਰਤੋਂ ਕਰਦਾ ਸੀ।

**ਬਿਨਾਂ ਭੇਦਭਾਵ ਤੋਂ ਇੱਕੋ ਜਿਹਾ ਸਲੂਕ ਕਰਨ ਵਾਲਾ:** ਗੱਬਰ ਸਿੰਘ ਨੇ ਬਿਨਾਂ ਕਿਸੇ ਭੇਦਭਾਵ ਜਾਂ ਧਰਮ ਦੇ ਸਾਰਿਆਂ ਨੂੰ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾਇਆ। ਚਾਹੇ ਉਹ ਠਾਕੁਰ ਦਾ ਪਰਿਵਾਰ ਹੋਵੇ ਜਾਂ ਉਸ ਦਾ ਸਾਥੀ ਕਾਲ਼ੀਆ, ਜਾਂ ਰਾਮਗੜ੍ਹ ਦੇ ਇਮਾਮ ਦਾ ਪੁੱਤਰ ਹੋਵੇ ਜਾਂ ਫਿਰ ਵੀਰੂ ਦਾ ਦੋਸਤ ਜੈ ਹੋਵੇ ਗੱਬਰ ਨੇ ਕਿਸੇ ਨੂੰ ਵੀ ਮਾਰਨ ਤੋਂ ਪਹਿਲਾਂ ਧਰਮ ਗੋਤਰ ਨਹੀਂ ਪੁੱਛਿਆ। ਉਸ ਨੇ ਜੋ ਗੋਲੀਆਂ ਚਲਾਈਆਂ ਬਿਨਾਂ ਕਿਸੇ ਭੇਦਭਾਵ ਦੇ ਤਮਾਮ ਲੋਕਾਂ ਉੱਤੇ ਸਮਾਨਤਾ ਨਾਲ ਚਲਾਈਆਂ।

**ਸਿੱਧਾ ਸਾਦਾ ਨਸ਼ਾ ਕਰਨ ਵਾਲਾ:** ਗੱਬਰ ਨਾ ਤਾਂ ਭੁੱਕੀ ਖਾਦਾਂ ਸੀ ਨਾ ਹੀ ਅਫ਼ੀਮ ਤੇ ਨਾ ਹੀ ਉਹ ਗਾਂਜਾ ਤੇ ਚਰਸ ਖਾਂਦਾ ਸੀ ਨਾ ਹੀ ਉਹ ਆਪਣੀਆਂ ਬਾਹਾਂ ਚ ਨਸ਼ੇ ਦੇ ਟੀਕੇ ਲਾਉਂਦਾ ਸੀ ਤੇ ਨਾ ਹੀ ਚਿੱਟਾ ਖਾਂਦਾ ਸੀ ਅਤੇ ਨਾ ਹੀ ਕੋਈ ਨਸ਼ੇ ਦੇ ਕੈਪਸੂਲ ਅਤੇ ਨਾ ਕੋਈ ਅੱਜਕੱਲ੍ਹ ਦੇ ਨਸ਼ੇੜੀਆਂ ਵਾਂਗੂ ਕੋਈ ਸਿੰਥੈਟਿਕ ਨਸ਼ਾ ਕਰਦਾ ਸੀ ਉਹ ਤਾਂ ਆਪਣੀ ਪੋਟਲੀ ਚ ਕੱਢ ਕੇ ਬਸ ਜ਼ਰਦਾ ਖਾਂਦਾ ਸੀ।

ਕੁੱਲ ਮਿਲਾ ਕੇ ਲੋਕਾਂ ਦੀ ਨਜ਼ਰ ਚ ਭਾਵੇਂ ਗੱਬਰ ਸਿੰਘ ਦੀ ਇਮੇਜ ਨੂੰ ਲੈ ਕੇ ਬਹੁਤ ਜ਼ਿਆਦਾ ਵਿਰੋਧਾਭਾਸ ਹਨ। ਪਰ ਇਸ ਸਭ ਦੇ ਬਾਵਜੂਦ ਸਮੁੱਚੀ ਜਨਤਾ ਇਸ ਗੱਲ ਤੋਂ ਇਕਮਤ ਹੈ ਕਿ ਉਸ ਨੇ ਇਨ੍ਹਾਂ ਵੱਡਾ ਡਾਕੂ ਹੁੰਦੇ ਹੋਏ ਵੀ ਨਾ ਕਿਸੇ ਬਾਹਰਲੇ ਬੈਂਕ ਚ ਆਪਣੇ ਪੈਸੇ ਰੱਖੇ ਅਤੇ ਨਾ ਹੀ ਕਿਸੇ ਬੈਂਕ ਤੋਂ ਕਰਜ਼ਾ ਲੈ ਕੇ ਬਾਹਰਲੇ ਮੁਲਕ ਭੱਜਣ ਦੀ ਕੋਸ਼ਿਸ਼ ਕੀਤੀ। ਜੇਕਰ ਧੀਆਂ ਭੈਣਾਂ ਦੀ ਇੱਜ਼ਤ ਦੀ ਹੋਵੇ ਤਾਂ ਇਸ ਮਾਮਲੇ ਵਿੱਚ ਵੀ ਉਸ ਨੇ ਕਿਸੇ ਮੁਟਿਆਰ ਨਾਲ ਨਾ ਤਾਂ ਛੇੜਛਾੜ ਕੀਤੀ ਅਤੇ ਨਾ ਹੀ ਕਿਸੇ ਨਾਲ ਸੜਕਾਂ ਤੇ ਸੰਬੰਧ ਸਥਾਪਿਤ ਕੀਤੇ। ਕੁੱਲ ਮਿਲਾ ਕੇ ਗੱਬਰ ਸਿੰਘ ਅਜੋਕੇ ਸਮੇਂ ਦੇ ਕਿੰਨੇ ਦਿਲ ਦੇ ਮੈਲੇ, ਜ਼ਮੀਰ ਫ਼ਰੋਸ਼ ਤੇ ਵਿਭਚਾਰੀ ਪ੍ਰਵਿਰਤੀ ਵਾਲੇ ਲੋਕਾਂ ਤੋਂ ਕਿਤੇ ਚੰਗਾ ਸੀ।

# ਮਾਂ ਨੂੰ ਪਿਆਰ ਕਰਨ ਵਾਲਾ ਕ੍ਰਿਸਟੀਆਨੋ ਰੋਨਾਲਡੋ

ਆਪਣੀ ਮਾਂ ਦੀਆਂ ਚਾਰ ਔਲਾਦਾਂ ਵਿਚ ਸਭ ਤੋਂ ਛੋਟਾ ਹੈ ਕ੍ਰਿਸਟੀਆਨੋ ਰੋਨਾਲਡੋ...ਸ਼ਰਾਬ ਦੀ ਲਤ ਦੇ ਮਾਰੇ ਪਿਉ ਪਾਰਟ-ਟਾਈਮ ਮਾਲੀ ਸੀ ਤੇ ਮਾਂ ਲੋਕਾਂ ਦੇ ਘਰਾਂ ਵਿਚ ਖਾਣਾ ਬਣਾਉਣ ਦਾ ਕੰਮ ਕਰਦੀ ਸੀ। ਜ਼ਾਹਿਰ ਹੈ ਅਜਿਹੇ ਵਿਚ ਘਰ ਵਿਚ ਪੈਸਿਆਂ ਦੀ ਬਹੁਤ ਤੰਗੀ ਹੋਵੇਗੀ, ਜਦੋਂ ਕ੍ਰਿਸਟੀਆਨੋ ਰੋਨਾਲਡੋ ਗਰਭ ਆਇਆ ਤਾਂ ਉਸਦੀ ਮਾਂ ਨੇ ਸੋਚਿਆ ਕਿ ਗਰਭਪਾਤ ਕਰਵਾ ਲਵਾਂ ਕਿਉਂਕਿ ਓਹਨੂੰ ਲੱਗਦਾ ਸੀ ਕਿ ਇੱਥੇ ਤਿੰਨ ਜਵਾਕਾਂ ਦਾ ਢਿੱਡ ਭਰਨਾ ਮੁਸ਼ਕਿਲ ਹੈ ਚੌਥੇ ਨੂੰ ਕੀ ਖਵਾ ਸਕਾਂਗੇ, ਪਰ ਡਾਕਟਰਾਂ ਨੇ ਗਰਭਪਾਤ ਕਰਨ ਤੋਂ ਮਨ੍ਹਾਂ ਕਰ ਦਿੱਤਾ ਕਿਉਂਕਿ ਪੁਰਤਗਾਲ ਵਿਚ ਗਰਭਪਾਤ ਗੈਰ-ਕਾਨੂੰਨੀ ਹੈ। ਕ੍ਰਿਸਟੀਆਨੋ ਦੇ ਪੈਦਾ ਹੋਣ ਤੋਂ ਬਾਅਦ ਘਰ ਨੂੰ ਢੰਗ ਨਾਲ ਚਲਾਉਣ ਕਰਕੇ ਮਾਂ ਨੂੰ ਆਪਣੇ ਕੰਮ ਦੇ ਘੰਟੇ ਵਧਾਉਣੇ ਪਏ, ਆਪਣੀਆਂ ਸਾਰੀਆਂ ਇੰਟਰਵਿਊਜ਼ ਵਿਚ ਰੋਨਾਲਡੋ ਇਸ ਗੱਲ ਨੂੰ ਬੜੀ ਟੀਸ ਨਾਲ ਯਾਦ ਕਰਦਾ ਹੈ ਕਿ ਕਿਵੇਂ ਉਸਦੀ ਮਾਂ ਸਵੇਰੇ ਜਲਦੀ ਚਲੀ ਜਾਂਦੀ ਤੇ ਰਾਤ ਨੂੰ ਵਾਪਿਸ ਆਉਂਦੀ। ਕਈ ਵਾਰ ਦੂਜਿਆਂ ਦੀ ਰਸੋਈ ਪਕਾ ਕੇ ਆਈ ਮਾਂ ਨੂੰ ਆਪਣੀ ਰਸੋਈ ਵਿਚ ਕੁਝ ਖਾਣ ਲਈ ਨਾ ਬਚਿਆ ਹੁੰਦਾ..

ਘਰ ਦੇ ਇੱਕ ਛੋਟੇ ਜਿਹੇ ਕਮਰੇ ਵਿਚ ਤਿੰਨ ਵੱਡੇ ਭਾਈ-ਭੈਣਾਂ ਦੇ ਨਾਲ ਵੱਡੇ ਹੋਏ ਰੋਨਾਲਡੋ ਨੇ ਆਪਣਾ ਬਚਪਨ ਖੁੱਲ੍ਹੇ ਵਿਚ ਆਪਣੇ ਸਾਥੀਆਂ ਦੇ ਨਾਲ ਫੁੱਟਬਾਲ ਖੇਡਦੇ ਹੋਏ ਬਿਤਾਇਆ, ਸੱਤ ਸਾਲ ਦੀ ਉਮਰ ਵਿਚ ਉਹ ਠੀਕ-ਠਾਕ ਫੁੱਟਬਾਲ ਖੇਡ ਰਿਹਾ ਸੀ ਤੇ ਬਾਰਾਂ ਸਾਲਾਂ ਦੇ ਹੁੰਦੇ-ਹੁੰਦੇ ਉਸਨੂੰ ਇੱਕ ਕਲੱਬ ਦੇ ਲਈ ਖੇਡਣ ਲਈ ਡੇਢ ਹਜ਼ਾਰ ਪਾਊਂਡ ਦੀ ਫੀਸ ਮਿਲਣ ਲੱਗੀ ਸੀ, ਛੇਵੀਂ ਦੇ ਬਾਅਦ ਸਕੂਲ ਛੱਡ ਚੁੱਕੇ ਇਸ ਅਸਾਧਾਰਨ ਖਿਡਾਰੀ ਨੇ ਆਪਣੇ ਕੈਰੀਅਰ ਵਿਚ ਜੋ ਕੁਝ ਹਾਸਿਲ ਕੀਤਾ ਉਸ ਦੀਆਂ ਬਹੁਤ ਘੱਟ ਉਦਾਹਰਨਾਂ ਹਨ।

ਫੁੱਟਬਾਲ ਦੇ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਗੋਲ ਕਰਨ ਦਾ ਰਿਕਾਰਡ ਉਸਦੇ ਨਾਮ ਹੈ, ਮਤਲਬ ਉਸਦੇ ਗੋਲਾਂ ਦੀ ਸੰਖਿਆ ਪੇਲੇ, ਮਾਰਾਡੌਨਾ ਤੇ ਮੈਸੀ ਵਰਗੇ ਦਿਗਜਾਂ ਤੋਂ ਜ਼ਿਆਦਾ ਹੈ, ਇਹ ਇੰਸਟਾਗ੍ਰਾਮ 'ਤੇ ਪੂਰੇ ਸੰਸਾਰ ਵਿਚੋਂ ਸਭ ਤੋਂ ਜ਼ਿਆਦਾ ਫ਼ੌਲੋ ਕੀਤਾ ਜਾਣ ਵਾਲਾ ਇਨਸਾਨ ਹੈ, ਜਿੱਥੇ ਉਸਦੇ ਚਾਹੁਣ ਵਾਲਿਆਂ ਦੀ ਗਿਣਤੀ 65 ਕਰੋੜ ਤੋਂ ਜ਼ਿਆਦਾ ਹੈ।

ਯੂਰਪ ਵਿਚ ਆਮ ਚਲਣ ਹੈ ਕਿ ਬੱਚੇ ਮਾਂ-ਬਾਪ ਤੋਂ ਅਲੱਗ ਰਹਿੰਦੇ ਹਨ ਤੇ ਮਾਂ-ਬਾਪ ਅਲੱਗ ਪਰ ਰੋਨਾਲਡੋ ਦੀ ਮਾਂ ਹਮੇਸ਼ਾ ਉਸਦੇ ਨਾਲ ਹੀ ਰਹੀ ਹੈ, ਜਾਂ ਕਹਿ ਲਵੋ ਉਹ ਆਪਣੀ ਮਾਂ ਨਾਲ ਰਹਿੰਦਾ ਆਇਆ ਹੈ। ਇਹ ਗੱਲ ਵੱਖਰੀ ਆ ਕਿ ਜਿਸ



ਮਹਿਲਨੁਮਾ ਘਰ ਵਿਚ ਉਹ ਰਹਿੰਦੇ ਹਨ ਉਹ ਰੋਨਾਲਡੋ ਦਾ ਖਰੀਦਿਆ ਹੋਇਆ ਹੈ।

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸੋਸ਼ਲ-ਮੀਡੀਆ 'ਤੇ ਉਸ ਦੀਆਂ ਸਭ ਤੋਂ ਵੱਧ ਤਸਵੀਰਾਂ ਆਪਣੀ ਪਤਨੀ-ਬੱਚਿਆਂ ਦੇ ਨਾਲ ਨਹੀਂ, ਸਗੋਂ ਆਪਣੀ ਮਾਂ ਦੇ ਨਾਲ ਹਨ।

ਰੋਨਾਲਡੋ ਕਹਿੰਦਾ ਹੈ -ਮੇਰੀ ਮਾਂ ਨੇ ਮੈਨੂੰ ਵੱਡਾ ਕਰਨ ਵਿਚ ਆਪਣਾ ਜੀਵਨ ਕੁਰਬਾਨ ਕਰ ਦਿੱਤਾ, ਉਹ ਭੁੱਖੀ ਸੌਂਦੀ ਤਾਂ ਕਿ ਮੈਂ ਖਾ ਸਕਾ, ਉਸਨੇ ਹਫਤੇ ਦੇ ਸੱਤੇ ਦਿਨ ਰਾਤ ਨੌਕਰਾਣੀ ਦਾ ਕੰਮ ਕੀਤਾ ਕਿ ਮੇਰੇ ਲਈ ਫੁੱਟਬਾਲ ਦੇ ਬੂਟ ਖਰੀਦ ਸਕੇ ਤੇ ਮੈਂ ਇੱਕ ਖਿਡਾਰੀ ਬਣ ਸਕਾਂ, ਮੇਰਾ ਸਭ ਕੁਝ ਉਸਦੇ ਤਿਆਗ ਦੀ ਬਦੌਲਤ ਹੈ ਤੇ ਜਦੋਂ ਤੱਕ ਉਹ ਇਸ ਧਰਤੀ 'ਤੇ ਹੈ, ਉਸਨੇ ਮੇਰੇ ਨਾਲ ਹੀ ਰਹਿਣਾ ਹੈ। ਇਹ ਮੇਰੇ ਪਿਛਲੇ ਚੰਗੇ ਕਰਮ ਸਨ ਜੋ ਤੋਹਫੇ ਦੇ ਰੂਪ ਵਿਚ ਮੈਨੂੰ ਮੇਰੀ ਮਾਂ ਮਿਲੀ।

ਮੈਨੂੰ ਫ਼ਖ਼ਰ ਹੈ ਕਿ ਮੈਂ 'ਮਾਰੀਆ ਡੋਲੋਰਸ' ਦਾ ਪੁੱਤ ਹਾਂ!!

ਅੱਜ-ਕੱਲ੍ਹ ਨੈੱਟ 'ਤੇ ਅਸ਼ਲੀਲਤਾ ਦੇ ਜ਼ਮਾਨੇ ਵਿਚ ਆਪਣੇ ਬੱਚਿਆਂ ਨਾਲ ਅਜਿਹੀਆਂ ਪ੍ਰੇਰਣਾਦਾਇਕ ਕਹਾਣੀਆਂ ਸ਼ੇਅਰ ਕਰੋ ਤਾਂ ਜੋ ਬੱਚੇ ਰਿਸ਼ਤਿਆਂ ਦੀ ਅਹਿਮੀਅਤ ਤੇ ਮਾਂ-ਬਾਪ ਦੇ ਸੰਘਰਸ਼ ਨੂੰ ਸਮਝਣ।

# ਅੰਮ੍ਰਿਤਾ ਨੂੰ ਦੇਖਣ ਦੀ ਸਜ਼ਾ...

ਅੰਮ੍ਰਿਤਾ ਪ੍ਰੀਤਮ ਨੇ ਫ਼ਰੀਦਕੋਟ ਕਵੀ ਸੰਮੇਲਨ 'ਚ ਆਉਣਾ ਸੀ। ਦੋਸਤ ਚਾਂਭਲੇ ਕਹਿਣ ਲੱਗੇ ਕਿ ਫ਼ਰੀਦਕੋਟ ਚੱਲਦੇ ਆ, ਅੰਮ੍ਰਿਤਾ ਦੇਖ ਕੇ ਆਵਾਂਗੇ। ਮੇਰੀ ਕਵਿਤਾ, ਕਿਤਾਬਾਂ 'ਚ ਕੋਈ ਖਾਸ ਰੁਚੀ ਨਹੀਂ ਸੀ। ਸਿਖ਼ਰ ਦੁਪਹਿਰੇ ਅਸੀਂ ਤਿੰਨ ਜਣੇ ਸਕੂਟਰ 'ਤੇ ਬੈਠ ਫ਼ਰੀਦਕੋਟ ਚੱਲ ਪਏ। ਸੜਕ ਟੁੱਟੀ ਹੋਣ ਕਰਕੇ ਵੱਖੀਆਂ ਭੰਨੀਆਂ ਗਈਆਂ। ਡਿੱਗਦੇ-ਢਹਿੰਦੇ ਵੱਡੇ ਸਾਰੇ ਗਰਾਊਂਡ ਚ ਪੁੱਜੇ, ਜਿੱਥੇ ਟੈਂਟ ਲੱਗਿਆ ਸੀ। ਸਾਰਾ ਗਰਾਊਂਡ ਭਰਿਆ ਹੋਇਆ 'ਤੇ ਸੂਰਜ ਵੀ ਕਾਫ਼ੀ ਤੱਤਾ ਹੋਇਆ ਪਿਆ ਸੀ। ਮੇਰੀ ਸ਼ਰਦਈ ਸ਼ਰਟ ਮੁੜਕੇ ਨਾਲ ਭਿੱਜ ਗਈ ਸੀ। ਐਨੀ ਦੂਰ ਸਟੇਜ ਸੀ ਤੇ ਸੁਣਿਆ ਤਾਂ ਕੁਛ ਨੀ ਬੱਸ ਊਈਂ ਖੜ੍ਹ ਕੇ ਮੁੜ ਆਏ। ਅੰਮ੍ਰਿਤਾ ਨੇ ਆਉਣਾ ਸੀ ਪਰ ਉਸਦਾ ਆਉਣਾ ਕੈਂਸਲ ਹੋ ਗਿਆ ਸੀ। ਅਸੀਂ ਉੱਥੋਂ ਮੁੜ ਪਏ। ਰਸਤੇ 'ਚ ਆਉਂਦਿਆਂ ਨੇ ਨਹਿਰ 'ਚ ਛਾਲਾਂ ਮਾਰ ਦਿੱਤੀਆਂ ਤੇ ਨਹਾ ਕੇ ਪਿੰਡ ਵੱਲ ਚੱਲ ਪਏ। ਮੈਂ ਸਕੂਟਰ ਚਲਾ ਰਿਹਾ ਸੀ ਤੇ ਇੱਕ ਵੱਟੀ ਬੁੜਕ ਕੇ ਮੇਰੀ ਅੱਖ ਵਿਚ ਵੱਜੀ ਤੇ ਅੱਗੋਂ ਕੋਈ ਟਰੱਕ ਆ ਰਿਹਾ ਸੀ ਤੇ ਹਫ਼ੜਾ ਦਫ਼ੜੀ 'ਚ ਸਕੂਟਰ ਨਾ ਸੰਭਾਲਿਆ ਗਿਆ।

ਇੱਕਦਮ ਜਦ ਸਕੂਟਰ ਸੜਕ ਥੱਲੇ ਲਾਉਣ ਲੱਗਾ ਤਾਂ ਸਿੱਧਾ ਜਾ ਸਫ਼ੈਦੇ 'ਚ ਵੱਜਾ। ਮੇਰੇ ਮਗਰ ਬੈਠੇ ਸੀਰੇ ਨੇ ਖੇਤ 'ਚ ਡਿੱਗਦੇ ਹੋਏ ਨੇ ਕਿਹਾ, 'ਮਾਰ ਤਾਂ ਪਤੰਦਰਾ...' ਉਸ ਮਗਰ ਹੀ ਗੇਜਾ ਡਿੱਗ ਪਿਆ। ਫਿਰ ਪਤਾ ਨਹੀਂ ਕੀ ਹੋਇਆ ਮੈਂ ਚੱਕਰ ਖਾ ਕੇ ਉੱਥੇ ਹੀ ਡਿੱਗ ਬੇਹੋਸ਼ ਹੋ ਗਿਆ। ਜਦ ਅੱਖ ਖੁੱਲੀ ਤਾਂ ਦਲਾਨ 'ਚ ਮੰਜੇ 'ਤੇ ਪਿਆ ਸੀ ਆਸੇ-ਪਾਸੇ ਸਾਰੇ ਘਰਦੇ ਅੱਖਾਂ ਵੱਡੀਆਂ ਕਰਕੇ ਦੇਖ ਰਹੇ ਸੀ। ਪਤਾ ਲੱਗਿਆ ਕਿ ਮੇਰਾ ਮੋਢਾ ਉੱਤਰ ਗਿਆ ਸੀ ਤੇ ਅੱਖ ਵੀ ਝਪਕਾਏ ਤੋਂ ਦੁੱਖਦੀ ਸੀ। ਮੈਂ ਕੁਛ ਨਾ ਬੋਲਿਆ। ਬਾਪੂ ਸਾਫ਼ੇ 'ਚੋ ਨਿਕਲੇ ਮੇਰੇ ਵਾਲ ਠੀਕ ਕਰਦਾ ਬੋਲਿਆ ਕਿ ਦੇਖ ਲੀ ਅੰਮ੍ਰਿਤਾ...ਕਿ ਹਾਲੇ ਕਸਰ ਬਾਕੀ ਸੀ ਕੋਈ..। ਮੈਂ ਸ਼ਰਮਿੰਦਾ ਜਿਹਾ ਹੋ ਗਿਆ ਤੇ ਸੋਚ ਰਿਹਾ ਸੀ ਬਾਪੂ ਨੂੰ ਕੀਹਨੇ ਦੱਸ'ਤਾ ਕਿ ਅਸੀਂ ਅੰਮ੍ਰਿਤਾ ਨੂੰ ਸੁਣਨ ਗਏ ਸੀ। ਐਨੇ ਨੂੰ ਮੇਰੇ ਦੋਸਤ ਸੀਰੇ ਦਾ ਪਿਉ ਆਇਆ ਤੇ ਬਾਪੂ ਨੂੰ ਪੁੱਛਣ ਲੱਗਾ ਕਿ ਸਲੱਗ ਕਿਵੇਂ ਆ ਹੁਣ। ਬਾਪੂ ਕਹਿੰਦਾ ਕਿ ਮੋਢਾ ਉੱਤਰਿਆ। ਘਰੇ ਕੁੱਬੀ ਬੁੜ੍ਹੀ ਮੇਰਾ ਮੋਢਾ ਚੜ੍ਹਾਉਣ ਆਈ ਕਿਉਂਕਿ ਬਾਪੂ ਨੂੰ ਡਾਕਟਰਾਂ ਤੋਂ ਜ਼ਿਆਦਾ ਬੇਬੇ ਜੈਲੋ 'ਤੇ ਵਿਸ਼ਵਾਸ ਸੀ ਕਿ ਉਹ ਮਲ ਕੇ ਹੀ ਮੋਢਾ ਠੀਕ ਕਰ ਦੇਵੇਗੀ। ਉਹਨੇ ਕੇਰਾਂ ਮਲ ਕੇ ਮੋਢਾ ਬੰਨ੍ਹ ਦਿੱਤਾ। ਕੁਛ ਦਿਨ ਬਾਅਦ ਮੋਢਾ ਤਾਂ ਠੀਕ ਹੋ ਗਿਆ ਪਰ ਅੱਖ ਦੀ ਰੜਕ ਹਾਲੇ ਵੀ ਉਵੇਂ ਹੀ ਸੀ। ਮੈਂ ਡਰਦੇ ਨੇ ਘਰ ਨਾ ਦੱਸਿਆ ਕਿ ਜੇ ਦੱਸ ਦਿੱਤਾ ਤਾਂ ਬਾਪੂ ਬਹੁਤ ਗਾਲ੍ਹਾਂ ਕੱਢੂ। ਬਾਪੂ ਨੇ ਐਲਾਨ ਕਰ ਦਿੱਤਾ ਕਿ ਇਹਦਾ ਕਾਲਜ ਜਾਣਾ ਬੰਦ ਏ ਤੇ ਘਰੇ ਕੰਮ ਕਾਰ 'ਚ ਹੱਥ



ਵਟਾਵੇ, ਬਥੇਰੀ ਹਲੋ-ਹਲੋ ਕਰਲੀ ਇਹਨੇ। ਨਾਲ ਹੀ ਭੂਆ ਨੂੰ ਕਹਿ ਤਾ ਕਿ ਕੋਈ ਰਿਸ਼ਤਾ ਲੱਭੇ ਆਵਦੇ ਭਤੀਜੇ ਵਾਸਤੇ ਤਾਂ ਹੀ ਇਹ ਲੋਟ ਆਊਗਾ। ਭੂਆ ਵੀ ਛੋਹਲਪੁਣੇ 'ਚ ਰਿਸ਼ਤਾ ਦੇਖਣ ਲੱਗੀ ਤੇ 10 ਦਿਨ 'ਚ ਹੀ ਪੱਕ-ਠੱਕ ਕਰ ਦਿੱਤੀ। ਵਿਆਹ ਤੀਕ ਐਵੇਂ ਹੀ ਲੱਗੀ ਗਿਆ ਕਿ ਮੇਰੇ ਨਾਲ ਧੱਕਾ ਹੋ ਗਿਆ। ਅੰਮ੍ਰਿਤਾ ਨੂੰ ਦੇਖਣ ਜਾਣ ਦੀ ਕਿੱਡੀ ਵੱਡੀ ਸਜ਼ਾ ਮਿਲੀ ਏ।

ਵਿਆਹ ਤੋਂ ਬਾਅਦ ਜਦੋਂ ਉਹਨੇ ਦੱਸਿਆ ਕਿ ਮੈਂ ਘਰ ਝੂਠ ਬੋਲ ਕੇ ਅੰਮ੍ਰਿਤਾ ਪ੍ਰੀਤਮ ਦਾ ਕਵੀ ਸੰਮੇਲਨ ਸੁਣਨ ਚਲੀ ਗਈ ਤੇ ਕਿਸੇ ਪਿੰਡ ਦੇ ਬੰਦੇ ਨੇ ਬਾਪੂ ਨੂੰ ਲੂਤੀ ਲਾ ਦਿੱਤੀ ਕਿ ਥੋਡੀ ਕੁੜੀ ਜਲਸਿਆਂ 'ਚ ਘੁੰਮਦੀ ਏ ਤੇ ਕੁੜੀਆਂ ਦਾ ਕੀ ਕੰਮ ਹਰਲ ਹਰਲ ਕਰਨ ਦਾ। ਬਾਪੂ ਨੇ ਪੜ੍ਹਨੋਂ ਹਟਾ ਲਿਆ ਤੇ ਰਿਸ਼ਤਾ ਲੱਭਣ 'ਤੇ ਤੁਹਾਡੇ ਨਾਲ ਤੋਰ ਦਿੱਤਾ। ਉਸਨੇ ਰੋਂਦੀ-ਰੋਂਦੀ ਨੇ ਗੁੱਭ-ਗਹਾਟ ਕੱਢ ਦਿੱਤਾ ਕਿ ਮੈਂ ਅੱਗੇ ਪੜ੍ਹਨਾ ਚਾਹੁੰਦੀ ਸੀ। ਉਹਨੇ ਆਪਣੀ ਡਾਇਰੀ ਸੰਦੂਕ 'ਚੋਂ ਕੱਢ ਕੇ ਦਿਖਾਈ ਜਿਸ 'ਚ ਅੰਮ੍ਰਿਤਾ ਦੀਆਂ ਅਖ਼ਬਾਰ ਰਸਾਲਿਆਂ ਵਾਲੀਆਂ ਫੋਟੋ ਕੱਟ ਕੇ ਲਗਾਈਆਂ ਹੋਈਆਂ ਸੀ ਤੇ ਪਾਸਿਉਂ ਪੈਂਸਿਲ ਨਾਲ ਆਊਟਲਾਈਨ ਕੀਤੀਆਂ ਹੋਈਆਂ ਸੀ। ਮੈਨੂੰ ਉਸਦਾ ਮੋਹ ਆਇਆ ਤੇ ਲੱਗਾ ਕਿ ਮੇਰੇ ਸੁਪਨਿਆਂ ਵਾਲੀ ਕੁੜੀ ਮਿਲ ਗਈ ਏ।

ਉਹਨੇ ਆਵਦੀਆਂ ਲਿਖੀਆਂ ਗਜ਼ਲਾਂ ਸੁਣਾਈਆਂ ਤੇ ਉਹਨੂੰ ਸੁਣਨ ਤੋਂ ਬਾਅਦ ਮੈਂ ਉਹਨੂੰ ਕਲਾਵੇ 'ਚ ਲੈ ਕਿਹਾ, 'ਜਿਸ ਬੰਦੇ ਨੂੰ ਕਵਿੱਤਰੀ ਹਮਸਫ਼ਰ ਮਿਲ'ਜੇ, ਉਹ ਕਦੇ ਨਹੀਂ ਮਰਦਾ...' ਉਹਨੇ ਮਰਨ ਦੀ ਗੱਲ ਸੁਣ ਮੇਰੇ ਬੁੱਲਾਂ 'ਤੇ ਉਂਗਲ ਰੱਖ ਦਿੱਤੀ। ਉਹਨੂੰ ਮਿਲ ਕੇ ਇੰਝ ਲੱਗਾ ਕਿ ਜ਼ਿੰਦਗੀ ਲੀਹ 'ਤੇ ਆ ਗਈ ਏ।

ਵਿਆਹ ਤੋਂ ਮਹੀਨਾ ਕੁ ਬਾਅਦ ਫਿਰ ਰੇਡੀਓ 'ਤੇ ਆਵਾਜ਼ ਸੁਣੀ ਕਿ ਅੰਮ੍ਰਿਤਾ ਨੇ ਫ਼ਰੀਦਕੋਟ ਆਉਣਾ। ਮੈਂ ਤੇ ਮੇਰੀ ਜੀਵਨ-ਸਾਥਣ ਘਰ ਪੇਕੇ ਜਾਣ ਦਾ ਝੂਠ ਕਹਿ ਕੇ ਉਸੇ ਗਰਾਊਂਡ 'ਚ ਪੁੱਜ ਗਏ, ਜਿੱਥੇ ਅੰਮ੍ਰਿਤਾ ਤੇ ਹੋਰ ਕਵੀਆਂ ਨੇ ਆਉਣਾ ਸੀ। ਇਸ ਵਾਰ ਬਹੁਤ ਬੇਪ੍ਰਵਾਹੀ ਜੇਹੀ ਮਹਿਸੂਸ ਹੋ ਰਹੀ ਸੀ। ਉਹਦੇ ਪੇਕਿਆਂ ਦੇ ਇੱਕ ਦੋ-ਬੰਦੇ ਮਿਲੇ ਪਰ ਇਸ ਵਾਰ ਕੋਈ ਮੇਰੀ ਹਮਸਫ਼ਰ ਦੇ ਪਿਉ ਨੂੰ ਜਾ ਕੇ ਇੰਝ ਨਹੀਂ ਆਖੇਗਾ ਕਿ ਤੁਹਾਡੀ ਧੀ ਊਂਈ ਤੁਰੀ ਫ਼ਿਰਦੀ ਏ।

ਅਸੀਂ ਭਾਸ਼ਣ ਸੁਣ ਕੇ ਸਕੂਟਰ 'ਤੇ ਘਰ ਪੁੱਜੇ, ਹਾਲੇ ਸਕੂਟਰ ਠੱਲਿਆ ਹੀ ਸੀ ਕਿ ਬਾਪੂ ਚਾਹ ਪੀ ਖਾਲੀ ਕੌਲੀ ਗੜਵੀ 'ਤੇ ਰੱਖਦਾ ਕਹਿੰਦਾ ਕਿ ਕੀ ਕਹਿੰਦੀ ਸੀ ਸ਼ਾਇਰਾ। ਮੈਂ ਹੱਸ ਕੇ ਵਰਾਂਡੇ ਵੱਲ ਚਲਾ ਗਿਆ ਤੇ ਮੇਰੀ ਹਮਸਫ਼ਰ ਰਸੋਈ 'ਚ ਚਲੀ ਗਈ। ਕਾਲਜ ਵੇਲੇ ਚਾਂਭ ਚਾਂਭ 'ਚ ਗਿਆ ਸੀ ਅੰਮ੍ਰਿਤਾ ਨੂੰ ਸੁਣਨ ਤੇ ਬਾਅਦ 'ਚ ਜੀਵਨ-ਸਾਥਣ ਨਾਲ ਸਮਾਜ ਦੀ ਹਿੰਡ ਭੰਨਣ ਵਾਸਤੇ ਗਿਆ ਸੀ। ਹੁਣ ਸਾਡਾ ਕਮਰੇ 'ਚ ਅਸੀਂ ਘੱਟ ਬੋਲਦੇ ਪਰ ਕਿਤਾਬਾਂ ਬੋਲਦੀਆਂ। ਉਹ ਕਹਾਣੀਆਂ ਪੜ੍ਹਦੀ ਤੇ ਫਿਰ ਮੈਨੂੰ ਸੁਣਾਉਂਦੀ ਤੇ ਵਾਰ-ਵਾਰ ਹਨਾ ਕਰ ਕਰ ਲੜੀ ਅੱਗੇ ਤੋਰਦੀ। ਦੱਸਿਆ ਸੀ ਮੇਰੀ ਅੱਖ 'ਚ ਇੱਕ ਵੱਟੀ ਬੁੜਕ ਕੇ ਵੱਜੀ ਸੀ ਤੇ ਉਸ ਕਰਕੇ ਉਸ ਅੱਖ ਤੋਂ ਘੱਟ ਦਿਸਦਾ ਦਿਸਦਾ ਹੁਣ ਦਿਖਣਾ ਬੰਦ ਹੋ ਗਿਆ ਏ ਪਰ ਉਸ ਮੇਰੀ ਅੰਮ੍ਰਿਤਾ ਦਾ ਪਿਆਰ ਹਾਲੇ ਵੀ ਓਨਾ ਹੀ ਏ। ਸ਼ਕਲਾਂ-ਸੂਰਤਾਂ ਨਾਲੋਂ ਸੀਰਤਾਂ ਸੋਹਣੀਆਂ ਦੇਖੀਏ ਤਾਂ ਰਿਸ਼ਤਿਆਂ ਨੂੰ ਧੱਕਾ ਲਾਉਣ ਦੀ ਲੋੜ ਨਹੀਂ ਪੈਂਦੀ।

-ਬਰਾੜ ਜੈਸੀ

# ਫ਼ਿਲਮ ਲੋਕ





## ਬਾਲੀਵੁੱਡ ਦੀ ਬੇਰੁਖੀ ਤੋਂ ਦੁਖੀ ਹੋਈ ਰਾਧਿਕਾ ਆਪਟੇ

ਹਿੰਦੀ ਫ਼ਿਲਮ ਸੰਸਾਰ ਤੋਂ ਰਾਧਿਕਾ ਆਪਣੇ ਬਹੁਤ ਦੁਖੀ ਹੈ ਤੇ ਉਸ ਨੇ ਕਿਹਾ ਕਿ ਮਾਵਾਂ ਲਈ ਇਹ ਬਾਲੀਵੁੱਡ ਨਗਰੀ ਕੋਈ ਤਰਸ ਨਹੀਂ ਖਾਂਦੀ, ਇਥੇ ਸ਼ੂਟਿੰਗ ਦਾ ਸਾਰਾ ਕੁਝ ਨਿਸਚਿਤ ਨਹੀਂ ਹੁੰਦਾ ਤੇ ਬਾਰ੍ਹਾਂ ਘੰਟੇ ਦੀ ਸ਼ਿਫਟ ਉਸ ਨੇ ਅਠਾਰਾਂ ਘੰਟੇ ਵੀ ਕੀਤੀ ਹੈ। ਫਿਲਹਾਲ ਰਾਧਿਕਾ ਆਪਣਾ ਨਵਾਂ ਐਗਰੀਮੈਂਟ ਬਣਾ ਰਹੀ ਹੈ ਕਿ ਉਹ ਦਸ ਘੰਟੇ ਤੋਂ ਵੱਧ ਕੰਮ ਨਹੀਂ ਕਰੇਗੀ, ਜਦ ਕਿ ਦੀਪਿਕਾ ਪਾਦੂਕੋਨ ਵੀ ਅੱਠ ਘੰਟੇ ਦੀ ਸ਼ਿਫਟ ਦੀ ਗੱਲ ਆਖ ਚੁੱਕੀ ਹੈ। ਰਾਧਿਕਾ ਨੇ ਲੰਡਨ ਦੇ ਟੇਲਰ ਨਾਲ ਵਿਆਹ ਕੀਤਾ ਹੋਇਆ ਹੈ ਤੇ ਵਿਆਹ ਤੋਂ ਬਾਰ੍ਹਾਂ ਸਾਲ ਬਾਅਦ ਉਹ 'ਮਾਂ' ਬਣੀ ਹੈ। ਇਸ 'ਤੇ ਉਸ ਨੇ ਕਿਹਾ ਕਿ ਰੂੜੀ ਦੀ ਬਾਰਾਂ ਸਾਲ ਬਾਅਦ ਰੱਬ ਵੀ ਸੁਣ ਲੈਂਦਾ ਹੈ, ਵਾਲੀ ਗੱਲ ਉਸ ਨਾਲ ਹੋਈ ਹੈ ਤੇ ਉਹ ਆਪਣੀ ਅਨਮੋਲ ਤੇ ਮਸੀਂ ਮਿਲੀ ਸੰਤਾਨ ਨੂੰ ਛੱਡ ਕੇ ਬਾਲੀਵੁੱਡ ਫ਼ਿਲਮਾਂ ਲਈ ਲੰਮੀ ਸ਼ਿਫਟ 'ਚ ਕੰਮ ਨਹੀਂ ਕਰ ਸਕਦੀ। ਰਾਧਿਕਾ ਆਪਟੇ ਕਰਨ ਕੰਧਾਰੀ ਦੀ ਫ਼ਿਲਮ 'ਸਿਸਟਰ ਮਿਡ ਨਾਈਟ' 'ਚ ਨਜ਼ਰ ਆਈ ਹੈ ਤੇ ਇਹ ਫ਼ਿਲਮ ਮੁੰਬਈ ਦੇ ਜਨ-ਜੀਵਨ ਉੱਪਰ ਬਣੀ ਹੈ ਤੇ 'ਕਾਂਸ' ਦੇ ਨਾਲ ਹੀ ਇਸ ਨੂੰ ਬਰਤਾਨਵੀ ਫ਼ਿਲਮ ਮੇਲੇ ਲਈ ਵੀ ਭੇਜਿਆ ਗਿਆ ਹੈ। ਰਾਧਿਕਾ ਨੇ ਕਿਹਾ ਕਿ ਤੁਸੀਂ ਦੇਖਿਆ ਹੋਣਾ ਹੈ ਕਿ ਇਸ ਫ਼ਿਲਮ 'ਚ ਸੰਵਾਦ ਬਹੁਤ ਘੱਟ ਹਨ ਤੇ ਦੂਸਰੇ ਪਾਸੇ ਕਰਨ ਨੇ ਵੀ ਕਿਹਾ ਕਿ ਰਾਧਿਕਾ ਆਪਣੇ ਹੈ ਇਸ ਕਿਰਦਾਰ ਲਈ ਫਿਟ ਸੀ ਤੇ ਉਸ ਇਕ ਚੰਗੇ ਦੋਸਤ ਦੀ ਦੋਸਤੀ ਨਿਭਾਈ ਤੇ ਉਸ ਨੂੰ ਪੂਰਾ-ਪੂਰਾ ਸਹਿਯੋਗ ਦਿੱਤਾ।

ਵੈਸੇ ਓ.ਟੀ.ਟੀ. ਦਾ ਜਾਣਿਆ- ਪਛਾਣਿਆ ਚਿਹਰਾ ਰਾਧਿਕਾ ਆਪਟੇ ਹੈ ਤੇ ਯ.ਕੇ. ਦੇ ਲੋਕਾਂ ਨੇ ਰਾਧਿਕਾ ਦੀ 'ਸਿਸਟਰ ਮਿਡਨਾਈਟ' ਓ.ਟੀ.ਟੀ. 'ਤੇ ਕਾਫ਼ੀ ਪਸੰਦ ਕੀਤੀ ਹੈ ਤੇ ਰਾਧਿਕਾ ਨੇ ਖੁੱਲ੍ਹਮ-ਖੁੱਲ੍ਹੇ ਦ੍ਰਿਸ਼ ਵੀ ਸ਼ਾਨ ਨਾਲ ਦਿੱਤੇ ਲਗਦੇ ਹਨ। ਏਕਤਾ ਕਪੂਰ ਨੇ ਕਦੇ ਕਿਹਾ ਸੀ ਕਿ ਰਾਧਿਕਾ ਆਪਟੇ ਰੋਣ-ਧੋਣ ਦੇ ਦ੍ਰਿਸ਼ ਦੇ ਸਕਦੀ ਹੈ ਤੇ ਬਾਕੀਆਂ ਨੇ ਉਸ ਨੂੰ 'ਨਾਟਕਾਂ' ਦੀ ਰਾਣੀ ਕਿਹਾ ਸੀ ਪਰ ਰਾਧਿਕਾ ਚੁੱਪ ਰਹੀ ਹੈ ਤੇ ਅੱਜ ਇਹੀ ਲੋਕ ਰਾਧਿਕਾ ਜੀ-ਰਾਧਿਕਾ ਜੀ ਕਰਦੇ ਨਜ਼ਰ ਆ ਰਹੇ ਹਨ। ਇਹ ਵੀ ਸਹੀ ਹੈ ਕਿ ਟੀ.ਵੀ. ਲੜੀਵਾਰਾਂ ਦੀ ਸ਼ੂਟਿੰਗ ਸਮੇਂ ਰਾਧਿਕਾ ਦਾ ਦਿਲ ਤੁਸ਼ਾਰ ਕਪੂਰ 'ਤੇ ਆ ਗਿਆ ਸੀ ਤੇ ਸੜੀ-ਭੁੱਜੀ ਏਕਤਾ ਨੇ ਕਰਨ ਜੌਹਰ ਦੇ ਸ਼ੋਅ 'ਚ ਕਿਹਾ ਸੀ ਕਿ 'ਰਾਧਿਕਾ... ਉਹ ਤੁਸ਼ਾਰ ਦੀ ਪਸੰਦ 'ਨਾ ਦੇਖਣਯੋਗ ਕੁੜੀਆਂ' ਹਨ ਪਰ ਰਾਧਿਕਾ ਆਪਟੇ ਇਹ ਗੁੱਸਾ ਪੀ ਗਈ ਸੀ ਤੇ ਹੁਣ ਆਪਣੇ ਬਾਰ੍ਹਾਂ ਸਾਲ ਬਾਅਦ ਮਾਂ ਬਣਨ ਬਾਅਦ ਲੱਡੂਆਂ ਦਾ ਡੱਬਾ ਏਕਤਾ ਦੇ ਘਰੇ ਭੇਜਿਆ। ਰਾਧਿਕਾ ਆਪਟੇ ਨੇ ਇਹੀ ਕਿਹਾ ਕਿ ਕੁਆਰਿਆਂ ਦੇ ਘਰ ਜਾਣ ਤੋਂ ਰੱਬ ਨੇ ਬਚਾ ਲਿਆ ਤੇ ਚੰਗਾ ਪਤੀ ਤੇ ਸੋਹਣੀ ਸੰਤਾਨ ਦਿੱਤੀ ਹੈ।



## ਰਾਖੀ .ਗੁਲਜ਼ਾਰ ਦੀ ਵਾਪਸੀ

ਮਸ਼ਹੂਰ ਅਦਾਕਾਰਾ ਰਾਖੀ ਗੁਲਜ਼ਾਰ ਮਾਂ-ਬੇਟੇ ਦੇ ਰਿਸ਼ਤੇ ਅਤੇ ਕੰਮਕਾਜੀ ਜੀਵਨ ਦੇ ਤਣਾਅ ਨੂੰ ਦਿਖਾਉਂਦੀ ਬੰਗਾਲੀ ਫ਼ਿਲਮ 'ਆਮਾਰ ਬੌਸ' ਜ਼ਰੀਏ 22 ਸਾਲ ਬਾਅਦ ਵੱਡੇ ਪਰਦੇ 'ਤੇ ਵਾਪਸ ਆਈ ਹੈ। ਫ਼ਿਲਮ ਦਾ ਨਿਰਦੇਸ਼ਨ ਨੰਦਿਤਾ ਰਾਏ ਅਤੇ ਸ਼ਿਬੋਪ੍ਰਸਾਦ ਮੁਖਰਜੀ ਨੇ ਕੀਤਾ ਹੈ। ਫ਼ਿਲਮ ਵਿਚ ਰਾਖੀ ਗੁਲਜ਼ਾਰ ਸ਼ੁਭਰਾ ਗੋਸਵਾਮੀ ਅਤੇ ਸ਼ਿਬੋਪ੍ਰਸਾਦ ਮੁਖਰਜੀ ਉਸ ਦੇ ਬੇਟੇ ਅਣੀਮੇਸ਼ ਦੀ ਭੂਮਿਕਾ ਵਿਚ ਹੈ। ਇਹ ਇਕ ਇਸ ਤਰ੍ਹਾਂ ਦੀ ਕਹਾਣੀ ਹੈ ਜੋ ਦਿਲ ਤੋਂ ਨਿਕਲ ਕੇ ਦਰਸ਼ਕਾਂ ਦੇ ਦਿਲਾਂ ਤੱਕ ਪਹੁੰਚਣ ਵਿਚ ਕਾਮਯਾਬ ਰਹੀ ਹੈ। 15 ਅਗਸਤ, 1947 ਨੂੰ ਪੱਛਮੀ ਬੰਗਾਲ ਦੇ ਰਾਨਾਘਾਟ ਵਿਚ ਜਨਮੀ ਅਦਾਕਾਰਾ ਰਾਖੀ ਨੇ ਆਪਣੀ ਅਦਾਕਾਰੀ ਜ਼ਰੀਏ ਸਭ ਪਸੰਸਕਾਂ ਦੇ ਦਿਲ ਜਿੱਤੇ ਹਨ। 'ਮੇਰੇ ਕਰਨ ਅਰਜੁਨ ਆਏਂਗੇ ਕਹਿਕਰ', 'ਰਾਣਾ ਜੀ' ਦੀ ਨੀਂਦ ਉਡਾਉਣ ਵਾਲੀ ਰਾਖੀ ਨੇ ਆਪਣੇ ਅਭਿਨੈ ਤੋਂ ਉਨ੍ਹਾਂ ਬੁਲੰਦੀਆਂ ਨੂੰ ਛੂਹਿਆ ਸੀ ਜਿਸ ਦੀ ਚਾਹਤ ਹਰ ਅਦਾਕਾਰਾ ਦੇ ਦਲ ਵਿਚ ਹੁੰਦੀ ਹੈ। ਵਿਆਹੁਤਾ ਰਿਸ਼ਤਾ ਖ਼ਤਮ ਹੋਣ ਤੋਂ ਬਾਅਦ ਰਾਖੀ ਨੇ 1967 ਦੀ ਫ਼ਿਲਮ 'ਬੋਧੂ ਬੋਰਾਨ' ਤੋਂ ਬੰਗਾਲੀ ਸਿਨੇਮਾ ਤੋਂ ਐਕਟਿੰਗ ਕਰੀਅਰ ਦੀ ਸ਼ੁਰੂਆਤ ਕੀਤੀ ਸੀ।

ਇਸ ਤੋਂ ਤਿੰਨ ਸਾਲ ਬਾਅਦ ਰਾਖੀ ਰਾਜਸ਼ੀ ਪ੍ਰਾਡਕਸ਼ਨ ਦੀ ਫ਼ਿਲਮ 'ਜੀਵਨ ਮ੍ਰਿਤੂ' (1970) ਵਿਚ ਨਜ਼ਰ ਆਈ ਸੀ। ਇਹ ਉਸ ਦੀ ਬਾਲੀਵੁੱਡ 'ਚ ਫ਼ਿਲਮ ਸੀ। ਫ਼ਿਲਮ 'ਜੀਵਨ ਮ੍ਰਿਤੂ' ਤੋਂ ਬਾਅਦ ਸ਼ਸ਼ੀ ਕਪੂਰ ਨਾਲ ਉਸ ਦੀ ਫ਼ਿਲਮ 'ਸ਼ਰਮੀਲੀ' ਸੁਪਰਹਿਟ ਰਹੀ। ਰਾਜ ਕੁਮਾਰ ਨਾਲ ਫ਼ਿਲਮ 'ਲਾਲ ਪੱਥਰ' ਅਤੇ ਸੰਜੀਵ ਕੁਮਾਰ ਨਾਲ ਫ਼ਿਲਮ 'ਪਾਰਸ' ਤੋਂ ਬਾਅਦ ਉਹ ਫ਼ਿਲਮ ਸਨਅਤ ਦੀ ਨਵੀਂ ਮੁੱਖ ਅਦਾਕਾਰਾ ਬਣ ਕੇ ਛਾ ਗਈ। ਇਸ ਤੋਂ ਬਾਅਦ ਰਾਖੀ ਸਿਨੇਮਾ ਵਿਚ ਪ੍ਰਸਿੱਧ ਨਾਂਅ ਬਣ ਜਾਣ ਤੋਂ ਬਾਅਦ ਰਾਖੀ ਦੀ ਮੁਲਾਕਾਤ ਮਸ਼ਹੂਰ ਗੀਤਕਾਰ ਗੁਲਜ਼ਾਰ ਨਾਲ ਹੋਈ।

ਦੋਵੇਂ ਹੌਲੀ-ਹੌਲੀ ਨੇੜੇ ਆਉਂਦੇ ਗਏ ਅਤੇ ਦੋਵਾਂ ਨੇ 1973 ਵਿਚ ਵਿਆਹ ਕਰ ਲਿਆ। ਵਿਆਹ ਸਮੇਂ ਗੁਲਜ਼ਾਰ ਵਲੋਂ ਰੱਖੀ ਸ਼ਰਤ ਅਨੁਸਾਰ ਰਾਖੀ ਨੇ ਫ਼ਿਲਮਾਂ ਵਿਚ ਕੰਮ ਕਰਨਾ ਛੱਡ ਦਿੱਤਾ। ਇਸ ਵਿਆਹ ਤੋਂ ਉਹ ਬੇਟੀ ਮੇਘਨਾ ਦੇ ਮਾਤਾ-ਪਿਤਾ ਬਣੇ। ਹਾਲਾਂਕਿ ਇਸ ਤੋਂ ਬਾਅਦ ਗੁਲਜ਼ਾਰ ਅਤੇ ਰਾਖੀ ਦੇ ਰਿਸ਼ਤੇ ਵਿਚ ਦਰਾਰ ਪੈਣ ਲੱਗੀ। ਦੋਵੇਂ ਹਮੇਸ਼ਾ-ਹਮੇਸ਼ਾ ਲਈ ਇਕ-ਦੂਜੇ ਤੋਂ ਵੱਖ ਹੋ ਗਏ ਪਰ ਉਨ੍ਹਾਂ ਨੇ ਇਕ-ਦੂਜੇ ਤੋਂ ਤਲਾਕ ਨਹੀਂ ਲਿਆ। ਰਿਪੋਰਟ ਅਨੁਸਾਰ ਸਾਲ 1975 ਵਿਚ ਗੁਲਜ਼ਾਰ ਫ਼ਿਲਮ 'ਆਂਧੀ' ਦੌਰਾਨ ਕਸ਼ਮੀਰ ਦੀਆਂ ਲੋਕੇਸ਼ਨਾਂ 'ਤੇ ਸੁਚਿੱਤਰ ਸੇਨ ਅਤੇ ਗੁਲਜ਼ਾਰ ਨੂੰ ਲੈ ਕੇ ਰਾਖੀ ਨੂੰ ਕੁਝ ਸ਼ੱਕ ਹੋ ਗਿਆ ਸੀ। ਉਸ ਦੌਰਾਨ ਗੁਲਜ਼ਾਰ ਨੇ ਰਾਖੀ ਨੂੰ ਥੱਪੜ ਵੀ ਮਾਰ ਦਿੱਤਾ ਸੀ। ਇਸ ਤੋਂ ਬਾਅਦ ਰਾਖੀ ਨੇ ਗੁਲਜ਼ਾਰ ਦੀ ਸ਼ਰਤ ਨੂੰ ਤੋੜਦੇ ਹੋਏ ਯਸ਼ ਚੋਪੜਾ ਦੀ ਫ਼ਿਲਮ 'ਕਭੀ-ਕਭੀ' ਸਾਈਨ ਕਰ ਲਈ। ਉਸ ਦੇ ਇਸ ਨਿਰਣੇ ਤੋਂ ਬਾਅਦ ਗੁਲਜ਼ਾਰ ਤੋਂ ਵੱਖ ਹੋ ਗਈ। ਪਿਛਲੇ ਕਾਫ਼ੀ ਸਮੇਂ ਤੋਂ ਰਾਖੀ ਗੁਲਜ਼ਾਰ ਜਨਤਕ ਅਤੇ ਮੀਡੀਆ ਤੋਂ ਦੂਰ ਮੁੰਬਈ ਦੇ ਕੋਲ ਪਨਵੇਲ ਵਿਚ ਆਪਣੇ ਫਾਰਮ ਹਾਊਸ 'ਚ ਰਹਿ ਰਹੀ ਹੈ ਅਤੇ ਫ਼ਿਲਮੀ ਦੁਨੀਆ ਤੋਂ ਬਿਲਕੁਲ ਦੂਰ ਹੈ।

## ਇਕ ਚੰਗਾ ਖ਼ਲਨਾਇਕ ਵੀ ਹੈ ਰਿਤੇਸ਼ ਦੇਸ਼ਮੁਖ



ਐਕਟਰ ਰਿਤੇਸ਼ ਦੇਸ਼ਮੁਖ ਇਨ੍ਹੀਂ ਦਿਨੀਂ ਹਾਲ ਹੀ ਵਿਚ ਰਿਲੀਜ਼ ਫ਼ਿਲਮ 'ਰੇਡ-2' ਨੂੰ ਲੈ ਕੇ ਚਰਚਾ ਵਿਚ ਹੈ। ਫ਼ਿਲਮ ਵਿਚ ਜਿਥੇ ਅਜੈ ਦੇਵਗਨ ਅਮਿਐ ਪਟਨਾਇਕ ਦੀ ਮੁੱਖ ਭੂਮਿਕਾ ਵਿਚ ਹੈ, ਉਥੇ ਰਿਤੇਸ਼ ਦੇਸ਼ਮੁਖ ਦਾ ਖ਼ਲਨਾਇਕ ਵਾਲਾ ਅਵਤਾਰ ਨਜ਼ਰ ਆ ਰਿਹਾ ਹੈ। ਫ਼ਿਲਮ 'ਤੁਝੇ ਮੇਰੀ ਕਸਮ' ਤੋਂ ਬਾਲੀਵੁੱਡ ਵਿਚ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਪਰ ਇੰਦਰ ਕੁਮਾਰ ਵਲੋਂ ਨਿਰਦੇਸ਼ਿਤ ਫ਼ਿਲਮ 'ਮਸਤੀ' ਤੋਂ ਰਿਤੇਸ਼ ਨੂੰ ਪਛਾਣ ਮਿਲੀ। ਇਸ ਫ਼ਿਲਮ ਜ਼ਰੀਏ ਉਹ ਵੱਡੇ ਪਰਦੇ 'ਤੇ ਛਾ ਗਏ ਅਤੇ ਅੱਜ ਪ੍ਰਸੰਸਕਾਂ ਦੇ ਪਸੰਦੀਦਾ ਸਟਾਰਾਂ ਵਿਚੋਂ ਇਕ ਹਨ। ਐਕਟਿੰਗ ਦੇ ਰਿਤੇਸ਼ ਦੇਸ਼ਮੁਖ ਨੇ ਫ਼ਿਲਮ ਨਾਲ ਜੁੜਦੇ ਹੋਏ। ਸਾਲ 2013 ਦਿਸ 'ਮੁੰਬਈ ਫ਼ਿਲਮ ਕੰਪਨੀ' ਨਾਂਅ ਨਾਲ ਆਪਣਾ ਖ਼ੁਦ ਦਾ ਪ੍ਰੋਡਕਸ਼ਨ ਹਾਊਸ ਸ਼ੁਰੂ ਕੀਤਾ। ਇਸ ਪ੍ਰੋਡਕਸ਼ਨ ਹਾਊਸ ਲਈ ਹੁਣ ਤੱਕ ਰਤੇਸ਼ ਕਈ ਖ਼ਾਸ ਫ਼ਿਲਮਾਂ ਬਣਾ ਚੁੱਕੇ ਹਨ। ਹੁਣ ਇਕ ਵਾਰ ਫਿਰ ਫ਼ਿਲਮ 'ਰੇਡ-2' ਵਿਚ ਬਤੌਰ ਖ਼ਲਨਾਇਕ ਉਸ ਦੇ ਨਾਂਅ ਦਾ ਡੰਕਾ ਵਜ ਰਿਹਾ ਹੈ। ਰਿਤੇਸ਼ ਦੇਸ਼ਮੁਖ ਬਾਲੀਵੁੱਡ ਸਨਅਤ ਦੇ ਬਿਹਤਰੀਨ ਐਕਟਰਾਂ ਵਿਚੋਂ ਇਕ ਹੈ। ਆਪਣੀ ਦਮਦਾਰ ਅਦਾਕਾਰੀ ਨਾਲ ਉਸ ਨੇ ਲੱਖਾਂ ਲੋਕਾਂ ਦਾ ਦਿਲ ਜਿੱਤਿਆ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 776 Vereda ct San Jose CA 95123
2. 8455 Peachtree Ave Newark CA 94560
3. 2125 Neptune Rd Livermore CA 94550
4. 2169 Charger Dr San Jose CA 95131
5. 9550 Appaloosa Pl Elk Grove CA 95624
6. 9810 Bobcat Ct Gilroy CA 95020
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 106 Coralflower Ln, San Ramon, CA 94582

## Purchase Loan and Refinance

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

19-20